ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 46 | 19 November 2021 to 25 November 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਪਰਤੀ ਪੰਜਾਬ ਸਰਕਾਰ

**✪ ਮੁੱਖ ਮੰਤਰੀ ਚੰਨੀ ਨੇ ਕੀਤਾ ਮੁਫ਼ਤ ਬੱਸ ਸੇਵਾ ਦਾ ਐਲਾਨ ✪ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਪਾਰਟੀ ਦੇ 21 ਮੈਂਬਰੀ ਵਫ਼ਦ ਨਾਲ ਕਰਤਾਰਪੁਰ ਸਾਹਿਬ ਗਏ ✪ ਨਵਜੋਤ ਸਿੱਧੂ ਨੂੰ ਕਰਤਾਰਪੁਰ ਸਾਹਿਬ ਨਾ ਜਾਣ 'ਤੇ ਹੋਇਆ ਖੁਲਾਸਾ ✪ ਬੀਬੀ ਜਗੀਰ ਕੌਰ ਦੇ ਜਥੇ ਨੂੰ ਵੀ ਨਹੀਂ ਮਿਲੀ ਆਗਿਆ।**

**ਗੁਰਦਾਸਪੁਰ/ਏ.ਟੀ.ਨਿਊਜ਼ :** ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਬਾਅਦ ਸਿੱਖ ਸੰਗਤਾਂ ਅਤੇ ਹੋਰ ਨਾਨਕ ਨਾਮ ਲੇਵਾ ਲੋਕਾਂ ਦਾ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਦੇ ਕਰਤਾਰਪੁਰ ਵਿੱਚ ਆਉਣਾ ਜਾਣਾ ਸ਼ੁਰੂ ਹੋ ਗਿਆ ਹੈ।ਗੁਰੂ ਨਾਨਕ ਦੇਵ ਦੇ 552ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਭਾਰਤ ਸਰਕਾਰ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ।ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ ਮੰਤਰੀ ਮੰਡਲ ਨਾਲ 18 ਨਵੰਬਰ ਨੂੰ ਕਰਤਾਰਪੁਰ ਸਾਹਿਬ ਗਏ ਸਨ। ਉਨ੍ਹਾਂ ਨਾਲ ਪਰਿਵਾਰਕ ਮੈਂਬਰ ਵੀ ਸਨ।ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ ਵਫ਼ਦ ਨਾਲ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਪਹੁੰਚੇ ਸਨ।ਦਰਸ਼ਨ ਕਰਕੇ ਵਾਪਿਸ ਆਏ ਸੀਐੱਮ ਚੰਨੀ ਨੇ ਐਲਾਨ ਕੀਤਾ ਕਿ ਪੰਜਾਬ ਭਰ ਤੋਂ ਕਰਤਾਰਪੁਰ ਸਾਹਿਬ ਜਾਣ ਵਾਲੇ ਯਾਤਰੀਆਂ ਲਈ ਮੁਫ਼ਤ ਬੱਸ ਸੇਵਾ ਦੀ ਸ਼ੁਰੂਆਤ ਕੀਤੀ ਜਾਵੇਗੀ।ਚਰਨਜੀਤ ਸਿੰਘ ਚੰਨੀ ਨੇ ਦੋਵਾਂ ਦੇਸਾਂ ਦੀਆ ਸਰਕਾਰਾਂ ਦਾ ਅਤੇ ਦੋਵਾਂ ਪ੍ਰਧਾਨ ਮੰਤਰੀਆਂ ਨਰਿੰਦਰ ਮੋਦੀ ਅਤੇ ਇਮਰਾਨ ਖਾਨ ਦਾ ਧੰਨਵਾਦ ਕੀਤਾ।ਉੱਥੇ ਹੀ ਮੁਖ ਮੰਤਰੀ ਚੰਨੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਨੂੰ ਅਪੀਲ ਕਰਨਗੇ ਕਿ ਸ਼ਰਧਾਲੂਆਂ ਦੀਆ ਸਹੂਲਤ ਲਈ ਵੀਜ਼ਾ ਪ੍ਰਕਿਰਿਆ ਵਿੱਚ ਸੌਖ ਕੀਤੀ ਜਾਵੇ ਅਤੇ ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਟਰੇਡ ਵੀ ਸ਼ੁਰੂ ਹੋਵੇ।ਇਸ ਤੋਂ ਇਹ ਸੇਵਾ ਲਈ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਉਹ ਤੇ ਭਾਜਪਾ ਦੇ ਦੂਜੇ ਆਗੂਆਂ




ਤੋਂ ਪਹਿਲਾਂ ਸਵੇਰੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਪਾਰਟੀ ਦੇ 21 ਮੈਂਬਰੀ ਵਫ਼ਦ ਨਾਲ ਕਰਤਾਰਪੁਰ ਸਾਹਿਬ ਗਏ ਸਨ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਡੇਰਾ ਬਾਬਾ ਨਾਨਕ ਵਿਚ ਪੱਤਰਕਾਰਾਂ ਗੱਲਬਾਤ ਕਰਦਿਆਂ ਲਾਂਘਾ ਮੁੜ ਖੋਲ੍ਹਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਤੇ ਰਾਸ਼ਟਰਪਤੀ ਰਾਮਨਾਥ ਕੋਵਿਦ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਨਾਲ ਹੀ ਇਹ ਸੰਭਵ ਹੋਇਆ ਹੈ ਤੇ ਗੁਰੂ ਸਾਹਿਬ ਨੇ ਪ੍ਰਧਾਨ ਮੰਤਰੀ ਮੋਦੀ ਨੇ ਕਰਤਾਰਪੁਰ ਸਾਹਿਬ ਜਾ ਕੇ ਗੁਰੂ ਦੇ ਦਰਬਾਰ ਵਿਚ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰੇ ਲ਼ਈ ਅਰਦਾਸ ਕੀਤੀ।

ਕਰਤਾਰਪੁਰ ਜਾਣ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਮਨਜੀਤ ਸਿੰਘ ਨੇ ਕਿਹਾ ਕਿ ਗੁਰੂ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਤੇ ਚਰਨ ਧੂੜ ਲੈਣ ਜਾਣਾ ਹਰ ਸਿੱਖ ਦੀ ਅਰਦਾਸ ਹੁੰਦੀ ਹੈ।ਜਦੋਂ ਅਰਦਾਸ ਪੂਰੀ ਹੁੰਦੀ ਹੈ ਤਾਂ ਇਹ ਭਾਵਨਾਵਾਂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਗੁਰੂ ਅਤੇ ਸਿੱਖ ਦੀ ਸਾਂਝ ਸ਼ਬਦਾਂ ਵਿਚ ਬਿਆਨ ਕਰਨ ਤੋਂ ਉੱਤੇ ਹੈ।

ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਜੱਥੇ ਦੇ ਨਾਲ ਡੇਰਾ ਬਾਬਾ ਨਾਨਕ ਸਥਿਤ ਕਾਰੀਡੋਰ ਤੋਂ ਹੋ ਕੇ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਨਹੀਂ ਜਾ ਸਕੇ। ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਨੇ ਜਾਣ ਦੀ ਆਗਿਆ ਨਹੀਂ ਦਿੱਤੀ, ਪਰ ਹੁਣ ਖੁਲਾਸਾ ਹੋਇਆ ਹੈ ਕਿ ਉਨ੍ਹਾਂ ਦਾ ਨਾਮ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਲ ਜਾਣ ਵਾਲੇ ਪਹਿਲੇ ਜੱਥੇ ਵਿਚ ਸੀ ਹੀ ਨਹੀਂ।ਅਸਲ ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਭੇਜੀ ਗਈ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਲੋਕਾਂ ਦੀ ਪਹਿਲੀ ਸੂਚੀ ਵਿਚ ਨਵਜੋਤ ਸਿੱਧੂ ਦਾ ਨਾਮ ਸ਼ਾਮਲ ਨਹੀਂ ਕੀਤਾ ਸੀ।

ਬਾਕੀ ਸਫ਼ਾ 30 'ਤੇ

## ਕਰਤਾਰਪੁਰ ਸਾਹਿਬ ਦੇ ਦਰਸ਼ਨ ਤੇ ਪੰਥ ਖਾਲਸਾ

ਡੇਰਾ ਬਾਬਾ ਨਾਨਕ ਵਾਲੇ ਪਾਸਿਓਂ ਸਰਹੱਦ ਤੋਂ ਪਾਰ ਸਿੱਖ ਪੰਥ ਦਾ ਇੱਕ ਮੁਕੱਦਸ ਅਸਥਾਨ ਸ਼ੁਸ਼ੋਭਿਤ ਹੈ। ਸ੍ਰੀ ਕਰਤਾਰਪੁਰ ਸਾਹਿਬ। ਇਸ ਪਾਵਨ ਧਰਤੀ ਤੇ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖਰੀ ਸਾਲ ਗੁਜਾਰੇ ਸਨ। ਕਿੰਨੀ ਪਾਵਨ ਧਰਤੀ ਹੈ ਉਹ ਜਿੱਥੇ ਸਾਡੇ ਗੁਰੂ ਪਾਤਸ਼ਾਹ ਨੇ ਮਨੁੱਖ ਜਾਤੀ ਦੇ ਕਲਿਆਣ ਲਈ, ਕਿਰਤ ਦੇ ਸੁਚੱਜੇ ਸੱਭਿਆਚਾਰ ਦਾ ਇਤਿਹਾਸਕ ਥੰਮ ਗੱਡਿਆ। ਇਸਦੇ ਨਾਲ ਹੀ ਇਹ ਪਾਵਨ ਧਰਤੀ ਗੁਰੂ ਪਾਤਸ਼ਾਹ ਦੀ ਰੂਹਾਨੀ ਬਾਣੀ ਨਾਲ ਓਤ ਪੋਤ ਹੈ। ਕਣ ਕਣ ਵਿੱਚ ਸੱਚੇ ਪਾਤਸ਼ਾਹ ਦੀ ਅਗੰਮੀ ਜੋਤ ਦੇ ਦਰਸ਼ਨ ਹੋ ਰਹੇ ਹਨ।

ਭਾਰਤ ਸਰਕਾਰ ਨੇ ਆਖਰ 20 ਮਹੀਨਿਆਂ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਨੂੰ ਮੁੜ ਤੋਂ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ। ਅਸੀਂ ਇਸ ਐਲਾਨ ਦਾ ਸਵਾਗਤ ਕਰਦੇ ਹਾਂ ਅਤੇ ਜਿਸ ਜਿਸ ਵੀ ਸਖਸ਼ ਜਾਂ ਸੰਸਥਾ ਨੇ ਇਸ ਲਾਂਘੇ ਨੂੰ ਮੁੜ ਖੁਲ੍ਹਵਾਉਣ ਲਈ ਯਤਨ ਕੀਤਾ ਉਨ੍ਹਾਂ ਸਭਨਾਂ ਦਾ ਧੰਨਵਾਦ

ਵੈਸੇ ਤਾਂ ਰਾਜਨੀਤੀ ਏਨੀ ਕੁ ਸੱਭਿਅਕ ਹੋਣੀ ਚਾਹੀਦੀ ਹੈ ਕਿ ਕਿਸੇ ਧਰਮ ਦੇ ਅਸਥਾਨ ਨੂੰ ਜਾਣ ਵਾਲਾ ਕੋਈ ਵੀ ਰਸਤਾ ਬੰਦ ਨਹੀ ਹੋਣਾ ਚਾਹੀਦਾ। ਧਰਮ ਦਾ ਜੋ ਦਰਜਾ ਮਨੁੱਖੀ ਮਨ ਵਿੱਚ ਹੈ ਉਹ ਏਨਾ ਪਾਵਨ ਅਤੇ ਰੂਹਾਨੀ ਹੈ ਕਿ ਉਸ ਲਈ ਰਾਜਨੀਤੀ ਦੀਆਂ ਇਹ ਕੰਧਾਂ ਤੁਛ ਹਨ। ਰਾਜਨੀਤੀਵਾਨ ਜਦੋਂ ਧਰਮ ਦੀ ਅਗੰਮੀ ਸਿੱਖਿਆ ਤੋਂ ਦੂਰ ਹੋਕੇ ਸੋਚਦੇ ਹਨ ਤਾਂ ਉਨ੍ਹਾਂ ਦਾ ਸਭ ਤੋਂ ਪਹਿਲਾ ਹਮਲਾ ਹੀ ਧਰਮ ਤੇ ਹੁੰਦਾ ਹੈ।

ਬਾਕੀ ਸਫ਼ਾ 30 'ਤੇ

# ਪ੍ਰਧਾਨ ਮੰਤਰੀ ਮੋਦੀ ਨੇ ਤਿੰਨੋਂ ਖੇਤੀ ਕਾਨੂੰਨ ਵਾਪਸ ਲਏ

**✪ ਕਿਸਾਨਾਂ ਨੂੰ ਘਰ ਪਰਤਣ ਦੀ ਅਪੀਲ ✪ ਐਮ.ਐਸ.ਪੀ. ਜਿਹੇ ਹੋਰ ਮੁੱਦਿਆਂ 'ਤੇ ਫ਼ੈਸਲਾ ਕਰਨ ਲਈ ਕਮੇਟੀ ਬਣਾਵਾਂਗੇ ✪ ਸੰਸਦ ਦੇ ਇਸੇ ਇਜਲਾਸ ਵਿਚ ਕਾਨੂੰਨ ਰੱਦ ਹੋਣਗੇ**

**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਤਿੰਨੋਂ ਖੇਤੀ ਕਾਨੂੰਨ (ਜਿਨ੍ਹਾਂ ਦੇ ਵਿਰੋਧ ਵਿਚ ਕਿਸਾਨ ਪਿਛਲੇ ਤਕਰੀਬਨ ਇਕ ਸਾਲ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਸਨ) ਵਾਪਸ ਲਵੇਗਾ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਕਤ ਐਲਾਨ ਅਚਨਚੇਤ ਸ਼ੁੱਕਰਵਾਰ ਸਵੇਰੇ ਰਾਸ਼ਟਰ ਦੇ ਨਾਂਅ ਕੀਤੇ ਸੰਬੋਧਨ ਵਿਚ ਕੀਤਾ ।ਪ੍ਰਧਾਨ ਮੰਤਰੀ ਨੇ ਖੇਤੀ ਕਾਨੂੰਨ ਵਾਪਸ ਲੈਣ ਦੇ ਐਲਾਨ ਦੇ ਨਾਲ ਇਹ ਵੀ ਕਿਹਾ ਕਿ ਇਸ ਮਹੀਨੇ ਸ਼ੁਰੂ ਹੋਣ ਵਾਲੇ ਸੰਸਦ ਦੇ ਸਰਦ ਰੁੱਤ ਇਜਲਾਸ ਵਿਚ ਕਾਨੂੰਨ ਵਾਪਸ ਲੈਣ ਦਾ ਸੰਵਿਧਾਨਿਕ ਅਮਲ ਸ਼ੁਰੂ ਕਰ ਦਿੱਤਾ ਜਾਵੇਗਾ । ਮੋਦੀ ਨੇ ਆਪਣੇ 18 ਮਿੰਟ ਦੇ ਸੰਬੋਧਨ ਨੂੰ ਕਿਸਾਨ ਮੁੱਖ ਰੱਖਦਿਆਂ ਕਿਸਾਨਾਂ ਨੂੰ ਨਵੇਂ ਸਿਰੇ ਤੋਂ ਅੱਗੇ ਵਧਣ ਦਾ ਸੱਦਾ ਵੀ ਦਿੱਤਾ ਅਤੇ ਨਾਲ ਹੀ ਸਾਰੇ ਅੰਦੋਲਨਕਾਰੀ ਕਿਸਾਨਾਂ ਨੂੰ ਵਾਪਸ ਪਰਤਣ ਦੀ ਅਪੀਲ ਵੀ ਕੀਤੀ ਙ ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨੇ ਸਰਕਾਰ ਦੀ ਨੇਕਨੀਯਤੀ ਅਤੇ ਕਿਸਾਨਾਂ ਦੇ ਹਿੱਤ ਦੀ ਭਾਵਨਾ ਨੂੰ ਉਭਾਰਦਿਆਂ ਕਿਹਾ ਕਿ ਸਰਕਾਰ ਇਹ ਕਾਨੂੰਨ ਕਿਸਾਨਾਂ ਖਾਸ ਤੌਰ 'ਤੇ ਛੋਟੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਲਿਆਂਦੀ ਸੀ । ਇਸ ਦੇ ਨਾਲ ਹੀ ਉਨ੍ਹਾਂ ਬਿਨਾਂ ਪੰਜਾਬ ਦਾ ਨਾਂ ਲਏ ਕਿਹਾ ਕਿ ਪਰ ਸਰਕਾਰ ਕਿਸਾਨਾਂ ਦੇ ਇਕ ਵਰਗ ਨੂੰ ਸਮਝਾਉਣ ਵਿਚ ਨਾਕਾਮ ਰਹੀ । ਮੋਦੀ ਸਰਕਾਰ ਵਲੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ 14 ਮਹੀਨੇ ਮਗਰੋਂ ਕੀਤਾ ਗਿਆ ।17 ਸਤੰਬਰ, 2020 ਨੂੰ ਸੰਸਦ 'ਚ ਪਾਸ ਹੋਏ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਪ੍ਰਧਾਨ ਮੰਤਰੀ ਨੇ ਸਿੱਖਾਂ ਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੀਤਾ । ਕਾਨੂੰਨ ਵਾਪਸੀ ਦੇ ਐਲਾਨ ਕਰਨ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚੇਚਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਕ ਦਿਹਾੜਾ ਹੈ । ਇਹ ਸਮਾਂ ਕਿਸੇ ਨੂੰ ਦੋਸ਼ ਦੇਣ ਦਾ ਨਹੀਂ ਹੈ । ਮੋਦੀ ਸਰਕਾਰ ਵਲੋਂ ਇਹ ਐਲਾਨ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਐਲਾਨ ਤੋਂ ਦੋ ਦਿਨ ਬਾਅਦ ਕੀਤਾ ਗਿਆ ਹੈ । ਚੋਣ ਮੁਖੀ ਸੂਬੇ ਪੰਜਾਬ ਦੇ ਲਿਹਾਜ ਨਾਲ ਇਹ ਅਹਿਮ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਜੋ ਕੀਤਾ (ਖੇਤੀ ਕਾਨੂੰਨ ਲਿਆਂਦੇ) ਉਹ ਕਿਸਾਨਾਂ ਲਈ ਕੀਤਾ । ਉਹ ਜੋ ਕਰ ਰਹੇ ਹਨ (ਕਾਨੂੰਨ ਵਾਪਸ ਲੈਣ ਦਾ ਫ਼ੈਸਲਾ) ਉਹ ਦੇਸ਼ ਲਈ ਕਰ ਰਹੇ ਹਨ । ਜ਼ਿਕਰਯੋਗ ਹੈ ਕਿ 26 ਨਵੰਬਰ ਨੂੰ ਕਿਸਾਨਾਂ ਨੂੰ ਦਿੱਲੀ ਵਿਚ ਧਰਨਾ ਲਾਏ ਬੈਠਿਆਂ ਪੂਰਾ ਇਕ ਸਾਲ ਹੋਣਾ ਸੀ ।ਕਿਸਾਨਾਂ ਵਲੋਂ ਉੱਤਰ-ਪ੍ਰਦੇਸ਼ ਜੋ ਕਿ ਚੋਣਾਂ ਦੇ ਲਿਹਾਜ ਨਾਲ ਭਾਜਪਾ ਲਈ ਸਭ ਤੋਂ ਅਹਿਮ ਹੈ ਙ ਕਿਸਾਨਾਂ ਵਲੋਂ ਕਈ ਮਹਾਂਪੰਚਾਇਤ ਦਾ ਐਲਾਨ ਵੀ ਕੀਤਾ ਗਿਆ ਹੈ । ਇਸ ਕਵਾਇਦ ਹੇਠ ਸੰਯੁਕਤ ਕਿਸਾਨ ਮੋਰਚਾ ਵਲੋਂ 22 ਨਵੰਬਰ ਨੂੰ ਲਖਨਊ ਮਹਾਂਪੰਚਾਇਤ ਦਾ ਐਲਾਨ ਕੀਤਾ । ਹਾਲਾਂਕਿ, ਮੋਰਚੇ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ 22 ਨਵੰਬਰ ਨੂੰ ਹੋਣ ਵਾਲੀ ਮਹਾਂਪੰਚਾਇਤ ਮੁਲਤੱਵੀ ਨਹੀਂ ਕੀਤੀ ਜਾਵੇਗੀ ।

**ਭਾਵੁਕ ਹੋਏ ਮੋਦੀ-ਮੰਗੀ ਮੁਆਫ਼ੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਨੂੰਨ ਵਾਪਸੀ ਦੇ ਐਲਾਨ ਸਮੇਂ ਭਾਵੁਕ ਹੁੰਦਿਆਂ ਨਾ ਸਿਰਫ਼ ਕਾਨੂੰਨ ਲਿਆਉਣ ਦਾ ਮਕਸਦ ਸਮਝਾਉਂਦੇ ਨਜ਼ਰ ਆਏ, ਸਗੋਂ ਉਨ੍ਹਾਂ ਦੇਸ਼ ਵਾਸੀਆਂ ਤੋਂ ਮੁਆਫ਼ੀ ਵੀ ਮੰਗੀ ਙ ਮੋਦੀ ਨੇ ਕਿਹਾ ਕਿ ਉਹ ਦੇਸ਼ ਵਾਸੀਆਂ



ਤੋਂ ਮੁਆਫ਼ੀ ਮੰਗਦੇ ਹੋਏ ਸੱਚੇ ਮਨ ਅਤੇ ਪਵਿੱਤਰ ਦਿਲ ਨਾਲ ਕਹਿਣਾ ਚਾਹੁੰਦੇ ਹਨ ਕਿ ਸ਼ਾਇਦ ਸਾਡੀ ਤਪੱਸਿਆ 'ਚ ਹੀ ਕੋਈ ਕਮੀ ਰਹਿ ਗਈ ਹੋਵੇਗੀ, ਜਿਸ ਕਾਰਨ ਦੀਵੇ ਦੀ ਲੋਅ ਵਰਗਾ ਸੱਚ ਕੁਝ ਕਿਸਾਨ ਭਰਾਵਾਂ ਨੂੰ ਨਹੀਂ ਸਮਝਾ ਪਾਏ । ਉਨ੍ਹਾਂ ਕਿਹਾ ਕਿ 2014 ਵਿਚ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਹੀ ਉਨ੍ਹਾਂ ਕਿਸਾਨ ਦੇ ਹਿੱਤਾਂ ਨੂੰ ਸਰਬਉੱਚ ਤਰਜੀਹ ਦਿੱਤੀ ।

ਬਾਕੀ ਸਫ਼ਾ 30 'ਤੇ

## ਦਿੱਲੀ ਦੇ ਬਾਰਡਰ ਖਾਲੀ ਕਰਨ ਲਈ ਰਾਕੇਸ਼ ਟਿਕੈਤ ਨੇ ਰੱਖੀ ਸ਼ਰਤ, ਕੇਂਦਰ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇਵੇ

**ਨਵੀਂਦਿੱਲੀ/ਏ.ਟੀ.ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਵੇਂ ਹੀ ਵੱਡੇ ਦਿਲ ਦਿਖਾਉਂਦੇ ਹੋਏ ਇਕ ਸਾਲ ਪਹਿਲਾਂ ਲਿਆਂਦੇ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਦਿੱਲੀ ਐਨਸੀਆਰ ਦੇ ਬਾਰਡਰਾਂ 'ਤੇ ਬੈਠੇ ਕਿਸਾਨ ਕਦੋਂ ਹਟਣਗੇ, ਇਸ ਨੂੰ ਲੈ ਕੇ ਖਦਸ਼ੇ ਬਰਕਰਾਰ ਹਨ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨਾਲ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਦੇ ਤਾਜ਼ਾ ਟਵੀਟ ਤੋਂ ਲਗਦਾ ਹੈ ਕਿ ਦਿੱਲੀ ਐਨਸੀਆਰ ਦੇ ਚਾਰੇ ਬਾਰਡਰਾਂ ਤੋਂ ਕਿਸਾਨ ਪ੍ਰਦਰਸ਼ਨ ਅਗਲੇ ਕੁਝ ਦਿਨਾਂ ਤਕ ਨਹੀਂ ਹਟਣ ਵਾਲੇ ਹਨ। ਤਿੰਨ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਕੇਂਦਰ ਸਰਕਾਰ ਦੇ ਐਲਾਨ ਦੇ ਬਾਵਜੂਦ ਦਿੱਲੀ ਉਤਰ ਪ੍ਰਦੇਸ਼ ਦੇ ਗਾਜ਼ੀਪੁਰ ਬਾਰਡਰ 'ਤੇ

ਬਾਕੀ ਸਫ਼ਾ 30 'ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਕਰਤਾਰਪੁਰ ਸਾਹਿਬ ਤੋਂ ਪਰਤੇ ਸਿੱਧੂ, ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੱਡਾ ਭਰਾ ਕਿਹਾ

## ✪ ਰਾਸ਼ਟਰਵਾਦੀ ਫਿਰਕੂ ਫੁਕਰੇ ਲੀਡਰ ਭੜਕੇ ✪ ਸੁਖਬੀਰ ਨੇ ਦਿੱਤਾ ਪ੍ਰਤੀਕਰਮ, ਕਿਹਾ- ਅਜਿਹੀਆਂ ਗਤੀਵਿਧੀਆਂ ਪੰਜਾਬ ਲਈ ਖ਼ਤਰਾ ਬਣ ਸਕਦੀਆਂ ਹਨ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਰਾਹੀਂ ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਗਏ। ਬਾਅਦ ਵਿੱਚ ਉਨ੍ਹਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕਿਆ। ਉਹ ਦਰਸ਼ਨ ਕਰਕੇ ਡੇਰਾ ਬਾਬਾ ਨਾਨਕ ਪਰਤ ਆਏ ਹਨ। ਪਰਤਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਫੇਰੀ ਤੇ ਪਾਕਿਸਤਾਨ ਵਿਚ ਦਿੱਤੇ ਆਪਣੇ ਬਿਆਨ 'ਤੇ ਪੱਖ ਰੱਖਿਆ। ਕਰਤਾਰਪੁਰ ਸਾਹਿਬ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੱਡਾ ਭਰਾ ਦੱਸਣ ਬਾਰੇ ਸਪੱਸ਼ਟੀਕਰਨ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਦੋਸਤੀ ਹੀ ਇਕੋ-ਇਕ ਰਸਤਾ ਹੈ। ਦੋਵਾਂ ਦੇਸ਼ਾਂ ਦਾ ਸੱਭਿਆਚਾਰ ਇੱਕੋ ਜਿਹਾ ਹੈ ਤੇ ਇਸ ਲਈ ਅਮਨ-ਸ਼ਾਂਤੀ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਮੇਰੀਆਂ ਗੱਲ ਦਾ ਕੋਈ ਬਤੰਗੜ ਬਣਾ ਲਏ, ਇਸ ਦੀ ਕੋਈ ਪਰਵਾਹ ਨਹੀਂ ਪਰ ਮੈਂ ਸ਼ਾਂਤੀ ਤੇ ਦੋਸਤੀ ਦੀ ਗੱਲ ਕਰਦਾ ਰਹਾਂਗਾ। ਸਿੱਧੂ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸ਼ੁਰੂ ਹੋਣਾ ਚਾਹੀਦਾ ਹੈ। ਭਾਜਪਾ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਆਪਣਾ ਵੱਡਾ ਭਰਾ ਕਹਿਣ ਬਾਰੇ ਪੁੱਛੇ ਜਾਣ 'ਤੇ ਸਿੱਧੂ ਨੇ ਕਿਹਾ, 'ਭਾਜਪਾ ਨੇ ਜੋ ਕਹਿਣਾ ਹੈ, ਉਹ ਕਹਿੰਦੀ ਰਹੇ। ਮੈਂ ਸ਼ਾਂਤੀ ਤੇ ਦੋਸਤੀ ਦਾ ਹਮਾਇਤੀ ਹਾਂ। ' ਇਸ ਦੇ ਨਾਲ ਹੀ ਸਿੱਧੂ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਦਾ ਸੁਪਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਯਤਨਾਂ ਸਦਕਾ ਹੀ ਪੂਰਾ ਹੋਇਆ ਹੈ।

**ਸੁਖਬੀਰ ਸਿੰਘ ਬਾਦਲ ਦਾ ਪ੍ਰਤੀਕਰਮ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਲਗਾਤਾਰ ਵਡਿਆਈ ਕਰ ਕੇ ਪਾਕਿਸਤਾਨ ਨਾਲ ਲੱਗਦੀਆਂ ਸਾਡੇ ਦੇਸ਼ ਦੀਆਂ ਸਰਹਦਾਂ ਦੀ ਰਾਖੀ ਕਰਦੇ ਸਾਡੇ ਬਹਾਦਰ ਸੈਨਿਕਾਂ ਦਾ ਵਾਰ-ਵਾਰ ਅਪਮਾਨ ਕਰ ਰਹੇ ਹਨ ਤੇ ਨਾਲ ਹੀ ਉਹਨਾਂ ਨਾਗਰਿਕਾਂ ਦਾ ਵੀ ਅਪਮਾਨ ਕਰ ਰਹੇ ਹਨ ਜੋ ਪਾਕਿਸਤਾਨ ਦੀ ਆਈ ਐਸ ਆਈ ਦੀ ਨਸ਼ਿਆਂ ਦੇ ਅਤਿਵਾਦ ਦੀ ਨੀਤੀਆਂ ਦਾ ਸ਼ਿਕਾਰ ਹੋ ਰਹੇ ਹਨ।



ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਿੱਧੂ ਨੇ ਇਮਰਾਨ ਖਾਨ, ਜਿਸਨੂੰ ਪਾਕਿਸਤਾਨੀ ਫੌਜ ਨੇ ਰਾਜ ਸੱਤਾ 'ਤੇ ਬਿਠਾਇਆ ਤੇ ਜੋ ਆਈ ਐਸ ਆਈ ਦਾ ਏਜੰਟ ਹੈ, ਨੂੰ ਵੱਡਾ ਭਰਾ ਆਖ ਰਹੇ ਹਨ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਆਈਐਸਆਈ ਨਾਲ ਘੁਲਮਿਲ ਰਹੇ ਹਨ। ਇਸ ਤੋਂ ਪਹਿਲਾਂ ਵੀ ਆਪਣੇ ਪਾਕਿਸਤਾਨ ਦੌਰੇ ਵੇਲੇ ਉਹਨਾਂ ਦੇ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੂੰ ਜੱਫੀ ਪਾਈ ਸੀ ਹਾਲਾਂਕਿ ਉਹ ਚੰਗੀ ਤਰ੍ਹਾਂ ਜਾਣਦੇ ਸੀ ਕਿ ਬਾਜਵਾ ਹੀ ਕਸ਼ਮੀਰ ਵਿਚ ਭਾਰਤ ਖਿਲਾਫ ਅਸਿੱਧੀ ਜੰਗ ਚਲਾ ਰਿਹਾ ਜਿਸ ਵਿਚ ਸੈਂਕੜੇ ਪੰਜਾਬੀ ਸੈਨਿਕ ਹੁਣ ਤੱਕ ਸ਼ਹੀਦ ਹੋ ਚੁੱਕੇ ਹਨ। ਉਹਨਾਂ ਕਿਹਾ ਕਿ ਹੁਣ ਸਿੱਧੂ ਇਕ ਵਾਰ ਫਿਰ ਤੋਂ ਦੋ ਕਦਮ ਅੱਗੇ ਜਾ ਕੇ ਇਮਰਾਨ ਖਾਨ ਦੀ ਵਡਿਆਈ ਕਰ ਰਹੇ ਹਨ ਜਿਸਦੀ ਸਰਕਾਰ ਪੰਜਾਬ ਵਿਚ ਬੇਚੈਨੀ ਫੈਲਾਉਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਸਿੱਧੂ ਨੂੰ ਅਜਿਹੀਆਂ ਗਤੀਵਿਧੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਪੰਜਾਬ ਦਾ ਨੁਕਸਾਨ ਹੁੰਦਾ ਹੋਵੇ ਅਤੇ ਇਹ ਸੂਬੇ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਲਈ ਖ਼ਤਰਾ ਬਣਦੀਆਂ ਹੋਣ।

**ਮਨੀਸ਼ ਤਿਵਾੜੀ ਵਲੋਂ ਵਿਰੋਧ**

ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ 'ਇਮਰਾਨ' ਪ੍ਰੇਮ 'ਤੇ ਸਿਆਸਤ ਗਰਮਾ ਗਈ ਹੈ। ਸਿੱਧੂ ਦੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੱਡਾ ਭਰਾ ਕਹਿਣ 'ਤੇ ਕਾਂਗਰਸ ਦੇ ਸੀਨੀਅਰ ਨੇਤਾ ਮਨੀਸ਼ ਤਿਵਾੜੀ ਨੇ ਕਰਾਰ ਹਮਲਾ ਬੋਲਿਆ ਹੈ। ਮਨੀਸ਼ ਤਿਵਾੜੀ ਨੇ ਕਿਹਾ ਕਿ ਭਾਰਤ ਲਈ ਇਮਰਾਨ ਖਾਨ ਆਈਐੱਸਆਈ ਅਤੇ ਪਾਕਿਸਤਾਨੀ ਫ਼ੌਜ ਦੇ ਉਸ ਗਠਜੋੜ ਦਾ ਮੋਹਰਾ ਹੈ, ਜੋ ਮੁਲਕ 'ਚ ਹਥਿਆਰ, ਡਰੱਗਜ਼ ਅਤੇ ਅੱਤਵਾਦੀਆਂ ਨੂੰ ਭੇਜਦਾ ਹੈ। ਪੰਜਾਬ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਨੇ ਸਵਾਲ ਕੀਤਾ ਕਿ ਕੀ ਅਸੀਂ ਆਪਣੇ ਫ਼ੌਜੀਆਂ ਦੀ ਸ਼ਹਾਦਤ ਇੰਨੀ ਜਲਦੀ ਭੁੱਲ ਗਏ... ?

# ਪ੍ਰਸਿੱਧ ਅਟਾਰਨੀ ਜਸਪ੍ਰੀਤ ਸਿੰਘ ਨੇ ਸੈਨੇਟਰਾਂ ਅਤੇ ਕਾਂਗਰਸਮੈਨ ਕੋਲ ਇੰਮੀਗ੍ਰੇਸ਼ਨ ਸਬੰਧੀ ਮੁੱਦੇ ਉਠਾਏ

## ਵਰਕ ਪਰਮਿਟ ਵਿੱਚ ਦੇਰੀ, ਅਮਰੀਕਨ ਅੰਬੈਸੀ ਬੰਬੇ ਤੋਂ ਵਾਪਸ ਦਿੱਲੀ ਲਿਆਉਣ ਬਾਰੇ ਵੀ ਚਰਚਾ ਕੀਤੀ

**ਵਾਸ਼ਿੰਗਟਨ ਡੀ. ਸੀ./ਰਾਜ ਗੋਗਨਾ :-** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਡਾਕਟਰ ਆਸਿਫ ਮਹਿਮੂਦ ਦੇ ਉੱਦਮ ਸਦਕਾ ਇੱਕ ਵਿਸ਼ੇਸ਼ ਮੀਟਿੰਗ ਤਿੰਨ ਸੈਨੇਟਰ ਅਤੇ ਇੱਕ ਕਾਂਗਰਸਮੈਨ ਨਾਲ ਬੀਤੇ ਦਿਨ ਆਯੋਜਿਤ ਕੀਤੀ ਗਈ। ਜਿਸ ਵਿੱਚ ਐਲਕਸ ਪਡੀਲਾ ਸੈਨੇਟਰ ਕੈਲੀਫੋਰਨੀਆਂ, ਬੌਬ ਮੈਨਨਡੋਜ ਸੈਨੇਟਰ ਨਿਊਜਰਸੀ, ਕੋਰੀ ਬੁਕਰਮ ਸੈਨੇਟਰ ਨਿਊਜਰਸੀ ਤੇ ਟੋਨੀ ਕਾਰਡਨੈਸ ਕਾਂਗਰਸਮੈਨ, ਇਸ ਵਿੱਚ ਸ਼ਾਮਲ ਹੋਏ ।ਬੌਬ ਮਨੈਡਿਸ ਸੈਨੇਟ ਜੋ ਵਿਦੇਸ਼ੀ ਮਾਮਲਿਆਂ ਦੇ ਚੇਅਰਮੈਨ, ਐਲਕਸ ਪਡੀਲਾ ਜੋ ਸੈਨੇਟ ਦੀ ਇੰਮੀਗ੍ਰੇਸ਼ਨ ਕਮੇਟੀ ਦੇ ਚੇਅਰਮੈਨ ਅਤੇ ਉਨਾਂ ਦੇ ਨਾਲ ਕੋਰੀ ਬੁਕਰ ਸੈਨਟ ਦੀ ਇੰਮੀਗ੍ਰੇਸ਼ਨ ਤੇ ਜੂਡੀਸ਼ਰੀ ਕਮੇਟੀ ਦੇ ਮੈਂਬਰ ਹਨ। ਉਨਾਂ ਨਾਲ ਉਚੇਚੇ ਤੌਰ 'ਤੇ ਮੀਟਿੰਗ ਦੀ ਸ਼ੁਰੂਆਤ ਸਮੇਂ ਡਾ. ਆਸਿਫ ਮਹਿਮੂਦ ਨੇ ਜਾਣ ਪਹਿਚਾਣ ਕਰਵਾਉਣ ਉਪਰੰਤ ਕਿਹਾ ਕਿ ਅੱਜ ਸਾਡੇ ਦਰਮਿਆਨ ਉੱਘੇ ਨਾਮਵਰ ਅਟਾਰਨੀ ਸ. ਜਸਪ੍ਰੀਤ ਸਿੰਘ, ਡਾਕਟਰ ਸੁਰਿੰਦਰ ਸਿੰਘ ਗਿੱਲ ਸਕੱਤਰ ਸਿੱਖਸ




ਆਫ ਯੂ ਐਸ ਏ, ਇਥੋਪੀਅਨ ਨੇਤਾ ਲਿਡੀਆ ਗਾਇਸੀ ਤੇ ਮਨੀਰ ਅਖਤਰ, ਤਨਵੀਰ ਅਹਿਮਦ ਵੀ ਆਏ ਹੋਏ ਸਨ ਜਿਨਾਂ ਨੇ ਭਾਰਤ, ਇਥੋਪੀਆ ਅਤੇ ਪ੍ਰਵਾਸੀ ਮੁੱਦਿਆਂ ਨੂੰ ਇੱਕ-ਇੱਕ ਕਰਕੇ ਉਠਾਇਆ। ਅਸਿਫ ਮਹਿਮੂਦ ਨੇ ਇਥੋਪੀਆ ਵਿੱਚ ਹੋ ਰਹੇ ਅੱਤਿਆਚਾਰ ਦੇ ਮੁੱਦਿਆਂ ਦੀ ਗੱਲ ਕੀਤੀ।ਜਿਸ ਵਿੱਚ ਉੱਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਅਮਰੀਕਾ ਵਿੱਚ ਰਾਜਸੀ ਸ਼ਰਨ ਵਾਲਿਆਂ ਦੇ ਵਰਕ ਪਰਮਿਟ ਆਉਣ ਵਿੱਚ ਅੱਜ ਕੱਲ ਇੱਕ ਸਾਲ ਲਗਦਾ ਹੈ। ਉਸਦੇ ਖਤਮ ਹੋਣ ਨਾਲ ਨੌਕਰੀ ਚਲੀ ਜਾਂਦੀ ਹੈ ਅਤੇ ਬਿਜ਼ਨਸਮੈਨ ਨੂੰ ਵੀ ਕਰਮਚਾਰੀਆਂ ਤੋਂ ਹੱਥ ਧੋਣੇ ਪੈਂਦੇ ਹਨ। ਸੋ ਇਸ ਦਾ ਸਮਾਂ ਘਟਾਕੇ ਤਿੰਨ ਮਹੀਨੇ ਕੀਤਾ ਜਾਵੇ ਤਾਂ ਜੋ ਮਿਆਦ ਖਤਮ ਪੂਰੀ ਹੋਣ ਤੋਂ ਪਹਿਲਾਂ ਵਰਕ ਪਰਮਿਟ ਸਬੰਧਤ ਵਿਅਕਤੀ ਨੂੰ ਮਿਲ ਜਾਵੇ। ਦੂਜਾ ਉਨਾਂ ਕਿਹਾ ਕਿ ਅਮਰੀਕਨ ਅੰਬੈਸੀ ਜੋ ਦਿੱਲੀ ਸਥਿਤ ਦੇ ਕੰਮਾਂ ਨੂੰ ਮੁੰਬਈ ਵਿਚ ਸ਼ਿਫਟ ਕੀਤਾ ਗਿਆ ਹੈ, ਜੋ ਪੰਜਾਬ ਤੋਂ ਤਿੰਨ ਹਜ਼ਾਰ ਕਿਲੋਮੀਟਰ ਦੀ ਦੂਰੀ ਤੇ ਹੈ ਇਸ ਨੂੰ ਤੁਰੰਤ ਵਾਪਸ ਦਿੱਲੀ ਲਿਆਂਦਾ ਜਾਵੇ।ਜਸਪ੍ਰੀਤ ਸਿੰਘ ਨੇ ਕਿਸਾਨੀ ਮੁੱਦਿਆਂ ਤੇ ਇੰਮੀਗ੍ਰੇਸ਼ਨ ਰਿਫਾਰਮ ਜਲਦੀ ਕਰਨ ਬਾਰੇ ਵੀ ਗੱਲ ਕੀਤੀ।ਅਮਰੀਕਨ ਇਥੋਪੀਅਨ ਆਗੂ ਲਿਡੀਆ ਅਗਾਸੀ ਨੇ ਇਥੋਪੀਆ ਵਿੱਚ ਹੋ ਰਹੇ ਅੱਤਿਆਚਾਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਕਾਂਗਰਸਮੈਨ ਤੋਂ ਸੈਨੇਟਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਵਰਕ ਪਰਮਿਟ ਦੀ ਦੇਰੀ ਘਟਾਉਣ ਤੇ ਅੰਬੈਸੀ ਨੂੰ ਮੁੰਬਈ ਤੋਂ ਦਿੱਲੀ ਲਿਆਉਣ ਦੇ ਕੰਮ ਨੂੰ ਜਲਦੀ ਹੀ ਅਮਲ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਪ੍ਰਵਾਸੀ ਚੈਨ ਦੀ ਨੀਂਦ ਸੌਂ ਸਕਣ।ਉਨਾਂ ਇਮੀਗਰੇਸ਼ਨ ਰਿਫਾਰਮ ਲਈ ਹੋ ਰਹੀਆਂ ਕੋਸ਼ਿਸ਼ਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੀਟਿੰਗ ਨੂੰ ਕਾਫੀ ਆਸਵੰਦ ਮੰਨਿਆ ਜਾ ਰਿਹਾ ਹੈ, ਜਿਸ ਵਿਚ ਲੰਬੇ ਸਮੇਂ ਤੋਂ ਲਟਕਦੇ ਮੁੱਦਿਆਂ ਨੂੰ ਹੱਲ ਕਰਨ ਦੀ ਪਹਿਲ ਕਦਮੀ ਕਰਦਿਆਂ ਸੈਨੇਟਰਾਂ ਤੇ ਕਾਂਗਰਸਮੈਨ ਨੇ ਰਾਹਤ ਦੇਣ ਦਾ ਵਾਅਦਾ ਕੀਤਾ ਹੈ। ਆਸ ਹੈ ਕਿ ਇਸ ਮੀਟਿੰਗ ਦੇ ਨਤੀਜੇ ਅਗਲੇ ਕੁਝ ਹੀ ਦਿਨਾਂ ਵਿੱਚ ਵੇਖਣ ਨੂੰ ਮਿਲਣਗੇ।

# ਬਾਈਡਨ ਵੱਲੋਂ ਐਸ ਬੀ ਏ ਦੇ ਉੱਪ ਪ੍ਰਸ਼ਾਸਕ ਵਜੋਂ ਨਾਮਜ਼ਦ ਦਿਲਵਰ ਸਈਦ ਦੀ ਪੁਸ਼ਟੀ ਦੇ ਰਾਹ ਵਿਚ ਰਿਪਬਲਿਕਨ ਬਣੇ ਅੜਿਕਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਰਾਸ਼ਟਰਪਤੀ ਜੋਅ ਬਾਈਡਨ ਦੁਆਰਾ ਸਮਾਲ ਬਿਜ਼ਨਸ ਐਡਮਿਨਸਟ੍ਰੇਸ਼ਨ (ਐਸ ਬੀ ਏ) ਦੇ ਡਿਪਟੀ ਪ੍ਰਸ਼ਾਸਕ ਵਜੋਂ ਨਾਮਜ਼ਦ ਪਾਕਿਸਤਾਨੀ ਮੂਲ ਦੇ ਅਮਰੀਕੀ ਦਿਲਵਰ ਸਈਦ ਦੀ ਸਮਾਲ ਬਿਜ਼ਨਸ ਕਮੇਟੀ ਵਿਚ ਪੁਸ਼ਟੀ ਦੇ ਰਾਹ ਵਿਚ ਰਿਪਬਲਿਕਨਾਂ ਨੇ ਅੜਿੱਕਾ ਪਾ ਦਿੱਤਾ ਹੈ। ਦਿਲਵਰ ਸਈਦ ਦੀ ਡਿਪਟੀ ਪ੍ਰਸ਼ਾਸਕ ਵਜੋਂ ਨਾਮਜ਼ਦਗੀ ਦੀ ਪੁਸ਼ਟੀ ਲਈ ਸੱਦੀ ਕਮੇਟੀ ਦੀ ਮੀਟਿੰਗ ਵਿਚ ਕੋਈ ਵੀ ਰਿਪਬਲੀਕਨ ਮੈਂਬਰ ਹਾਜ਼ਰ ਨਹੀਂ ਹੋਇਆ। ਸਮਾਲ ਬਿਜ਼ਨਸ ਕਮੇਟੀ ਦੀ ਪੁਸ਼ਟੀ ਉਪਰੰਤ ਹੀ ਦਿਲਵਰ ਸਈਦ ਦੀ ਐਸ ਬੀ ਏ ਦੇ ਡਿਪਟੀ ਪ੍ਰਸ਼ਾਸਕ ਵਜੋਂ ਨਾਮਜ਼ਦੀ ਦੀ ਪੁਸ਼ਟੀ ਪੂਰੀ ਸੈਨੇਟ ਦੀ ਮੀਟਿੰਗ ਵਿਚ ਕੀਤੀ ਜਾਣੀ ਸੀ। ਮਾਨਵੀ



*ਦਿਲਵਰ ਸਈਦ (ਖੱਬੇ) ਸੈਨੇਟਰ ਬੇਨ ਕਾਰਡਿਨ ਚੇਅਰਮੈਨ ਸਮਾਲ ਬਿਜ਼ਨਸ ਕਮੇਟੀ ਨਾਲ ਨਜਰ ਆ ਰਹੇ ਹਨ।*

ਹੱਕਾਂ ਬਾਰੇ ਲੀਡਰਸ਼ਿਪ ਕਾਨਫਰੰਸ ਦੇ ਪ੍ਰਧਾਨ ਵੇਡ ਹੈਂਡਰਸਨ ਨੇ ਇਸ ਬਾਰੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਵਤੀਰਾ ਅਣਉੱਚਿਤ ਹੈ। ਹੈਂਡਰਸਨ ਦਾ ਮੰਨਣਾ ਹੈ ਕਿ ਸਈਦ ਨੂੰ ਆਪਣੇ ਧਰਮ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੈਂਡਰਸਨ ਨੇ ਕਿਹਾ ਹੈ ਇਹ ਮੁਸਲਮਾਨ ਵਿਰੋਧੀ ਕੱਟੜਤਾ ਹੈ, ਸਾਨੂੰ ਇਸ ਕੱਟੜਤਾ ਵਿਰੁੱਧ ਖੜੇ ਹੋਣਾ ਚਾਹੀਦਾ ਹੈ। ਸਈਦ ਮੂਲ ਵਿਚ ਰੂਪ ਵਿਚ ਪਾਕਿਸਤਾਨੀ ਹੈ। ਉਹ ਸਨਫਰਾਂਸਿਸਕੋ, ਬੇ ਏਰੀਆ ਸਥਿਤ ਕੰਪਨੀ ਲੁਮਿਆਟਾ ਦਾ ਸੀ ਈ ਓ ਹੈ। ਉਹ 'ਵਿਕਟਰੀ ਫੰਡ' ਦਾ ਸਹਿ ਸੰਸਥਾਪਕ ਸੀ ਜਿਸ ਕਾਰਨ 2020 ਵਿਚ ਬਾਈਡਨ ਦੇ ਨਾਂ ਦੀ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ ਸ਼ੁਰੂਆਤ ਵਿਚ ਹੀ ਪੁਸ਼ਟੀ ਹੋ ਗਈ ਸੀ। ਉਬਾਮਾ ਪ੍ਰਸ਼ਾਸਨ ਵਿਚ ਵੀ ਦਿਲਵਰ ਅਹਿਮ ਅਹੁਦਿਆਂ ਉਪਰ ਕੰਮ ਕਰਦਾ ਰਿਹਾ ਹੈ।

# ਕੈਨੇਡਾ 'ਚ ਕੇਸਰ ਦੀ ਖੇਤੀ ਕਰਨ ਵਾਲਾ ਪਹਿਲਾ ਪੰਜਾਬੀ ਅਵਤਾਰ ਸਿੰਘ



**ਐਬਟਸਫੋਰਡ/ਏ.ਟੀ.ਨਿਊਜ਼ :** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਐਬਟਸਫੋਰਡ ਨਿਵਾਸੀ ਅਵਤਾਰ ਸਿੰਘ ਢਿੱਲੋਂ ਨੂੰ ਕੇਸਰ ਦੀ ਖੇਤੀ ਕਰਨ ਵਾਲਾ ਪਹਿਲਾ ਕਿਸਾਨ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ । ਦੁਨੀਆ ਦੇ ਸਭ ਤੋਂ ਮਹਿੰਗੇ ਖਾਧ ਪਦਾਰਥ ਵਜੋਂ ਜਾਣੇ ਜਾਂਦੇ ਕੇਸਰ ਦਾ ਤਕਰੀਬਨ 90 ਫ਼ੀਸਦੀ ਉਤਪਾਦ ਇਕੱਲੇ ਇਰਾਨ ਵਿਚ ਹੁੰਦਾ ਹੈ ਅਤੇ ਸਪੇਨ, ਭਾਰਤ, ਇਟਲੀ, ਗਰੀਸ ਤੇ ਅਫ਼ਗਾਨਿਸਤਾਨ ਵਿਚ ਵੀ ਕੇਸਰ ਦੀ ਖੇਤੀ ਕੀਤੀ ਜਾਂਦੀ ਹੈ। ਅਵਤਾਰ ਢਿੱਲੋਂ ਤੇ ਉਸ ਦੇ ਭਰਾ ਜਗਤਾਰ ਢਿੱਲੋਂ ਨੇ ਸੰਨ 2006 ਵਿਚ 25 ਏਕੜ ਵਿਚ ਬਲਿਊ ਬੇਰੀ ਦੀ ਖੇਤੀ ਸ਼ੁਰੂ ਕੀਤੀ ਸੀ ਤੇ ਕੁਝ ਸਮਾਂ ਪਹਿਲਾਂ ਉਨਾਂ ਤਜਰਬੇ ਵਜੋਂ ਭਾਰਤ ਤੋਂ ਕੇਸਰ ਦੇ ਕੁਝ ਬਲਬਜ਼ ਮੰਗਵਾਏ ਜੋ ਕਾਮਯਾਬ ਰਹੇ। ਤਕਰੀਬਨ 400 ਫੁੱਲਾਂ ਤੋਂ ਇਕ ਗ੍ਰਾਮ ਕੇਸਰ ਬਣਦੀ ਹੈ ।ਇਕ ਗ੍ਰਾਮ ਕੇਸਰ 50 ਡਾਲਰ ਭਾਵ 3 ਹਜ਼ਾਰ ਰੁਪਏ ਦਾ ਵਿਕ ਰਿਹਾ ਹੈ ।

# ਵਸ਼ਿੰਗਟਨ ਦੇ ਕਈ ਹਿੱਸਿਆਂ ਵਿਚ ਆਏ ਹੜ ਕਾਰਨ ਜਨ-ਜੀਵਨ ਬੁਰੀ ਤਰਾਂ ਪ੍ਰਭਾਵਿਤ

## ਲੋਕ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਹੋਏ ਮਜ਼ਬੂਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਵਸ਼ਿੰਗਟਨ ਰਾਜ ਦੇ ਕਈ ਹਿੱਸਿਆਂ ਵਿਚ ਹੋ ਰਹੀ ਭਾਰੀ ਬਾਰਿਸ਼ ਤੇ ਸਰਦ ਤੇਜ਼ ਹਵਾਵਾਂ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਰਾਜ ਦੇ ਕੁਝ ਹਿੱਸਿਆਂ ਵਿਚ ਹੜ ਆ ਗਿਆ ਹੈ ਤੇ ਲੋਕ ਸੁਰੱਖਿਅਤ ਥਾਵਾਂ ਉਪਰ ਜਾਣ ਲਈ ਮਜ਼ਬੂਰ ਹੋਏ ਹਨ। ਖਰਾਬ ਮੌਸਮ ਕਾਰਨ ਕਈ ਥਾਵਾਂ 'ਤੇ ਬਿਜਲੀ ਵੀ ਬੰਦ ਹੋ ਗਈ ਹੈ। ਗਵਰਨਰ ਜੈ ਇੰਸਲੀ ਨੇ ਹੰਗਾਮੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਵਟਕਾਮ ਕਾਊਂਟੀ ਜੋ ਕਨੇਡਾ ਦੀ ਸਰੱਹਦ ਨਾਲ ਲੱਗਦੀ ਹੈ, ਵਿਚ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅਧਿਕਾਰੀਆਂ ਨੇ ਬਚਾਅ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹੜ ਕਾਰਨ ਸੈਂਕੜੇ ਲੋਕ ਆਪਣੇ ਘਰ ਬਾਰ ਛੱਡ ਕੇ ਕਾਊਂਟੀ ਦੇ ਉਤਰ-ਪੂਰਬ ਖੇਤਰ ਵਿਚ ਚਲੇ ਗਏ ਹਨ। ਵਟਕਾਮ ਕਾਊਂਟੀ ਦੇ ਪੁਲਿਸ ਮੁਖੀ ਦੇ ਦਫਤਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਗੱਡੀਆਂ ਰਾਹੀਂ ਕੱਢਿਆ ਗਿਆ ਹੈ ਪਰ ਜਿੱਥੇ ਪਾਣੀ ਜਿਆਦਾ ਡੂੰਘਾ ਹੈ ਉਥੇ ਕਿਸ਼ਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਨੂੰ ਹੰਗਾਮੀ ਸਥਿਤੀ ਵਿਚ ਬਣਾਈਆਂ ਗਈਆਂ ਪਨਾਹ ਥਾਵਾਂ ਵਿੱਚ ਭੇਜਿਆ ਗਿਆ ਹੈ। ਅਧਿਕਾਰੀਆਂ ਅਨੁਸਾਰ ਲੋਕਾਂ ਤੱਕ ਪਹੁੰਚਣ ਲਈ ਰਾਤ ਭਰ ਵੀ ਕਾਰਵਾਈ ਜਾਰੀ ਰਹੀ। 'ਵਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ' ਅਨੁਸਾਰ ਬੇਲਿੰਘਮ ਵਿਚ ਢਿੱਗਾਂ ਡਿੱਗਣ ਕਾਰਨ ਰਾਸ਼ਟਰੀ ਮਾਰਗ ਦਾ 1-5 ਹਿੱਸਾ ਬੰਦ ਕਰ ਦਿੱਤਾ ਗਿਆ ਹੈ। ਪੱਛਮੀ ਤੱਟ ਦੇ ਨਾਲ ਮੈਕਸੀਕੋ ਤੋਂ ਕੈਨੇਡਾ ਤੱਕ ਜਾਂਦੀ ਇਹ ਪ੍ਰਮੁੱਖ ਸੜਕ ਹੈ। ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਕਿਸੇ ਵੀ ਸਥਿਤੀ ਲਈ ਤਿਆਰ ਰਹਿਣ ਵਾਸਤੇ ਕਿਹਾ ਗਿਆ ਹੈ।



*ਸੈਡਰੋ-ਵੂਲੀ, ਵਸ਼ਿੰਗਟਨ ਵਿਚ ਹੜ ਦੇ ਪਾਣੀ ਵਿਚ ਘਿਰਿਆ ਇਕ ਘਰ ਨਜਰ ਆ ਰਿਹਾ ਹੈ*

# ਕੈਲੀਫੋਰਨੀਆ ਵਿਚ ਸਪਲਾਈ ਘਟਣ ਕਾਰਨ ਗੈਸ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪੁੱਜੀਆਂ

## ✪ ਕੱਚੇ ਤੇਲ ਦੀ ਵਧੀ ਕੀਮਤ ਨੇ ਵੀ ਕੀਤਾ ਪ੍ਰਭਾਵਿਤ ✪ ਘੱਟ ਆਮਦਨੀ ਵਾਲੇ ਪਰਿਵਾਰ ਪ੍ਰਭਾਵਿਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੈਲੀਫੋਰਨੀਆ ਵਿਚ ਵਧ ਰਹੀਆਂ ਗੈਸ ਦੀਆਂ ਕੀਮਤਾਂ ਨੇ ਖਪਤਕਾਰਾਂ ਉਪਰ ਨਵਾਂ ਵਿੱਤੀ ਬੋਝ ਪਾ ਦਿੱਤਾ ਹੈ। ਵਿਸ਼ੇਸ਼ ਕਰਕੇ ਘੱਟ ਆਮਦਨੀ ਵਾਲੇ ਲੋਕਾਂ ਉਪਰ ਅਸਰ ਪੈ ਰਿਹਾ ਹੈ। ਲੰਘੇ ਐਤਵਾਰ ਗੈਸ ਦੀ ਕੀਮਤ ਰਿਕਾਰਡ 4.676 ਡਾਲਰ ਪ੍ਰਤੀ ਗੈਲਨ 'ਤੇ ਪੁੱਜ ਗਈ। ਅਮੈਰੀਕਨ ਆਟੋਮੋਬਾਇਲ ਐਸੋਸੀਏਸ਼ਨ ਅਨੁਸਾਰ ਇਸ ਤੋਂ ਪਹਿਲਾਂ ਗੈਸ ਦੀ ਕੀਮਤ ਵਿਚ ਅਕਤੂਬਰ 2012 ਵਿੱਚ ਰਿਕਾਰਡ ਵਾਧਾ ਹੋਇਆ ਸੀ ਤੇ ਔਸਤ ਕੀਮਤ 4.671 ਡਾਲਰ 'ਤੇ ਪੁੱਜ ਗਈ ਸੀ ਪ੍ਰੰਤੂ ਇਸ ਸਮੇਂ ਗੈਸ ਦੀ ਕੀਮਤ ਅਕਤੂਬਰ 2012 ਦੇ ਪੱਧਰ ਨੂੰ ਵੀ ਪਾਰ ਕਰ ਗਈ ਹੈ। ਇਸ ਸਮੇਂ ਅਮਰੀਕਾ ਦੇ ਸਭ ਤੋਂ ਵਧ ਅਬਾਦੀ ਵਾਲੇ ਰਾਜ ਕੈਲੀਫੋਰਨੀਆ ਵਿਚ ਪੂਰੇ ਦੇਸ਼ ਨਾਲੋਂ ਗੈਸ ਦੀ ਵਧ ਕੀਮਤ ਖਪਤਕਾਰਾਂ ਨੂੰ ਦੇਣੀ ਪੈ ਰਹੀ ਹੈ। ਅਮੈਰੀਕਨ ਆਟੋਮੋਬਾਈਲ ਐਸੋਸੀਏਸ਼ਨ ਅਨੁਸਾਰ ਉੱਤਰੀ ਕੈਲੀਫੋਰਨੀਆ ਵਿਚ ਪਈ ਭਾਰੀ ਬਾਰਿਸ਼ ਤੇ ਤੂਫਾਨ ਨੇ ਉਤਪਾਦਨ ਨੂੰ ਪ੍ਰਭਾਵਿਤ ਕੀਤਾ ਹੈ ਜਿਸ ਦਾ ਅਸਰ ਦੱਖਣੀ ਕੈਲੀਫੋਰਨੀਆ ਉਪਰ ਵੀ ਪਿਆ ਹੈ। ਬਿਲਕੁਲ ਇਸੇ ਤਰਾਂ ਲੁਸਿਆਨਾ ਵਿਚ ਵੀ ਆਏ ਤੂਫਾਨ ਕਾਰਨ ਹੋਇਆ ਸੀ। ਦੱਖਣੀ ਕੈਲੀਫੋਰਨੀਆ ਦੀ ਆਟੋਮੋਬਾਇਲ ਕਲੱਬ ਦੇ ਕਾਰਪੋਰੇਟ ਕਮਿਊਨੀਕੇਸ਼ਨ ਮੈਨੇਜਰ ਜੈਫਰੀ ਸਪਰਿੰਗ ਨੇ ਇਸ ਸਬੰਧੀ ਕਿਹਾ ਹੈ ਕਿ ਸਪਲਾਈ ਦੀ ਸੁਸਤ ਰਫਤਾਰ ਕਾਰਨ ਗੈਸ ਦੀ ਕੀਮਤ ਵਧੀ ਹੈ। ਉਨਾਂ ਕਿਹਾ ਜਦੋਂ ਤੱਕ ਉੱਤਰੀ ਕੈਲੀਫੋਰਨੀਆ ਵਿਚਲੀਆਂ ਤੇਲ ਸੋਧਕ ਇਕਾਈਆਂ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰਨਗੀਆਂ ਓਦੋਂ ਤੱਕ ਇਹ ਸੰਕਟ ਰਹਿ ਸਕਦਾ ਹੈ। ਐਸੋਸੀਏਸ਼ਨ ਦੇ ਬੁਲਾਰੇ ਡੱਗ ਸ਼ੂਪ ਅਨੁਸਾਰ ਉੱਤਰੀ ਕੈਲੀਫੋਰਨੀਆ ਦੇ ਹਮਬੋਲਡਟ ਕਾਊਂਟੀ ਸਮੇਤ ਕੁਝ ਖੇਤਰਾਂ ਵਿਚ ਗੈਸ ਦੀ ਕੀਮਤ 5 ਡਾਲਰ ਪ੍ਰਤੀ ਗੈਲਨ ਤੱਕ ਪੁੱਜ ਗਈ ਹੈ।

**ਬਾਕੀ ਸਫ਼ਾ 30 'ਤੇ**

# ਕੋਲੋਰਾਡੋ ਦੇ ਇਕ ਹਾਈ ਸਕੂਲ ਨੇੜੇ ਹੋਈ ਗੋਲੀਬਾਰੀ ਵਿਚ 6 ਵਿਦਿਆਰਥੀ ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਔਰੋਰਾ (ਕੋਲੋਰਾਡੋ) ਦੇ ਇਕ ਹਾਈ ਸਕੂਲ ਦੇ ਨਾਲ ਲਗਦੇ ਪਾਰਕ ਵਿਚ ਹੋਈ ਗੋਲੀਬਾਰੀ ਵਿਚ 14 ਤੋਂ ੧18 ਸਾਲਾਂ ਦੇ 6 ਨੌਜਵਾਨ ਜ਼ਖਮੀ ਹੋ ਗਏ। ਪ੍ਰਿਲਸ ਮੁਖੀ ਵੈਨੇਸਾ ਵਿਲਸਨ ਨੇ ਕਿਹਾ ਹੈ ਕਿ ਜ਼ਖਮੀ ਹੋਏ ਸਾਰੇ ਵਿਦਿਆਰਥੀ ਔਰੋਰਾ ਸੈਂਟਰਲ ਹਾਈ ਸਕੂਲ ਦੇ ਹਨ ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁਖੀ ਨੇ ਕਿਹਾ ਕਿ ਮੌਕੇ ਵੱਖ ਵੱਖ ਬੰਦੂਕਾਂ ਵਿਚੋਂ ਚਲੇ ਹੋਏ ਕਾਰਤੂਸ ਮਿਲੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਘਟਨਾ ਵਿਚ ਇਕ ਤੋਂ ਜਿਆਦਾ ਸ਼ੱਕੀ ਸ਼ਾਮਿਲ ਸਨ। ਵਿਲਸਨ ਨੇ ਕਿਹਾ ਕਿ ਸਾਰੇ ਜ਼ਖਮੀ ਵਿਦਿਆਰਥੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਉਨਾਂ ਨੇ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ



ਸੁਣੀਆਂ। ਘੱਟੋ ਘੱਟ 30 ਗੋਲੀਆਂ ਚੱਲੀਆਂ ਹਨ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਜ਼ਖਮੀ ਹੋਏ ਵਿਦਿਆਰਥੀਆਂ ਕੋਲੋਂ ਵੀ ਘਟਨਾ ਸਬੰਧੀ ਪੁੱਛਗਿੱਛ ਕੀਤੀ ਗਈ ਹੈ। ਪੁਲਿਸ ਮੁਖੀ ਨੇ ਅਪੀਲ ਕੀਤੀ ਹੈ ਕਿ ਜਿਸ ਵੀ ਕਿਸੇ ਨੂੰ ਘਟਨਾ ਸਬੰਧੀ ਕੋਈ ਜਾਣਕਾਰੀ ਹੈ, ਉਹ ਪੁਲਿਸ ਨੂੰ ਦੱਸਣ ਲਈ ਅੱਗੇ ਆਵੇ। ਉਨਾਂ ਕਿਹਾ ਕਿ ਗੋਲੀਬਾਰੀ ਦੀਆਂ ਘਟਨਾਵਾਂ ਇਕ ਸਮਾਜਿਕ ਸੰਕਟ ਹੈ ਜਿਸ ਦਾ ਹੱਲ ਇਕਜੁੱਟ ਹੋ ਕੇ ਹੀ ਲੱਭਿਆ ਜਾ ਸਕਦਾ ਹੈ। ਨੋਮ ਪਾਰਕ ਜਿਸ ਵਿਚ ਗੋਲੀਬਾਰੀ ਹੋਈ, ਸੈਂਟਰਲ ਹਾਈ ਸਕੂਲ ਦੇ ਦੱਖਣ ਵਾਲੇ ਪਾਸੇ ਹੈ ਤੇ ਇਹ 8 ਏਕੜ ਵਿਚ ਫੈਲਿਆ ਹੋਇਆ ਹੈ। ਇਸ ਵਿਚ ਇਕ ਖੇਡ ਦਾ ਮੈਦਾਨ ਹੈ ਤੇ ਬਾਗ ਹੈ ਜਿਥੇ ਅਕਸਰ ਲੋਕ ਸੈਰ ਕਰਨ ਲਈ ਆਉਂਦੇ ਹਨ। ਔਰੋਰਾ ਸੈਂਟਰਲ ਹਾਈ ਸਕੂਲ ਵਿਚ 2000 ਤੋਂ ਵੱਧ ਵਿਦਿਆਰਥੀ ਪੜਦੇ ਹਨ।

# ਭਾਰਤੀ ਮੂਲ ਦੀ ਨਿਊਕਲਰ ਇੰਜੀਨੀਅਰ ਭਵਿਆ ਲਾਲ ਨਾਸਾ ਦੇ ਦਫਤਰ ਦੀ ਪ੍ਰਮੁੱਖ ਅਗਵਾਈਕਾਰ ਬਣੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਭਾਰਤੀ ਮੂਲ ਦੀ ਅਮਰੀਕਨ ਨਿਊਕਲਰ ਇੰਜੀਨੀਅਰ ਭਵਿਆ ਲਾਲ ਤਕਨੀਕ, ਨੀਤੀ ਤੇ ਰਣਨੀਤੀ ਸਬੰਧੀ ਨਾਸਾ ਦੇ ਦਫਤਰ ਦੀ ਅਗਵਾਈ ਕਰੇਗੀ। ਨਾਸਾ ਨੇ ਇਕ ਐਲਾਨ ਵਿਚ ਕਿਹਾ ਹੈ ਕਿ ਭਵਿਆ ਲਾਲ ਹਾਲ ਹੀ ਵਿਚ ਬਣਾਏ ਗਏ ਨਵੇਂ ਦਫਤਰ 'ਟੈਕਨਾਲੋਜੀ, ਪਾਲਸੀ ਐਂਡ ਸਟਰੈਟਜੀ' ਦੀ ਪ੍ਰਮੁੱਖ ਅਧਿਕਾਰੀ ਵਜੋਂ ਸੇਵਾਵਾਂ ਨਿਭਾਏਗੀ। ਪ੍ਰੈਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਭਵਿਆ ਲਾਲ ਮੁੱਖ ਕਾਰਜਕਾਰੀ ਇੰਜੀਨੀਅਰ ਵਜੋਂ ਵੀ ਆਪਣੀਆਂ ਸੇਵਾਵਾਂ ਦੇਵੇਗੀ। ਭਵਿਆ ਲਾਲ ਰਾਜਸੀ ਤੌਰ 'ਤੇ ਰਾਸ਼ਟਰਪਤੀ ਜੋਅ ਬਾਈਡਨ ਨਾਲ ਜੁੜੀ ਹੋਈ ਹੈ ਤੇ ਉਹ ਨਾਸਾ ਨਾਲ ਸਬੰਧਤ ਅਨੇਕਾਂ ਅਹੁੱਦਿਆਂ ਉਪਰ ਕੰਮ ਕਰ ਚੁੱਕੀ ਹੈ। ਇਸ ਸਾਲ ਦੇ ਸ਼ੁਰੂ ਤੋਂ ਹੀ ਲਾਲ ਨੇ ਨਾਸਾ ਦੇ ਪ੍ਰਤੀਨਿਧ ਵਜੋਂ ਬਹੁਤ ਸਾਰੀਆਂ ਕਾਨਫਰੰਸਾਂ ਤੇ ਵੈਬੀਨਾਰਾਂ ਵਿਚ ਹਿੱਸਾ ਲਿਆ ਹੈ।

# ਭਾਰਤੀ ਮੂਲ ਦੀ ਅਮਰੀਕਨ ਬੱਚੀ ਰੇਸ਼ਮਾ ਨੇ ਜਿੱਤਿਆ ਬੱਚਿਆਂ ਦਾ ਵਾਤਾਵਰਣ ਪੁਰਸਕਾਰ




ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਭਾਰਤੀ ਮੂਲ ਦੀ ਅਮਰੀਕਨ ਬੱਚੀ ਰੇਸ਼ਮਾ ਕੋਸਾਰਾਜੂ ਨੇ ਬੱਚਿਆਂ ਦਾ ਵਾਤਾਵਰਣ ਪੁਰਸਕਾਰ ਜਿੱਤਿਆ ਹੈ। 15 ਸਾਲਾ ਰੇਸ਼ਮਾ ਕੋਸਾਰਾਜੂ ਸਾਰਾਟੋਗਾ, ਕੈਲੀਫੋਰਨੀਆ ਦੀ ਰਹਿਣ ਵਾਲੀ ਹੈ। ਉਸ ਨੂੰ ਇਹ ਪੁਰਸਕਾਰ ਜੰਗਲਾਂ ਨੂੰ ਲੱਗਦੀਆਂ ਅੱਗਾਂ ਦਾ ਹੱਲ ਕੱਢਣ ਦੇ ਉਦੇਸ਼ ਨਾਲ ਸਾਹਸੀ ਪਹੁੰਚ ਅਪਣਾਉਣ ਲਈ ਦਿੱਤਾ ਗਿਆ ਹੈ। ਜੱਜਾਂ ਦੀ ਕਮੇਟੀ ਨੇ ਜਾਰੀ ਪ੍ਰੈਸ ਰਿਲੀਜ ਵਿਚ ਕਿਹਾ ਹੈ ਕਿ ਵਾਤਾਵਰਣ ਤਬਦੀਲੀ ਤੇ ਜੰਗਲਾਂ ਨੂੰ ਲੱਗਦੀਆਂ ਅੱਗਾਂ ਇਕ ਦੂਸਰੇ ਨਾਲ ਜੁੜੇ ਹੋਏ ਮੁੱਦੇ ਹਨ। ਇਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਸ ਸਬੰਧ ਵਿਚ ਰੇਸ਼ਮਾ ਕੋਸਾਰਾਜੂ ਦੀ ਪਹੁੰਚ ਕਾਬਲੇ ਤਾਰੀਫ ਹੈ।

# ਐਂਟਲਾਟਾ ਵਿਚ ਸੈਰ ਕਰਦੇ ਸਮੇਂ ਬਹੁਤ ਬੁਰੀ ਤਰਾਂ ਮਾਰੀ ਗਈ 40 ਸਾਲਾ ਔਰਤ ਦਾ ਕਾਤਲ ਨਹੀਂ ਲੱਭ ਸਕੀ ਪੁਲਿਸ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਤਕਰੀਬਨ ਸਾਢੇ ਤਿੰਨ ਮਹੀਨੇ ਪਹਿਲਾਂ ਐਟਲਾਂਟਾ ਦੇ ਧੁਰ ਅੰਦਰ ਪ੍ਰਸਿੱਧ ਪੀਡਮਾਊਂਟ ਪਾਰਕ ਵਿਚ ਸੈਰ ਕਰਦੇ ਸਮੇਂ ਇਕ ਹਮਲੇ ਵਿਚ ਮਾਰੀ ਗਈ 40 ਸਾਲਾ ਔਰਤ ਦੇ ਮਾਮਲੇ ਦੀ ਗੁੱਥੀ ਸੁਲਝਾਉਣ ਵਿੱਚ ਪੁਲਿਸ ਅਜੇ ਤੱਕ ਸਫਲ ਨਹੀਂ ਹੋਈ। ਫੁਲਟਾਨ ਕਾਊਂਟੀ ਦੇ ਮੈਡੀਕਲ ਜਾਂਚਕਾਰ ਅਨੁਸਾਰ ਕੈਥਰੀਨ ਜਾਨੇਸ ਉਪਰ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਉਸ ਦੇ ਚੇਹਰਾ, ਗਰਦਨ ਤੇ ਧੜ ਪੂਰੀ ਤਰਾਂ ਚਾਕੂਆਂ ਦੇ ਵਾਰਾਂ ਨਾਲ ਵਿੰਨਿਆ ਪਿਆ ਸੀ। ਉਸ ਦਾ ਗਲਾ ਕੱਟਿਆ ਹੋਇਆ ਸੀ। ਇਹ ਘਟਨਾ ਇਸ ਸਾਲ 28 ਜੁਲਾਈ ਨੂੰ ਵਾਪਰੀ ਸੀ। ਘਟਨਾ ਸਮੇਂ ਕੈਥਰੀਨ ਆਪਣੇ ਕੁੱਤੇ ਨਾਲ ਪਾਰਕ ਵਿੱਚ ਸੈਰ ਕਰ ਰਹੀ ਸੀ। ਹਾਲਾਂਕਿ ਪੁਲਿਸ ਨੇ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਸੀ ਪ੍ਰੰਤੂ ਕਾਤਲ ਦੀ ਅਜੇ ਤੱਕ ਉੱਘ ਸੁੱਘ ਨਹੀਂ ਲੱਗੀ। ਪੁਲਿਸ ਨੂੰ ਕੈਥਰੀਨ ਦੀ ਜੇਬ ਵਿਚੋਂ 5 ਡਾਲਰ ਮਿਲੇ ਸਨ।

# ਸਾਨਫ੍ਰਾਂਸਿਸਕੋ ਸਿਟੀ ਗੋਲਫ ਚੈਂਪੀਅਨਸ਼ਿਪ ਦੀ ਸ਼ਾਨਦਾਰ ਸਮਾਪਤੀ

## ਅਮੋਲ ਮਾਹਲ ਅਤੇ ਕੇਸਰੀ ਰੋਜ਼ਨਾਪੀਨਸਤੀਥ ਚੈਂਪੀਅਨ

**ਸਾਨਫ੍ਰਾਂਸਿਸਕੋ/ਏ.ਟੀ.ਨਿਊਜ਼ :** ਸਾਨ ਮਾਟੇਓ ਦੇ ਅਮੋਲ ਮਾਹਲ ਅਤੇ ਸਾਬਕਾ **USF** ਗੋਲਫਰ ਕੇਸਰੀ (ਪਰਲ) ਰੋਜਾਨਾਪੀਨਸਤੀਥ ਨੇ ਟੀਪੀਸੀ ਹਾਰਡਿੰਗ ਪਾਰਕ ਵਿਖੇ 105ਵੇਂ ਖੇਡ ਸਾਨਫਰਾਂਸਿਸਕੋ ਸਿਟੀ ਗੋਲਫ ਚੈਂਪੀਅਨਸ਼ਿਪ ਵਿਚ ਪੁਰਸ਼ ਅਤੇ ਮਹਿਲਾ ਡਵੀਜ਼ਨ ਮੁਕਾਬਲੇ ਜਿੱਤੇ ਹਨ। ਮਾਹਲ, ਐਰਾਗੋਨ ਹਾਈ ਸਕੂਲ ਦਾ ਵਿਦਿਆਰਥੀ ਹੈ ਜਿਸ ਨੇ "3 ਸਾਂਤਾ ਬਾਰਬਰਾ ਵਿਖੇ ਸਮੂਹਿਕ ਤੌਰ 'ਤੇ ਖੇਡਿਆ ਸੀ। ਇਸ ਰੋਮਾਂਚਕ ਫਾਈਨਲ ਦੇ 38ਵੇਂ ਹੋਲ 'ਤੇ ਸਾਂਤਾ ਕਲਾਰਾ ਦੇ ਜਸਟਿਨ ਪੋਲਕ ਨੂੰ ਹਰਾਇਆ ਜਦੋਂਕਿ ਥਾਈਲੈਂਡ ਦੇ ਮੂਲ ਨਿਵਾਸੀ ਰੋਜਾਨਾਪੀਨਸਤੀਥ, ਜੋ ਹੁਣ ਸਾਨਫਰਾਂਸਿਸਕੋ ਵਿੱਚ ਰਹਿੰਦੀ ਹੈ, ਨੇ 16 ਸਾਲਾ ਦੀ ਉਮਰ ਵਿਚ ਮੂਰੀਟਾ ਦੀ ਕਾਈਲੀ ਚੋਈ ਨੂੰ ਹਾਰ ਦਿੱਤੀ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਨਨਕਾਣਾ ਸਾਹਿਬ ਵਿਚ ਗੈਰ ਸਿੱਖ ਨਹੀਂ ਜਾਣਗੇ ਦਾਖ਼ਲੇ 'ਤੇ ਰੋਕ

## ਸੁਰੱਖਿਆ ਕਾਰਨ ਲਗਾਈ ਪਾਬੰਦੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 17 ਤੋਂ 19 ਨਵੰਬਰ ਤੱਕ ਮਨਾਏ ਜਾ ਰਹੇ 552ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਯਾਤਰੂਆਂ ਦੀ ਰਿਹਾਇਸ਼, ਲੰਗਰ, ਸਿਹਤ ਸੇਵਾਵਾਂ ਅਤੇ ਸੁਰੱਖਿਆ ਦੇ ਮੱਦੇਨਜ਼ਰ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ।ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਆਗੂ ਬਿਸ਼ਨ ਸਿੰਘ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਬੰਧੀ ਕੀਰਤਨ ਦਰਬਾਰ ਤੇ ਗੁਰਮਤਿ ਸਮਾਗਮਾਂ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਇਸ ਦੇ ਮੱਦੇਨਜ਼ਰ 17 ਨਵੰਬਰ ਨੂੰ ਅਖੰਡ ਪਾਠ ਦੀ ਆਰੰਭਤਾ ਹੋਵੇਗੀ ਤੇ 19 ਨਵੰਬਰ ਨੂੰ ਭੋਗ ਪਾਏ ਜਾਣ ਉਪਰੰਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਜਾਵੇਗਾ। ਉਨਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ, ਸਿੰਧ, ਪੰਜਾਬ, ਬਲੋਚਿਸਤਾਨ ਤੇ ਭਾਰਤ ਸਮੇਤ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ ਆਦਿ ਤੋਂ ਲਗਭਗ 8000 ਸ਼ਰਧਾਲੂਆਂ ਦੇ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਪਹੁੰਚਣ ਦੀ ਸੰਭਾਵਨਾ ਹੈ, ਜਿਨਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਜਨਮ ਅਸਥਾਨ ਵਿਖੇ ਬੇਬੇ ਨਾਨਕੀ ਨਿਵਾਸ, ਮਹਿਤਾ ਕਾਲੂ ਨਿਵਾਸ, ਮਾਤਾ ਤ੍ਰਿਪਤਾ ਨਿਵਾਸ, ਸ਼ਹੀਦ ਲਛਮਣ ਸਿੰਘ ਨਿਵਾਸ, ਭਾਈ ਮਰਦਾਨਾ ਨਿਵਾਸ ਸਮੇਤ ਗੁਰਦੁਆਰਾ ਤੰਬੂ ਸਾਹਿਬ ਦੀਆਂ ਨਵੀਆਂ ਉਸਾਰੀਆਂ ਸਰਾਂਵਾਂ ਅਤੇ ਗੁਰਦੁਆਰਾ ਪੱਟੀ ਸਾਹਿਬ ਵਿਚ ਕੀਤਾ ਗਿਆ ਹੈ ।ਜਾਣਕਾਰੀ ਅਨੁਸਾਰ ਪੁਲਿਸ ਪ੍ਰਸ਼ਾਸਨ ਵਲੋਂ ਹੁਕਮ ਜਾਰੀ ਕਰਦਿਆਂ 17 ਤੋਂ 26 ਨਵੰਬਰ ਤੱਕ ਸ੍ਰੀ ਨਨਕਾਣਾ ਸਾਹਿਬ, ਹਸਨ ਅਬਦਾਲ, ਏਮਨਾਬਾਦ, ਲਾਹੌਰ, ਨਾਰੋਵਾਲ ਆਦਿ ਸ਼ਹਿਰਾਂ ਦੇ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਆਮ ਤੇ ਖ਼ਾਸ ਪਾਕਿਸਤਾਨੀ ਮੁਸਲਿਮ ਨਾਗਰਿਕਾਂ ਦੇ ਜਾਣ ਉਤੇ ਰੋਕ ਲਗਾ ਦਿੱਤੀ ਗਈ ਹੈ। ਯਾਤਰੂਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਜ਼ਿਲਾ ਸ੍ਰੀ ਨਨਕਾਣਾ ਸਾਹਿਬ ਦੇ ਜ਼ਿਲਾ ਪੁਲਿਸ ਅਧਿਕਾਰੀ ਵਲੋਂ ਹਦਾਇਤਾਂ ਜਾਰੀ ਕਰਦਿਆਂ ਗੁਰਦੁਆਰਿਆਂ ਦੇ ਅੰਦਰ ਕਿਸੇ ਵੀ ਪ੍ਰਕਾਰ ਦੇ ਸਟਾਲ ਲਗਾਉਣ 'ਤੇ ਸਖ਼ਤ ਮਨਾਹੀ ਲਗਾਈ ਗਈ



ਹੈ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਆਏ ਗੈਰ ਕੇਸ ਧਾਰੀਆਂ ਸਮੇਤ ਸਿੰਧੀ ਹਿੰਦੂਆਂ ਲਈ ਗੁਰਦੁਆਰਿਆਂ ਵਿਚ ਪ੍ਰਵੇਸ਼ ਮੌਕੇ ਗਲੇ ਵਿਚ ਆਪਣਾ ਸ਼ਨਾਖ਼ਤੀ ਕਾਰਡ ਜਾਂ ਐਨ. ਆਈ. ਸੀ. ਕਾਰਡ ਪਾਉਣਾ ਲਾਜ਼ਮੀ ਕੀਤਾ ਗਿਆ ਹੈ ।

ਯਾਤਰੂਆਂ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਤੇ ਲਾਹੌਰ ਵਿਚ ਠਹਿਰਨ ਦੌਰਾਨ ਆਸ-ਪਾਸ ਦੇ ਸਭ ਬਾਜ਼ਾਰ ਬੰਦ ਰੱਖੇ ਜਾਣਗੇ ਤੇ ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਕਰਨ ਉਪਰੰਤ ਯਾਤਰੂਆਂ ਨੂੰ ਕਿਸੇ ਵੀ ਹਾਲਤ ਵਿਚ ਬਾਹਰ ਨਿਕਲਣ, ਖ਼ਰੀਦਦਾਰੀ ਕਰਨ ਜਾਂ ਬਿਨਾਂ ਵਜਾ ਘੁੰਮਣ-ਫਿਰਨ ਦੀ ਮਨਜ਼ੂਰੀ ਨਹੀਂ ਹੋਵੇਗੀ ।ਇਹ ਵੀ ਪਤਾ ਲੱਗਾ ਹੈ ਕਿ ਯਾਤਰੂਆਂ ਦੀ ਸੁਰੱਖਿਆ ਲਈ 1,500 ਤੋਂ ਵਧੇਰੇ ਸੁਰੱਖਿਆ ਕਰਮਚਾਰੀ ਗੁਰਦੁਆਰਿਆਂ ਦੇ ਆਸ-ਪਾਸ ਤਾਇਨਾਤ ਰਹਿਣਗੇ ਤੇ ਉਪਰੋਕਤ ਤੋਂ ਇਲਾਵਾ ਮਹਿਲਾ ਕਮਾਂਡੋ ਵੀ ਵੱਡੀ ਗਿਣਤੀ ਵਿਚ ਤਾਇਨਾਤ ਕੀਤੀਆਂ ਹਨ । ਗੁਰਦੁਆਰਾ ਸਾਹਿਬ ਵਿਚ ਜਾਣ ਸਮੇਂ ਯਾਤਰੂਆਂ ਦੇ ਸਾਮਾਨ ਦੀ ਤਲਾਸ਼ੀ ਲਈ ਉੱਚ ਗੁਣਵੱਤਾ ਦੇ ਸਕੈਨਰ ਤੇ ਮੈਟਲ ਡਿਟੈਕਟਰ ਵੀ ਲਗਾਏ ਗਏ ਹਨ।

# ਮੁੱਖ ਮੰਤਰੀ ਚੰਨੀ ਦਾ ਐਲਾਨ

## ਭਗਤ ਰਵਿਦਾਸ ਜੀ ਦੇ ਨਾਮ 'ਤੇ ਰੱਖਿਆ ਜਾਵੇਗਾ ਆਦਮਪੁਰ ਹਵਾਈ ਅੱਡੇ ਨੂੰ ਜਾਂਦੀ ਸੜਕ ਦਾ ਨਾਂ

**ਜਲੰਧਰ/ਏ.ਟੀ.ਨਿਊਜ਼ :** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੋਆਬਾ ਨੂੰ ਪੰਜਾਬ ਦਾ ਦਿਲ ਦੱਸਦੇ ਹੋਏ ਇੱਥੇ ਖਾਸ ਕਰਕੇ ਆਦਮਪੁਰ ਹਲਕੇ ਵਿਚ ਵਿਕਾਸ ਮੁਖੀ ਪ੍ਰਾਜੈਕਟਾਂ ਨੂੰ ਪ੍ਰਮੁੱਖ ਤੌਰ 'ਤੇ ਤਰਜੀਹ ਦੇ ਕੇ ਇਸ ਨੂੰ ਸੂਬੇ ਦਾ ਮੋਹਰੀ ਹਿੱਸਾ ਬਣਾਉਣ ਦਾ ਪ੍ਰਣ ਲਿਆ। ਆਦਮਪੁਰ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਤਹਿਤ ਮੁੱਖ ਮੰਤਰੀ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਲਈ 19 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।



ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਹ ਵੱਡੀ ਸੜਕ ਨਾਲ 5-10 ਏਕੜ ਜ਼ਮੀਨ ਦੀ ਵਿਵਸਥਾ ਹੋਣ ਉਤੇ ਆਦਮਪੁਰ ਵਿਚ ਡਿਗਰੀ ਕਾਲਜ ਖੋਲਣ ਦੀ ਮੰਗ ਮੰਨਣ ਲਈ ਤਿਆਰ ਹਨ। ਇਸੇ ਤਰਾਂ ਮੁੱਖ ਮੰਤਰੀ ਨੇ ਕਿਹਾ ਕਿ ਆਦਮਪੁਰ ਏਅਰਪੋਰਟ ਵੱਲੋਂ ਜਾਂਦੀ ਸੜਕ ਦਾ ਨਾਮ ਭਗਤ ਰਵਿਦਾਸ ਜੀ ਦੇ ਨਾਮ ਉਤੇ ਰੱਖਿਆ ਜਾਵੇਗਾ ਅਤੇ ਹਵਾਈ ਅੱਡੇ ਦਾ ਨਾਮ ਵੀ ਭਗਤ ਰਵਿਦਾਸ ਜੀ ਦੇ ਨਾਮ ਉਤੇ ਰੱਖਣ ਲਈ ਪ੍ਰਸਤਾਵ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ। ਇਸ ਤੋਂ ਪਹਿਲਾਂ ਸਾਬਕਾ ਮੰਤਰੀ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਚੇਅਰਮੈਨ ਮਹਿੰਦਰ ਸਿੰਘ ਕੇਪੀ ਨੇ ਖੁਲਾਸਾ ਕੀਤਾ ਕਿ ਅੱਜ ਆਦਮਪੁਰ ਵਿਚ 130 ਕਰੋੜ ਰੁਪਏ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਕੇ ਮੁੱਖ ਮੰਤਰੀ ਨੇ ਖੁਸ਼ਹਾਲੀ ਦੀ ਹਵਾ ਦਾ ਮੁੱਢ ਬੰਨਿਆ। ਸਥਾਨਕ ਕਾਂਗਰਸੀ ਆਗੂਆ ਵੱਲੋਂ ਮੁੱਖ ਮੰਤਰੀ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਕਰਤਾਰਪੁਰ ਤੋਂ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਆਦਮਪੁਰ ਤੋਂ ਸਾਬਕਾ ਵਿਧਾਇਕ ਕੰਵਲਜੀਤ ਸਿੰਘ ਲਾਲੀ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਮੀਤ ਸਿੰਘ ਤੇ ਹੋਰ ਵੀ ਹਾਜ਼ਰ ਸਨ।

# ਕੇਂਦਰ ਸਰਕਾਰ ਨੂੰ ਝੁਕਣਾ ਪਿਆ ਕਾਲੇ ਕਨੂੰਨ ਰੱਦ ਕਰਨਾ ਸਿੱਖ ਕੌਮ/ਕਿਸਾਨਾਂ ਦੀ ਵੱਡੀ ਜਿੱਤ: ਅਖੰਡ ਕੀਰਤਨੀ ਜੱਥਾ (ਦਿੱਲੀ)

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:**-ਕਿਸਾਨ ਵੀਰਾਂ ਦੇ ਸੰਘਰਸ਼ ਅੱਗੇ ਆਖਿਰਕਾਰ ਕੇਂਦਰ ਸਰਕਾਰ ਨੂੰ ਝੁਕਣਾ ਹੀ ਪਿਆ ਹੈ ਤੇ ਇਹ ਸਿੱਖ ਕੌਮ ਅਤੇ ਕਿਸਾਨ ਪਰਿਵਾਰਾਂ ਦੀ ਬਹੁਤ ਵੱਡੀ ਪ੍ਰਾਪਤੀ ਹੈ ।ਭਾਈ ਅਰਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਦੇਸ਼ ਅੰਦਰ ਇਹ ਅੰਦੋਲਨ ਸਭ ਤੋਂ ਵੱਡਾ ਸੀ ਜੋ ਕਿ ਇਕ ਸਾਲ ਚਲਿਆ ਸੀ ਤੇ ਇਸ ਦੌਰਾਨ 700 ਤੋਂ ਵੱਧ ਕਿਸਾਨ ਵੀਰ ਭੈਣ ਇਸ ਸੰਘਰਸ਼ਮਈ ਅੰਦੋਲਨ ਵਿਚ ਆਪਣੀ ਸ਼ਹਾਦਤ ਦੇ ਕੇ ਇਤਿਹਾਸ ਦੇ ਪੰਨਿਆ ਅੰਦਰ ਆਪਣਾ ਨਾਮ ਦਰਜ਼ ਕਰਵਾ ਗਏ ਹਨ ਜੋ ਕਿ ਮੌਜੂਦਾ ਸਰਕਾਰ ਦੇ ਜ਼ੁਲਮ ਦੀ ਯਾਦ ਕਰਵਾਂਦਾ ਰਹੇਗਾ । ਭਾਈ ਅਰਵਿੰਦਰ ਸਿੰਘ ਰਾਜਾ (ਕਨਵਿਨਰ) ਦਸਿਆ ਕਿ ਨੇ ਅਖੰਡ ਕੀਰਤਨੀ




ਜੱਥੇ ਵਲੋਂ ਛੇ ਮਹੀਨੇ ਕਿਸਾਨੀ ਮੋਰਚੇ ਸਿੰਘੂ ਬਾਰਡਰ ਤੇ ਲੰਗਰ ਅਤੇ ਹੋਰ ਜਰੂਰੀ ਵਸਤੂਆਂ ਦੀ ਸੇਵਾ ਕੀਤੀ ਗਈ ਸੀ ਤੇ ਜਿਨ੍ਹਾਂ ਨੇ ਇਸ ਸੇਵਾਵਾਂ ਵਿਚ ਸਾਥ ਦਿਤਾ ਅਤੇ ਮਨੁੱਖਤਾ ਦੀ ਸੇਵਾ ਵਿਚ ਵੱਧ ਚੜ ਕੇ ਹਿਸਾ ਲਿਆ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਉਨ੍ਹਾਂ ਸਮੂਹ ਵੀਰਾਂ ਭੈਣਾਂ ਬਜ਼ੁਰਗਾਂ ਮਾਤਾਵਾਂ ਅਤੇ ਬੱਚਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਠੰਡ ਅਤੇ ਝੁਲਸਦੀ ਗਰਮੀ ਦੀ ਪਰਵਾਹ ਕੀਤੇ ਬਿਨਾਂ ਆਪਣਾ ਬਣਦਾ ਯੋਗਦਾਨ ਪਾਇਆ ਸੀ । ਉਨ੍ਹਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਅੰਦੋਲਨ ਦੌਰਾਨ ਜਿਤਨੇ ਵੀ ਕਿਸਾਨ ਵੀਰ ਭੈਣ ਆਪਣੀ ਜਾਨ ਗੁਆ ਗਏ ਸਨ ਉਨ੍ਹਾਂ ਦੇ ਪ੍ਰਵਾਰਾਂ ਨੂੰ ਮੁਆਵਜਾ ਦਿਤਾ ਜਾਏ ਤੇ ਨਾਲ ਹੀ ਡੀਏਪੀ ਦੀ ਸਪਲਾਈ ਵੀ ਸੁੱਚਾਰੁ ਕੀਤੀ ਜਾਏ ਜਿਸ ਨਾਲ ਕਿਸਾਨ ਸਮੇਂ ਸਿਰ ਆਪਣੀ ਖੇਤੀ ਕਰ ਸਕਣ ।ਇਸ ਦੌਰਾਨ ਉਨ੍ਹਾਂ ਨਾਲ ਭਾਈ ਮਲਕੀਤ ਸਿੰਘ, ਭਾਈ ਟੀਪੀ ਸਿੰਘ, ਭਾਈ ਜਸਪ੍ਰੀਤ ਸਿੰਘ ਲਵਲੀ, ਜਪਮਨ ਕੌਰ, ਭਾਈ ਜਗਤਾਰ ਸਿੰਘ ਅਤੇ ਹੋਰ ਬਹੁਤ ਸਾਰੇ ਸਿੰਘ ਹਾਜ਼ਿਰ ਸਨ ।

# ਸਿੱਖਾਂ ਖਿਲਾਫ ਜ਼ਹਿਰ ਉਗਲਣ ਲਈ ਕੰਗਣਾ ਰਣੌਤ ਖਿਲਾਫ ਦਿੱਲੀ ਗੁਰਦੁਆਰਾ ਕਮੇਟੀ ਫੌਜਦਾਰੀ ਕੇਸ ਕਰਵਾਏਗੀ ਦਰਜ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਲੀਵੁਡ ਦੀ ਅਦਾਕਾਰਾ ਕੰਗਣਾ ਰਣੌਤ ਦੇ ਖਿਲਾਫ ਫੌਜਦਾਰੀ ਮੁਕੱਦਮਾ ਦਰਜ ਕਰਵਾਇਆ ਜਾਵੇਗਾ ਤੇ ਉਸਨੂੰ ਸਲਾਖਾਂ ਪਿੱਛੇ ਕਰਵਾਇਆ ਜਾਵੇਗਾ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਹੈ।

ਕੰਗਣਾ ਰਣੌਤ ਵੱਲੋਂ ਸਿੱਖ ਭਾਈਚਾਰੇ ਖਿਲਾਫ ਸੋਸ਼ਲ ਮੀਡੀਆ 'ਤੇ ਪਾਈਆਂ ਨਫਰਤ ਭਰੀਆਂ ਪੋਸਟਾਂ 'ਤੇ ਪ੍ਰਤੀਕਰਮ ਦਿੰਦਿਆਂ ਸਰਦਾਰ ਸਿਰਸਾ ਨੇ ਕਿਹਾ ਕਿ ਕੰਗਣਾ ਰਣੌਤ ਲਗਾਤਾਰ ਸਿੱਖ ਭਾਈਚਾਰੇ ਦੇ ਖਿਲਾਫ ਪੋਸਟਾਂ ਪਾ ਰਹੀ ਹੈ ਤੇ ਹੁਣ ਉਸਨੇ ਇੰਦਰਾ ਗਾਂਧੀ ਦੀ ਵਡਿਆਈ ਕਰਦਿਆਂ ਸਿੱਖਾਂ ਨੂੰ ਮੱਛਰ ਆਖਿਆ ਹੈ। ਉਹਨਾਂ ਕਿਹਾ ਕਿ ਕੰਗਣਾ ਨੇ ਜੇਕਰ ਸਿੱਖਾਂ ਦਾ ਇਤਿਹਾਸ ਜਾਨਣਾ ਹੈ ਤਾਂ ਫਿਰ ਉਹ ਜ਼ਕਰੀਆ ਖਾਨ, ਅਹਿਮਦ ਸ਼ਾਹ ਅਬਦਾਲੀ ਤੇ ਜਨਰਲ ਡਾਇਰ ਦੇ ਪਰਿਵਾਰਾਂ ਨੂੰ ਜਾ ਕੇ ਪੁੱਛੇ ਉਸਨੂੰ ਆਪਣੇ ਆਪ ਸਿੱਖਾਂ ਬਾਰੇ ਗਿਆਨ ਪ੍ਰਾਪਤ ਹੋ ਜਾਵੇਗਾ।

ਸਰਦਾਰ ਸਿਰਸਾ ਨੇ ਕੰਗਣਾ ਰਣੌਤ ਦੇ ਮਾਪਿਆਂ ਨੂੰ ਵੀ ਆਖਿਆ ਕਿ ਉਹ ਆਪਣੀ



ਧੀ ਨੂੰ ਸੰਭਾਲ ਲੈਣ ਤੇ ਕਿਤੇ ਉਸਦੇ ਕੁਚਲਣ ਵਰਗੇ ਸ਼ਬਦਾਂ ਦੀ ਵਰਤੋਂ ਵਾਲੇ ਬਿਆਨ 'ਤੇ ਕੁਝ ਹੋਰ ਹੀ ਨਾ ਹੋ ਜਾਵੇ।

ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਕੰਗਣਾ ਰਣੌਤ ਮਾਨਸਿਕ ਤੌਰ 'ਤੇ ਬਿਮਾਰ ਹੈ ਤੇ ਉਸਨੂੰ ਸੁਰੱਖਿਆ ਦੀ ਨਹੀਂ ਬਲਕਿ ਹਸਪਤਾਲ ਦੀ ਲੋੜ ਹੈ ਜਿਥੇ ਉਸਦਾ ਇਲਾਜ ਹੋ ਸਕੇ। ਉਹਨਾਂ ਕਿਹਾ ਕਿ ਉਸਨੇ ਇਕ ਵਾਰ ਫਿਰ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਫੈਸਲੇ ਖਿਲਾਫ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਸਿੱਖਾਂ ਨੂੰ ਖਾਲਿਸਤਾਨੀ ਤੇ ਅਤਿਵਾਦੀ ਦੱਸਿਆ ਹੈ। ਉਹਨਾਂ ਕਿਹਾ ਕਿ ਆਪਣੀ ਪੋਸਟ ਵਿਚ ਕੰਗਣਾ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਵਡਿਆਈ ਕੀਤੀ ਹੈ ਤੇ ਦਾਅਵਾ ਕੀਤਾ ਹੈ ਕਿ ਉਸਨੇ ਸਿੱਖਾਂ ਨੂੰ ਪੈਰਾਂ ਹੇਠ ਕੁਚਲਿਆ ਤੇ ਮੱਛਰ ਸਮਝਿਆ।

ਸਰਦਾਰ ਸਿਰਸਾ ਨੇ ਕਿਹਾ ਕਿ ਕੰਗਣਾ ਦਾ ਇਹ ਬੇਹੱਦ ਘਟੀਆ ਬਿਆਨ ਹੈ ਜੋ ਉਸਦੀ ਬਿਮਾਰ ਮਾਨਸਿਕਤਾ ਦਰਸਾਉਂਦਾ ਹੈ।

ਉਹਨਾਂ ਕਿਹਾ ਕਿ ਅਸੀਂ ਭਾਵੇਂ ਪਹਿਲਾਂ ਵੀ ਇਸਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ ਪਰ ਉਸਦੀ ਪੈਰਵੀ ਸਹੀ ਨਹੀਂ ਹੋ ਸਕੀ ਸੀ ਪਰ ਹੁਣ ਅਸੀਂ ਇਸਦੇ ਖਿਲਾਫ ਮੁਕੱਦਮਾ ਵੀ ਦਰਜ ਕਰਵਾਵਾਂਗੇ ਤੇ ਜੇਲ੍ਹ ਵੀ ਛੱਡ ਕੇ ਆਵਾਂਗੇ।

# ਕੈਲੀਫੋਰਨੀਆ ਵਿਚ ਕੋਵਿਡ ਰਾਹਤ ਫਰਾਡ ਸਕੀਮ ਰਾਹੀਂ ਵੱਡਾ ਘੁਟਾਲਾ ਕਰਨ ਵਾਲੇ ਪਤੀ-ਪਤਨੀ ਹੋਏ ਫਰਾਰ

## ਜੱਜ ਨੇ ਗੈਰਹਾਜ਼ਰੀ ਵਿਚ ਸੁਣਾਈ ਸਜ਼ਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**-ਕੋਵਿਡ ਰਾਹਤ ਫਰਾਡ ਸਕੀਮ ਰਾਹੀਂ ਵੱਡੀ ਪੱਧਰ ਉਪਰ ਘੁਟਾਲਾ ਕਰਨ ਵਿਚ ਨਿਭਾਈ ਭੂਮਿਕਾ ਲਈ ਦੋਸ਼ੀ ਕਰਾਰ ਦਿੱਤੇ ਰਿਚਰਡ ਆਈਵਜ਼ਿਯਾਨ ਤੇ ਉਸ ਦੀ ਪਤਨੀ ਮਾਰੀਟਾ ਟੇਰਾਬੀਲੀਅਨ ਆਪਣੇ ਪੈਰਾਂ ਵਿਚ ਪਾਏ ਇਲੈਕਟ੍ਰਾਨਿਕ ਟਰੈਕਿੰਗ ਕੜੇ ਕੱਟਕੇ ਕੈਲੀਫੋਰਨੀਆ ਸਥਿਤ ਆਪਣੇ ਘਰ ਵਿਚੋਂ ਆਪਣੇ ਤਿੰਨ ਛੋਟੇ ਬੱਚਿਆਂ ਨੂੰ ਛੱਡ ਕੇ ਫਰਾਰ ਹੋ ਗਏ ਜਿਨਾਂ ਦੀ ਉਮਰ 13,15 ਤੇ 16 ਸਾਲ ਹੈ। ਉਨਾਂ ਨੇ



ਰਿਚਰਡ ਆਈਵਜ਼ਿਯਾਨ ਤੇ ਉਸ ਦੀ ਪਤਨੀ ਮਾਰੀਟਾ ਟੇਰਾਬੀਲੀਅਨ

ਆਪਣੇ ਬੱਚਿਆਂ ਲਈ ਇਕ ਸੰਖੇਪ ਪੱਤਰ ਵੀ ਛੱਡਿਆ ਹੈ ਜਿਸ ਉਪਰ ਲਿਖਿਆ ਹੈ ਕਿ 'ਇਕ ਦਿਨ ਫਿਰ ਅਸੀਂ ਇਕੱਠੇ ਹੋਵਾਂਗੇ। ਇਹ ਸਦਾ ਲਈ ਅਲਵਿਦਾ ਨਹੀਂ ਹੈ ਬਲਕਿ ਇਕ ਦੂਸਰੇ ਤੋਂ ਵਿਛੜਣ ਦਾ ਸੰਖੇਪ ਅੰਤਰਾਲ ਹੈ।' ਪਤੀ-ਪਤਨੀ ਨੂੰ ਇਸ ਸਾਲ ਜੂਨ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਐਫ ਬੀ ਆਈ ਪਤੀ-ਪਤਨੀ ਦੀ ਸਰਗਰਮੀ ਨਾਲ ਤਲਾਸ਼ ਕਰ ਰਹੀ ਹੈ। ਇਕ ਅਦਾਲਤ ਨੇ ਪਤੀ-ਪਤਨੀ ਦੀ ਗੈਰ ਹਾਜਰੀ ਵਿਚ ਸਜ਼ਾ ਸੁਣਾਉਂਦਿਆਂ 43 ਸਾਲਾ ਆਈਵਜ਼ਿਯਾਨ ਤੇ 37 ਸਾਲਾ ਟੇਰਾਬੀਲੀਅਨ ਨੂੰ ਸਾਢੇ 17 ਸਾਲ ਕੈਦ ਦੀ ਸਜ਼ਾ ਸੁਣਾਈ। ਇਸਤਗਾਸਾ ਪੱਖ ਅਨੁਸਾਰ ਪਤੀ-ਪਤਨੀ ਨੇ ਹੋਰਨਾਂ ਨਾਲ ਮਿਲਕੇ ਕੋਵਿਡ ਮਹਾਂਮਾਰੀ ਦੌਰਾਨ ਰਾਹਤ ਸਕੀਮ ਰਾਹੀਂ 2 ਕਰੋੜ ਡਾਲਰ ਤੋਂ ਵਧ ਦਾ ਘੁਟਾਲਾ ਕੀਤਾ।

# ਸੌਦਾ ਸਾਧ ਖ਼ਿਲਾਫ਼ ਸ਼ਿਕੰਜਾ ਕੱਸੇ ਜਾਣ ਮਗਰੋਂ ਡੇਰਾ ਪ੍ਰੇਮੀ ਭੜਕੇ

## ਡੇਰਾ ਵੋਟ ਲੈ ਕੇ ਕੋਈ ਵੀ ਸਿਆਸੀ ਧਿਰ ਸਿੱਖਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ



**ਬਠਿੰਡਾ/ਏ.ਟੀ.ਨਿਊਜ਼ :** ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਦੇ ਮਾਮਲੇ ਵਿਚ ਡੇਰਾ ਸਿਰਸਾ ਦੇ ਮੁਖੀ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ, ਉਦੋਂ ਹੀ ਡੇਰਾ ਸੱਚਾ ਸੌਦਾ ਸਿਰਸਾ ਨੇ ਪੰਜਾਬ ਵਿਚਲੇ ਆਪਣੇ ਹੈੱਡਕੁਆਰਟਰ ਤੇ ਮੁੱਖ ਡੇਰਾ ਸਲਾਬਤਪੁਰਾ ਵਿਚ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ। ਡੇਰਾ ਸੱਚਾ ਸੌਦਾ ਦੇ ਪਹਿਲੇ ਮੁਖੀ ਦੇ ਸਬੰਧ ਵਿਚ ਡੇਰਾ ਸਲਾਬਤਪੁਰਾ ਵਿਚ 9 ਜ਼ਿਲਿਆਂ ਦੇ ਡੇਰਾ ਪ੍ਰੇਮੀਆਂ ਦਾ ਇਕੱਠ ਹੋਇਆ। ਵਿਧਾਨ ਸਭਾ ਚੋਣਾਂ ਲਈ ਦਿਨੋ ਦਿਨ ਭਖ ਰਹੇ ਮੈਦਾਨ ਦੌਰਾਨ ਡੇਰਾ ਪ੍ਰੇਮੀਆਂ ਦੇ ਇਕੱਠ ਕਾਫ਼ੀ ਅਹਿਮ ਸਮਝਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਡੇਰਾ ਸੌਦਾ ਦੇ ਮੁਖੀ ਨੂੰ ਤੀਸਰੀ ਵਾਰ ਸਜ਼ਾ ਸੁਣਾਏ ਜਾਣ ਤੇ ਬੇਅਦਬੀ ਦੇ ਮਾਮਲਿਆਂ ਵਿਚ ਡੇਰਾ ਮੁਖੀ ਤੋਂ ਪੁੱਛਗਿੱਛ ਕੀਤੇ ਜਾਣ ਤੋਂ ਬਾਅਦ ਡੇਰਾ ਪ੍ਰੇਮੀਆਂ ਦਾ ਮਨੋਬਲ ਵਧਾਉਣ ਅਤੇ ਸਿਆਸੀ ਪਾਰਟੀਆਂ ਨੂੰ ਆਪਣਾ ਵੋਟ ਬੈਂਕ ਵਿਖਾਉਣ ਲਈ ਇਹ ਵੱਡਾ ਇਕੱਠ ਕੀਤਾ ਗਿਆ ਹੈ। ਵੋਟਾਂ ਖ਼ਾਤਰ ਸਿਆਸੀ ਧਿਰਾਂ ਕੋਈ ਵਿਚਲਾ ਰਾਹ ਕੱਢਣ ਲਈ ਤਰਲੋਮੱਛੀ ਤਾਂ ਹਨ ਪਰ ਖੁੱਲੇਆਮ ਡੇਰਾ ਸਿਰਸਾ ਦੇ ਨੇੜੇ ਜਾਣ ਨੂੰ ਕੋਈ ਤਿਆਰ ਨਹੀਂ ਹੈ।ਕਿਉਂਕਿ ਸਿੱਖਾਂ ਦਾ ਵੱਡਾ ਵੋਟ ਬੈਂਕ ਖੁਸ ਜਾਣ ਦਾ ਖਤਰਾ ਹੈ।

ਬੇਅਦਬੀ ਮਾਮਲਿਆਂ ਕਾਰਨ ਸਿਆਸੀ ਲੀਡਰਾਂ ਨੂੰ ਪੰਥਕ ਵੋਟ ਬੈਂਕ ਖੁੱਸਣ ਦਾ ਡਰ ਵੀ ਹੈ ਜੋ ਉਨਾਂ ਨੂੰ ਜਨਤਕ ਤੌਰ ’ਤੇ ਡੇਰੇ ਵੱਲ ਮੂੰਹ ਕਰਨ ਤੋਂ ਵਰਜਦਾ ਦਿਸ ਰਿਹਾ ਹੈ। ਮਾਲਵੇ ਵਿਚ ਡੇਰਾ ਪੈਰੋਕਾਰਾਂ ਦੇ ਵੱਡਾ ਪ੍ਰਭਾਵ ਮੰਨਿਆ ਜਾਂਦਾ ਹੈ। ਪਰ ਸਿੱਖਾਂ ਤੋਂ ਵਡਾ ਆਧਾਰ ਨਹੀਂ ਹੈ।ਬਾਦਲਕੇ ਡੇਰਾ ਵੋਟ ਅਜਮਾਕੇ ਸਿੱਖਾਂ ਨੂੰ ਨਾਰਾਜ਼ ਕਰਕੇ ਸਿਆਸੀ ਘਾਟਾ ਖਾ ਚੁੱਕੇ ਹਨ।ਡੇਰਾ ਸੱਚਾ ਸੌਦਾ ਸਿਰਸਾ ਦੇ ਸਿਆਸੀ ਵਿੰਗ ਨੇ ਵੀ ਹਾਲੇ ਤੱਕ ਆਪਣੇ ਪੱਤੇ ਨਹੀਂ ਖੋਲੇ ਅਤੇ ਵਿੰਗ ਵੀ ਅੰਦਰੋ ਅੰਦਰੀ ਸ਼ਰਧਾਲੂਆਂ ਦੀ ਨਬਜ਼ ਟੋਹਣ ਵਿਚ ਜੁਟਿਆ ਹੋਇਆ ਹੈ। ਡੇਰਾ ਪ੍ਰੇਮੀਆਂ ਦਾ ਕਹਿਣਾ ਹੈ ਕਿ ਸਿਆਸੀ ਵਿੰਗ ਵੱਲੋਂ ਦੋਵੇਂ ਮੁੱਖ ਸਿਆਸੀ ਧਿਰਾਂ ਨੂੰ ਹਮਾਇਤ ਦਿੱਤੀ ਜਾ ਚੁੱਕੀ ਹੈ ਪਰ ਔਖੀ ਘੜੀ ਵਿਚ ਉਨਾਂ ਨਾਲ ਕੋਈ ਵੀ ਨਹੀਂ ਖੜਿਆ। ਅਕਾਲੀ ਭਾਜਪਾ ਗਠਜੋੜ ਤੇ ਕੈਪਟਨ ਸਰਕਾਰ ਦੇ ਰਾਜ ਭਾਗ ਵਿਚ ਡੇਰਾ ਪੈਰੋਕਾਰਾਂ ਨੂੰ ਵਧੀਕੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਡੇਰੇ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਹਰਚਰਨ ਸਿੰਘ ਇੰਸਾਂ ਨੇ ਆਖਿਆ ਕਿ ਡੇਰਾ ਸੱਚਾ ਸੌਦਾ ਦੀ ਸੰਗਤ ਦੀ ਏਕਤਾ ਆਪਣੇ ਆਪ ਵਿਚ ਇਕ ਮਿਸਾਲ ਹੈ ਜਿਸ ਨੂੰ ਤੋੜਨ ਲਈ ਤਰਾਂ-ਤਰਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਉਨਾਂ ਕਿਹਾ ਕਿ ਇਸ ਏਕਤਾ ਨੂੰ ਤੋੜਨ ਦੇ ਸੁਪਨੇ ਲੈਣ ਵਾਲੇ ਆਪਣੇ ਮਕਸਦ ਵਿਚ ਕਦੇ ਵੀ ਕਾਮਯਾਬ ਨਹੀਂ ਹੋਣਗੇ। ਉਨਾਂ ਨਾਲ ਹੀ ਕਿਹਾ ਕਿ ਅਸੀਂ ਕਿਸੇ ਨੂੰ ਡਰਾਉਂਦੇ ਨਹੀਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਕਿਸੇ ਤੋਂ ਡਰਦੇ ਹਾਂ। ਜ਼ਿਕਰਯੋਗ ਹੈ ਕਿ ਬੇਅਦਬੀ ਹੀ ਨਹੀਂ ਸਗੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੌੜ ਮੰਡੀ ਵਿਚ ਹੋਏ ਬੰਬ ਧਮਾਕੇ ਦੀਆਂ ਤਾਰਾਂ ਵੀ ਪੁਲਿਸ ਡੇਰਾ ਸਿਰਸਾ ਨਾਲ ਜੋੜਦੀ ਆ ਰਹੀ ਹੈ। ਅਜਿਹੇ ਮਾਹੌਲ ਵਿਚ ਡੇਰੇ ਦੇ ਆਗੂਆਂ ਨੇ ਅਜਿਹੇ ਵੱਡੇ ਇਕੱਠ ਕਰਨ ਦਾ ਫ਼ੈਸਲਾ ਕੀਤਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵਾਰ-ਵਾਰ ਬੇਅਦਬੀ ਤੇ ਮੌੜ ਬੰਬ ਕਾਂਡ ਦਾ ਇਨਸਾਫ਼ ਦੇਣ ਤੇ ਕਥਿਤ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜਣ ਦੀ ਗੱਲ ਕਰ ਰਹੀ ਹੈ।

# ਪੰਜਾਬ ਦੇ ਹਾਲਾਤਾਂ ਨੂੰ ਗੰਭੀਰਤਾ ਨਾਲ ਲੈਣ ਪ੍ਰਵਾਸੀ ਪੰਜਾਬੀ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ

**ਨਿਊਯਾਰਕ/ਮੱਖਣ ਕਲੇਰ :**-ਪੰਜਾਬ ਵਿਚਲੀ ਸਿਆਸੀ ਖਹਿਬਾਜ਼ੀ ਦੇ ਚਲਦਿਆਂ ਕੇਂਦਰ ਅਤੇ ਉਸਦੀਆਂ ਰਾਜ ਕਰਦੀਆਂ ਜਮਾਤਾਂ ਆਰਐਸਐਸ, ਭਾਜਪਾ ਵਲੋਂ ਸਿੱਖਾਂ ਅਤੇ ਪੰਜਾਬ ਦੇ ਮਾਹੌਲ ਨੂੰ ਇਕ ਯੋਜਨਾਬੱਧ ਤਰੀਕੇ ਨਾਲ ਲਾਂਬੂ ਲਾਇਆ ਜਾ ਰਿਹਾ ਹੈ ਅਤੇ ਪੰਜਾਬ ਵਿਚਲੀਆਂ ਮੁੱਖ ਸਿਆਸੀ ਧਿਰਾਂ ਸੱਤਾਧਾਰੀ ਕਾਂਗਰਸ ਦੇ ਸਾਰੇ ਧੜੇ, ਅਕਾਲੀ ਦਲ ਬਾਦਲ ਅਤੇ ਆਮ ਆਦਮੀ ਪਾਰਟੀ ਸਿੱਧੇ ਅਸਿੱਧੇ ਤੌਰ ਦੇ ਇਨਾਂ ਦਾ ਸਾਥ ਦੇ ਰਹੇ ਹਨ। ਪੰਜਾਬੀ ਭਾਸ਼ਾ ਉਪਰ ਹਮਲੇ, ਪੰਜਾਬ ਕਾਫੀ ਹਿੱਸੇ ਨੂੰ ਬੀ ਐਸ ਐਫ ਦੇ ਹਵਾਲੇ ਕਰਨ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਮਾਮਲੇ ਨੂੰ ਇਕ ਮਜ਼ਾਕੀਆ ਲਹਿਜ਼ੇ ਵਿਚ ਉਲਝਾਇਆ ਜਾ ਰਿਹਾ ਹੈ ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਇਸੇ ਲੜੀ ਵਿਚ ਪਿਛਲੀ ਦਿਨੀਂ ਪੰਜਾਬ ਦੇ ਇਕ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਕੇਂਦਰ ਦੀਆਂ ਏਜੰਸੀਆਂ ਵਲੋਂ ਨਿਸ਼ਾਨਾ ਬਣਾਇਆ ਗਿਆ ਹੈ। ਉਹ ਇਸ ਗੱਲ ਦਾ ਸਪੱਸ਼ਟ ਸੰਦੇਸ਼ ਹੈ ਕਿ ਇਸ ਰਾਜ ਵਿਚ ਦੁਸ਼ਮਣ ਪੰਜਾਬ ਤੇ ਪੰਜਾਬੀਅਤ ਦੇ ਹਾਮੀਆਂ ਨੂੰ ਨਿਸ਼ਾਨੇ ’ਤੇ ਲੈਂਦਾ ਰਹੇਗਾ। ਬੇਸ਼ੱਕ ਸੁਖਪਾਲ ਸਿੰਘ ਖਹਿਰਾ ਸਿੱਖਾਂ ਦੀ ਕਾਤਲ ਜਮਾਤ ਕਾਂਗਰਸ ਦਾ ਹਿੱਸਾ ਹੈ ਪਰ ਉਸਦੇ ਪੰਜਾਬ ਪੱਖੀ ਬਿਆਨਾਂ ਕਰਕੇ ਉਹ ਖੁਦ ਆਪਣੀ ਹੀ ਪਾਰਟੀ ਵਿਚ ਪਰਾਇਆ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜੋ ਕਿ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਸਿੱਖਾਂ ਅਤੇ ਪੰਜਾਬ ਦੀ ਲੜਾਈ ਨੂੰ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਲੜਦਾ ਆ ਰਿਹਾ ਹੈ ਅਤੇ ਇਸੇ ਦਰਮਿਆਨ ਮਾਨ ਸਹਿਬ ਸਮੇਤ ਪਾਰਟੀ ਲੀਡਰਸ਼ਿਪ ਨੇ ਅਨੇਕਾਂ ਵਾਰ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਤਸੀਹੇ ਝਲੇ ਹਨ।ਉਹ ਇਹ ਮਹਿਸੂਸ ਕਰਦਾ ਹੈ ਕਿ ਪੰਜਾਬ ਪੱਖੀ ਜਮਾਤਾਂ ਨੂੰ ਅਪਣਾ ਸਟੈਂਡ ਸਪੱਸ਼ਟ ਕਰਕੇ ਦੁਸ਼ਮਣ ਜਮਾਤਾਂ ਅਤੇ ਉਸਦੇ ਪੰਜਾਬ ਦੇ ਵਿਚ ਬੈਠੇ ਹਿਮਾਇਤੀਆਂ ਖਿਲਾਫ ਲੜਾਈ ਉਲੀਕਣੀ ਚਾਹੀਦੀ ਹੈ ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਸ ਮੌਕੇ ਦੁਨੀਆਂ ਭਰ ਦੇ ਵਿਚ ਬੈਠੇ ਦਰਦਮੰਦ ਪੰਜਾਬੀਆਂ ਨੂੰ ਬੇਨਤੀ ਕਰਦਾ ਹੈ ਕਿ ਇਸ ਮਸਲੇ ਨੂੰ ਸੰਜੀਦਗੀ ਨਾਲ ਲੈਕੇ ਪੰਜਾਬ ਵਿੱਚ ਪੰਜਾਬ ਦੇ ਹਿਤਾਂ ਲਈ ਲੜਦੇ ਜੁਝਾਰੂਆਂ ਦਾ ਸਾਥ ਦਈਏ ਜਿਸ ਕਰਕੇ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਜਬਰ ਦੇ ਨਿਸ਼ਾਨੇ ਉਪਰ ਹੋਰ ਪੰਜਾਬੀ ਨਾਂ ਆਉਣ। ਅੱਜ ਸਮੇਂ ਦੀ ਲੋੜ ਵੀ ਹੈ ਤੇ ਨਿਯਾਕਤ ਨੂੰ ਸਮਝਦੇ ਹੋਏ ਸਮੂਹ ਪੰਜਾਬ ਪੱਖੀ ਧਿਰਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਨਹੀਂ ਤਾਂ ਕੇਂਦਰ ਤੇ ਪੰਜਾਬ ਵਿਰੋਧੀ ਤਾਕਤਾਂ ਪੰਜਾਬ ਨੂੰ ਤੇ ਪੰਜਾਬੀਅਤ ਤੇ ਸਿੱਖੀ ਨੂੰ ਖਤਮ ਕਰ ਦੇਣਗੇ। ਅਜਿਹਾ ਨਾ ਹੋਇਆ ਤਾਂ ਇਕੱਲੇ ਇਕੱਲੇ ਵਾਰੋ ਵਾਰੀ ਇਵੇਂ ਹੀ ਇਨਾਂ ਦੀਆਂ ਮਾਰਾਂ ਹੇਠ ਆਉਂਦੇ ਜਾਓਗੇ। ਅਕਾਲੀ ਦਲ ਅੰਮ੍ਰਿਤਸਰ ਹਮੇਸ਼ਾ ਹੀ ਇਕਜੁੱਟਤਾ ਦਾ ਹਾਮੀ ਰਿਹਾ ਹੈ।



# 'ਲੜਾਈ ਜਦੋਂ ਫ਼ਸਲਾਂ ਤੇ ਨਾਲ ਨਸਲਾਂ ਦੀ ਹੋਵੇ ਤਾਂ ਟਿਕ ਕੇ ਨਹੀਂ ਬੈਠਿਆ ਜਾਂਦਾ'

## ✪ 10 ਕਿਲੋਮੀਟਰ ਰੋਜ਼ ਸਾਈਕਲ ਚਲਾ ਕੇ ਕਿਸਾਨ ਧਰਨੇ 'ਤੇ ਆਉਦਾ ਹੈ 82 ਸਾਲਾ ਬੰਤਾ ਸਿੰਘ

## ✪ 'ਲੜਾਈ ਜਿੱਤ ਕੇ ਹੀ ਹੁਣ ਮੁੜਾਂਗਾ ਤੇ ਤਿੰਨੇ ਖੇਤੀ ਕਾਨੂੰਨ ਰੱਦ ਹੋਣ 'ਤੇ ਖੇਤਾਂ ਨੂੰ ਜਾਵਾਂਗਾ : ਬੰਤਾ ਸਿੰਘ

**ਲੁਧਿਆਣਾ/ਏ.ਟੀ.ਨਿਊਜ਼ :** ਇੱਕ ਸਾਲ ਤੋਂ ਚੱਲ ਰਹੇ ਕਿਸਾਨ ਮੋਰਚੇ ਨੇ ਕਈ ਪ੍ਰੇਰਣਾਦਾਇਕ ਕਹਾਣੀਆਂ ਸਾਹਮਣੇ ਲਿਆਂਦੀਆਂ ਹਨ। ਬੰਤਾ ਸਿੰਘ ਪਿੰਡ ਡੱਲਾ ਜਗਰਾਓਂ ਵਿਚ 408 ਦਿਨ ਪੂਰੇ ਕਰ ਚੁੱਕੇ ਕਿਸਾਨ ਮੋਰਚੇ ਵਿਚ ਬਿਨਾਂ ਨਾਗ਼ੇ ਤੋਂ ਸ਼ਾਮਲ ਹੋ ਰਹੇ ਹਨ। ਉਨਾਂ ਦੀ ਹਿੰਮਤ ਤੇ ਹੌਂਸਲੇ ਨੇ ਨੌਜਵਾਨਾਂ ਨੂੰ ਮਾਤ ਪਾਈ ਹੈ ਅਤੇ ਕਈਆਂ ਲਈ ਉਹ ਮਿਸਾਲ ਬਣੇ ਹਨ।

ਬੰਤਾ ਸਿੰਘ ਦੇ ਪੁੱਤਰ ਹਰਪਾਲ ਸਿੰਘ ਨੇ 9 ਕਿੱਲੇ ਦੀ ਖੇਤੀ ਸੰਭਾਲ ਲਈ ਤਾਂ ਬਾਬੇ ਨੇ ਕਿਸਾਨ ਮੋਰਚੇ ਦਾ ਪਿੜ। ਜਿਹੜਾ ਬਾਪੂ ਕਦੇ ਖੇਤਾਂ ਵਿਚੋਂ ਬਾਹਰ ਨਹੀਂ ਆਉਂਦਾ ਸੀ, ਉਸ ਨੇ ਕਿਸਾਨ ਮੋਰਚੇ ਵਿਚ ਸ਼ਾਮਲ ਹੋਣ ਮਗਰੋਂ ਖੇਤ ਪੈਰ ਨਹੀਂ ਪਾਇਆ।

ਬੰਤਾ ਸਿੰਘ ਕਹਿੰਦੇ ਹਨ, 'ਲੜਾਈ ਜਦੋਂ ਫ਼ਸਲਾਂ ਤੇ ਨਾਲ ਨਸਲਾਂ ਦੀ ਹੋਵੇ ਤਾਂ ਟਿਕ ਕੇ ਨਹੀਂ ਬੈਠਿਆ ਜਾਂਦਾ।'

'ਲੜਾਈ ਜਿੱਤ ਕੇ ਹੀ ਹੁਣ ਮੁੜ ਹੋਣਾ ਹੈ ਅਤੇ ਤਿੰਨੇ ਖੇਤੀ ਕਾਨੂੰਨ ਰੱਦ ਹੋਣ 'ਤੇ ਖੇਤਾਂ ਨੂੰ ਜਾਵਾਂਗਾ।'

ਬੰਤਾ ਸਿੰਘ ਦੀ ਨੂੰਹ ਹਰਪ੍ਰੀਤ ਕੌਰ ਸਵੇਰੇ ਉੱਠ ਕੇ ਬਾਪੂ ਲਈ ਚਾਹ ਪਾਣੀ ਤਿਆਰ ਕਰ ਦਿੰਦੇ ਹਨ।

ਬੰਤਾ ਸਿੰਘ ਇਕੱਲੇ ਪਿੰਡ ਲਈ ਨਹੀਂ ਸਗੋਂ ਪੂਰੇ ਇਲਾਕੇ ਲਈ ਪ੍ਰੇਰਣਾ ਸਰੋਤ ਬਣ ਗਏ ਹਨ। ਉਨਾਂ ਦੀ ਪੋਤੀ ਕੈਨੇਡਾ ਦੀ ਨਾਗਰਿਕ ਹੈ ਜਦਕਿ ਪੋਤਾ ਤੇ ਪੋਤ ਨੂੰਹ ਵੀ ਕੈਨੇਡਾ ਜਾ ਵੱਸੇ ਹਨ।

ਪੁੱਤ-ਨੂੰਹ ਬਾਪੂ ਨੂੰ ਰੋਕਣ ਦੀ ਥਾਂ ਉਲਟਾ ਕਿਸਾਨ ਸੰਘਰਸ਼ ਵਿਚ ਸ਼ਮੂਲੀਅਤ ਲਈ ਸਾਥ ਤੇ ਸਹਿਯੋਗ ਦਿੰਦੇ ਹਨ। ਪਿੰਡੋਂ ਹੀ ਜਗਰੂਪ ਸਿੰਘ ਰੂਪ ਤੇ ਇੱਕ ਦੋ ਹੋਰ ਸਾਥੀਆਂ ਨਾਲ ਉਹ ਸਾਈਕਲ 'ਤੇ ਜਗਰਾਓਂ ਪਹੁੰਚਦੇ ਹਨ।

82 ਸਾਲਾ ਬਾਪੂ ਨੇ 1982 ਵਿਚ ਸਾਈਕਲ ਲਿਆ ਸੀ ਜੋ ਉਨਾਂ ਦੇ ਇਸ ਸਫ਼ਰ ਦਾ ਪੱਕਾ ਸਾਥੀ ਹੈ। ਸਾਈਕਲ ਦਾ ਡੰਡਾ ਚੜਨ ਵਿਚ ਅੜਿੱਕਾ ਬਣਨ ਲੱਗਿਆ ਤਾਂ ਬਾਪੂ ਸਾਈਕਲ ਲੈ ਕੇ ਝੋਰੜਾਂ ਦੇ ਇੱਕ ਮਿਸਤਰੀ ਕੋਲ ਪਹੁੰਚ ਗਏ। ਉਨਾਂ ਨੇ ਸਾਈਕਲ ਦਾ ਡੰਡਾ ਕਟਵਾ ਕੇ ਇਸ ਨੂੰ 'ਲੇਡੀ ਸਾਈਕਲ' ਬਣਵਾ ਲਿਆ, ਜਿਸ 'ਤੇ ਕਿਸਾਨੀ ਝੰਡਾ ਬੰਨ ਕੇ ਹੁਣ ਉਹ ਹਰ ਰੋਜ਼ ਪਿੰਡੋਂ ਨਿਕਲਦੇ ਹਨ।

30 ਮਿੰਟ ਵਿਚ ਦਸ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਧਰਨੇ ਵਿਢਚ ਸ਼ਾਮਲ ਹੁੰਦੇ ਹਨ। ਧਰਨੇ ਵਿਚ ਵੀ ਉਨਾਂ ਦੀ ਥਾਂ ਮੂਹਰਲੀ ਕਤਾਰ ਵਿੱਚ ਹੈ, ਜਿਥੇ ਕਿਸਾਨੀ ਝੰਡਾ ਫੜੀ ਜੋਸ਼ ਤੇ ਉੱਚੀ ਆਵਾਜ਼ ਵਿਚ ਉਹ ਨਾਅਰੇ ਬੁਲੰਦ ਕਰਦੇ ਹਨ।

ਉਨਾਂ ਨੂੰ ਉਮੀਦ ਨਹੀਂ ਯਕੀਨ ਹੈ ਕਿ ਮੋਦੀ ਹਕੂਮਤ ਤਿੰਨੇ ਕਾਲੇ ਕਾਨੂੰਨ ਰੱਦ ਕਰੇਗੀ ਅਤੇ ਕਿਸਾਨੀ ਸੰਘਰਸ਼ ਦੀ ਜਿੱਤ ਹੋਵੇਗੀ।

ਬੰਤਾ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਫ਼ਸਲਾਂ ਤੇ ਨਸਲਾਂ ਦੀ ਲੜਾਈ ਲੜ ਰਹੇ ਹਨ।

ਬਾਪੂ ਅਕਸਰ ਪਿੰਡੋਂ ਧਰਨੇ ਵਾਲੇ ਲੰਗਰ ਦੀ ਚਾਹ ਲਈ ਦੁੱਧ ਵੀ ਇਕੱਠਾ ਕਰਕੇ ਲਿਆਉਂਦੇ ਹਨ ਅਤੇ ਇੱਕ ਸਾਲ ਤੇ ਇੱਕ ਮਹੀਨੇ ਵਿਚ ਉਨਾਂ ਨੇ ਖਰਚ ਵੀ ਪੱਲਿਓਂ ਹੀ ਕੀਤਾ ਹੈ।

ਪਿੰਡ ਵਾਸੀ ਵੀ ਬੰਤਾ ਸਿੰਘ 'ਤੇ ਮਾਣ ਕਰਦੇ ਕਹਿੰਦੇ ਹਨ ਇਕੱਲੇ ਬਾਪੂ ਨੇ ਕਿਸਾਨ ਸੰਘਰਸ਼ ਪੂਰੇ ਪਿੰਡ ਦੀ ਲਾਜ ਰੱਖੀ ਹੈ। ਮੰਦਰ ਸਿੰਘ ਸਰਾਂ ਤੇ ਰਣਧੀਰ ਸਿੰਘ ਧੀਰਾ ਦਾ ਕਹਿਣਾ ਸੀ ਕਿ ਬਾਪੂ ਬੰਤਾ ਸਿੰਘ ਦੇ ਸਿਰੜ



ਨੂੰ ਪੂਰਾ ਪਿੰਡ ਸਲਾਮ ਕਰਦਾ ਹੈ। ਬੰਤਾ ਸਿੰਘ ਵਾਂਗ ਪਿੰਡ ਰੂਮੀ ਦੇ 84 ਸਾਲਾ ਤੇਜਾ ਸਿੰਘ ਦੇ ਸਰੀਰ ਵਿਚ ਕੁੱਬ ਪੈ ਗਿਆ ਪਰ ਉਨਾਂ ਨੇ ਜਜ਼ਬੇ ਵਿਚ ਕੁੱਬ ਨਹੀਂ ਪੈਣ ਦਿੱਤਾ ਤਾਂਹੀਓਂ ਤਾਂ ਖੂੰਡਿਆਂ ਸਹਾਰੇ ਰੋਜ਼ਾਨਾ ਧਰਨੇ ਵਿਚ ਹਾਜ਼ਰੀ ਭਰਨਾ ਉਨਾਂ ਦਾ ਧਰਮ ਹੈ। ਚਾਰ ਧੀਆਂ ਅਤੇ ਇੱਕ ਪੁੱਤ ਦੇ ਪਿਤਾ ਤੇਜਾ ਸਿੰਘ 6 ਕਿੱਲੇ ਦੀ ਖੇਤੀ ਆਪਣੇ ਪੁੱਤ ਅਤੇ ਪੋਤੇ ਦੇ ਸਿਰ 'ਤੇ ਕਰਦੇ ਹਨ।

85 ਸਾਲਾ ਗਿੰਦਰ ਸਿੰਘ ਕੋਲ ਨਾ ਜ਼ਮੀਨ ਹੈ ਤੇ ਨਾ ਖੇਤੀ ਪਰ ਉਹ ਵੀ ਧਰਨੇ ਵਿਚ ਆਉਣਾ ਕਦੇ ਨਹੀਂ ਭੁੱਲੇ। ਦਲਿਤ ਮੁਹੱਲੇ ਦਾ ਬੇਜ਼ਮੀਨਾ ਬਾਪੂ ਮੋਰਚੇ ਦੇ ਲੰਗਰ ਸਟੋਰ ਦਾ ਇੰਚਾਰਜ ਹੈ। ਰੋਜ਼ ਦਰੀਆਂ ਵਿਛਾਉਣ, ਸਫਾਈ ਕਰਨ ਸਮੇਤ ਹੋਰ ਕੰਮ ਉਨਾਂ ਨੇ ਆਪਣੇ ਜ਼ਿੰਮੇ ਲਏ ਹੋਏ ਹਨ।

ਸਾਈਕਲ 'ਤੇ ਹੀ ਆਉਂਦੇ ਪਿੰਡ ਅਖਾੜਾ ਦੇ ਬਿੱਕਰ ਸਿੰਘ ਲਈ ਵੀ ਮੋਰਚੇ ਦੀ ਹਾਜ਼ਰੀ ਸਾਹਾਂ ਜਿੰਨੀ ਜ਼ਰੂਰੀ ਹੈ। ਇਸੇ ਤਰਾਂ ਕੋਠੇ ਖੰਜੂਰਾਂ ਪਿੰਡ ਦੇ ਜਗਦੀਪ ਸਿੰਘ ਦੀ ਵੀ ਕੋਈ ਗ਼ੈਰ ਹਾਜ਼ਰੀ ਨਹੀਂ ਹੈ। ਕੋਠੇ ਸ਼ੇਰਜੰਗ ਦੇ ਅਜਾਇਬ ਸਿੰਘ, ਗੁਰਬਖਸ਼ ਸਿੰਘ ਅਤੇ ਹੋਰ ਕਈ ਕਿਸਾਨ ਹਨ ਜਿਹੜੇ ਧਰਨੇ ਦੇ ਪੱਕੇ ਸੰਗੀ ਬਣੇ ਹੋਏ ਹਨ।

ਇਹ ਸਭ ਦੱਸਦੇ ਹਨ ਕਿ ਇੱਕ ਸਾਲ ਤੇ ਇੱਕ ਮਹੀਨੇ ਦੌਰਾਨ ਸਰਦੀ ਵੀ ਆਈ ਤੇ ਗਰਮੀ ਵੀ, ਬਰਸਾਤ ਦੇ ਦਿਨ ਵੀ ਆਏ ਪਰ ਉਨਾਂ ਦੀ ਕਿਸਾਨ ਮੋਰਚੇ ਵਿਚ ਕੋਈ ਗੈਰ ਹਾਜ਼ਰੀ ਨਹੀਂ।

ਬਾਪੂ ਬੰਤਾ ਸਿੰਘ ਨੇ ਕਿਹਾ ਕਿ ਕਈ ਵਾਰ ਉਹ ਜਗਰਾਓਂ ਸ਼ਹਿਰ ਵਿਚ ਮੀਂਹ ਦੇ ਗੋਡੇ-ਗੋਡੇ ਖੜੇ ਪਾਣੀ 'ਚੋਂ ਵੀ ਲੰਘ ਕੇ ਧਰਨੇ ਵਿਚ ਪਹੁੰਚੇ।

ਉਨਾਂ ਦੇ ਲਾਮਿਸਾਲ ਜਜ਼ਬੇ ਕਰਕੇ ਪਿੰਡ ਵਾਸੀ ਅਤੇ ਐਨ.ਆਰ.ਆਈ. ਕਮੇਟੀ ਵੱਲੋਂ ਬੰਤਾ ਸਿੰਘ ਚਾਹਲ ਦਾ ਸਨਮਾਨ ਕੀਤਾ ਜਾ ਚੁੱਕਿਆ ਹੈ।

# ਸਿੱਧੂ-ਚੰਨੀ ਵਿਵਾਦ ਸੜਕਾਂ 'ਤੇ ਪਹੁੰਚਿਆ

## ✪ ਸਰਕਾਰੀ ਹੋਰਡਿੰਗ ਦੇ ਸਲੋਗਨਾਂ ਤੋਂ ਹਟਾਇਆ ਗਿਆ ਸੀਐੱਮ ਚੰਨੀ ਦਾ ਨਾਂ ✪ ਚੰਨੀ-ਸਿੱਧੂ ਵਿਚਾਲੇ ਸਰਵਉਚ ਹੋਣ ਦੀ ਲੱਗੀ ਦੌੜ ✪ ਸਿੱਧੂ ਪੰਜਾਬ ਮਸਲੇ ਉਠਾ ਕੇ ਚੰਨੀ ਉਪਰ ਪੈਣ ਲੱਗੇ ਭਾਰੂ

**ਜਲੰਧਰ/ਏ.ਟੀ.ਨਿਊਜ਼ :** ਪੰਜਾਬ ਵਿਚ ਕਾਂਗਰਸ ਦੀ ਸਿਆਸਤ ਵਿਚ ਹੁਣ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਵਿਵਾਦ ਸੜਕਾਂ ਤੱਕ ਪਹੁੰਚ ਗਿਆ ਹੈ। ਸਿੱਧੂ ਦੇ ਇਕ ਬਾਅਦ ਟਵੀਟ ਅਟੈਕ ਦੇ ਜਵਾਬ ਵਿਚ ਸੀਐੱਮ ਚੰਨੀ ਨੇ ਰਾਜ ਭਰ ਵਿਚ ਆਪਣੇ ਕੰਮਾਂ ਤੇ ਪ੍ਰਾਪਤੀਆਂ ਨੂੰ ਦਰਸਾਉਣ ਵਾਲੇ ਹੋਰਡਿੰਗ ਲਗਵਾਏ ਸਨ।



ਇਨਾਂ ਵਿਚ ਚੰਨੀ ਨੂੰ ਲੈ ਕੇ ਸਲੋਗਨ ਲਿਖੇ ਗਏ ਅਤੇ ਮੋਟੇ ਅੱਖਰਾਂ ਵਿਚ ਸੀਐੱਮ ਚਰਨਜੀਤ ਸਿੰਘ ਚੰਨੀ ਦਾ ਨਾਂ ਲਿਖਿਆ ਸੀ ਅਤੇ ਤਸਵੀਰ ਲੱਗੀ ਸੀ। ਇਸ ਸਬੰਧ 'ਚ ਕਈ ਸਰਕਾਰੀ ਹੋਰਡਿੰਗਜ਼ ਵੀ ਲੱਗੇ ਸਨ। ਪਰ, ਹੁਣ ਅਚਾਨਕ ਇਨਾਂ ਵਿਚ ਬਦਲਾਅ ਕੀਤਾ ਜਾ ਰਿਹਾ ਹੈ। ਚੰਨੀ ਦੀ ਤਸਵੀਰ ਤਾਂ ਲੱਗੀ ਹੋਈ ਹੈ, ਪਰ ਉਸ ਦਾ ਨਾਂ ਹਟਾ ਦਿੱਤਾ ਗਿਆ ਹੈ ਜਾਂ ਛੋਟੇ ਅੱਖਰਾਂ ਵਿਚ ਕਰ ਦਿੱਤਾ ਗਿਆ ਹੈ। ਇਸ ਦੀ ਜਗਾ ਪੰਜਾਬ ਸਰਕਾਰ ਕਰ ਦਿੱਤਾ ਗਿਆ ਹੈ।

ਬੀਤੇ ਦਿਨੀਂ ਸਿੱਧੂ ਤੇ ਚੰਨੀ ਵਿਚਕਾਰ ਸੋਸ਼ਲ ਮੀਡੀਆ 'ਤੇ ਸਰਕਾਰ ਦੇ ਕੰਮਾਂ ਨੂੰ ਲੈ ਕੇ ਹੋਈ ਬਿਆਨਬਾਜ਼ੀ ਦੇ ਜਵਾਬ ਵਿਚ ਚੰਨੀ ਦੇ ਖੇਮੇ ਨੇ ਸਰਕਾਰ ਵੱਲੋਂ ਪੰਜਾਬ ਭਰ ਵਿਚ ਸੜਕਾਂ ਦੇ ਕਿਨਾਰੇ ਲਗਵਾਏ ਗਏ ਹੋਰਡਿੰਗ 'ਤੇ ਸਲੋਗਨ ਬਦਲ ਕੇ ਦਿੱਤਾ ਸੀ। ਸਲੋਗਨ 'ਚ 'ਘਰ-ਘਰ ਵਿਚ ਚੱਲੀ ਗੱਲ, ਮੁੱਖ ਮੰਤਰੀ ਚੰਨੀ ਕਰਦਾ ਮਸਲੇ ਹੱਲ' ਲਿਖ ਕੇ ਚੰਨੀ ਨੂੰ ਚੁਣਾਵੀ ਚਿਹਰੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਸੀ।

ਨਵਜੋਤ ਸਿੰਘ ਸਿੱਧੂ ਤੇ ਚੰਨੀ ਵਿਚਕਾਰ ਡੀਜੀਪੀ ਤੇ ਏ ਜੀ ਬਦਲਣ ਸਮੇਤ ਨਸ਼ਾ ਤੇ ਹੋਰ ਮੁੱਦਿਆਂ ਨੂੰ ਲੈ ਕੇ ਹੋਈ ਬੈਠਕ ਵਿਚ ਕਈ ਮਾਮਲਿਆਂ ਨੂੰ ਚੰਨੀ ਨੇ ਮੰਨ ਕੇ ਸਿੱਧੂ ਨੂੰ ਮਨਾ ਲਿਆ ਸੀ। ਉਸ ਤੋਂ ਬਾਅਦ ਦੋਵੇਂ ਨੇਤਾਵਾਂ ਨੇ ਇਕੱਠੇ ਪ੍ਰੈਸ ਕਾਨਫਰੰਸ ਕਰਕੇ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਇਕ ਹਾਂ, ਪਰ ਇਸ ਦੇ ਨਾਲ ਹੀ ਸਿੱਧੂ ਨੇ ਫਿਰ ਤੋਂ ਚੰਨੀ ਨੂੰ ਚੁਣਾਵੀ ਚਿਹਰਾ ਬਣਾਏ ਜਾਣ ਦਾ ਅੰਦਰਖਾਤੇ ਵਿਰੋਧ ਸ਼ੁਰੂ ਕਰ ਦਿੱਤਾ ਸੀ।

ਸਿੱਧੂ ਖੇਮੇ ਨੂੰ ਡਰ ਸੀ ਕਿ ਜਿਸ ਤਰਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚਿਹਰੇ ਨੂੰ ਬੀਤੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਕਾਫ਼ੀ ਵਿਦ ਕੈਪਟਨ ਤੇ ਪੰਜਾਬ ਦ ਸ਼ੇਰ' ਵਰਗੇ ਸਲੋਗਨ **ਬਾਕੀ ਸਫ਼ਾ 30 'ਤੇ**

# ਅੱਗ ਲੈਣ ਆਈ ਘਰਵਾਲੀ ਬਣ ਬੈਠੀ

## ਅਖੇ ਬੀ.ਐਸ.ਐਫ ਪੰਜਾਬ ਪੁਲਿਸ ਨੂੰ ਕੇਵਲ ਕਾਰਵਾਈ ਵਿਚ ਸਹਿਯੋਗ ਕਰੇਗੀ ਆਈ. ਜੀ. ਸੋਨਾਲੀ ਮਿਸ਼ਰਾ ਨੇ ਦਿੱਤਾ ਸਪੱਸ਼ਟੀਕਰਨ



**ਜਲੰਧਰ/ਏ.ਟੀ.ਨਿਊਜ਼ :** ਕੇਂਦਰ ਸਰਕਾਰ ਨੇ ਪੰਜਾਬ ਸਰਹਦੀ ਖੇਤਰ ਦਾ ਪੰਜਾਹ ਕਿਲੋਮੀਟਰ ਘੇਰਾ ਮਿਥ ਕੇ ਅੱਧੇ ਪੰਜਾਬ ਉਪਰ ਕਬਜਾ ਕਰ ਲਿਆ ਹੈ।ਇਹ ਰਾਜ ਵਿਚ ਕੇਂਦਰ ਦੀ ਸਿੱਧੀ ਦਖਲਅੰਦਾਜੀ ਹੈ। ਕਹਿ ਸਕਦੇ ਹਾਂ ਕਿ 'ਅੱਗ ਲੈਣ ਆਈ ਘਰਵਾਲੀ ਬਣ ਬੈਠੀ '।ਸੀਮਾ ਸੁਰੱਖਿਆ ਬਲ ਦੀ ਪਹਿਲੀ ਮਹਿਲਾ ਆਈ.ਜੀ. ਬਣੀ ਸੋਨਾਲੀ ਮਿਸ਼ਰਾ ਨੇ ਪੱਤਰਕਾਰ ਸੰਮੇਲਨ ਕੀਤਾ, ਜਿਸ ਦੌਰਾਨ ਉਨਾਂ ਕੇਂਦਰ ਸਰਕਾਰ ਵਲੋਂ ਸੀਮਾ ਸੁਰੱਖਿਆ ਬਲ ਦੇ ਸੂਬੇ ਅੰਦਰ ਕਾਰਵਾਈ ਕੀਤੇ ਜਾਣ ਦੇ ਅਧਿਕਾਰ ਖੇਤਰ ਨੂੰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਿਰ ਤੱਕ ਕੀਤੇ ਜਾਣ ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਚਾਹੇ ਬੀ.ਐਸ.ਐਫ਼ ਦੀ ਕਾਰਗੁਜ਼ਾਰੀ ਦਾ ਅਧਿਕਾਰ ਪਹਿਲਾਂ ਨਾਲੋਂ ਵਧਾ ਦਿੱਤਾ ਗਿਆ ਹੈ, ਪਰ ਫਿਰ ਵੀ ਬੀ.ਐਸ.ਐਫ਼ ਕੇਵਲ ਸਥਾਨਕ ਪੁਲਿਸ ਨੂੰ ਅਪਰਾਧੀਆਂ ਖ਼ਿਲਾਫ਼ ਕੀਤੀ ਜਾਣ ਵਾਲੀ ਕਾਰਵਾਈ ਵਿਚ ਸਹਿਯੋਗ ਹੀ ਕਰੇਗੀ । ਉਨਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥ ਜਾਂ ਹਥਿਆਰ ਆਦਿ ਦੀ ਸਪਲਾਈ ਕਰਦਾ ਹੈ ਤਾਂ ਭਾਰਤ ਵਾਲੇ ਪਾਸੇ ਉਸ ਦੇ ਨਾਲ ਜੁੜੇ ਵਿਅਕਤੀਆਂ ਤੱਕ ਪਹੁੰਚਣ ਲਈ ਬੀ.ਐਸ.ਐਫ਼ ਆਪਣੀ ਯੋਗਤਾ ਅਤੇ ਆਧੁਨਿਕ ਤਕਨੀਕ ਦਾ ਲਾਭ ਸਥਾਨਕ ਪੁਲਿਸ ਨੂੰ ਦੇਵੇਗੀ । ਉਨਾਂ ਕਿਹਾ ਕਿ ਮੁਲਜ਼ਮ ਨੂੰ ਕਾਬੂ ਕਰਨ ਤੋਂ ਬਾਅਦ ਉਸ ਖ਼ਿਲਾਫ਼ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਪਹਿਲਾਂ ਦੀ ਤਰਾਂ ਸਥਾਨਕ ਪੁਲਿਸ ਵਲੋਂ ਹੀ ਅਮਲ ਵਿਚ ਲਿਆਂਦੀ ਜਾਵੇਗੀ। ਉਨਾਂ ਕਿਹਾ ਕਿ ਬੀ.ਐਸ.ਐਫ਼. ਮੁਲਜ਼ਮਾਂ ਦੀ ਭਾਲ ਕਰਨ ਅਤੇ ਤਸਕਰੀ ਨੂੰ ਰੋਕਣ 'ਚ ਸਥਾਨਕ ਪੁਲਿਸ ਨਾਲੋਂ ਤਕਨੀਕ ਅਤੇ ਸੂਚਨਾ ਇਕੱਠੀ ਕਰਨ ਵਿਚ ਵੱਧ ਸਮਰੱਥ ਹੈ ।ਬੀ.ਐਸ.ਐਫ਼ ਦੀ ਇਹ ਕਾਬਲੀਅਤ ਸਥਾਨਕ ਪੁਲਿਸ ਨੂੰ ਤਸਕਰਾਂ ਅਤੇ ਅਪਰਾਧੀਆਂ ਖ਼ਿਲਾਫ਼ ਕਾਰਵਾਈ ਕਰਨ ਵਿਚ ਸਹਿਯੋਗੀ ਸਿੱਧ ਹੋਵੇਗੀ।

# ਮਿਸਰ 'ਚ 'ਬਿੱਛੂਆਂ' ਦਾ ਹਮਲਾ, 3 ਲੋਕਾਂ ਦੀ ਮੌਤ ਤੇ 500 ਜ਼ਖਮੀ

**ਕਾਹਿਰਾ/ਏ.ਟੀ.ਨਿਊਜ਼ :** ਮਿਸਰ ਦੇ ਦੱਖਣੀ ਖੇਤਰ ਵਿਚ ਸਥਿਤ ਅਸਵਾਨ ਸ਼ਹਿਰ 'ਚ ਭਾਰੀ ਤੂਫਾਨ ਤੋਂ ਬਾਅਦ ਬਿੱਛੂਆਂ ਦੀ ਫ਼ੌਜ ਬਾਹਰ ਆ ਗਈ ਅਤੇ ਉਸ ਨੇ ਸਥਾਨਕ ਲੋਕਾਂ 'ਤੇ ਹਮਲਾ ਕਰ ਦਿੱਤਾ। ਇਸ ਭਿਆਨਕ ਹਮਲੇ ਵਿਚ ਘੱਟੋ-ਘੱਟ 3 ਲੋਕਾਂ ਦੀ ਮੌਤ ਹੋ ਗਈ ਹੈ ਅਤੇ 500 ਹੋਰ ਜ਼ਖਮੀ ਹੋ ਗਏ ਹਨ। ਹਾਲਾਤ ਇਹ ਹਨ ਕਿ ਦੁਨੀਆ ਦੇ ਇਹ ਸਭ ਤੋਂ ਖਤਰਨਾਕ ਬਿੱਛੂ ਗਲੀਆਂ ਅਤੇ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਗਏ ਹਨ। ਇਹ ਹਮਲੇ ਗਵਰਨਰ ਦਫ਼ਤਰ ਦੇ ਨੇੜੇ ਪਹਾੜੀ ਇਲਾਕੇ ਵਿੱਚ ਵੀ ਹੋਏ। ਇਸ ਤਬਾਹੀ ਦੇ ਮੱਦੇਨਜ਼ਰ ਡਾਕਟਰਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਮਿਸਰ ਦੇ ਸਿਹਤ ਮੰਤਰਾਲੇ ਦੇ ਇੱਕ ਪ੍ਰਤੀਨਿਧੀ ਨੇ ਦੱਸਿਆ ਕਿ ਬਿੱਛੂ ਦੇ ਕੱਟਣ ਤੋਂ ਬਾਅਦ ਅਸਵਾਨ ਯੂਨੀਵਰਸਿਟੀ ਵਿੱਚ 89 ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਇੰਨਾ ਹੀ ਨਹੀਂ ਸ਼ਹਿਰ ਦੇ ਹੋਰ ਹਸਪਤਾਲਾਂ ਵਿੱਚ ਸੈਂਕੜੇ ਲੋਕ ਜ਼ੇਰੇ ਇਲਾਜ ਹਨ। ਮਰੀਜ਼ਾਂ ਦੀ ਵੱਡੀ ਗਿਣਤੀ ਨੂੰ ਦੇਖਦੇ ਹੋਏ ਛੁੱਟੀ 'ਤੇ ਗਏ ਡਾਕਟਰਾਂ ਨੂੰ ਵਾਪਸ ਬੁਲਾ ਲਿਆ ਗਿਆ ਹੈ। ਸਾਰੇ ਹਸਪਤਾਲਾਂ ਨੂੰ ਐਂਟੀ-ਸਕਾਰਪੀਅਨ ਜ਼ਹਿਰ



ਵਾਲੀ ਦਵਾਈ ਸਪਲਾਈ ਕੀਤੀ ਗਈ ਹੈ।

ਬੀਤੇ ਸ਼ੁੱਕਰਵਾਰ ਨੂੰ ਅਸਵਾਨ ਦੇ ਗਵਰਨਰ ਅਸ਼ਰਫ ਅੱਤੀਆ ਨੇ ਨੀਲ ਨਦੀ ਤੋਂ ਆਉਣ ਵਾਲੇ ਜਹਾਜ਼ਾਂ ਨੂੰ ਸ਼ਹਿਰ ਦੇ ਆਲੇ-ਦੁਆਲੇ ਆਉਣ ਤੋਂ ਰੋਕ ਦਿੱਤਾ ਸੀ। ਬਿੱਛੂ ਦੇ ਕੱਟਣ ਕਾਰਨ ਲੋਕਾਂ ਦੀ ਨਜ਼ਰ ਧੁੰਦਲੀ ਹੋ ਗਈ ਹੈ, ਜਿਸ ਕਾਰਨ ਸ਼ਹਿਰ ਦੇ ਕੁਝ ਹਿੱਸਿਆਂ 'ਤੇ ਆਵਾਜਾਈ ਠੱਪ ਹੋ ਗਈ ਹੈ। ਹਾਲਾਂਕਿ, ਸੜਕ ਅਤੇ ਜਹਾਜ਼ ਦੀ ਆਵਾਜਾਈ ਸ਼ਨੀਵਾਰ ਨੂੰ ਮੁੜ ਸ਼ੁਰੂ ਹੋ ਗਈ। ਸਥਾਨਕ ਲੋਕਾਂ ਨੂੰ ਆਪਣੇ ਘਰਾਂ ਅਤੇ ਰੁੱਖਾਂ ਨਾਲ ਭਰੇ ਖੇਤਰਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਦੂਜੇ ਪਾਸੇ ਭਾਰੀ ਮੀਂਹ, ਤੂਫ਼ਾਨ ਅਤੇ ਦੁਰਲੱਭ ਬਰਫ਼ਬਾਰੀ ਕਾਰਨ ਇਸ ਖੇਤਰ ਵਿੱਚ ਹੜਾਂ ਦੀ ਸੰਭਾਵਨਾ ਵੱਧ ਰਹੀ ਹੈ। ਮਿਸਰ ਦੇ ਬਿੱਛੂ ਦੁਨੀਆ ਵਿਚ ਸਭ ਤੋਂ ਖਤਰਨਾਕ ਮੰਨੇ ਜਾਂਦੇ ਹਨ। ਇਨਾਂ ਦੀਆਂ ਪੂਛਾਂ ਕਾਫ਼ੀ ਮੋਟੀਆਂ ਅਤੇ ਕਾਲੀਆਂ ਹੁੰਦੀਆਂ ਹਨ ਅਤੇ ਇਨਾਂ ਦਾ ਡੰਗ ਜਾਨਲੇਵਾ ਸਿੱਧ ਹੁੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜੇਕਰ ਬਿੱਛੂ ਦੇ ਡੰਗ ਦਾ ਇਕ ਘੰਟੇ ਦੇ ਅੰਦਰ ਇਲਾਜ ਨਾ ਕੀਤਾ ਜਾਵੇ ਤਾਂ ਮਰੀਜ਼ ਦਰਦ ਨਾਲ ਤੜਫ-ਤੜਫ ਕੇ ਮਰ ਜਾਂਦਾ ਹੈ। ਇਸ ਦੇ ਕੱਟਣ 'ਤੇ ਮਨੁੱਖ ਦਾ ਸਿਰ ਘੁੰਮਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਸਾਹ ਵੀ ਨਹੀਂ ਲੈ ਪਾਉਂਦਾ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਕਿਸਾਨ ਅੰਦੋਲਨ ਹਿੰਦੁਸਤਾਨ ਸਰਕਾਰ ਦੁਆਰਾ ਆਪਣੀਆਂ ਸਾਰੀਆਂ ਜਾਇਜ਼ ਮੰਗਾਂ ਦੀ ਪੂਰਤੀ ਲਈ ਆਪਣਾ ਸੰਘਰਸ਼ ਜਾਰੀ ਰੱਖੇਗਾ: ਕਿਸਾਨ ਮੋਰਚਾ

## ✪ 22 ਨਵੰਬਰ ਨੂੰ ਲਖਨਊ ਕਿਸਾਨ ਮਹਾਂਪੰਚਾਇਤ ਅਤੇ ਸੰਸਦ ਮਾਰਚ 29 ਨਵੰਬਰ ਤੋਂ ਯੋਜਨਾ ਅਨੁਸਾਰ ਹੋਵੇਗਾ ✪ ਕਿਸਾਨ ਅੰਦੋਲਨ ਵਿੱਚ ਹੁਣ ਤੱਕ 670 ਤੋਂ ਵੱਧ ਸ਼ਹੀਦ ਹੋਏ ਅਤੇ ਭਾਰਤ ਸਰਕਾਰ ਨੇ ਉਨ੍ਹਾਂ ਦੀ ਕੁਰਬਾਨੀ ਨੂੰ ਸਵੀਕਾਰ ਵੀ ਨਹੀਂ ਕੀਤਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਕਿਸਾਨ ਅੰਦੋਲਨ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਜਾਰੀ ਰੱਖ ਰਿਹਾ ਹੈ। ਸਾਰੀਆਂ ਘੋਸ਼ਿਤ ਯੋਜਨਾਵਾਂ ਚੱਲ ਰਹੀਆਂ ਹਨ, ਅਤੇ ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਨੂੰ 22 ਨਵੰਬਰ ਨੂੰ ਲਖਨਊ ਕਿਸਾਨ ਮਹਾਂਪੰਚਾਇਤ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਾ ਹੈ, ਜਿਵੇਂ ਕਿ ਪਹਿਲਾਂ ਯੋਜਨਾ ਬਣਾਈ ਗਈ ਸੀ। ਮੋਰਚਾ ਉੱਤਰੀ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਿਸਾਨਾਂ ਨੂੰ 26 ਨਵੰਬਰ 2021 ਨੂੰ ਵੱਖ-ਵੱਖ ਮੋਰਚਿਆਂ ਵਾਲੀਆਂ ਥਾਵਾਂ 'ਤੇ ਪਹੁੰਚਣ ਦੀ ਅਪੀਲ ਵੀ ਕਰਦਾ ਹੈ, ਜੋ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਲਗਾਤਾਰ ਸ਼ਾਂਤੀਪੂਰਨ ਪ੍ਰਦਰਸ਼ਨਾਂ ਦੇ ਪੂਰੇ ਇੱਕ ਸਾਲ ਦੇ ਪੂਰੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ। ਇਸੇ ਤਰ੍ਹਾਂ ਜਿਹੜੇ ਟੋਲ ਪਲਾਜ਼ਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਫੀਸ ਵਸੂਲੀ ਤੋਂ ਮੁਕਤ ਕਰ ਦਿੱਤਾ ਗਿਆ ਹੈ, ਉਨ੍ਹਾਂ ਨੂੰ ਜਾਰੀ ਰੱਖਿਆ ਜਾਵੇਗਾ। ਵੱਖ-ਵੱਖ ਰਾਜਾਂ ਵਿੱਚ ਜੋ ਦਿੱਲੀ ਤੋਂ ਬਹੁਤ ਦੂਰ ਹਨ, 26 ਨਵੰਬਰ ਨੂੰ ਪਹਿਲੀ ਬਰਸੀ ਮੌਕੇ ਰਾਜਧਾਨੀ ਸ਼ਹਿਰਾਂ ਵਿੱਚ ਟਰੈਕਟਰਾਂ ਅਤੇ ਬੈਲਗੱਡੀਆਂ ਦੀਆਂ ਪਰੇਡਾਂ ਦੇ ਨਾਲ-ਨਾਲ ਹੋਰ ਵਿਰੋਧ ਪ੍ਰਦਰਸ਼ਨਾਂ ਦੁਆਰਾ ਚਿੰਨ੍ਹਿਤ ਕੀਤਾ ਜਾਵੇਗਾ। 28 ਨਵੰਬਰ ਨੂੰ, ਇੱਕ ਵਿਸ਼ਾਲ ਮਹਾਂਰਾਸ਼ਟਰ ਵਿਆਪੀ ਕਿਸਾਨ ਮਜ਼ਦੂਰ ਮਹਾਂਪੰਚਾਇਤ ਹੈ ਜੋ 100 ਤੋਂ ਵੱਧ ਸੰਗਠਨਾਂ ਦੇ ਨਾਲ ਸੰਯੁਕਤ ਸ਼ੇਤਕਾਰੀ ਕਾਮਗਾਰ ਮੋਰਚਾ ਦੇ ਬੈਨਰ ਹੇਠ ਮੁੰਬਈ ਦੇ ਆਜ਼ਾਦ ਮੈਦਾਨ ਵਿੱਚ ਆਯੋਜਿਤ ਕੀਤੀ ਜਾਵੇਗੀ। 29 ਨਵੰਬਰ ਤੋਂ, ਪ੍ਰਤੀ ਦਿਨ 500 ਪ੍ਰਦਰਸ਼ਨਕਾਰੀਆਂ ਦਾ ਟਰੈਕਟਰ ਟਰਾਲੀਆਂ ਵਿੱਚ ਸੰਸਦ ਵੱਲ ਸ਼ਾਂਤਮਈ ਅਤੇ ਅਨੁਸ਼ਾਸਿਤ ਮਾਰਚ, ਯੋਜਨਾ ਅਨੁਸਾਰ ਅੱਗੇ ਵਧੇਗਾ।

ਸੰਯੁਕਤ ਕਿਸਾਨ ਮੋਰਚਾ ਜਿਵੇਂ ਕਿ ਕੱਲ੍ਹ ਪ੍ਰਧਾਨ ਮੰਤਰੀ ਦੁਆਰਾ 3 ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਆਪਣੀ ਸਰਕਾਰ ਦੇ ਫੈਸਲੇ ਦੇ ਐਲਾਨ ਤੋਂ ਬਾਅਦ ਕਿਹਾ ਗਿਆ ਸੀ, ਦੱਸਦਾ ਹੈ ਕਿ ਅਜਿਹੀਆਂ ਲੰਬਿਤ ਮੰਗਾਂ ਹਨ ਜਿਨ੍ਹਾਂ ਨੂੰ ਸਰਕਾਰ ਇੱਕ ਉੱਚ ਅਤੇ ਟਾਲਣਯੋਗ ਮਨੁੱਖੀ ਟੋਲ ਦੇ ਨਾਲ ਇੰਨੇ ਲੰਬੇ ਸੰਘਰਸ਼ ਦੇ ਬਾਅਦ ਵੀ ਨਜ਼ਰਅੰਦਾਜ਼ ਕਰਨਾ ਚੁਣ ਰਹੀ ਹੈ। ਦੇਸ਼ ਦੇ ਕਿਸਾਨ ਪਿਛਲੇ ਕਈ ਸਾਲਾਂ ਤੋਂ ਸਾਰੀਆਂ ਖੇਤੀ ਉਪਜਾਂ ਲਈ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਲਾਭਕਾਰੀ ਐਮਐਸਪੀ ਲਈ ਸੰਘਰਸ਼ ਕਰ ਰਹੇ ਹਨ, ਅਤੇ ਦੇਸ਼ ਭਰ ਵਿੱਚ ਕਈ ਵਿਰੋਧ ਪ੍ਰਦਰਸ਼ਨ ਕਰ ਚੁੱਕੇ ਹਨ। ਮੋਦੀ ਸਰਕਾਰ ਦੁਆਰਾ ਲਿਆਂਦੇ ਗਏ ਖੇਤੀ ਕਾਨੂੰਨ ਉਲਟ ਦਿਸ਼ਾ ਵਿੱਚ ਸਨ, ਅਤੇ ਕਿਸਾਨਾਂ ਨੂੰ ਆਪਣੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਜ਼ਿੰਦਗੀ ਅਤੇ ਮੌਤ ਦੀ ਲੜਾਈ ਵਿੱਚ, ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਮਜਬੂਰ ਹੋਣਾ ਪਿਆ। ਨਿਰਪੱਖ ਐਮਐਸਪੀ ਲਈ ਕਾਨੂੰਨੀ ਗਾਰੰਟੀ ਦੀ ਮੰਗ ਮੌਜੂਦਾ ਅੰਦੋਲਨ ਦਾ ਇੱਕ ਅਨਿੱਖੜਵਾਂ ਅੰਗ ਹੈ। ਇਸੇ ਤਰ੍ਹਾਂ ਮੌਜੂਦਾ ਅੰਦੋਲਨ ਵੀ ਬਿਜਲੀ ਸੋਧ ਬਿੱਲ ਨੂੰ ਪੂਰੀ ਤਰ੍ਹਾਂ ਵਾਪਸ ਲੈਣ ਅਤੇ ਕਿਸਾਨਾਂ ਨੂੰ ਦਿੱਲੀ




ਵਿੱਚ ਹਵਾ ਦੀ ਗੁਣਵੱਤਾ ਦੇ ਨਿਯਮਾਂ ਨਾਲ ਸਬੰਧਤ ਦੰਡ ਦੀਆਂ ਧਾਰਾਵਾਂ ਤੋਂ ਬਾਹਰ ਰੱਖਣ ਦੀ ਮੰਗ ਕਰ ਰਿਹਾ ਹੈ। ਇਹ ਸਾਰੀਆਂ ਮੰਗਾਂ ਅਜੇ ਲਟਕ ਰਹੀਆਂ ਹਨ।

ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ, ਡਾ: ਦਰਸ਼ਨ ਪਾਲ, ਗੁਰਨਾਮ ਸਿੰਘ ਚਢੂੰਨੀ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ 'ਕੱਕਾਜੀ', ਯੁੱਧਵੀਰ ਸਿੰਘ ਕੇ ਕਿਹਾ ਕਿ ਇਸ ਅੰਦੋਲਨ ਵਿੱਚ ਹੁਣ ਤੱਕ 670 ਤੋਂ ਵੱਧ ਪ੍ਰਦਰਸ਼ਨਕਾਰੀ ਆਪਣੀ ਜਾਨ ਦੇ ਚੁੱਕੇ ਹਨ। ਮੋਦੀ ਸਰਕਾਰ ਨੇ ਆਪਣੇ ਅੜੀਅਲ ਅਤੇ ਹਉਮੈਵਾਦੀ ਵਤੀਰੇ ਕਾਰਨ ਪ੍ਰਦਰਸ਼ਨਕਾਰੀਆਂ 'ਤੇ ਥੋਪੀ ਗਈ ਉੱਚ ਮਨੁੱਖੀ ਕੀਮਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਰੁਜ਼ਗਾਰ ਦੇ ਮੌਕੇ ਦਿੱਤੇ ਜਾਣ। ਸ਼ਹੀਦਾਂ ਨੂੰ ਵੀ ਸੰਸਦ ਦੇ ਸੈਸ਼ਨ ਦੌਰਾਨ ਸ਼ਰਧਾਂਜਲੀ ਭੇਟ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਨਾਂ 'ਤੇ ਯਾਦਗਾਰ ਬਣਾਈ ਗਈ ਹੈ। ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ, ਉੱਤਰਾਖੰਡ, ਚੰਡੀਗੜ੍ਹ, ਮੱਧ ਪ੍ਰਦੇਸ਼ ਆਦਿ ਵੱਖ-ਵੱਖ ਰਾਜਾਂ ਵਿੱਚ ਹਜ਼ਾਰਾਂ ਕਿਸਾਨਾਂ ਵਿਰੁੱਧ ਸੈਂਕੜੇ ਝੂਠੇ ਕੇਸ ਦਰਜ ਕੀਤੇ ਗਏ ਹਨ, ਇਹ ਸਾਰੇ ਕੇਸ ਬਿਨਾਂ ਸ਼ਰਤ ਵਾਪਸ ਲਏ ਜਾਣ।

ਲਖੀਮਪੁਰ ਖੀਰੀ ਦੇ ਕਿਸਾਨ ਕਤਲੇਆਮ ਵਿੱਚ ਕਿਸਾਨਾਂ ਦੇ ਕਤਲੇਆਮ ਦਾ ਸੂਤਰਧਾਰ ਅਜੈ ਮਿਸ਼ਰਾ ਟੈਣੀ ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਬਚਦਾ ਰਹਿੰਦਾ ਹੈ, ਮੋਦੀ ਸਰਕਾਰ ਵਿੱਚ ਮੰਤਰੀ ਵੀ ਬਣਿਆ ਰਹਿੰਦਾ ਹੈ। ਦਰਅਸਲ, ਅਜੈ ਮਿਸ਼ਰਾ ਕੱਲ੍ਹ ਤੋਂ ਲਖਨਊ ਵਿੱਚ ਚੱਲ ਰਹੀ ਡੀਜੀਪੀਜ਼/ ਆਈਜੀਪੀਜ਼ ਦੀ ਸਾਲਾਨਾ ਕਾਨਫਰੰਸ ਵਰਗੇ ਸਰਕਾਰੀ ਸਮਾਗਮਾਂ ਵਿੱਚ ਸਟੇਜ ਦੀ ਸ਼ਿੰਗਾਰ ਕਰਦੇ ਰਹਿੰਦੇ ਹਨ। , ਉਸ ਨੂੰ ਲਖੀਮਪੁਰ ਖੀਰੀ ਦੇ ਡੀ.ਐਮ ਦੁਆਰਾ ਸੰਪੂਰਨਨਗਰ ਖੰਡ ਮਿੱਲ (ਇੱਕ ਕੂਪ ਮਿੱਲ ਜੋ ਪਿਛਲੇ ਸਮੇਂ ਤੋਂ ਕਿਸਾਨਾਂ ਦਾ ਘੱਟੋ-ਘੱਟ 43 ਕਰੋੜ ਰੁਪਏ ਦਾ ਬਕਾਇਆ ਹੈ) ਵਿੱਚ ਪਿੜਾਈ ਸੀਜ਼ਨ ਦੇ 24 ਨਵੰਬਰ ਨੂੰ ਉਦਘਾਟਨੀ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਇਆ ਹੈ। ਸੀਜ਼ਨ ਜ਼ਿਲ੍ਹਾ ਪ੍ਰਸ਼ਾਸਨ ਯਕੀਨੀ ਤੌਰ 'ਤੇ ਸਥਾਨਕ ਕਿਸਾਨਾਂ ਦੇ ਪਰੇਸ਼ਾਨ ਮਨੋਦਸ਼ਾ ਨੂੰ ਸਮਝਦਾ ਹੈ, ਅਤੇ ਇਹ ਵੀ ਜਾਣਦਾ ਹੈ ਕਿ ਸੁਪਰੀਮ ਕੋਰਟ ਲਖੀਮਪੁਰ ਖੀਰੀ ਕਤਲੇਆਮ ਦੇ ਇਨਸਾਫ਼ ਲਈ ਨਿਰਪੱਖਤਾ ਲਈ ਖੁਦ ਹੀ ਦਿਲਚਸਪੀ ਲੈ ਰਹੀ ਹੈ। ਮੋਰਚਾ ਡੀਐੱਮ ਨੂੰ ਯੋਜਨਾਬੱਧ ਸਮਾਗਮ ਨੂੰ ਤੁਰੰਤ ਰੱਦ ਕਰਨ ਦੀ ਸਲਾਹ ਦਿੰਦਾ ਹੈ। ਮੋਰਚਾ ਇੱਕ ਵਾਰ ਫਿਰ ਜ਼ੋਰਦਾਰ ਮੰਗ ਕਰਦੀ ਹੈ ਕਿ ਅਜੇ ਮਿਸ਼ਰਾ ਟੈਨੀ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਦੇ ਮੰਤਰੀ ਮੰਡਲ ਵਿੱਚੋਂ ਬਰਖਾਸਤ ਕੀਤਾ ਜਾਵੇ।

ਹਾਂਸੀ ਵਿੱਚ ਕੱਲ੍ਹ ਕਿਸਾਨਾਂ ਨੇ ਜਿੱਤ ਹਾਸਲ ਕੀਤੀ। ਹਰਿਆਣਾ ਦੇ ਕਿਸਾਨਾਂ ਵੱਲੋਂ ਐਸਪੀ ਦਫ਼ਤਰ ਦਾ ਘਿਰਾਓ ਕਰਨ ਤੋਂ ਬਾਅਦ ਕੱਲ੍ਹ ਪ੍ਰਸ਼ਾਸਨ ਨੇ ਧਰਨਾਕਾਰੀਆਂ ਦੀਆਂ ਮੰਗਾਂ ਮੰਨ ਲਈਆਂ ਹਨ। ਹਿਸਾਰ ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰਦਰਸ਼ਨਕਾਰੀਆਂ ਦੀਆਂ ਮੰਗਾਂ 'ਤੇ ਚਰਚਾ ਕਰਨ ਲਈ ਧਰਨੇ ਤੋਂ ਇੱਕ ਵਫ਼ਦ ਨੂੰ ਸੱਦਾ ਦਿੱਤਾ- ਜ਼ਖ਼ਮੀ ਪ੍ਰਦਰਸ਼ਨਕਾਰੀ ਕੁਲਦੀਪ ਰਾਣਾ ਦਾ ਇਲਾਜ ਚੱਲ ਰਿਹਾ ਹੈ, ਇੱਕ ਰਿਸ਼ਤੇਦਾਰ ਨੂੰ ਨੌਕਰੀ, ਐਮਪੀ ਦੇ ਪੀਐਸਓ 'ਤੇ ਐਫਆਈਆਰ ਦਰਜ ਕਰਵਾਉਣ ਆਦਿ ਮੰਗਾਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਐਸਆਈਟੀ ਦਾ ਗਠਨ ਕੀਤਾ ਜਾਵੇਗਾ। ਇਹ ਪਤਾ ਲਗਾਉਣ ਲਈ ਕਿ ਕੁਲਦੀਪ ਰਾਣਾ ਜ਼ਖਮੀ ਕਿਵੇਂ ਹੋਇਆ, ਉਸ ਦੇ ਰਿਸ਼ਤੇਦਾਰ ਨੂੰ ਨੌਕਰੀ ਦਿੱਤੀ ਜਾਵੇਗੀ ਅਤੇ ਉਸ ਦੇ ਇਲਾਜ ਦੇ ਖਰਚੇ ਤੋਂ ਇਲਾਵਾ ਉਸ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਇਸ ਤੋਂ ਬਾਅਦ ਘਿਰਾਓ ਹਟਾ ਲਿਆ ਗਿਆ।

ਨਾਗਰਾਜ ਕੇ, ਜੋ ਕਿ ਕਰਨਾਟਕ ਤੋਂ ਮੋਰਚਾ ਦੇ ਮੋਰਚੇ ਵਾਲੇ ਸਥਾਨਾਂ ਲਈ ਇਕੱਲੇ ਪਦਯਾਤਰਾ 'ਤੇ ਹੈ, ਕੱਲ੍ਹ ਉੱਤਰ ਪ੍ਰਦੇਸ਼ ਦੇ ਕੋਸੀ ਕਲਾਂ ਪਹੁੰਚਿਆ ਅਤੇ ਸਥਾਨਕ ਕਿਸਾਨਾਂ ਦੁਆਰਾ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਕਈ ਮੁੱਖ ਮੰਤਰੀਆਂ ਨੇ ਕੱਲ੍ਹ ਭਾਰਤ ਸਰਕਾਰ ਦੇ ਐਲਾਨ ਦਾ ਸਵਾਗਤ ਕੀਤਾ - ਇਸ ਵਿੱਚ ਦਿੱਲੀ, ਉੜੀਸਾ, ਝਾਰਖੰਡ, ਛੱਤੀਸਗੜ੍ਹ, ਪੰਜਾਬ, ਮਹਾਰਾਸ਼ਟਰ, ਕੇਰਲ, ਰਾਜਸਥਾਨ, ਤਾਮਿਲਨਾਡੂ ਆਦਿ ਰਾਜ ਸ਼ਾਮਲ ਹਨ। ਕੁਝ ਮੁੱਖ ਮੰਤਰੀਆਂ ਨੇ ਕਿਸਾਨਾਂ ਦੀਆਂ ਲੰਬਿਤ ਮੰਗਾਂ ਨੂੰ ਪੂਰਾ ਕਰਨ ਲਈ ਵੀ ਦਬਾਅ ਪਾਇਆ। ਕੱਲ੍ਹ ਜਦੋਂ ਬਹੁਤ ਸਾਰੇ ਪ੍ਰਦਰਸ਼ਨਕਾਰੀ ਕਿਸਾਨ ਆਪਣੀ ਪਹਿਲੀ ਵੱਡੀ ਜਿੱਤ ਦਾ ਜਸ਼ਨ ਮਨਾ ਰਹੇ ਸਨ, ਤਾਂ ਮੁਕਤਸਰ ਜ਼ਿਲ੍ਹੇ ਦੇ ਮਲੋਟ (ਪੰਜਾਬ ਵਿੱਚ) ਦੇ ਜਸਵਿੰਦਰ ਸਿੰਘ ਅਤੇ ਬੀਕੇਯੂ ਕਾਦੀਆਂ ਯੂਨੀਅਨ ਨਾਲ ਜੁੜੇ, ਨੇ ਅੰਦੋਲਨ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। 26 ਨਵੰਬਰ 2020 ਨੂੰ ਉੱਥੇ ਪਹੁੰਚਣ ਤੋਂ ਬਾਅਦ ਉਹ ਕਦੇ ਵੀ ਟਿੱਕਰੀ ਬਾਰਡਰ ਤੋਂ ਘਰ ਨਹੀਂ ਗਿਆ ਸੀ। ਸ਼ਹੀਦ ਜਸਵਿੰਦਰ ਨੇ ਪ੍ਰਧਾਨ ਮੰਤਰੀ ਦੇ ਐਲਾਨ ਦੀ ਖੁਸ਼ਖਬਰੀ ਸੁਣੀ, ਅਤੇ ਅੰਦੋਲਨ ਦੀ ਪਹਿਲੀ ਜਿੱਤ 'ਤੇ ਖੁਸ਼ੀ ਮਹਿਸੂਸ ਕੀਤੀ। ਇਹ ਲਹਿਰ ਬਹੁਤ ਸਾਰੇ ਅਜਿਹੇ ਯੋਧਿਆਂ ਦੀ ਬਣੀ ਹੋਈ ਹੈ।

# ਲਖੀਮਪੁਰ ਖੀਰੀ ਵਿੱਚ ਕਾਰ ਹੇਠਾਂ ਕੁਚਲ ਕੇ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲੇ ਇਨਸਾਫ਼: ਪ੍ਰਿਅੰਕਾ ਗਾਂਧੀ

## ਕਾਲੇ ਕਨੂੰਨ ਵਾਪਿਸ ਲੈਣਾ ਸਵਾਗਤ ਯੋਗ ਕਦਮ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਨਰਿੰਦਰ ਮੋਦੀ ਨੇ ਬੀਤੇ ਕੱਲ੍ਹ ਲਾਗੂ ਕੀਤੇ ਗਏ ਕਿਸਾਨ ਵਿਰੋਧੀ ਤਿੰਨੋਂ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ । ਜਿਸਤੇ ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਅਜ ਮੋਦੀ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਤੇ ਨਾਲ ਹੀ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੁਣ ਯੂਪੀ ਦੇ ਲਖੀਮਪੁਰ ਖੀਰੀ ਵਿੱਚ ਕਾਰ ਹੇਠਾਂ ਕੁਚਲ ਕੇ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਵੀ ਇਨਸਾਫ਼ ਮਿਲਣਾ ਚਾਹੀਦਾ ਹੈ।

ਪ੍ਰਿਅੰਕਾ ਗਾਂਧੀ ਨੇ ਕਿਹਾ, ''ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ 'ਤੇ ਲਖੀਮਪੁਰ ਖੀਰੀ 'ਚ ਕਿਸਾਨਾਂ ਨੂੰ ਕੁਚਲਣ ਦਾ ਦੋਸ਼ ਹੈ। ਪਰ ਭਾਜਪਾ



ਸਰਕਾਰ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਤੁਸੀਂ ਦੋਸ਼ੀਆਂ ਨਾਲ ਸਟੇਜ ਸਾਂਝੀ ਕਰਦੇ ਹੋ, ਤਾਂ ਸਿੱਧਾ ਸੁਨੇਹਾ ਜਾਵੇਗਾ ਕਿ ਤੁਸੀਂ ਕਿਸਾਨਾਂ ਨੂੰ ਕੁਚਲਣ ਵਾਲੇ ਲੋਕਾਂ ਨੂੰ ਸੁਰੱਖਿਆ ਦੇ ਰਹੇ ਹੋ। ਪ੍ਰਿਅੰਕਾ ਨੇ ਅੱਗੇ ਕਿਹਾ, ''ਜੇਕਰ ਕਿਸਾਨਾਂ ਪ੍ਰਤੀ ਤੁਹਾਡੀ ਨੀਅਤ ਸਾਫ ਹੈ ਤਾਂ ਲਖਨਊ 'ਚ ਹੋਣ ਵਾਲੀ ਪੁਲਿਸ ਡਾਇਰੈਕਟਰ ਜਨਰਲ ਦੀ ਕਾਨਫਰੰਸ 'ਚ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਨਾਲ ਨਾ ਬੈਠਣਾ।'' ਪ੍ਰਿਯੰਕਾ ਨੇ ਕਿਹਾ, ''ਇਨਸਾਫ ਦੇਣ ਲਈ ਤੁਹਾਨੂੰ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਕਰਨਾ ਚਾਹੀਦਾ ਹੈ। ਪ੍ਰਿਯੰਕਾ ਨੇ ਮੰਗ ਕੀਤੀ ਕਿ ਸਰਕਾਰ ਸਾਰੇ ਕਿਸਾਨਾਂ ਖਿਲਾਫ ਚੱਲ ਰਹੇ ਕੇਸ ਵਾਪਸ ਲਵੇ ਅਤੇ ਪੀੜਤ ਪਰਿਵਾਰਾਂ ਨੂੰ ਆਰਥਿਕ ਮਦਦ ਦੇਵੇ।

# ਆਪਣਾ ਤਣਾਅ ਅਤੇ ਗ਼ੁੱਸਾ ਦੂਸਰਿਆਂ 'ਤੇ ਨਾ ਕੱਢੋ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਹਰ ਕੋਈ ਪ੍ਰੇਸ਼ਾਨੀਆਂ ਅਤੇ ਤਣਾਅ ਵਿੱਚ ਘਿਰਿਆ ਪਿਆ ਹੈ । ਜਿਸ ਦੀਆਂ ਘਰੇਲੂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਉਹ ਤਾਂ ਦੁਖੀ ਹੈ ਹੀ ਨਾਲ ਦੀ ਨਾਲ ਜਿਸ ਦੀ ਜ਼ਿੰਦਗੀ ਅਸਾਨੀ ਨਾਲ ਬਤੀਤ ਹੋ ਰਹੀ ਹੈ ਉਹ ਵੀ ਚਿੰਤਾ ਦੇ ਦਰਿਆ ਵਿੱਚ ਡੁੱਬਿਆ ਰਹਿੰਦਾ ਹੈ। ਲੋਕਾਂ ਵਿੱਚ ਵਿਚਰਦੇ ਹੋਏ ਕੋਈ ਵਿਰਲਾ ਹੀ ਖਿੜਿਆ ਹੋਇਆ ਚਿਹਰਾ ਦੇਖਣ ਨੂੰ ਮਿਲਦਾ ਹੈ। ਹਰ ਕੋਈ ਆਪਣੇ ਦਿਲ ਤੇ ਕੋਈ ਨਾ ਕੋਈ ਬੋਝ ਚੁੱਕੀ ਫਿਰਦਾ ਹੈ । ਇਸ ਤਣਾਅ ਦਾ ਸਭ ਤੋਂ ਵੱਡਾ ਕਾਰਨ ਬਾਹਰਮੁਖੀ ਲੋੜਾਂ ਤੇ ਬੇਲੋੜੀਆਂ ਇੱਛਾਵਾਂ ਹਨ। ਘਰਾਂ ਵਿੱਚ ਹੁੰਦੇ ਕਲੇਸ਼, ਬੇਰੁਖ਼ੇ ਸੁਭਾਅ ਸਭ ਦਾ ਕਾਰਨ ਚਿੰਤਾਵਾਂ ਹਨ। ਮੈਂ ਅਕਸਰ ਦੇਖਦੀ ਹਾਂ, ਅਸੀਂ ਲੋਕ ਆਪਣੇ ਤਣਾਅ ਦੂਸਰਿਆਂ ਤੇ ਕੱਢਦੇ ਹਾਂ। ਕਿਸੇ ਦੂਸਰੇ ਇਨਸਾਨ ਉੱਪਰ ਗ਼ੁੱਸਾ ਹੋ ਕੇ, ਭੜਕ ਕੇ ਅਸੀਂ ਆਪਣੇ ਆਪ ਨੂੰ ਸ਼ਾਂਤ ਕਰ ਲੈਂਦੇ ਹਾਂ। ਉਦਾਹਰਨ ਦੇ ਤੌਰ 'ਤੇ ਅਕਸਰ ਕੰਮ ਦੇ ਬੋਝ ਜਾਂ ਕੰਮ ਤੋਂ ਥੱਕੇ ਹੋਏ ਇਨਸਾਨ ਪਰਿਵਾਰਕ ਮੈਂਬਰਾਂ ਨਾਲ ਖਿਝਦੇ ਰਹਿੰਦੇ ਹਨ। ਕਿਸੇ ਨਿੱਕੀ ਜਿਹੀ ਗੱਲ ਨੂੰ ਵੀ ਬਹੁਤ ਵੱਡਾ ਮੁੱਦਾ ਬਣਾ ਲਿਆ ਜਾਂਦਾ ਹੈ ਜੋ ਕਿ ਬਹੁਤ ਗ਼ਲਤ ਹੈ। ਜੇਕਰ ਜ਼ਿੰਦਗੀ ਹੈ ਤਾਂ ਚਿੰਤਾਵਾਂ ਵੀ ਨਾਲ ਹੀ ਰਹਿਣਗੀਆਂ। ਸਾਡੀਆਂ ਚਿੰਤਾਵਾਂ ਜਾਂ ਪ੍ਰੇਸ਼ਾਨੀਆਂ ਨੂੰ ਅਸੀਂ ਕਿਸੇ ਹੋਰ ਉੱਪਰ ਨਹੀਂ ਥੋਪ ਸਕਦੇ। ਇਸ ਲਈ ਸਾਡਾ ਸਭ ਤੋਂ ਪਹਿਲਾਂ ਯਤਨ ਇਹੋ ਰਹਿਣਾ ਚਾਹੀਦਾ ਹੈ ਕਿ ਅਸੀਂ ਬੇਲੋੜੀਆਂ ਚਿੰਤਾਵਾਂ ਤੋਂ ਪ੍ਰਹੇਜ਼ ਕਰੀਏ। ਜੇਕਰ ਕੋਈ ਮੁਸ਼ਕਿਲ ਆਈ ਵੀ ਹੈ ਤਾਂ ਉਸਦਾ ਵਾਜਬ ਹੱਲ ਕੱਢਣ ਬਾਰੇ ਸੋਚਿਆ ਜਾਵੇ ਨਾ ਕਿ ਗ਼ੁੱਸੇ ਅਤੇ ਬੇਰੁਖ਼ੇ ਸੁਭਾਅ ਰਾਹੀ ਆਪਣੀਆਂ ਚਿੰਤਾਵਾਂ ਦਾ ਬੋਝ ਕਿਸੇ ਹੋਰ ਦੇ ਸਿਰ ਪਾਇਆ ਜਾਵੇ।

**ਹਰਕੀਰਤ ਕੌਰ**
**9779118066**

# ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ-ਕੀ ਕਿਸਾਨ ਅੰਦੋਲਨ ਹੁਣ ਸਮਾਪਤ ਹੋ ਜਾਏਗਾ ?

**ਲੋਕ ਮਿਤਰ**

ਸ਼ੁੱਕਰਵਾਰ 19 ਨਵੰਬਰ 2021 ਨੂੰ ਸਵੇਰੇ ਕਰੀਬ 8 ਵਜੇ ਨਿਊਜ਼ ਚੈਨਲਾਂ ਅਤੇ ਵੱਖ-ਵੱਖ ਮੀਡੀਆ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਦਫ਼ਤਰ ਤੋਂ ਫ਼ੋਨ ਆਉਂਦਾ ਹੈ ਕਿ ਸਵੇਰੇ ਠੀਕ 9 ਵਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਸੰਬੋਧਨ ਕਰਨਗੇ। ਮੀਡੀਆ ਲਈ ਹਮੇਸ਼ਾ ਦੀ ਤਰ੍ਹਾਂ ਇਹ ਅਨੁਮਾਨ ਤੋਂ ਦੂਰ ਸੀ ਕਿ ਇਸ ਵਾਰ ਪ੍ਰਧਾਨ ਮੰਤਰੀ ਕੀ ਐਲਾਨ ਕਰਨ ਵਾਲੇ ਹਨ ? ਅਚਾਨਕ ਹੀ ਕਾਰਵਾਈ ਕਰਨ ਦੀ ਆਪਣੀ ਸ਼ੈਲੀ ਵਿਚ ਮਾਹਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦੋ ਸਾਲਾਂ ਵਿਚ 11ਵੀਂ ਵਾਰ ਦੇਸ਼ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 'ਤੇ ਕਰੀਬ 18 ਮਿੰਟ ਤੱਕ ਸੰਬੋਧਨ ਕੀਤਾ, ਜਿਸ ਵਿਚ ਵੱਡੀ ਖ਼ਬਰ ਇਹੀ ਸੀ ਕਿ ਸਰਕਾਰ ਕਿਸਾਨ ਅੰਦੋਲਨ ਦੇ ਚਲਦਿਆਂ ਖੇਤੀ ਲਈ ਬਣਾਏ ਗਏ ਆਪਣੇ ਬਹੁਚਰਚਿਤ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਰਹੀ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਲੋਕਾਂ, ਖ਼ਾਸ ਕਰਕੇ ਕਿਸਾਨਾਂ ਕੋਲੋਂ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਅਸੀਂ ਤਾਂ ਛੋਟੇ ਕਿਸਾਨਾਂ ਦੇ, ਜੋ ਕਿ ਦੇਸ਼ ਦੀ ਕੁੱਲ 10 ਕਰੋੜ ਕਿਸਾਨ ਆਬਾਦੀ 'ਚੋਂ 8 ਕਰੋੜ ਤੋਂ ਜ਼ਿਆਦਾ ਹਨ, ਦੇ ਫ਼ਾਇਦੇ ਲਈ ਅਤੇ ਖੇਤੀ ਦੀ ਉੱਨਤੀ ਲਈ ਇਹ ਬਹੁਅਭਿਲਾਖੀ ਕਾਨੂੰਨ ਲੈ ਕੇ ਆਏ ਸੀ, ਪਰ ਲਗਦਾ ਹੈ ਕਿ ਅਸੀਂ ਕੁਝ ਕਿਸਾਨਾਂ ਨੂੰ ਆਪਣੀ ਪਵਿੱਤਰ ਮਨਸ਼ਾ ਸਮਝਾ ਨਹੀਂ ਸਕੇ। ਸਮਝਾਉਣ ਦੀਆਂ ਸਾਡੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨ ਕਰੀਬ ਇਕ ਸਾਲ ਤੋਂ ਅੰਦੋਲਨ ਕਰ ਰਹੇ ਹਨ, ਇਸ ਲਈ ਅਸੀਂ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਰਹੇ ਹਾਂ।

ਪ੍ਰਧਾਨ ਮੰਤਰੀ ਮੁਤਾਬਿਕ ਜਲਦ ਹੀ ਸ਼ੁਰੂ ਹੋਣ ਵਾਲੇ ਸੰਸਦ ਦੇ ਸਰਦ ਰੁੱਤ ਦੇ ਇਜਲਾਸ ਵਿਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਵਿਧਾਨਿਕ ਪ੍ਰਕਿਰਿਆ ਪੂਰੀ ਕਰ ਲਈ ਜਾਵੇਗੀ। ਪ੍ਰਧਾਨ ਮੰਤਰੀ ਦੇ ਇਸ ਐਲਾਨ ਤੋਂ ਬਾਅਦ ਜਿੱਥੇ ਰਾਜਨੀਤਕ ਪਾਰਟੀਆਂ ਨੇ ਇਸ ਨੂੰ ਆਪਣੇ ਦਬਾਅ ਦੀ ਜਿੱਤ ਦੱਸਿਆ, ਉੱਥੇ ਸੱਤਾਧਾਰੀ ਭਾਜਪਾ ਤੇ ਉਸ ਦੇ ਸਹਿਯੋਗੀ ਦਲਾਂ ਨੇ ਇਸ ਨੂੰ ਪ੍ਰਧਾਨ ਮੰਤਰੀ ਦਾ ਬੇਮਿਸਾਲ ਸੰਵੇਦਨਸ਼ੀਲ ਫ਼ੈਸਲਾ ਦੱਸਿਆ। ਮੀਡੀਆ ਦਾ ਇਕ ਵਰਗ ਖ਼ਾਸਕਰ ਟੀ.ਵੀ. ਨਿਊਜ਼ ਚੈਨਲਾਂ ਨੇ ਪ੍ਰਧਾਨ ਮੰਤਰੀ ਦੇ ਐਲਾਨ ਦੇ ਨਾਲ ਹੀ ਕਿਸਾਨਾਂ ਦੇ ਜਸ਼ਨਾਂ ਦੀਆਂ ਬਾਈਟਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਅਤੇ ਨਾ ਮਿਲਣ 'ਤੇ ਖ਼ੁਦ ਹੀ ਜਸ਼ਨ ਦਾ ਐਲਾਨ ਕਰ ਦਿੱਤਾ, ਪਰ ਗੰਭੀਰ ਸਵਾਲ ਇਹ ਹੈ ਕਿ, ਕੀ ਇਸ 'ਮਾਸਟਰ ਸਟ੍ਰੋਕ' ਕਹੇ ਜਾਣ ਵਾਲੇ ਐਲਾਨ ਤੋਂ ਬਾਅਦ ਕਿਸਾਨ ਅੰਦੋਲਨ ਖ਼ਤਮ ਹੋ ਜਾਵੇਗਾ ? ਕੀ ਦੇਸ਼ ਭਰ 'ਚ ਵੱਖ-ਵੱਖ ਥਾਵਾਂ 'ਤੇ ਕਿਸਾਨ ਜੋ ਧਰਨੇ ਪ੍ਰਦਰਸ਼ਨ ਕਰ ਰਹੇ ਹਨ, ਉਹ ਸਭ ਇਕ ਝਟਕੇ ਵਿਚ ਖ਼ਤਮ ਹੋ ਜਾਣਗੇ ? ਸ਼ਾਇਦ ਅਜਿਹਾ ਨਹੀਂ ਹੋਵੇਗਾ। ਇਸ ਦੇ ਕਈ ਕਾਰਨ ਹਨ ਪਹਿਲਾ ਕਾਰਨ ਤਾਂ ਦਿੱਲੀ ਦੀਆਂ ਹੱਦਾਂ 'ਤੇ ਅੰਦੋਲਨਕਾਰੀ ਕਿਸਾਨਾਂ ਵਲੋਂ ਆਈ ਪਹਿਲੀ ਪ੍ਰਤੀਕਿਰਿਆ ਹੈ, ਜਿਸ ਵਿਚ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਅੰਦੋਲਨ ਦੀ ਤਤਕਾਲ ਵਾਪਸੀ ਨਹੀਂ ਹੋਵੇਗੀ। ਰਾਕੇਸ਼ ਟਿਕੈਤ ਮੁਤਾਬਿਕ ਅਸੀਂ ਉਸ ਦਿਨ ਦੀ ਉਡੀਕ ਕਰਾਂਗੇ, ਜਦੋਂ ਖੇਤੀ ਕਾਨੂੰਨਾਂ ਨੂੰ ਸੰਸਦ ਵਿਚ ਰੱਦ ਕੀਤਾ ਜਾਵੇਗਾ



ਅਤੇ ਸਰਕਾਰ ਐਮ.ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ) ਦੇ ਨਾਲ-ਨਾਲ ਕਿਸਾਨਾਂ ਦੇ ਦੂਜੇ ਮਹੱਤਵਪੂਰਨ ਮੁੱਦਿਆਂ 'ਤੇ ਵੀ ਗੱਲਬਾਤ ਰਾਹੀਂ ਪਹਿਲ ਕਰੇਗੀ। ਕਿਸਾਨ ਅੰਦੋਲਨ ਨੂੰ ਲੈ ਕੇ ਮੀਡੀਆ ਦੇ ਨਾਲ ਗੱਲਬਾਤ ਦਾ ਮੋਰਚਾ ਸੰਭਾਲਣ ਵਾਲੇ ਹਨਾਨ ਮੁਲਾਹ ਨੇ ਵੀ ਇਹੀ ਗੱਲ ਕਹੀ ਹੈ ਅਤੇ ਉਨ੍ਹਾਂ ਨੇ ਐਮ.ਐਸ.ਪੀ. 'ਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਹੈ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਭਾਵੇਂ ਇਲੈੱਕਟ੍ਰਾਨਿਕ ਮੀਡੀਆ ਜਲਦਬਾਜ਼ੀ ਵਿਚ ਇਸ ਐਲਾਨ ਤੋਂ ਬਾਅਦ ਹਰ ਪਾਸੇ ਕਿਸਾਨਾਂ ਦੇ ਜਸ਼ਨਾਂ ਦੀਆਂ ਖ਼ਬਰਾਂ ਦੇ ਰਿਹਾ ਹੋਵੇ, ਪਰ ਲਗਦਾ ਨਹੀਂ ਹੈ ਕਿ ਦੇਸ਼ ਭਰ ਵਿਚ ਕਿਸਾਨਾਂ ਦੇ ਜੋ 27 ਵੱਖ-ਵੱਖ ਅੰਦੋਲਨ ਚੱਲ ਰਹੇ ਹਨ, ਉਹ ਖ਼ਤਮ ਹੋ ਜਾਣਗੇ, ਕਿਉਂਕਿ ਇਨ੍ਹਾਂ ਅੰਦੋਲਨਾਂ ਵਿਚ ਬੇਸ਼ੱਕ ਤਿੰਨ ਖੇਤੀ ਕਾਨੂੰਨ ਮਹੱਤਵਪੂਰਨ ਮੁੱਦੇ ਤਾਂ ਹਨ, ਪਰ ਇਸ ਤੋਂ ਇਲਾਵਾ ਵੀ ਵੱਖ-ਵੱਖ ਥਾਵਾਂ 'ਤੇ ਕਰੀਬ ਡੇਢ ਦਰਜਨ ਹੋਰ ਮੁੱਦੇ ਵੀ ਹਨ। ਇਸ 'ਚ ਸਭ ਤੋਂ ਮਹੱਤਵਪੂਰਨ ਮੁੱਦਾ ਖੇਤੀ ਉਤਪਾਦਾਂ ਦੇ ਲਾਗਤਾਂ ਦੇ ਆਧਾਰ 'ਤੇ ਕਿਸਾਨਾਂ ਦੀ ਮਿਹਨਤ ਵਿਚ ਸ਼ਾਮਿਲ ਕਰਕੇ ਉਚਿਤ ਮੁੱਲ ਦਿੱਤੇ ਜਾਣ ਦੀ ਵਿਧਾਨਿਕ ਗਾਰੰਟੀ ਦਿੱਤੀ ਜਾਏ।

ਮਹਾਰਾਸ਼ਟਰ, ਤੇਲੰਗਾਨਾ, ਓਡੀਸ਼ਾ, ਕਰਨਾਟਕਾ, ਤਾਮਿਲਨਾਡੂ ਦੇਸ਼ ਦਾ ਸ਼ਾਇਦ ਹੀ ਕੋਈ ਅਜਿਹਾ ਹਿੱਸਾ ਹੋਵੇ, ਜਿੱਥੇ ਕਿਸਾਨ ਬੇਚੈਨ ਨਾ ਹੋਣ ਅਤੇ ਅੰਦੋਲਨ ਨਾ ਕਰ ਰਹੇ ਹੋਣ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਹਾਲ ਦੇ ਸਾਲਾਂ 'ਚ ਮੌਜੂਦਾ ਕੇਂਦਰ ਸਰਕਾਰ ਨੇ ਖੇਤੀ ਬਜਟ 'ਚ ਜੋ ਵਾਧਾ ਕੀਤਾ ਹੈ, ਖੇਤੀ ਸੰਸਥਾਵਾਂ ਦਾ ਜੋ ਵਿਸਥਾਰ ਕੀਤਾ ਹੈ ਅਤੇ ਕਿਸਾਨਾਂ ਨੂੰ ਜੋ ਰਾਹਤ ਮੁਹੱਈਆ ਕਰਵਾਈ ਹੈ, ਓਨਾ ਉਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਕੀਤਾ। ਸਾਲ 2014 ਤੋਂ ਪਹਿਲਾਂ ਦੇ ਖੇਤੀ ਬਜਟ ਦੇ ਮੁਕਾਬਲੇ ਅੱਜ ਇਹ ਕਰੀਬ ਤਿੰਨ ਗੁਣਾ ਹੈ। ਮੋਦੀ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿਚ ਕਿਸਾਨਾਂ ਨੂੰ ਕਰੀਬ ਇਕ ਲੱਖ 62 ਹਜ਼ਾਰ ਕਰੋੜ ਰੁਪਏ ਦੀ ਰਾਹਤ ਸਿੱਧੇ ਕਿਸਾਨਾਂ ਦੇ ਖਾਤਿਆਂ ਰਾਹੀਂ ਵੀ ਪਹੁੰਚਾਈ ਹੈ। ਸਰਕਾਰ ਦਾ ਦਾਅਵਾ ਇਹ ਵੀ ਹੈ ਕਿ ਇਸ ਦੌਰਾਨ ਦੇਸ਼ ਦੀਆਂ ਖੇਤੀ ਫ਼ਸਲਾਂ ਲਈ ਪੰਜ ਲੱਖ ਕਰੋੜ ਰੁਪਏ ਦਾ ਬੀਮਾ ਕੀਤਾ ਗਿਆ ਹੈ। ਪਰ ਸਰਕਾਰ ਨੂੰ ਇਹ ਗੱਲ ਸਮਝਣੀ ਹੋਵੇਗੀ ਕਿ ਇਸ ਬੀਮਾ ਸੁਰੱਖਿਆ ਰਾਸ਼ੀ ਦਾ ਕਿਸਾਨਾਂ ਨੂੰ ਘੱਟ ਬੀਮਾ ਕੰਪਨੀਆਂ ਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਇਆ ਹੈ। ਇਸ ਲਈ ਇਹ ਇਕ ਤਰ੍ਹਾਂ ਨਾਲ ਕਿਸਾਨਾਂ ਦੇ ਨਾਂਅ 'ਤੇ ਬੀਮਾ ਕੰਪਨੀਆਂ ਵਲੋਂ ਮਲਾਈ ਖਾਣ ਦਾ ਢੰਗ-ਤਰੀਕਾ ਹੈ।

ਫ਼ਿਲਹਾਲ ਖੇਤੀ ਦੀਆਂ ਕਈ ਸਮੱਸਿਆਵਾਂ ਹਨ। ਸਭ ਤੋਂ ਪਹਿਲੀ ਸਮੱਸਿਆ ਤਾਂ ਇਹੀ ਹੈ ਕਿ ਦੇਸ਼ ਦੀ ਖੇਤੀ ਅਰਥਵਿਵਸਥਾ 'ਤੇ ਉਸ ਦੀ ਸਮਰੱਥਾ ਤੋਂ ਕਈ ਗੁਣਾ ਜ਼ਿਆਦਾ ਲੋਕ ਨਿਰਭਰ ਹਨ। ਦੇਸ਼ ਦੀ ਸਮੁੱਚੀ ਖੇਤੀ ਵਿਵਸਥਾ ਨੂੰ ਢਾਈ ਤੋਂ ਤਿੰਨ ਕਰੋੜ ਕਿਸਾਨ ਸੰਭਾਲ ਸਕਦੇ ਹਨ, ਪਰ ਅੱਜ ਦੀ ਤਰੀਕ 'ਚ ਦੇਸ਼ ਦੀ ਖੇਤੀ ਵਿਵਸਥਾ 'ਤੇ 10 ਕਰੋੜ ਤੋਂ ਜ਼ਿਆਦਾ ਕਰੀਬ 12 ਕਰੋੜ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਨਿਰਭਰ ਹਨ। ਖੇਤੀ 'ਤੇ ਇਹ ਨਿਰਭਰਤਾ ਦਾ ਬੋਝ ਭਾਰਤ ਵਿਚ ਦੁਨੀਆ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਇਸ ਲਈ ਖੇਤੀ ਵਿਵਸਥਾ ਸੁੰਗੜ ਰਹੀ ਹੈ। ਖੇਤੀ ਦਾ ਇਕ ਵੱਡਾ ਸੰਕਟ ਜਲਵਾਯੂ ਪਰਿਵਰਤਨ ਨਾਲ ਵੀ ਸਾਹਮਣੇ ਆਇਆ ਹੈ। ਵਾਰ-ਵਾਰ ਖੇਤੀ ਨੂੰ ਜੋ ਕੁਦਰਤੀ ਮਾਰ ਝੱਲਣੀ ਪੈ ਰਹੀ ਹੈ, ਉਸ 'ਚ ਕਿਸੇ ਇਕ ਸਰਕਾਰ ਦੀ ਕੋਈ ਭੂਮਿਕਾ ਨਹੀਂ ਹੈ, ਪੂਰੀ ਦੁਨੀਆ ਦਾ ਇਸ ਵਿਚ ਰੋਲ ਹੈ, ਪਰ ਖੇਤੀ ਵਿਵਸਥਾ ਤਾਂ ਇਸ ਨਾਲ ਉਲਟ-ਪੁਲਟ ਹੋ ਹੀ ਰਹੀ ਹੈ। ਇਸ ਤੋਂ ਇਲਾਵਾ ਜੋ ਖੇਤੀ ਦੀ ਸਭ ਤੋਂ ਵੱਡੀ ਸਮੱਸਿਆ ਹੈ, ਜਿਸ ਨੂੰ ਸਰਕਾਰ ਬਹੁਤ ਆਸਾਨੀ ਨਾਲ ਖ਼ਤਮ ਵੀ ਕਰ ਸਕਦੀ ਹੈ, ਉਹ ਹੈ ਖੇਤੀ ਉਪਜਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਇਕ ਵਿਧਾਨਿਕ ਗਾਰੰਟੀ ਦੇਣਾ। ਪਤਾ ਨਹੀਂ ਮੋਦੀ ਸਰਕਾਰ ਇਸ ਸਵਾਲ ਨੂੰ ਲੈ ਕੇ ਸੰਵੇਦਨਸ਼ੀਲ ਕਿਉਂ ਨਹੀਂ ਹੋ ਰਹੀ, ਜਦਕਿ ਸਭ ਤੋਂ ਪ੍ਰਮੁੱਖ ਸਵਾਲ ਇਹੀ ਹੈ।

ਹਾਲਾਂਕਿ ਇਹ ਵੀ ਸਹੀ ਹੈ ਕਿ ਸਿਰਫ਼ ਇਹ ਸਰਕਾਰ ਹੀ ਨਹੀਂ ਸਗੋਂ ਆਜ਼ਾਦੀ ਤੋਂ ਬਾਅਦ ਤੋਂ ਅੱਜ ਤੱਕ ਦੀਆਂ ਅਤੇ ਖ਼ਾਸ ਤੌਰ 'ਤੇ 1968 ਤੋਂ ਬਾਅਦ ਦੀਆਂ ਸਾਰੀਆਂ ਸਰਕਾਰਾਂ ਸਾਹਮਣੇ ਇਹ ਸਵਾਲ ਹੈ ਕਿ ਉਨ੍ਹਾਂ ਨੇ ਆਖਿਰ ਕਿਸਾਨਾਂ ਦੀਆਂ ਖੇਤੀ ਉਪਜਾਂ ਦੀ ਉਚਿਤ ਗਾਰੰਟੀ ਮੁੱਲ 'ਤੇ ਖ਼ਰੀਦ ਦੀ ਵਿਵਸਥਾ ਕਰਨ ਸੰਬੰਧੀ ਮੰਗ 'ਤੇ ਸੰਵੇਦਨਸ਼ੀਲ ਢੰਗ ਨਾਲ ਵਿਚਾਰ ਕਿਉਂ ਨਹੀਂ ਕੀਤਾ ? ਪਰ ਅਤੀਤ 'ਚ ਨਹੀਂ ਹੋਇਆ ਤਾਂ ਕੀ ਇਸ ਆਧਾਰ 'ਤੇ ਵਰਤਮਾਨ 'ਚ ਵੀ ਕੋਈ ਫ਼ੈਸਲਾ ਨਾ ਲਿਆ ਜਾਵੇ ? ਇਹ ਤਾਂ ਨਹੀਂ ਹੋਣਾ ਚਾਹੀਦਾ। ਭਾਵੇਂ ਇਹ ਹੁਣ ਤੱਕ ਦੀਆਂ ਸਰਕਾਰਾਂ ਦਾ ਪਾਪਾਂ ਦਾ ਸਾਂਝਾ ਘੜਾ ਹੋਵੇ, ਪਰ ਇਸ ਪਾਪ ਦੇ ਘੜੇ ਨੂੰ ਮੋਦੀ ਸਰਕਾਰ ਨੂੰ ਭੰਨਣਾ ਹੀ ਪਵੇਗਾ ਅਤੇ ਉਸ ਨੂੰ ਜਲਦ ਤੋਂ ਜਲਦ ਭੰਨ ਵੀ ਦੇਣਾ ਚਾਹੀਦਾ ਹੈ, ਕਿਉਂਕਿ ਕਿਸਾਨ ਕੋਈ ਅਜਿਹੀ ਮੰਗ ਨਹੀਂ ਕਰ ਰਹੇ, ਜਿਸ ਨੂੰ ਮੰਨਣਾ ਸਰਕਾਰ ਦੇ ਲਈ ਅਸੰਭਵ ਹੋਵੇ। ਕਿਸਾਨ ਸਿਰਫ਼ ਖੇਤੀ ਉਪਜਾਂ ਦੀ ਘੱਟੋ-ਘੱਟ ਸਮਰਥਨ ਮੁੱਲ ਦੀ ਇਕ ਵਿਧਾਨਿਕ ਗਾਰੰਟੀ ਹੀ ਚਾਹੁੰਦੇ ਹਨ। ਉਹ ਇਹ ਨਹੀਂ ਕਹਿ ਰਹੇ ਕਿ ਇਸ ਗਾਰੰਟੀ ਦੇ ਤੈਅ ਹੋ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਸਾਰੀਆਂ ਖੇਤੀ ਉਪਜਾਂ ਨੂੰ ਸਰਕਾਰ ਖ਼ਰੀਦ ਲਵੇ ਅਤੇ ਨਾ ਹੀ ਕਿਸਾਨ ਇਹ ਕਹਿ ਰਹੇ ਹਨ ਕਿ ਇਹ ਗਾਰੰਟੀ ਮੁੱਲ ਉਹ ਖ਼ੁਦ ਤੈਅ ਕਰਨਗੇ। ਕਿਸਾਨਾਂ ਦਾ ਬਹੁਤ ਨਿਮਰਤਾ ਨਾਲ ਪਰ ਦ੍ਰਿੜ੍ਹਤਾਪੂਰਵਕ ਕਹਿਣਾ ਹੈ ਕਿ ਖੇਤੀ ਉਪਜਾਂ 'ਚ ਆਉਣ ਵਾਲੀ ਲਾਗਤ ਅਤੇ ਉਸ 'ਚ ਉਨ੍ਹਾਂ ਦੀ ਮਿਹਨਤ-ਮਜ਼ਦੂਰੀ ਨੂੰ ਜੋੜ ਕੇ ਉਨ੍ਹਾਂ ਦਾ ਘੱਟੋ-ਘੱਟ ਲਾਭਕਾਰੀ ਮੁੱਲ ਤੈਅ ਕੀਤਾ ਜਾਵੇ ਅਤੇ ਉਸ ਮੁੱਲ ਦੀ ਵਿਧਾਨਿਕ ਗਾਰੰਟੀ ਮਿਲ ਜਾਵੇ।

ਦੂਜੇ ਸ਼ਬਦਾਂ 'ਚ ਦੇਖੀਏ ਤਾਂ ਕਿਸਾਨ ਸਵਾਮੀਨਾਥਨ ਆਯੋਗ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੀ ਹੀ ਮੰਗ ਕਰ ਰਹੇ ਹਨ। ਇਕ ਤਰ੍ਹਾਂ ਨਾਲ ਜਿਸ ਨੂੰ ਕਦੇ ਭਾਜਪਾ ਨੇ ਸਰਕਾਰ 'ਚ ਆਉਣ ਤੋਂ ਬਾਅਦ ਲਾਗੂ ਕਰਨ ਦਾ ਵਾਅਦਾ ਵੀ ਕੀਤਾ ਸੀ। ਜੇਕਰ ਸਰਕਾਰ ਇਸ ਨੂੰ ਲਾਗੂ ਕਰਦੀ ਹੈ ਤਾਂ ਉਸ 'ਤੇ ਸਿਰਫ਼ 8 ਤੋਂ 10 ਲੱਖ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ, ਪਰ ਉਸ ਦੇ ਇਸ ਫ਼ੈਸਲੇ ਨਾਲ ਨਾ ਸਿਰਫ਼ ਦੇਸ਼ ਦੇ ਕਿਸਾਨਾਂ ਦੀ ਹਾਲਤ ਸੁਧਰ ਜਾਵੇਗੀ, ਸਗੋਂ ਦਹਾਕਿਆਂ ਤੋਂ ਉਨ੍ਹਾਂ ਨੂੰ ਆਪਣੇ ਨਾਲ ਜਿਸ ਭੇਦਭਾਵ ਭਰੇ ਵਿਹਾਰ ਦਾ ਅਹਿਸਾਸ ਹੋ ਰਿਹਾ ਹੈ, ਉਹ ਭਾਵਨਾ ਵੀ ਖ਼ਤਮ ਹੋ ਜਾਵੇਗੀ। ਇਸ ਲਈ ਸਰਕਾਰ ਨੂੰ ਇਸ ਮੁੱਦੇ 'ਤੇ ਵਾਕਈ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਨਹੀਂ ਤਾਂ ਪ੍ਰਧਾਨ ਮੰਤਰੀ ਮੋਦੀ ਦਾ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਇਹ ਦਲੇਰਾਨਾ ਫ਼ੈਸਲਾ ਕਿਸਾਨਾਂ ਦੀ ਨਾਰਾਜ਼ਗੀ ਦੂਰ ਕਰ ਸਕੇਗਾ, ਇਸ 'ਤੇ ਸ਼ੰਕਾ ਬਣੀ ਰਹੇਗੀ।

**(ਲੇਖਕ ਵਿਸ਼ੇਸ਼ ਮੀਡੀਆ ਤੇ ਸੋਧ ਸੰਸਥਾ, ਇਮੇਜ ਰਿਫਲੈਕਸ਼ਨ ਸੈਂਟਰ 'ਚ ਸੀਨੀਅਰ ਸੰਪਾਦਕ ਹਨ)**

# ਮੀਡੀਆ ਲੋਕ ਮੁੱਦੇ ਭੁੱਲਿਆ

## ਕਾਂਗਰਸ ਵਿਚਲੇ ਤਕਰਾਰ ਵਿਚ ਉਲਝਿਆ

ਵਿਸ਼ੇਸ਼ ਚਰਚਾ

**ਪ੍ਰੋਫੈਸਰ ਕੁਲਬੀਰ ਸਿੰਘ**

ਮੀਡੀਆ ਕਾਂਗਰਸ ਦੀ ਲੜਾਈ ਨੂੰ ਏਨਾ ਮਹੱਤਵ, ਏਨੀ ਕਵਰੇਜ ਕਿਉਂ ਦੇ ਰਿਹਾ ? ਕੀ ਇਸ ਦੀ ਬਜਾਏ ਮੀਡੀਆ ਨੂੰ ਪੰਜਾਬ ਦੇ ਮੁੱਦਿਆਂ-ਮਸਲਿਆਂ ਦੀ ਗੱਲ ਨਹੀਂ ਕਰਨੀ ਚਾਹੀਦੀ ? ਕੀ ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਲਏ ਜਾ ਰਹੇ ਫ਼ੈਸਲਿਆਂ, ਕੀਤੇ ਜਾ ਰਹੇ ਕੰਮਾਂ ਅਤੇ ਰਾਜਨੀਤਕ ਸ਼ੈਲੀ ਸੰਬੰਧੀ ਚਰਚਾ ਕਰਨ ਦੀ ਲੋੜ ਨਹੀਂ ? ਪੰਜਾਬ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਿਨਾਂ ਕੋਈ ਕੰਮ ਕਾਰ ਕੀਤਿਆਂ ਸੁਰਖੀਆਂ ਵਿਚ ਰਹਿਣਾ ਚਾਹੁੰਦੇ ਹਨ ਅਤੇ ਮੀਡੀਆ ਉਨਾਂ ਨੂੰ ਸੁਰਖੀਆਂ ਵਿਚ ਰੱਖ ਰਿਹਾ ਹੈ। ਕੀ ਮੀਡੀਆ ਦੀ ਇਹ ਪਹੁੰਚ, ਇਹ ਨਜ਼ਰੀਆ ਸਹੀ ਹੈ ?

ਕੈਪਟਨ-ਸਿੱਧੂ ਟਕਰਾਅ ਵਿਚੋਂ ਪੰਜਾਬ ਨੂੰ, ਪੰਜਾਬ ਵਾਸੀਆਂ ਨੂੰ ਕੀ ਮਿਲਿਆ ? ਹੁਣ ਚੰਨੀ-ਸਿੱਧੂ ਲੜਾਈ ਵਿਚੋਂ ਪੰਜਾਬ ਦੇ ਲੋਕਾਂ ਨੂੰ ਕੀ ਮਿਲੇਗਾ ? ਚੰਨੀ ਬਿਲਕੁਲ ਸਹੀ ਕਰ ਰਹੇ ਹਨ ਕਿ ਉਹ ਸਿੱਧੂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦੇ ਰਹੇ, ਸਗੋਂ ਅਧੂਰੇ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਵੱਲ ਧਿਆਨ ਕੇਂਦਰਿਤ ਕਰ ਰਹੇ ਹਨ। ਕਿਉਂਕਿ ਨਬੇੜਾ ਕੰਮਾਂ 'ਤੇ ਹੋਣਾ ਹੈ। ਲੋਕ ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ, ਪ੍ਰਦੂਸ਼ਣ, ਵਿਵਸਥਾ ਅਤੇ ਸਿਆਸੀ ਖਿੱਚੋਤਾਣ ਤੋਂ ਪ੍ਰੇਸ਼ਾਨ ਹਨ। ਉਪ-ਚੋਣਾਂ ਵਿਚ ਉਪਰੋਕਤ ਪ੍ਰੇਸ਼ਾਨੀਆਂ ਪ੍ਰਤੀ ਲੋਕਾਂ ਨੇ ਭਾਜਪਾ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ। ਕਹਿੰਦੇ ਹਨ ਕਿ ਅੱਤ ਤੇ ਖ਼ੁਦਾ ਦਾ ਵੈਰ ਹੈ। ਹੁਣ ਅੱਤ ਹੋ ਰਹੀ ਹੈ। ਲੋਕ ਡਾਹਢੇ ਪ੍ਰੇਸ਼ਾਨ ਹਨ। ਮਹਿੰਗਾਈ ਸੰਬੰਧੀ ਵਿਰੋਧ ਦਰਜ ਕਰਾਉਣ ਲਈ ਕੋਈ ਮੁਹਿੰਮ ਖੜੀ ਨਹੀਂ ਹੋ ਰਹੀ। ਸੋ, ਲੋਕ ਵੋਟਾਂ ਰਾਹੀਂ ਆਪਣਾ ਗੁੱਸਾ ਪ੍ਰਗਟਾਅ ਰਹੇ ਹਨ। ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਉਨਾਂ ਨੇ ਵੀ ਆਖਰ ਵੋਟਾਂ ਵਿਚ ਭਾਜਪਾ ਦਾ ਵਿਰੋਧ ਕਰਨ ਦੀ ਨੀਤੀ ਅਪਣਾਈ ਹੈ। ਸਿਆਸੀ ਪਾਰਟੀਆਂ ਅਤੇ ਸਿਆਸੀ ਨੇਤਾਵਾਂ ਦੇ ਤਿੱਖੇ ਆਪਸੀ ਵਿਰੋਧ ਦਾ ਸੰਬੰਧਿਤ ਖਿੱਤੇ ਅਤੇ ਲੋਕਾਂ ਨੂੰ ਵੱਖ-ਵੱਖ ਰੂਪਾਂ ਵਿਚ ਨੁਕਸਾਨ ਹੀ ਉਠਾਉਣਾ ਪੈਂਦਾ ਹੈ।

ਵਿਕਸਿਤ ਮੁਲਕਾਂ ਵਿਚ ਵਿਰੋਧੀ ਪਾਰਟੀਆਂ ਦੇ ਨੇਤਾ 'ਸ਼ੈਡੋ ਮਨਿਸਟਰ' ਦੇ ਰੂਪ ਵਿਚ ਕੰਮ ਕਰਦੇ ਹਨ ਤਾਂ ਜੋ ਚੱਲ ਰਹੇ ਪ੍ਰਾਜੈਕਟਾਂ ਵਿਚ ਸਹਿਯੋਗ ਅਤੇ ਨਿਗਰਾਨੀ ਦੀ ਜ਼ਿੰਮੇਵਾਰੀ ਨਿਭਾਈ ਜਾ ਸਕਣ। ਭਵਿੱਖ ਵਿਚ ਆਪਣੀ ਸਰਕਾਰ ਬਣਨ 'ਤੇ ਉਨਾਂ ਪ੍ਰਾਜੈਕਟਾਂ ਨੂੰ ਅੱਗੇ ਵਧਾਇਆ ਜਾ ਸਕੇ ਅਤੇ ਮੁਕੰਮਲ ਕੀਤਾ ਜਾ ਸਕੇ, ਜਦੋਂ ਕਿ ਸਾਡੇ ਮੰਤਰੀ, ਸਾਡੇ ਵਿਧਾਇਕ, ਸਾਡੇ ਨੇਤਾ ਇਕ-ਦੂਸਰੇ ਦੇ ਕੰਮਾਂ ਵਿਚ ਰੁਕਾਵਟਾਂ ਪਾ ਕੇ ਖ਼ੁਸ਼ ਹੁੰਦੇ ਹਨ। ਲੋਕਾਂ ਅਤੇ ਸੂਬੇ ਦਾ ਨੁਕਸਾਨ ਕਰਦੇ ਹਨ।

ਭਾਰਤੀ ਮੀਡੀਆ ਨੂੰ, ਸਿਆਸੀ ਨੇਤਾਵਾਂ ਦੇ ਬਿਆਨਾਂ ਨੂੰ ਹੀ ਮੁੱਖ ਸੁਰਖੀਆਂ ਦੇ ਰੂਪ ਵਿਚ ਨਹੀਂ ਉਭਾਰਨਾ ਚਾਹੀਦਾ, ਬਲਕਿ ਕੀਤੇ ਕੰਮਾਂ ਨੂੰ ਵੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਸੁਰਖੀਆਂ ਦੇ ਰੂਪ ਵਿਚ ਉਭਾਰਨ ਦੀ ਲੋੜ ਹੈ। ਕੁਝ ਦਿਨ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਵੇਖ ਕੇ ਬੜੀ ਹੈਰਾਨੀ ਹੋਈ। ਜਦ ਪੈਟਰੋਲ, ਡੀਜ਼ਲ ਸਸਤਾ ਹੋਇਆ ਤਾਂ ਮੁੱਖ ਸੁਰਖੀ ਬਣ ਗਈ। ਜਦ ਮਹੀਨਿਆਂ ਤੋਂ ਲਗਾਤਾਰ ਮਹਿੰਗਾ ਹੁੰਦਾ ਰਿਹਾ ਤਾਂ ਬਹੁਤਿਆਂ ਨੇ ਇਸ ਖ਼ਬਰ ਦੀਆਂ ਸੁਰਖੀਆਂ ਬਣਾਉਣ ਦੀ



ਲੋੜ ਨਹੀਂ ਸਮਝੀ। ਲੋਕ ਵਧਦੀਆਂ ਕੀਮਤਾਂ ਸੰਬੰਧੀ ਹੈਰਾਨ ਪ੍ਰੇਸ਼ਾਨ ਹਨ। ਗ਼ਰੀਬਾਂ ਨੇ ਸਕੂਟਰ, ਮੋਟਰਸਾਈਕਲ ਘਰ ਖੜ੍ਹੇ ਕਰਕੇ ਸਾਈਕਲ ਕੱਢ ਲਏ ਹਨ। ਪੈਟਰੋਲ, ਡੀਜ਼ਲ ਮਹਿੰਗਾ ਹੋਣ ਕਾਰਨ ਹਰ ਚੀਜ਼ ਮਹਿੰਗੀ ਹੋ ਰਹੀ ਹੈ। ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਜਾ ਰਹੀ ਹੈ। ਸਿਆਸੀ ਲੋਕ ਕੁਰਸੀ ਲਈ ਤਰਲੋ-ਮੱਛੀ ਹੋ ਰਹੇ ਹਨ। ਗ਼ਰੀਬ ਦਾ ਤਿੰਨ ਡੰਗ ਦੀ ਰੋਟੀ ਦਾ ਮਸਲਾ ਹੈ। ਆਮ ਆਦਮੀ ਦਾ ਸਿਹਤ, ਸਿੱਖਿਆ ਸਹੂਲਤਾਂ ਦਾ ਮਸਲਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਅਤੇ ਸਿਆਸੀ ਲੋਕ ਧਰਮਾਂ, ਜਾਤਾਂ-ਪਾਤਾਂ ਦੀ ਰਾਜਨੀਤੀ ਵਿਚ ਉਲਝਾ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਜਨਤਾ ਨੂੰ ਅਜਿਹੀ ਸਿਆਸਤ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ। ਮੀਡੀਆ ਨੂੰ, ਲੋਕਾਂ ਨੂੰ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਨੂੰ, ਸਿਆਸੀ ਨੇਤਾਵਾਂ ਨੂੰ ਪੰਜਾਬ ਦੇ, ਪੰਜਾਬੀਆਂ ਦੇ ਅਸਲ ਮੁੱਦਿਆਂ-ਮਸਲਿਆਂ ਵੱਲ ਲੈ ਕੇ ਆਉਣ।

ਮਹੀਨਿਆਂ ਤੋਂ 'ਪ੍ਰਾਈਮ ਟਾਈਮ' 'ਤੇ ਕੈਪਟਨ-ਸਿੱਧੂ, ਚੰਨੀ-ਸਿੱਧੂ ਲੜਾਈ 'ਤੇ ਚਰਚਾ ਕੀਤੀ ਜਾ ਰਹੀ ਹੈ। ਅਜਿਹੇ ਵਿਰੋਧ, ਅਜਿਹੇ ਟਕਰਾਅ ਨੂੰ ਕੇਵਲ ਬਣਦੀ ਕਵਰੇਜ, ਖ਼ਬਰ ਵਜੋਂ ਜਗਾ ਹੀ ਦਿੱਤੀ ਜਾਣੀ ਚਾਹੀਦੀ ਹੈ। ਲਗਾਤਾਰ ਕਹਾਣੀ ਬਣਾ ਕੇ ਉਭਾਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜਦ ਵਿਰੋਧ ਨੂੰ, ਟਕਰਾਅ ਨੂੰ ਮੁੱਖ ਸੁਰਖੀ ਬਣਾਇਆ ਜਾਂਦਾ ਹੈ ਤਾਂ ਸਿਆਸੀ ਲੋਕਾਂ ਨੂੰ ਖ਼ੁਸ਼ੀ ਹੁੰਦੀ ਹੈ। ਆਖਰ ਉਹ ਮੀਡੀਆ ਦੀ ਵੱਡੀ ਕਵਰੇਜ ਲਈ ਹੀ ਤਾਂ ਸਾਰਾ ਦਿਨ ਭੱਜੇ-ਨੱਸੇ ਫਿਰਦੇ ਹਨ। ਕੰਮ ਤਾਂ ਦਫ਼ਤਰ ਵਿਚ ਟਿਕ ਕੇ ਬੈਠਣ ਨਾਲ ਵਧੀਆ ਹੁੰਦਾ ਹੈ। ਉਸ ਲਈ ਭੱਜੇ-ਨੱਸੇ ਫਿਰਨ ਦੀ ਬਹੁਤੀ ਲੋੜ ਨਹੀਂ ਹੁੰਦੀ। ਖ਼ੁਸ਼ਵੰਤ ਸਿੰਘ ਆਪਣੇ ਕਾਲਮ ਵਿਚ ਲਿਖਿਆ ਕਰਦੇ ਸਨ ਕਿ ਜੇ ਟੀ.ਵੀ. ਕੈਮਰਾ ਅਤੇ ਪੱਤਰਕਾਰ ਨਾ ਪਹੁੰਚਣ ਤਾਂ ਸਿਆਸੀ ਨੇਤਾ ਹਸਪਤਾਲਾਂ ਵਿਚ ਕਿਸੇ ਦਾ ਹਾਲ ਪੁੱਛਣ ਨਾ ਜਾਣ। ਹਸਪਤਾਲਾਂ ਵਿਚ ਵੀ ਟੀ.ਵੀ. ਕੈਮਰੇ ਨਾਲ ਜਾਂਦੇ ਹਨ। ਭਾਰਤੀ ਨੇਤਾਵਾਂ ਨੂੰ ਮੀਡੀਆ ਕਵਰੇਜ ਦਾ ਵਧੇਰੇ ਹੀ ਭੁੱਸ ਹੈ। ਇਹ ਭੁੱਸ ਛੱਡ ਕੇ, ਦਫ਼ਤਰਾਂ ਵਿਚ ਬੈਠ ਕੇ ਕੰਮ ਕਰਨ ਦੀ ਲੋੜ ਹੈ। ਦੇਸ਼ ਦੀ, ਸੂਬੇ ਦੀ, ਲੋਕਾਂ ਦੀ ਬਿਹਤਰੀ ਕੰਮ ਕਰਨ ਵਿਚ ਹੈ, ਫੋਕੀ ਮੀਡੀਆ ਕਵਰੇਜ ਵਿਚ ਨਹੀਂ।

# ਮਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ

**ਪ੍ਰਭਸ਼ਰਨਬੀਰ ਸਿੰਘ**

ਜਿਨਾਂ ਦੇ ਹਿਰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ਼ ਤੜਫਦੇ ਨਹੀਂ, ਉਹ ਸਿੱਖ ਕਹਾਉਣ ਦੇ ਹੱਕਦਾਰ ਨਹੀਂ ਹੋ ਸਕਦੇ। ਅੱਜ ਸਾਡਾ ਪੁੱਛਣਾ ਬਣਦਾ ਹੈ ਕਿ ਜਿਹੜੇ ਅੱਜ ਕਾਂਵਾਂਰੌਲੀ ਪਾ ਰਹੇ ਹਨ ਉਹ ਉਦੋਂ ਕਿਥੇ ਸਨ ਜਦੋਂ 300 ਵਾਰ ਗੁਰੂ ਸਾਹਿਬ ਦੀ ਬੇਅਦਬੀ ਹੋਈ। ਉਦੋਂ ਇਹ ਸੁਖਬੀਰ ਬਾਦਲ ਵਾਂਗ ਸਦਭਾਵਨਾ ਰੈਲੀਆਂ ਕੱਢ ਰਹੇ ਸਨ। 2015 ਵਿਚ ਹੋਈ ਬੇਅਦਬੀ ਤੋਂ ਬਾਅਦ ਜਦੋਂ ਪੰਜਾਬ ਵਿਚ ਬੇਅਦਬੀ ਦੇ ਖਿਲਾਫ ਲੋਕ ਲਹਿਰ ਖੜੀ ਹੋਈ ਤਾਂ ਇਨਾਂ ਨੂੰ ਕਿਉਂ ਲੱਗਦਾ ਸੀ ਕਿ ਇਸ ਲਹਿਰ ਨਾਲ ਪੰਜਾਬ ਵਿਚੋਂ ਸਦਭਾਵਨਾ ਖਤਮ ਹੋ ਜਾਵੇਗੀ। ਜਦੋਂ ਵੀ ਸਿਖਾਂ ਦੀ ਗੱਲ ਆਉਂਦੀ ਹੈ, ਇਨਾਂ ਦੀ ਬੋਲੀ ਰਾਸ਼ਟਰਵਾਦੀ ਮੀਡੀਏ ਅਤੇ ਆਰ ਐੱਸ ਐੱਸ ਵਾਲੀ ਕਿਉਂ ਹੋ ਜਾਂਦੀ ਹੈ ?

ਗੱਲ ਸਿਰਫ ਏਨੀ ਨਹੀਂ ਕਿ ਇਹ ਧੜਾ ਬੇਅਦਬੀ ਦਾ ਵਿਰੋਧ ਨਹੀਂ ਕਰਦਾ। ਅਸਲ ਵਿਚ ਇਹ ਬੇਅਦਬੀ ਤੋਂ ਅੰਦਰੇ-ਅੰਦਰ ਖੁਸ਼ ਹੁੰਦੇ ਹਨ। 70ਵਿਆਂ ਵਿਚ ਪੰਜਾਬ ਦੇ ਨਕਸਲੀ ਹਲਕਿਆਂ ਵਿਚ ਗੁਰੂ ਸਾਹਿਬਾਨ ਬਾਰੇ ਚਲਦੇ ਭੱਦੇ ਚੁਟਕਲੇ ਇਸ ਗੱਲ ਦੇ ਗਵਾਹ ਹਨ। ਇਨਾਂ ਦਾ ਇੱਕੋ -ਇੱਕ ਮਕਸਦ ਪੰਜਾਬ ਦੀ ਧਰਤੀ ਤੋਂ ਸਿੱਖੀ ਨੂੰ ਗੈਰ-ਹਾਜ਼ਰ ਕਰਨਾ ਹੈ। ਇਸ ਕੰਮ ਲਈ ਇਹ ਕਦੇ ਕਾਂਗਰਸ, ਕਦੇ ਬੀ.ਜੇ.ਪੀ. ਤੇ ਕਦੇ ਰਾਸ਼ਟਰਵਾਦੀ ਖਿਚੜੀ ਧਿਰਾਂ ਦੇ ਹੱਥ-ਠੋਕੇ ਬਣ ਕੇ ਵਿਚਰਦੇ ਹਨ।

ਇੱਕ ਨੌਜਵਾਨ ਔਰਤ ਦੇ ਗੀਤ ਤੋਂ ਤੜਫ਼ੀਆਂ ਰੂਹਾਂ ਇੱਕ ਬਲਾਤਕਾਰੀ ਦੇ ਮੰਤਰੀ ਬਣਨ ਤੇ ਚੁੱਪ ਕਿਉਂ ਹਨ ? 1984 ਤੋਂ ਬਾਅਦ ਪੰਜਾਬ ਦੇ ਥਾਣਿਆਂ ਵਿਚ ਹਜ਼ਾਰਾਂ ਔਰਤਾਂ ਦੀ ਪੱਤ ਰੋਲ਼ੀ ਗਈ। ਇਸ ਜਬਰ ਦੇ ਖਿਲਾਫ ਜਾਗਰਿਤੀ ਮੰਚ ਦਾ ਕੋਈ ਇੱਕ ਧਰਨਾ, ਮਾਰਚ, ਰੈਲੀ ਵਿਖਾਓ। ਜਗਜੀਤ ਆਨੰਦ ਸ਼ਰੇਆਮ ਸਿੱਖ ਔਰਤਾਂ ਤੇ ਹੋ ਰਹੇ ਤਸ਼ੱਦਦ ਦੀ ਹਮਾਇਤ ਕਰਦਾ ਰਿਹਾ, ਬੁੱਚੜ ਗੋਬਿੰਦ ਰਾਮ ਨੂੰ ਮਸੀਹਾ ਗਰਦਾਨਦਾ ਰਿਹਾ, ਉਦੋਂ ਇਹ ਕਿਥੇ ਸਨ ? ਉਦੋਂ ਇਹ ਦਿੱਲੀ ਦੇ ਦਲਾਲ ਬਣ ਕੇ ਵਿਚਰ ਰਹੇ ਸਨ। ਇਨਾਂ ਨੇ ਮਿਥਿਆ ਹੋਇਆ ਹੈ ਕਿ ਸਿੱਖੀ ਦੇ ਖਾਤਮੇ ਲਈ ਭਾਵੇਂ ਇਨਾਂ ਨੂੰ ਕਿੰਨੇ ਵੀ ਅਣਮਨੁੱਖੀ ਜਬਰ ਦੇ ਸੰਦ ਬਣਨਾ ਪਵੇ, ਸਭ ਮਨਜ਼ੂਰ ਹੈ।

ਤੇ ਦੂਜੇ ਪਾਸੇ ਸਿੱਖਾਂ ਨੇ ਮਿਥਿਆ ਹੋਇਆ ਹੈ ਕਿ ਹਰ ਘਟਨਾ ਦੇ ਪ੍ਰਤੀਕਰਮ ਨੂੰ ਵਕਤੀ ਵਿਰੋਧ ਤੱਕ ਹੀ ਸੀਮਤ ਰੱਖਣਾ ਹੈ। ਦਸ ਦਿਨ ਸੋਸ਼ਲ ਮੀਡੀਆ ਉੱਤੇ ਮਸਲਾ ਚਲਦਾ ਹੈ। ਫਿਰ ਨਵਾਂ ਮਸਲਾ ਆ ਜਾਂਦਾ ਹੈ। ਅਸੀਂ ਪਿਛਲੇ ਭੁੱਲ ਜਾਂਦੇ ਹਾਂ। ਇਉਂ ਲੱਗਦੈ ਜਿਵੇਂ ਸਿੱਖਾਂ ਅੰਦਰੋਂ ਜਥੇਬੰਦ ਹੋਣ ਵਾਲ਼ੇ ਕਣ ਹੀ ਮੁੱਕ ਗਏ ਹੋਣ। ਸੋਸ਼ਲ ਮੀਡੀਆ ਦਾ ਸੀਮਤ ਰੋਲ ਜਰੂਰ ਹੈ, ਪਰ ਜਦੋਂ ਹਰ ਗੱਲ ਸੋਸ਼ਲ ਮੀਡੀਏ ਤੋਂ ਸ਼ੁਰੂ ਹੋ ਕੇ ਸੋਸ਼ਲ ਮੀਡੀਏ ਉੱਤੇ ਹੀ ਮੁੱਕਣ ਲੱਗ ਪਵੇ ਤਾਂ ਸਮਝ ਲਵੋ ਅਸੀਂ ਕਿਸੇ ਡੂੰਘੀ ਦਲਦਲ ਵਿਚ ਫਸੇ ਹੋਏ ਹਾਂ।

ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਉਹ ਸਾਨੂੰ ਬੇਅਦਬੀਆਂ ਦਾ ਇਨਸਾਫ ਲੈਣ ਲਈ (ਮੰਗਣ ਲਈ ਨਹੀਂ) ਬਲ ਬਖਸ਼ੇ। ਮੇਰੀ ਸਮੂਹ ਸੰਗਤ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਤੇ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਪੋ ਆਪਣੇ ਘਰ ਨੇੜਲੇ ਗੁਰੂ ਘਰ ਵਿਖੇ ਬੇਅਦਬੀਆਂ ਦੇ ਇਨਸਾਫ ਲਈ ਅਰਦਾਸ ਬੇਨਤੀ ਕੀਤੀ ਜਾਵੇ। ਇਹ ਅਰਦਾਸ ਵਿਅਕਤੀਗਤ ਰੂਪ ਵਿਚ ਵੀ ਹੋਵੇ ਅਤੇ ਸਮੂਹਕ, ਸੰਗਤੀ ਰੂਪ ਵਿਚ ਵੀ। ਸੰਗਤੀ ਰੂਪ ਲਈ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਵੀ ਹੱਥ ਬੰਨ ਕੇ ਜੋਦੜੀ ਹੈ ਕਿ ਜੇ ਉਹ ਠੀਕ ਸਮਝਣ ਤਾਂ ਸਿੱਖ ਸੰਗਤਾਂ ਦੇ ਨਾਂ ਇਸ ਕਾਰਜ ਦੀ ਆਰੰਭਤਾ ਲਈ ਸੰਦੇਸ਼ ਜਾਰੀ ਕਰਨ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਖਿਲਾਫ ਸੰਘਰਸ਼ ਅਸਲ ਵਿਚ ਸਾਡੀ ਹੋਂਦ ਦਾ ਸੰਘਰਸ਼ ਹੈ। ਜੇ ਅਸੀਂ ਇਹ ਬੇਅਦਬੀਆਂ ਨਹੀਂ ਰੋਕ ਸਕਦੇ ਤਾਂ ਸਾਡੇ ਜਿਉਣ ਦਾ ਕੋਈ ਅਰਥ ਨਹੀਂ। ਗੁਰੂ ਸਾਹਿਬ ਦਾ ਫੁਰਮਾਨ ਹੈ :

ਜੇ ਜੀਵੈ ਪਤਿ ਲਥੀ ਜਾਇ<br>
ਸਭੁ ਹਰਾਮੁ ਜੇਤਾ ਕਿਛੁ ਖਾਇ।।

ਨੀਲੇ ਘੋੜੇ ਦੇ ਅਸਵਾਰ ਕਲਗੀਧਰ ਪਾਤਸ਼ਾਹ ਅੰਗ ਸੰਗ ਸਹਾਈ ਹੋਵਣ। ਖਾਲਸੇ ਦੀ ਹਰ ਮੈਦਾਨ ਫ਼ਤਹਿ।

# ਦਲ ਖ਼ਾਲਸਾ ਦੇ ਜਲਾਵਤਨ ਆਗੂ ਸਰਦਾਰ ਗਜਿੰਦਰ ਸਿੰਘ ਦਾ 70ਵਾਂ ਜਨਮ ਦਿਨ ਮਨਾਇਆ ਗਿਆ




**ਚੰਡੀਗੜ੍ਹ /ਏ.ਟੀ.ਨਿਊਜ਼ :** ਦਲ ਖ਼ਾਲਸਾ ਦੇ ਜਲਾਵਤਨ ਆਗੂ ਸਰਦਾਰ ਗਜਿੰਦਰ ਸਿੰਘ ਦਾ 70ਵਾਂ ਜਨਮ ਦਿਨ ਮਨਾਉਂਦੇ ਹੋਏ ਪਾਰਟੀ ਦੇ ਨੌਜਵਾਨਾਂ ਨੇ ਅੱਜ ਬਾਬਾ ਬਕਾਲਾ ਵਿੱਖੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦੀ ਤੰਦਰੁਸਤੀ, ਚੜਦੀ ਕਲਾ ਅਤੇ ਕੌਮੀ ਆਜਾਦੀ ਸੰਘਰਸ਼ ਵਿੱਚ ਸਿਰੜ ਨਾਲ ਨਿਭ ਜਾਣ ਦੀ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਗਜਿੰਦਰ ਸਿੰਘ ਜੋ ਕਿ ਆਪਣੇ ਸਾਥੀਆਂ ਨਾਲ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਦੀ ਰਿਹਾਈ, ਮਹਿਤਾ ਚੌਕ ਵਿੱਚ 13 ਸਿੱਖਾਂ ਦੇ ਕਤਲੇਆਮ ਦੇ ਵਿਰੁੱਧ ਅਤੇ ਦੁਨੀਆਂ ਦਾ ਧਿਆਨ ਹਿੰਦੂ-ਭਾਰਤ ਵਿੱਚ ਸਿੱਖਾਂ ਦੀ ਦੁਰਦਸ਼ਾ ’ਤੇ ਕੇਂਦਰਤ ਕਰਨ ਲਈ 40 ਸਾਲ ਪਹਿਲਾਂ ਭਾਰਤੀ ਜਹਾਜ਼ ਨੂੰ ਅਗਵਾ ਕਰਕੇ ਪਾਕਿਸਤਾਨ ਲੈ ਗਏ ਸਨ, ਪਾਕਿਸਤਾਨ ਦੀ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟਣ ਉਪਰੰਤ ਉੱਥੇ ਹੀ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ।

ਜਥੇਬੰਦੀ ਦੇ ਆਗੂਆਂ ਨੇ ਯੂ.ਐਨ.ਓ ਨੂੰ ਅਪੀਲ ਕੀਤੀ ਕਿ ਉਹ ਭਾਈ ਗਜਿੰਦਰ ਸਿੰਘ ਦੇ ਮਨੁੱਖੀ ਤੇ ਸਿਵਲ ਹੱਕਾਂ ਨੂੰ ਮਾਨਤਾ ਦੇਦੇ ਹੋਏ ਉਸ ਨੂੰ ਆਪਣੀ ਇੱਛਾ ਅਨੁਸਾਰ ਕਿਸੇ ਵੀ ਮੁਲਕ ਵਿੱਚ ਰਹਿਣ ਦੀ ਖੁੱਲ ਦੇਵੇ।

ਅਰਦਾਸ ਕਰਨ ਤੋਂ ਬਾਅਦ ਪ੍ਰੈੱਸ ਨੂੰ ਸੰਬੋਧਨ ਹੁੰਦਿਆਂ ਪਾਰਟੀ ਦੇ ਮੁੱਖ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਐਲਾਨ ਨੂੰ ਕਿਸਾਨਾਂ ਦੀ ਜਿੱਤ ਦੱਸਿਆ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਗੁਰਪੁਰਬ ਮੌਕੇ ਇਹ ਐਲਾਨ ਕਰਕੇ ਸਿੱਖਾਂ ਨੂੰ ਆਪਣੇ ਅਹਿਸਾਨਾਂ ਹੇਠ ਲਿਆਉਣ ਦੀ ਰਾਜਨੀਤਿਕ ਖੇਡ ਲੱਗ ਰਹੀ ਹੈ।



ਅੰਮ੍ਰਿਤਸਰ ਟਾਈਮਜ਼ AMRITSAR TIMES

19 ਨਵੰਬਰ 2021 ਤੋਂ 25 ਨਵੰਬਰ 2021

# ਕਿਸਾਨੀ ਸੰਘਰਸ਼ ਅਤੇ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ

ਕੋਵਿਡ ਦੀ ਆੜ ਵਿੱਚ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸ ਲਿਆਂਦੇ ਗਏ ਸਨ ਜਿਨਾਂ ਦਾ ਕਿਸਾਨਾਂ ਵੱਲੋਂ ਵਿਰੋਧ ਸ਼ੁਰੂ ਹੋਇਆ ਪਰ ਕੋਵਿਡ ਕਾਰਨ ਇਹ ਵਿਰੋਧ ਸੀਮਤ ਰੂਪ ਵਿੱਚ ਹੀ ਰਿਹਾ ਫਿਰ ਸਰਕਾਰ ਨੇ ਇਨਾਂ ਆਰਡੀਨੈਂਸਾਂ ਨੂੰ ਕਾਨੂੰਨ ਦਾ ਰੂਪ ਦੇਣ ਦਾ ਅਮਲ ਅਪਣਾਇਆ ਜਿਸ ਕਰਕੇ ਵਿਰੋਧ ਮੁੜ ਤੋਂ ਉੱਭਰਿਆ। ਹੌਲੀ ਹੌਲੀ ਵਿਰੋਧ ਹੋਰ ਵਧਦਾ ਗਿਆ ਅਤੇ ਇਸ ਸੰਘਰਸ਼ ਵਿਚ ਵੱਡੀ ਗਿਣਤੀ ਵਿਚ ਕਿਸਾਨ ਅਤੇ ਉਨਾਂ ਦੇ ਪਰਿਵਾਰ ਸੜਕਾਂ ਤੇ ਆਉਣਾ ਸ਼ੁਰੂ ਹੋ ਗਏ। ਕਈ ਗੀਤਕਾਰ, ਗਵਈਏ ਅਤੇ ਫਿਲਮ ਜਗਤ ਨਾਲ ਸਬੰਧਤ ਸ਼ਖਸੀਅਤਾਂ ਵੀ ਇਸ ਮਸਲੇ ਉੱਤੇ ਕਿਸਾਨਾਂ ਦੇ ਹੱਕ ਚ ਆਉਣੀਆਂ ਸ਼ੁਰੂ ਹੋ ਗਈਆਂ। ਫਿਰ ਇਹ ਤਿੰਨੋ ਆਰਡੀਨੈਂਸ, ਕਾਨੂੰਨ ਬਣ ਗਏ ਅਤੇ ਸੰਘਰਸ਼ ਕਰ ਰਹੇ ਕਿਸਾਨਾਂ ਦਾ ਰੋਹ ਹੋਰ ਵਧ ਗਿਆ, ਵੱਡੀ ਗਿਣਤੀ ਵਿੱਚ ਨੌਜਵਾਨ ਵੀ ਸੜਕਾਂ 'ਤੇ ਆ ਗਏ ਅਤੇ ਤਕਰੀਬਨ ਸਾਰੀਆਂ ਧਿਰਾਂ ਹੀ ਇਸ ਸੰਘਰਸ਼ ਵਿੱਚ ਉਤਰ ਆਈਆਂ। ਪੰਜਾਬ ਅਤੇ ਇੰਡੀਆ ਤੋਂ ਬਾਹਰ ਵੀ ਇਸ ਸਬੰਧੀ ਮੁਜਾਹਰੇ ਹੋਣ ਲੱਗ ਪਏ। ਦਿੱਲੀ ਤਖਤ ਵੱਲੋਂ ਆਪਣੇ ਸੁਭਾਅ ਮੁਤਾਬਿਕ ਸੱਤਾ ਦੇ ਹੰਕਾਰ ਵਿੱਚ ਇਹ ਸਾਰੇ ਸੰਘਰਸ਼ ਨੂੰ ਅੱਖੋਂ ਓਹਲੇ ਕਰ ਕੇ ਕਹਿ ਦਿੱਤਾ ਗਿਆ ਕਿ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਭੋਰਾ ਵੀ ਪਿੱਛੇ ਨਹੀਂ ਹਟਿਆ ਜਾਵੇਗਾ ਅਤੇ ਨਾ ਹੀ ਇਨਾਂ ਵਿੱਚ ਕੋਈ ਮਾਮੂਲੀ ਰਿਆਇਤ ਹੀ ਕੀਤੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਆਪਣੀ ਜਿੱਦ 'ਤੇ ਅੜੇ ਰਹਿਣ ਕਰਕੇ ਲਗਾਤਾਰ ਇਹ ਵਿਰੋਧ ਤੇਜ਼ ਹੁੰਦਾ ਗਿਆ ਜਿਸ ਦੇ ਤਹਿਤ 26-27 ਨਵੰਬਰ 2020 ਨੂੰ ਦਿੱਲੀ ਕੂਚ ਕਰਨ ਦਾ ਸੱਦਾ ਦਿੱਤਾ ਗਿਆ। ਕਿਸਾਨ ਯੂਨੀਅਨਾਂ ਦਾ ਬਿਆਨ ਸੀ ਕਿ ਜਿੱਥੇ ਸਾਨੂੰ ਰੋਕ ਦਿੱਤਾ ਗਿਆ, ਅਸੀਂ ਉੱਥੇ ਹੀ ਪੱਕਾ ਧਰਨਾ ਲਾ ਦਵਾਂਗੇ ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇੰਨੀ ਵੱਡੀ ਗਿਣਤੀ ਵਿੱਚ ਕਾਫਲੇ ਦਿੱਲੀ ਨੂੰ ਕੂਚ ਕਰਨਗੇ ਅਤੇ ਇਸ ਤਰੀਕੇ ਕਰਨਗੇ। ਦਿੱਲੀ ਨੂੰ ਜਾਣ ਵਕਤ ਲੱਗੀਆਂ ਰੋਕਾਂ ਤੋੜਨ ਨੂੰ ਮਤਾ ਕੋਈ ਸਮਝੇ ਕਿ ਇਹ ਆਰਥਿਕ ਮਸਲੇ ਕਰ ਕੇ ਤੋੜੀਆਂ ਗਈਆਂ, ਹਿਸਾਬ ਕਿਤਾਬ ਦੇ ਮਸਲੇ ਹਿਸਾਬ ਕਿਤਾਬ ਦੀ ਸੂਰਤ ਵਿਚ ਹੀ ਨਜਿੱਠੇ ਜਾਂਦੇ ਨੇ, ਇਹ ਰੋਕਾਂ ਵੱਖਰੇ ਜਲੌਅ 'ਚੋਂ ਤੋੜੀਆਂ ਗਈਆਂ। ਜਦੋਂ ਗੁਰੂ ਪਾਤਸ਼ਾਹ ਦੀ ਕਲਾ ਵਰਤਦੀ ਹੈ ਫਿਰ ਕੁਦਰਤ ਵੀ ਸਾਥ ਦਿੰਦੀ ਹੈ। ਦਿੱਲੀ ਪਹੁੰਚੀ ਸੰਗਤ ਲਈ ਦਿੱਲੀ ਦੇ ਲੋਕ ਹਰ ਤਰਾਂ ਦੀ ਸਹਾਇਤਾ ਕਰਨ ਲੱਗੇ ਅਤੇ ਜੋ ਲੋਕ ਪਿੰਡ ਰਹਿ ਗਏ ਉਹ ਦਿੱਲੀ ਗਏ ਹੋਇਆਂ ਦੇ ਖੇਤ ਸਾਂਭਣ ਲੱਗੇ, ਉਹਨਾਂ ਦੇ ਪਸ਼ੂਆਂ ਦੀ ਦੇਖਭਾਲ ਕਰਨ ਲੱਗੇ। ਪਿੰਡਾਂ ਦੀ ਆਪਸੀ ਸਾਂਝ ਦੁਬਾਰਾ ਬਹਾਲ ਹੋਈ।

ਫਿਰ ਛੇਤੀ ਹੀ ਸਰਕਾਰ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਪ੍ਰੀਕਿਰਿਆ ਟੁੱਟ ਗਈ। ਇਨਾਂ ਮਹੀਨਿਆਂ ਵਿੱਚ ਸੰਘਰਸ਼ ਵਿੱਚ ਕਾਫੀ ਉਤਰਾਅ ਚੜਾਅ ਆਏ। ਬਹੁਤ ਕੁਝ ਸਹੀ ਵੀ ਹੋਇਆ, ਬਹੁਤ ਕੁਝ ਗਲਤ ਵੀ ਵਾਪਰਿਆ, ਬਹੁਤ ਕੁਝ ਸੁਧਾਰਿਆ ਵੀ ਗਿਆ ਅਤੇ ਬਹੁਤ ਕੁਝ ਬਿਨਾਂ ਵਿਚਾਰਿਆ ਵੀ ਰਹਿ ਗਿਆ। ਇਸੇ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਵੀ ਕਾਫੀ ਕੁਝ ਬਦਲਿਆ, ਬਹੁਤ ਜੋੜ-ਤੋੜ ਹੋਏ ਅਤੇ ਦੱਖਣੀ ਏਸ਼ੀਆ ਦੀ ਸਿਆਸਤ ਵਿੱਚ ਵੀ ਕਾਫੀ ਕੁਝ ਵਾਪਰਿਆ। ਅੱਜ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਂ ਅਚਾਨਕ ਇੰਡੀਆ ਦੇ ਪ੍ਰਧਾਨ ਮੰਤਰੀ ਨੇ ਤਿੰਨ ਖੇਤੀ ਕਾਨੂੰਨ ਵਾਪਿਸ ਲੈਣ ਦਾ ਐਲਾਨ ਕੀਤਾ। ਜਿਹੜੀ ਹਕੂਮਤ ਹੁਣ ਤੱਕ ਇੱਕ ਇੰਚ ਵੀ ਪਿੱਛੇ ਹਟਣ ਦੇ ਹੱਕ ਵਿੱਚ ਨਹੀਂ ਸੀ ਉਸ ਵੱਲੋਂ ਇਹ ਐਲਾਨ ਕਰਨ ਨਾਲ ਨਵੀਂ ਚਰਚਾ ਛਿੜ ਗਈ ਹੈ। ਇਹ ਐਲਾਨ ਇਕਦਮ ਕਰਨਾ ਅਤੇ ਉਹ ਵੀ ਗੁਰੂ ਨਾਨਕ ਪਾਤਿਸਾਹ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 'ਤੇ ਕਰਨ ਨਾਲ ਸ਼ੋਸ਼ਲ ਮੀਡੀਆ ਉੱਤੇ ਕਾਫੀ ਚਰਚਾ ਚੱਲ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਮੋਦੀ ਨੇ ਕਿਸਾਨ ਯੂਨੀਅਨਾਂ ਨਾਲ ਬਿਨਾਂ ਕੋਈ ਗੱਲਬਾਤ ਕੀਤੇ ਗੁਰਪੁਰਬ ਉੱਤੇ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕਰਕੇ ਇਹ ਸੁਨੇਹਾ ਦਿੱਤਾ ਹੈ ਕਿ ਇਹ ਸੰਘਰਸ਼ ਮੁੱਖ ਰੂਪ'ਚ ਸਿੱਖ ਕਿਸਾਨਾਂ ਦਾ ਹੀ ਸੀ। ਇਸ ਲਈ ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਨੂੰ ਤੋਹਫ਼ਾ ਦੇਣ ਲਈ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਦਿਨ ਚੁਣਿਆ, ਕੋਈ ਹੋਰ ਦਿਨ ਨਹੀਂ ਚੁਣਿਆ। ਇੱਕ ਇਹ ਵੀ ਪੱਖ ਆ ਰਿਹਾ ਹੈ ਕਿ ਗੁਰਪੁਰਬ ਮੌਕੇ ਲਾਂਘਾ ਖੋਲਣਾ ਅਤੇ ਕਨੂੰਨ ਵਾਪਸ ਲੈਣੇ ਇਸ ਗੱਲ ਦੀ ਗਵਾਹੀ ਹਨ ਕਿ ਹਕੂਮਤ ਜਾਣਦੀ ਹੈ ਕਿ ਅੱਗੇ ਕੌਣ ਖੜੇ ਹਨ। ਹਕੂਮਤ ਦਾ ਹਿੱਸਾ ਵੱਡੇ ਚਿਹਰਿਆਂ ਨੇ ਮੋਦੀ ਨੂੰ ਸਪਸ਼ਟ ਲਫਜਾਂ ਵਿਚ ਕਿਹਾ ਸੀ ਕਿ ਸਿੱਖਾਂ ਨੂੰ ਨਹੀਂ ਹਰਾਇਆ ਜਾ ਸਕਦਾ। ਇੱਕ ਚਰਚਾ ਇਹ ਵੀ ਚੱਲ ਰਹੀ ਹੈ ਕਿ ਚੀਨ ਦੇ ਹਮਲਾਵਰ ਰਵਈਏ ਸਮੇਂ ਫੌਜ ਦੇ ਉਚ ਅਧਿਕਾਰੀਆਂ ਵਲੋਂ ਇਹ ਸੁਨੇਹਾ ਲਾਉਣਾ ਕਿ ਕਿਸਾਨੀ ਮਸਲਾ ਫੌਜ ਦੀ ਮਾਨਸਿਕਤਾ 'ਤੇ ਅਸਰ ਪਾ ਰਿਹਾ ਹੈ ਸਰਕਾਰ ਲਈ ਵੱਡੀ ਸਿਰਦਰਦੀ ਬਣ ਚੁੱਕਾ ਸੀ। ਚੀਨ ਵੱਲੋਂ ਖ਼ਤਰੇ ਨੂੰ ਦੇਖਦੇ ਹੋਏ ਇੰਡੀਆ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਸਿੱਖਾਂ ਨੂੰ ਹੋਰ ਜ਼ਿਆਦਾ ਨਿਰਾਸ਼ ਨਹੀਂ ਕੀਤਾ ਜਾ ਸਕਦਾ ਅਤੇ ਕਨੂੰਨ ਵਾਪਸ ਲੈ ਲਏ ਹਨ। ਇਸ ਗੱਲ ਉੱਤੇ ਵੀ ਚਰਚਾ ਹੋ ਰਹੀ ਹੈ ਕਿ ਕਾਨੂੰਨ ਰੱਦ ਹੋਣ ਦੇ ਐਲਾਨ ਤੋਂ ਬਾਅਦ ਹੁਣ ਭਾਜਪਾ ਵੱਡੀ ਤਿਆਰੀ ਨਾਲ ਚੋਣ ਮੈਦਾਨ ਵਿਚ ਕੁੱਦੇਗੀ। ਸਾਹਿਤ, ਖੇਡਾਂ, ਵਪਾਰ, ਸੱਭਿਆਚਾਰ, ਰਾਜਨੀਤੀ, ਸਮਾਜ ਸੇਵਾ ਆਦਿ ਨਾਲ ਜੁੜੇ ਵੱਡੇ ਚਿਹਰੇ ਭਾਜਪਾ ਦਾ ਪੱਲਾ ਫੜਨਗੇ ਜੋ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਕਰਕੇ ਚੁੱਪ ਬੈਠੇ ਸਨ। ਪੰਜਾਬ ਦੀ ਸਿਆਸਤ 'ਚ ਵੱਡਾ ਹੇਰ-ਫੇਰ ਦੇਖਣ ਨੂੰ ਮਿਲੇਗਾ।

ਫਿਲਹਾਲ ਹਕੀਕਤ ਇਹ ਹੈ ਕਿ ਕਨੂੰਨ ਰੱਦ ਕਰਨ ਦਾ ਅਜੇ ਸਿਰਫ ਐਲਾਨ ਹੋਇਆ ਹੈ ਰੱਦ ਨਹੀਂ ਕੀਤੇ ਗਏ। ਭਾਵੇਂ ਕਿਹਾ ਗਿਆ ਹੈ ਕਿ ਇਸ ਮਹੀਨੇ ਦੇ ਅਖੀਰ ਵਿੱਚ ਕਨੂੰਨ ਰੱਦ ਕਰਨ ਦੀ ਪ੍ਰੀਕਿਰਿਆ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ ਪਰ ਮੋਦੀ ਸਰਕਾਰ ਵੱਲੋਂ ਗੁਰੂ ਨਾਨਕ ਪਾਤਿਸਾਹ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ ਵੀ ਸਿੱਖ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਗੱਲ ਕਹੀ ਗਈ ਸੀ, ਉਹ ਗੱਲ ਅੱਜ ਤੱਕ ਅਮਲ ਵਿੱਚ ਨਹੀਂ ਲਿਆਂਦੀ ਗਈ। ਹੋਣਾ ਕੀ ਹੈ ਉਹ ਸਮੇਂ ਦੇ ਗਰਭ ਵਿੱਚ ਹੈ। ਪੰਜਾਬ ਦੀ ਸਿਆਸਤ ਵਿੱਚ ਪਏ ਹੋਏ ਖਿਲਾਰੇ ਨੂੰ ਇਹ ਐਲਾਨ ਬਿਨਾਂ ਸ਼ੱਕ ਕਾਫੀ ਪ੍ਰਭਾਵਿਤ ਕਰੇਗਾ। ਆਉਣ ਵਾਲੇ ਦਿਨਾਂ ਵਿੱਚ ਇਸ ਐਲਾਨ ਦੇ ਅਸਰ ਸਾਹਮਣੇ ਆਉਣਗੇ।

# ਮੋਦੀ ਨੇ ਮੰਨਿਆ: ਅਸੀਂ ਹਾਰੇ ਕਿਸਾਨ ਜਿੱਤੇ

## ✪ ਹੁਣ ਸਿਆਸੀ ਘਮਸਾਨ ਕਿਹੋ ਜਿਹਾ ਹੋਊ ? ✪ ਕੀ ਮੁਰਦਾ ਭਾਜਪਾ ਵਿੱਚ ਨਵੀਂ ਜਾਨ ਆਈ ? ✪ ਕੀ ਮਾਰਲ ਡਿਪਲੋਮੇਸੀ ਦੀ ਨਵੀਂ ਪ੍ਰਭਾਤ ?

**ਕਰਮਜੀਤ ਸਿੰਘ ਚੰਡੀਗੜ੍ਹ**

**9915091063**

ਹੈਰਾਨੀਜਨਕ ਕਾਰਨਾਮਾ ? ਗਜ਼ਬ ਦੀ ਚਾਲ ? ਗਹਿਰਾ ਵਾਰ ? ਕਮਾਲੋਂ ਕਮਾਲ ?ਵੱਡੀ ਰਾਜਨੀਤਕ ਚਾਲ ?

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਕਾਲੇ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਦੀ ਪ੍ਰਤੀਕਿਰਿਆ ਵਿੱਚ ਦਿੱਤੇ ਗਏ ਉਪਰੋਕਤ ਸ਼ਬਦਾਂ ਜਾਂ ਟਿੱਪਣੀਆਂ ਵਿੱਚੋਂ ਤੁਸੀਂ ਕਿਸ ਟਿੱਪਣੀ ਨਾਲ ਖਲੋਂਦੇ ਹੋ ? ਜਾਂ ਕੋਈ ਵੱਖਰੀ ਗੱਲ ਕਰਨਾ ਚਾਹੁੰਦੇ ਹੋ ?

ਐਲਾਨ ਲਈ ਆਖਿਰਕਾਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਨੂੰ ਹੀ ਕਿਉਂ ਚੁਣਿਆ ਗਿਆ ? ਇੱਕ ਗੱਲ ਤਾਂ ਸਪਸ਼ਟ ਹੈ ਕਿ ਇਸ "ਸਦਾਚਾਰਕ ਕੂਟਨੀਤੀ" ਵਿੱਚ ਇੱਕੋ ਤੀਰ ਨਾਲ ਕਈ ਸ਼ਿਕਾਰ ਮਾਰ ਲਏ ਗਏ ਹਨ।ਕਿਸੇ ਨੂੰ ਵੀ ਇਹ ਸਮਝ ਨਹੀਂ ਆ ਰਿਹਾ ਕਿ ਦੁਸ਼ਮਣ ਨੂੰ ਵਧਾਈ ਦਿੱਤੀ ਜਾਵੇ ਤਾਂ ਕਿਵੇਂ ਦਿੱਤੀ ਜਾਵੇ ?

ਸੱਤ ਸੌ ਤੋਂ ਉੱਪਰ ਕਿਸਾਨਾਂ ਨੇ ਇਸ ਇਤਿਹਾਸਕ ਸੰਘਰਸ਼ ਵਿਚ ਆਪਣੀ ਕੁਰਬਾਨੀ ਦਿੱਤੀ ਹੈ। ਕੀ ਇਸ ਐਲਾਨ ਵਿੱਚ ਨਰਿੰਦਰ ਮੋਦੀ ਇਕ ਤਰ੍ਹਾਂ ਨਾਲ ਅਸਿੱਧੇ ਰੂਪ ਵਿੱਚ ਆਪਣੀ ਹਾਰ ਮੰਨ ਰਹੇ ਹਨ ?

ਰਾਜਨੀਤਕ ਵਿਗਿਆਨ ਦੇ ਮਾਹਿਰ, ਕਿਸਾਨ ਆਗੂ ਅਤੇ ਕਹਿੰਦੇ ਕਹਾਉਂਦੇ ਵਿਦਵਾਨਾਂ ਤੇ ਸਿਆਸਤਦਾਨਾਂ ਨੂੰ ਵੀ ਇਹ ਪਤਾ ਨਹੀਂ ਲੱਗਦਾ ਕਿ ਇਸ ਐਲਾਨ ਲਈ ਕਿਹੋ ਜਿਹੀ ਢੁੱਕਵੀਂ ਸ਼ਬਦਾਵਲੀ ਵਰਤੀ ਜਾਵੇ ਕਿ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਬਚੀ ਰਹੇ। ਕੀ ਸੱਚਮੁੱਚ ਇਹ ਮੋਦੀ ਦੀ ਜਿੱਤ ਦਾ ਐਲਾਨ ਹੈ ? ਜਾਂ ਕੀ ਹਾਰ ਜਿੱਤ ਦੇ ਲਫ਼ਜ਼ ਇਸ ਘਟਨਾ ਦੀ ਵਿਆਖਿਆ ਨਾਲ ਪੂਰਾ ਇਨਸਾਫ਼ ਨਹੀਂ ਕਰਦੇ ? ਫਿਰ ਇਸ ਸਥਿਤੀ ਦੀ ਵਿਆਖਿਆ ਕਿਵੇਂ ਕੀਤੀ ਜਾਵੇ ਜਿਸ ਵਿੱਚ ਇਤਿਹਾਸ ਦੇ ਨਾਂਹ ਪੱਖੀ ਤੇ ਹਾਂ ਪੱਖੀ ਦੋਵੇਂ ਸਵਾਦ ਚੱਖੇ ਜਾ ਸਕਦੇ ਹੋਣ ?

ਇਹ ਉਸ ਤਰ੍ਹਾਂ ਦੀ ਗਜ਼ਬ ਦੀ ਚਾਲ ਹੈ ਜੋ ਸ਼ੈਕਸਪੀਅਰ ਦੇ ਮਹਾਨ ਨਾਟਕ "ਜੂਲੀਅਸ ਸੀਜ਼ਰ" ਨਾਲ ਮਿਲਦੀ ਜੁਲਦੀ ਜਾਪਦੀ ਹੈ,ਜਿਸ ਵਿੱਚ ਸੀਜ਼ਰ ਦੇ ਕਤਲ ਵਿਚ ਕੂਟਨੀਤਕ ਚਾਲਾਂ ਦੇ ਮਾਹਰ ਅਤੇ ਜਰਨੈਲ ਐਂਥਨੀ,ਸੀਜ਼ਰ ਦੀ ਲਾਸ਼ ਨੂੰ ਆਪਣੇ ਹੱਥਾਂ ਨਾਲ ਚੁੱਕ ਕੇ ਇਹੋ ਜਿਹੀ ਜਜ਼ਬਾਤੀ ਤਕਰੀਰ ਕਰਦਾ ਹੈ ਕਿ ਜਿਤ ਦੇ ਐਨ ਕਰੀਬ ਪਹੁੰਚੇ ਅਤੇ ਰੋਮ ਦੀ ਸਲਤਨਤ ਦੇ ਸੱਚੇ ਸੁੱਚੇ ਅਤੇ ਹਰਮਨ ਪਿਆਰੇ ਇਨਸਾਨ ਬਰੂਟਸ ਨੂੰ ਥਾਏਂ ਹੀ ਚਿੱਤ ਕਰ ਦਿੰਦਾ ਹੈ ਅਤੇ ਇੰਜ ਲੜਾਈ ਦਾ ਸਾਰਾ ਪਾਸਾ ਹੀ ਪਲਟ ਜਾਂਦਾ ਹੈ। ਸਿਰਫ਼ ਜੰਗ ਦਾ ਪਾਸਾ ਹੀ ਨਹੀਂ ਪਲਟਦਾ ਸਗੋਂ ਰਾਜਨੀਤਕ ਮਨੋਵਿਗਿਆਨੀਆਂ ਤੇ ਕੂਟਨੀਤੀ ਦੇ ਮਾਹਰਾਂ ਲਈ ਕਈ ਸਵਾਲ ਖੜ੍ਹੇ ਕਰ ਦਿੰਦਾ ਹੈ ਜੋ ਅੱਜ ਤੱਕ ਵੀ ਕੀਤੇ ਜਾਂਦੇ ਹਨ।

ਮੈਂ ਅੱਜਕੱਲ੍ਹ ਦੋ ਮਸ਼ਹੂਰ ਕਿਤਾਬਾਂ- ਮੋਦਿ'ਸ ਨਦਿਓ (ਲੇਖਕ-ਛਹਰਿਸਟੋਪਹਏ ਜਓਡਡਰਏਲੋਟ) ਅਤੇ ਟਹਏ ੌਸਓਮਓ ਬਿਨ ਲਓਦਏਨ ਓਸ ੀ ਕਨੋਾ (ਲੇਖਕ-ਪਏਟਏਰ ਲ.ਬਏਰਗਏਨ)ਪੜ ਰਿਹਾ ਹਾਂ। 600 ਤੋਂ ਉਪਰ ਪੰਨਿਆਂ ਵਿੱਚ ਫੈਲੀ "ਮੋਦੀ ਦਾ ਭਾਰਤ" ਵਿਚ ਸਾਰੀ ਕਿਤਾਬ ਮੋਦੀ ਦੇ ਖ਼ਿਲਾਫ਼ ਹੀ ਪ੍ਰਕਰਮਾ ਕਰਦੀ ਹੈ ਅਤੇ ਕਿਸੇ ਥਾਂ ਵੀ ਤੱਥਾਂ ਨੂੰ ਨਜ਼ਰਅੰਦਾਜ਼ ਨਹੀਂ ਕਰਦੀ। ਇਹ ਕਿਤਾਬ ਚਿਤਾਵਨੀ ਦੇ ਰਹੀ ਹੈ ਕਿ ਭਾਰਤ ਵਿੱਚ "ਐਥਨਿਕ ਡੈਮੋਕਰੇਸੀ" ਦਾ ਨਵਾਂ ਦੌਰ ਆ ਰਿਹਾ ਹੈ ਜਿਸ ਵਿਚ ਹੋਰਨਾਂ ਦੀ ਗੱਲ ਬਹੁਗਿਣਤੀ ਹਿੰਦੂਆਂ ਦੇ ਅਧੀਨ ਹੋ ਕੇ ਹੀ ਸੁਣੀ,ਮੰਨੀ ਤੇ ਵਿਚਾਰੀ ਜਾਵੇਗੀ।

ਇਸ ਕਿਤਾਬ ਵਿੱਚ ਇੱਕ ਹੋਰ ਗੱਲ। ਮੋਦੀ ਦੀ ਉਲਟ-ਇਤਿਹਾਸਕ ਚੜ੍ਹਤ ਵਿੱਚ ਸਿਰ ਤੋਂ ਪੈਰਾਂ ਤਕ ਤਾਨਾਸ਼ਾਹੀ- ਤਾਨਾਸ਼ਾਹੀ ਰਾਜ ਕਰਦੀ ਹੈ- ਅਜਿਹੀ ਤਾਨਾਸ਼ਾਹੀ ਜਿਸ ਵਿੱਚ ਕਈ ਵਾਰ ਆਰਐੱਸਐੱਸ ਵੀ ਆਪਣੇ ਆਪ ਨੂੰ ਖੂੰਜੇ ਲੱਗੀ ਮਹਿਸੂਸ ਕਰਨ ਲੱਗ ਜਾਂਦੀ ਹੈ। ਹੁਣ ਵੇਖਣਾ ਇਹ ਹੈ ਕਿ ਕੀ ਕਾਲੇ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਵਿਚ ਮੋਦੀ ਇਕ "ਦਿਆਲੂ ਤਾਨਾਸ਼ਾਹ" ਹੋ ਨਿੱਬੜਦਾ ਹੈ।

ਮਾਣ ਕਰਨ ਵਾਲਾ ਇਤਿਹਾਸਕ ਸੱਚ ਇਹ ਹੈ ਕਿ ਕਿਸਾਨ ਕੜਕਦੀਆਂ ਧੁੱਪਾਂ ਵਿਚ ਖੜ੍ਹੇ ਰਹੇ,ਤੇਜ਼ ਬਾਰਸ਼ਾਂ ਵੀ ਉਨ੍ਹਾਂ ਦੇ ਇਰਾਦੇ ਨੂੰ ਰੋਕ ਨਾ ਸਕੀਆਂ,ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀਆਂ ਸਿਆਲ ਦੀਆਂ ਠੰਢੀਆਂ ਰਾਤਾਂ ਵਿੱਚ ਵੀ ਉਹ ਅਡੋਲ ਰਹੇ। ਉਹ ਕਿਹੜੇ ਕੋਝੇ,ਬੇਹੂਦੀ ਕਿਸਮ ਦੇ ਮਜ਼ਾਕ,ਮਖੌਲ ਤੇ ਇਲਜ਼ਾਮ ਸਨ ਜੋ ਉਨ੍ਹਾਂ ਨੂੰ ਨਹੀਂ ਕੀਤੇ ਗਏ। ਕਦੇ ਅੱਤਵਾਦੀ, ਕਦੇ ਮਾਓਵਾਦੀ,ਕਦੇ ਖ਼ਾਲਿਸਤਾਨੀ,ਕਦੇ ਚੀਨ ਤੇ ਪਾਕਿਸਤਾਨ ਦੇ ਏਜੰਟ,ਕਦੇ ਅੰਦੋਲਨ ਪਰਜੀਵੀ,ਅਤੇ ਹੋਰ ਕਈ ਤਰ੍ਹਾਂ ਦੇ ਕੋਝੇ ਮਜ਼ਾਕ ਉਨ੍ਹਾਂ ਨੇ ਹੱਸ ਕੇ ਆਪਣੀ ਝੋਲੀ ਵਿੱਚ ਪਵਾਏ।ਪਰ ਸਿੱਧ ਕਰ ਦਿੱਤਾ ਕਿ ਕਿਸਾਨ ਰਾਜਨੀਤਕ ਤੇ ਸਦਾਚਾਰਕ ਤੌਰ ਤੇ ਹੁਣ ਉੱਭਰ ਰਹੀ ਤਾਕਤ ਹਨ।

ਨਰਿੰਦਰ ਮੋਦੀ ਦੇ ਐਲਾਨ ਨੂੰ ਗੰਭੀਰਤਾ ਅਤੇ ਗਹਿਰਾਈ ਵਿੱਚ ਸੋਚਣ ਤੇ ਵਿਆਖਿਆ ਕਰਨ ਵਾਲੇ ਪੰਜ ਵਿਦਵਾਨਾਂ ਨਾਲ ਮੈਂ ਮੁਲਾਕਾਤ ਕੀਤੀ। ਇਹ ਸਾਰੇ ਵਿਦਵਾਨ ਪੰਜਾਬ ਦੀ ਰਾਜਨੀਤੀ, ਧਰਮ, ਇਤਿਹਾਸ ਅਤੇ ਸਭਿਆਚਾਰ ਵਿੱਚ ਡੂੰਘੀ ਦਿਲਚਸਪੀ ਰੱਖਦੇ ਹਨ ਅਤੇ ਗਾਹੇ ਬਗਾਹੇ ਵੱਖ ਵੱਖ ਚੈਨਲਾਂ ਤੇ ਅਕਸਰ ਹੀ ਆਪਣੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਇਨ੍ਹਾਂ ਵਿਚ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ,ਡਾਕਟਰ ਸੁਖਦਿਆਲ ਸਿੰਘ, ਡਾਕਟਰ ਜਮਸ਼ੇਦ ਅਲੀ ਖਾਨ, ਡਾਕਟਰ ਕੇਹਰ ਸਿੰਘ ਅਤੇ ਭਾਈ ਹਰਸਿਮਰਨ ਸਿੰਘ ਸ਼ਾਮਲ ਹਨ।ਇਨ੍ਹਾਂ ਦੀਆਂ ਕੁਝ ਟਿੱਪਣੀਆਂ ਦਿਲਚਸਪ ਵੀ ਹਨ ਅਤੇ ਇਨ੍ਹਾਂ ਵਿੱਚ ਆਪਣੀ ਕਿਸਮ ਦੇ ਸੂਖਮ ਤਨਜ਼ ਤੇ ਮਖੌਲ ਦੇ ਅੰਸ਼ ਵੀ ਸ਼ਾਮਲ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਤਿਹਾਸ ਦੇ ਸਾਬਕਾ ਪ੍ਰੋਫੈਸਰ ਅਤੇ ਕਈ ਕਿਤਾਬਾਂ ਦੇ ਲੇਖਕ ਡਾ. ਸੁਖਦਿਆਲ ਸਿੰਘ ਮਹਿਸੂਸ ਕਰਦੇ ਹਨ ਕਿ ਇਸ ਐਲਾਨ ਨਾਲ ਸਿੱਖਾਂ ਦੀ ਚੜ੍ਹਦੀ ਕਲਾ ਹੋਈ ਹੈ, ਕਿਉਂਕਿ ਇਕ ਨਜ਼ਰੀਏ ਤੋਂ ਕਿਸਾਨ ਅੰਦੋਲਨ ਨੂੰ ਅੰਤਰਰਾਸ਼ਟਰੀ ਖੇਤਰਾਂ ਵਿਚ ਮੁੱਖ ਤੌਰ ਤੇ ਸਿੱਖਾਂ ਦੀ ਤਹਿਰੀਕ ਹੀ ਸਮਝਿਆ ਜਾਂਦਾ ਹੈ।ਜਦੋਂ ਇਹ ਪੁੱਛਿਆ ਗਿਆ ਕਿ ਕੀ ਇਸ ਐਲਾਨ ਨਾਲ ਰਾਜਨੀਤਕ ਸਮੀਕਰਨ ਉਲਟੇ ਪੁਲਟੇ ਹੋ ਗਏ ਤਾਂ ਉਨ੍ਹਾਂ ਨੇ ਝਟ ਪਟ ਮੋੜਵਾਂ ਜਵਾਬ ਦਿੱਤਾ ਕਿ "ਉਲਟੇ ਪੁਲਟੇ ਨਹੀਂ ਹੋਏ ਸਗੋਂ ਉਲਟੇ ਪੁਲਟੇ ਕਰ ਦਿੱਤੇ ਗਏ ਹਨ"ਡਾਕਟਰ ਸਾਹਿਬ ਨੇ ਮੋਦੀ ਦੀ ਤਕਰੀਰ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਭਾਸ਼ਣ ਦਾ ਇੱਕ ਇੱਕ ਲਫ਼ਜ਼ ਬਕਾਇਦਾ ਤੋਲ ਮਿਣ ਕੇ ਤਿਆਰ ਕੀਤਾ ਗਿਆ ਜਾਪਦਾ ਹੈ।ਇਸ ਵਿੱਚ ਕੁਝ ਸੁਲਝੇ ਹੋਏ ਸਲਾਹਕਾਰਾਂ ਦਾ ਜ਼ਰੂਰ ਹੱਥ ਹੋਵੇਗਾ। ਡਾਕਟਰ ਸਾਹਿਬ ਨੇ ਸੁਝਾਅ ਦਿੱਤਾ ਹੈ ਕਿ ਸਮੇਂ ਦੀ ਲੋੜ ਹੈ ਕਿ ਮੋਦੀ ਦੇ ਨੇੜੇ ਹੋ ਕੇ ਸਿੱਖਾਂ ਨੂੰ ਆਪਣੀਆਂ ਕੁਝ ਅਹਿਮ ਮੰਗਾਂ ਮਨਵਾਉਣ ਲਈ ਸਾਂਝੇ ਤੌਰ ਤੇ ਕਦਮ ਚੁੱਕਣੇ ਚਾਹੀਦੇ ਹਨ। ਪਰ ਸਿੱਖਾਂ ਵਿਚ ਕੋਈ ਅਜਿਹਾ ਲੀਡਰ ਨਹੀਂ ਜੋ ਜਥੇ ਨਾਲ ਅਤੇ ਕਾਬਲੀਅਤ ਰੱਖਦਾ ਹੋਇਆ ਕੇਂਦਰ ਨਾਲ ਗੱਲ ਕਰ ਸਕਦਾ ਹੋਵੇ। ਇਹ ਸਿੱਖਾਂ ਦਾ ਬਹੁਤ ਵੱਡਾ ਦੁਖਾਂਤ ਹੈ।

ਰਾਜਨੀਤਕ ਵਿਗਿਆਨ ਦੇ ਸਾਬਕਾ ਪ੍ਰੋਫੈਸਰ ਡਾਕਟਰ ਕੇਹਰ ਸਿੰਘ ਵੀ ਇਸ ਐਲਾਨ ਨੂੰ ਹਾਂ ਪੱਖੀ ਨਜ਼ਰੀਏ ਤੋਂ ਲੈ ਰਹੇ ਹਨ, ਹਾਲਾਂਕਿ ਉਨ੍ਹਾਂ ਦਾ ਖਿਆਲ ਇਹ ਹੈ ਕਿ ਇਸ ਵਿਚ ਭਾਵੇਂ ਸ਼ਰਧਾ ਨਹੀਂ ਪਰ ਗੁਰੂ ਨਾਨਕ ਸਿੰਘ ਸਾਹਿਬ ਦੇ ਗੁਰਪੁਰਬ ਤੇ ਇਹੋ ਜਿਹੇ ਅਹਿਮ ਐਲਾਨ ਦਾ ਸਵਾਗਤ ਕਰਨਾ ਚਾਹੀਦਾ ਹੈ। ਜਦੋਂ ਇਹ ਸਵਾਲ ਕੀਤਾ ਗਿਆ ਕਿ ਕੀ ਇਸ ਐਲਾਨ ਨਾਲ ਪੰਜਾਬ ਵਿੱਚ ਖੂੰਜੇ ਲੱਗੀ ਭਾਜਪਾ ਵਿੱਚ ਨਵੀਂ ਜਾਨ,ਨਵਾਂ ਜੋਸ਼ ਆ ਸਕਦਾ ਹੈ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਭਾਵੇਂ ਰਾਜਨੀਤੀ ਵਿਚ ਉਨ੍ਹਾਂ ਦੀ ਪੂਰੀ ਤਰ੍ਹਾਂ ਖੁੱਸ ਚੁੱਕੀ ਥਾਂ ਕਿਸੇ ਹੱਦ ਤੱਕ ਬਹਾਲ ਹੋਈ ਹੈ, ਪਰ ਉਹ ਪੰਜਾਬ ਦੀ "ਸਿਆਸਤ ਦੇ ਕੇਂਦਰ ਦੇ ਕੇਂਦਰ ਵਿਚ ਅਜੇ ਵੀ ਨਹੀਂ ਹਨ" ।ਡਾਕਟਰ ਕੇਹਰ ਸਿੰਘ ਇਹ ਤੱਥ ਵੀ ਸਵੀਕਾਰ ਕਰਦੇ ਹਨ ਕਿ ਮੋਦੀ ਆਪਣੀ ਮਰਜ਼ੀ ਦੇ ਮਾਲਕ ਹਨ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੇ ਅਜੇ ਤਕ ਇਕ ਵੀ ਪ੍ਰੈੱਸ ਕਾਨਫ਼ਰੰਸ ਨਹੀਂ ਕੀਤੀ ਅਤੇ ਇਹ ਵੀ ਸੱਚਾਈ ਹੈ ਕਿ ਉਨ੍ਹਾਂ ਦਾ ਕੱਦ ਬੁੱਤ ਆਰਐੱਸਐੱਸ ਨਾਲੋਂ ਵੀ ਉੱਤੇ ਚਲਾ ਗਿਆ ਹੈ,ਭਾਵੇਂ ਆਰਐੱਸਐੱਸ ਉਨ੍ਹਾਂ ਦੀ ਸਮਰਥਕ ਹੀ ਹੈ। ਉਨ੍ਹਾਂ ਕਿਹਾ ਕਿ ਇਸ ਐਲਾਨ ਵਿਚ ਕਿਸਾਨਾਂ ਦੀ ਇਖ਼ਲਾਕੀ ਜਿੱਤ ਹੋਈ ਹੈ ਅਤੇ ਸਰਕਾਰ ਦੀ ਇਖ਼ਲਾਕੀ ਹਾਰ।

ਦੂਜੇ ਪਾਸੇ ਡਾ ਜਮਸ਼ੇਦ ਅਲੀ ਖ਼ਾਨ ਜਿਨ੍ਹਾਂ ਨੇ ਅਕਾਲੀ ਰਾਜਨੀਤੀ ਉੱਤੇ ਇੱਕ ਕਿਤਾਬ ਵੀ ਲਿਖੀ ਹੈ,ਉਹ ਇਸ ਐਲਾਨ ਨੂੰ ਇਕ ਪਾਸੜ ਐਲਾਨ ਦੇ ਸ਼ਬਦਾਂ ਨਾਲ ਤੁਲਨਾ ਦਿੰਦੇ ਹਨ ਅਤੇ ਅਤੇ "ਇਹੋ ਜਿਹਾ ਐਲਾਨ ਵੀ ਇੱਕ ਤਰ੍ਹਾਂ ਨਾਲ ਤਾਨਾਸ਼ਾਹੀ ਦਾ ਹੀ ਰੂਪ ਹੁੰਦਾ ਹੈ"। ਜਦੋਂ ਉਨ੍ਹਾਂ ਨੂੰ ਤਾਨਾਸ਼ਾਹੀ ਸ਼ਬਦ ਦੀ ਵਿਆਖਿਆ ਕਰਨ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਨਰਿੰਦਰ ਮੋਦੀ ਨੇ ਕੋਈ ਵੀ ਅਜਿਹਾ ਜਮਹੂਰੀ ਅਮਲ ਨਹੀਂ ਅਪਨਾਇਆ ਜਿਸ ਵਿਚ ਕਿਸਾਨਾਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਹੋਵੇ ਅਤੇ ਫਿਰ ਫ਼ੈਸਲੇ ਦਾ ਐਲਾਨ ਕੀਤਾ ਜਾਵੇ। ਇਹੋ ਜਿਹਾ ਜਮਹੂਰੀ ਅਮਲ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਸ਼ਾਮਲ ਹੀ ਨਹੀਂ। ਉਨ੍ਹਾਂ ਕਿਹਾ ਕਿ ਇਹ ਐਲਾਨ ਰਾਜਨੀਤਕ ਮਜਬੂਰੀ ਵੀ ਹੈ ਕਿਉਂਕਿ ਅੰਤਰਰਾਸ਼ਟਰੀ ਪੱਧਰ ਤੇ ਵੀ ਮੋਦੀ ਦੀ ਸਾਖ਼ ਡਿੱਗਦੀ ਜਾ ਰਹੀ ਸੀ ਅਤੇ ਸਿੱਖ ਥਾਂ ਥਾਂ ਜਿੱਥੇ ਕਿਤੇ ਵੀ ਨਰਿੰਦਰ ਮੋਦੀ ਜਾਂਦੇ ਸਨ, ਉਨ੍ਹਾਂ ਵਿਰੁੱਧ ਜ਼ਬਰਦਸਤ ਰੋਸ ਵਿਖਾਵੇ ਕਰਦੇ ਸਨ।

"ਇੰਡੀਆ ਕੁਮਿਟਸ ਸੁਇਸਾਈਡ" ਵਰਗੀ ਚਰਚਿਤ ਪੁਸਤਕ ਦੇ ਲੇਖਕ ਅਤੇ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਇਸ ਐਲਾਨ ਨੂੰ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖ ਰਹੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਇਹ ਐਲਾਨ "ਕੌਟੱਲਿਆ ਰਾਜਨੀਤੀ" ਦਾ ਹੀ ਹਿੱਸਾ ਹੈ ਜਿਸ ਵਿਚ ਮੰਜ਼ਿਲ ਤੇ ਪਹੁੰਚਣਾ ਹੀ ਮੁੱਖ ਨਿਸ਼ਾਨਾ ਹੁੰਦਾ ਹੈ,ਭਾਵੇਂ ਉਸ ਨਿਸ਼ਾਨੇ ਨੂੰ ਹਾਸਲ ਕਰਨ ਲਈ ਢੰਗ ਤਰੀਕੇ ਕਿਹੋ ਜਿਹੇ ਵੀ ਹੋਣ। ਉਨ੍ਹਾਂ ਨੇ ਆਰਐੱਸਐੱਸ ਦੇ ਸਿਧਾਂਤਕਾਰ ਸਾਵਰਕਰ ਦੀ ਮਿਸਾਲ ਦਿੱਤੀ ਜੋ ਅੰਗਰੇਜ਼ ਹਕੂਮਤ ਤੋਂ ਮਾਫ਼ੀਆ ਵੀ ਮੰਗਦੇ ਰਹੇ ਹਨ,ਉਨ੍ਹਾਂ ਦੀ ਤਾਰੀਫ ਵੀ ਕਰਦੇ ਰਹੇ ਹਨ ਅਤੇ ਜੇਲ੍ਹ ਚੋਂ ਬਾਹਰ ਆ ਕੇ ਵਿਰੋਧ ਵੀ ਕਰਦੇ ਰਹੇ ਹਨ। ਇਹ ਕੁਟੱਲਿਆ ਰਾਜਨੀਤੀ ਦੀ ਹੀ ਢੁੱਕਵੀਂ ਮਿਸਾਲ ਹੈ। ਡਾਕਟਰ ਢਿੱਲੋਂ ਮੁਤਾਬਕ ਮੋਦੀ ਨੂੰ ਇਹ ਖਬਰਾਂ ਮਿਲ ਰਹੀਆਂ ਸਨ ਕਿ ਯੂ.ਪੀ ਹੱਥੋਂ ਨਿਕਲ ਰਹੀ ਹੈ। ਉਥੇ ਅਖਿਲੇਸ਼ ਦਿਨ ਬਦਿਨ ਤਾਕਤਵਰ ਬਣਦਾ ਜਾ ਰਿਹਾ ਹੈ।ਮੋਦੀ ਨੂੰ ਇਹ ਡਰ ਲਗਾਤਾਰ ਖਾਈ ਜਾ ਰਿਹਾ ਸੀ ਕਿ ਜੇਕਰ ਯੂਪੀ ਵਿੱਚ ਉਹ ਹਾਰ ਗਏ ਤਾਂ ਉਨ੍ਹਾਂ ਦਾ ਰਾਜਨੀਤਕ ਢਾਂਚਾ ਹੀ ਡਗਮਗਾ ਜਾਵੇਗਾ।

**ਬਾਕੀ ਸਫ਼ਾ 30 'ਤੇ**

# ਪੰਜਾਂ ਸੂਬਿਆਂ ਵਿਚ ਭਾਜਪਾ ਲਈ ਚੁਣੌਤੀ ਵਧੀ

**ਅਭੈ ਕੁਮਾਰ ਦੂਬੇ**

ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਮਨੀਪੁਰ ਅਤੇ ਗੋਆ ਵਿਚ ਵਿਧਾਨ ਸਭਾ ਚੋਣਾਂ ਲਈ ਬਕਾਇਦਾ ਚੋਣ ਮੁਹਿੰਮ ਸ਼ੁਰੂ ਹੋਣ ਵਿਚ ਅਜੇ ਤਕਰੀਬਨ ਤਿੰਨ ਮਹੀਨਿਆਂ ਦੀ ਦੇਰ ਹੈ। ਇਸ ਦੌਰਾਨ ਹੋਣ ਵਾਲੇ ਰਾਜਨੀਤਕ ਘਟਨਾਕ੍ਰਮ ਅਤੇ ਵੱਖ-ਵੱਖ ਪਾਰਟੀਆਂ ਦੀ ਚੋਣਾਵੀ ਵਿਉਂਤਬੰਦੀ ਦੇ ਅਸਰ ਦਾ ਸੁਰਾਗ ਦੇਣ ਲਈ ਸਰਵੇਖਣ ਹੋਣ ਲੱਗੇ ਹਨ। ਸੀਨੀਅਰ ਚੋਣ ਸ਼ਾਸਤਰੀ ਯਸ਼ਵੰਤ ਦੇਸ਼ਮੁੱਖ ਦੀ ਅਗਵਾਈ ਵਿਚ ਉਨਾਂ ਦੀ ਸੰਸਥਾ ਸੀ-ਵੋਟਰਜ਼ ਵਲੋਂ ਏ.ਬੀ.ਪੀ. ਚੈਨਲ ਲਈ ਸਤੰਬਰ ਤੋਂ ਹੀ ਸਰਵੇਖਣਾਂ ਦਾ ਇਕ ਸਿਲਸਿਲਾ ਚਲਾਇਆ ਗਿਆ। ਇਨਾਂ ਦੀ ਖ਼ਾਸੀਅਤ ਇਹ ਹੈ ਕਿ ਮਹੀਨਾ ਵਾਰ ਬਣਨ ਵਿਗੜਨ ਵਾਲੇ ਰਾਜਨੀਤਕ ਰੁਝਾਨਾਂ ’ਤੇ ਇਸ ਨਾਲ ਰੌਸ਼ਨੀ ਪੈ ਰਹੀ ਹੈ। ਇਸ ਨਾਲ ਇਹ ਵੀ ਪਤਾ ਲੱਗੇਗਾ ਕਿ ਕਦੋਂ, ਕਿਸ ਰਾਜਨੀਤਕ ਤਾਕਤ ਦੀ ਸਥਿਤੀ ਵਿਚ ਗਿਰਾਵਟ ਹੋਣੀ ਸ਼ੁਰੂ ਹੋਈ ਅਤੇ ਕਦੋਂ, ਕਿਸ ਨੇ ਆਪਣੀ ਹਾਲਤ ਸੁਧਾਰਨ ਦਾ ਸਿਲਸਿਲਾ ਸ਼ੁਰੂ ਕੀਤਾ। ਚਾਰ ਸੂਬਿਆਂ ਵਿਚ ਭਾਜਪਾ ਆਪਣੀ ਸਰਕਾਰ ਬਚਾਉਣ ਲਈ ਸੰਘਰਸ਼ ਕਰ ਰਹੀ ਹੈ ਅਤੇ ਇਕ ਸੂਬਾ (ਪੰਜਾਬ) ਵਿਚ ਕਾਂਗਰਸ।

ਸੀ-ਵੋਟਰ ਦੀ ਸਰਵੇਖਣ ਲੜੀ ਦੀ ਤੀਜੀ ਕੜੀ ਮੋਟੇ ਤੌਰ ’ਤੇ ਦੱਸਦੀ ਹੈ ਕਿ ਭਾਜਪਾ ਅਤੇ ਕਾਂਗਰਸ ਦੋਵਾਂ ਲਈ ਆਪਣੇ ਸੂਬਿਆਂ ਵਿਚ ਸਰਕਾਰਾਂ ਬਚਾਉਣਾ ਸੌਖਾ ਨਹੀਂ ਹੋਵੇਗਾ। ਦੋਵਾਂ ਖ਼ਿਲਾਫ਼ ‘ਐਂਟੀ-ਇਨਕੰਬੈਂਸੀ’ (ਸਰਕਾਰ ਵਿਰੋਧੀ ਭਾਵਨਾਵਾਂ) ਤਾਂ ਹਨ ਹੀ, ਦੋਵਾਂ ਪਾਰਟੀਆਂ ਦੀ ਸੰਗਠਨਾਤਮਿਕ ਤੰਦਰੁਸਤੀ ਵੀ ਪੂਰੀ ਤਰਾਂ ਨਾਲ ਠੀਕ ਨਹੀਂ ਹੈ, ਕਿਉਂਕਿ ਸੂਬਾ ਪੱਧਰ ’ਤੇ ਸੰਗਠਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਭਾਜਪਾ ਅਤੇ ਕਾਂਗਰਸ ਦੋਵੇਂ ਨਾਕਾਮ ਰਹੀਆਂ ਹਨ, ਇਸ ਲਈ ਉਨਾਂ ਦੀਆਂ ਸਰਕਾਰਾਂ ਦੇ ਪ੍ਰਦਰਸ਼ਨ ਅਤੇ ਅਕਸ ’ਤੇ ਵੀ ਉਲਟ ਅਸਰ ਪਿਆ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਇਹ ਪਾਰਟੀਆਂ ਆਪਣੇ ਸੂਬਿਆਂ ਵਿਚ ਯਕੀਨਨ ਹਾਰਨਗੀਆਂ ਹੀ। ਅਜੇ ਉਨਾਂ ਦੇ ਕੋਲ ਸੌ ਦਿਨ ਦਾ ਸਮਾਂ ਹੈ, ਜਿਸ ’ਚ ਉਹ ਜੇਕਰ ਕਰ ਸਕਣ ਤਾਂ ਉਹ ਕਮਾਲ ਕਰ ਸਕਦੀਆਂ ਹਨ, ਜੋ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਵਿਚ ਕਰਕੇ ਦਿਖਾਇਆ ਸੀ, ਭਾਵ ‘ਐਂਟੀ-ਇਨਕੰਬੈਂਸੀ’ ਨੂੰ ‘ਪ੍ਰੋ-ਇਨਕੰਬੈਂਸੀ’ ਵਿਚ ਬਦਲਣਾ।

ਜ਼ਾਹਰ ਹੈ ਕਿ ਇਨਾਂ ਪੰਜਾਂ ਸੂਬਿਆਂ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਉੱਤਰ ਪ੍ਰਦੇਸ਼ ਦੀਆਂ ਚੋਣਾਂ ਹਨ। 403 ਸੀਟਾਂ ਵਾਲੀ ਵਿਧਾਨ ਸਭਾ ਵਿਚ ਜੋ ਪਾਰਟੀ 202 ਜਾਂ ਉਸ ਤੋਂ ਜ਼ਿਆਦਾ ਸੀਟਾਂ ਲਵੇਗੀ, ਉਹ ਨਾ ਸਿਰਫ਼ ਉੱਤਰ ਪ੍ਰਦੇਸ਼ ’ਤੇ ਰਾਜ ਕਰੇਗੀ, ਸਗੋਂ ਰਾਸ਼ਟਰੀ ਪੱਧਰ ’ਤੇ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੋਵੇਗੀ। ਭਾਜਪਾ ਲਈ ਇਹ ਚੋਣਾਂ ਕਰੋ ਜਾਂ ਮਰੋ ਦੀ ਹੈਸੀਅਤ ਰੱਖਦੀਆਂ ਹਨ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੇ ਹੱਥੋਂ ਬੁਰੀ ਤਰਾਂ ਹਾਰਨ ਤੋਂ ਬਾਅਦ ਜੇਕਰ ਯੂ.ਪੀ. ਵਿਚ ਉਸ ਦਾ ਗ੍ਰਾਫ਼ ਹੇਠਾਂ ਗਿਆ ਤਾਂ ਪਾਰਟੀ ਵਿਚ ਭਾਜੜ ਮੱਚ ਜਾਵੇਗੀ। ਨਰਿੰਦਰ ਮੋਦੀ ਦੀ ਅਗਵਾਈ ’ਤੇ ਦਲ ਦੇ ਅੰਦਰ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਜਾਣਗੇ। ਅਜੇ ਪਾਰਟੀ ਦੇ ਅੰਦਰ ਤੇ ਬਾਹਰ ਇਕ ‘ਟੀਨਾ ਫੈਕਟਰ’ (ਵਿਕਲਪਹੀਣਤਾ ਵਾਲੀ ਸਥਿਤੀ) ਬਣੀ ਹੋਈ ਹੈ। ਉੱਤਰ ਪ੍ਰਦੇਸ਼ ਵਿਚ ਜੇਕਰ ਭਾਜਪਾ ਨੇ ਤਕੜੀ ਜਿੱਤ ਹਾਸਲ ਨਾ ਕੀਤੀ, ਤਾਂ ਇਹ ‘ਟੀਨਾ ਫੈਕਟਰ’ ਪਹਿਲਾਂ ਵਾਂਗ ਪ੍ਰਭਾਵੀ ਨਹੀਂ ਰਹਿ ਜਾਵੇਗਾ। ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਰਾਜਨੀਤੀ ਨੂੰ ਤਾਂ ਕਰਾਰਾ ਧੱਕਾ ਲੱਗੇਗਾ ਹੀ, ਪਿਛਲੇ ਸੱਤ ਸਾਲਾਂ ਵਿਚ ਇਹ ਭਾਜਪਾ ਦੀ ਸਭ ਤੋਂ ਕਰਾਰੀ ਹਾਰ ਹੋਵੇਗੀ। ਇਸ ਤੋਂ ਇਹ ਵੀ ਤੈਅ ਹੋ ਜਾਵੇਗਾ ਕਿ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਨਰਿੰਦਰ ਮੋਦੀ ਦਿੱਲੀ ਦੀ ਰਾਜਨੀਤੀ ਵਿਚ ਭਾਵੇਂ ਤਾਕਤਵਰ ਹੋਣ ਪਰ ਸੂਬਿਆਂ ਵਿਚ ਉਨਾਂ ਦੇ ਨਾਂ ’ਤੇ ਵੋਟਾਂ ਨਹੀਂ ਮਿਲਦੀਆਂ। ਇਸ ਰਾਜਨੀਤਕ ਸਥਿਤੀ ਦੀ ਰੌਸ਼ਨੀ ਵਿਚ ਦੇਖਣ ’ਤੇ ਸੀ-ਵੋਟਰ ਦੇ ਸਰਵੇਖਣ ਦੀ ਤੀਜੀ ਕੜੀ ਭਾਰਤੀ ਜਨਤਾ ਪਾਰਟੀ ਲਈ ਬਹੁਤ ਚਿੰਤਾਜਨਕ ਹੈ। ਜਿਸ ਪਾਰਟੀ ਨੇ 2017 ਵਿਚ ਚਾਲੀ ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਤਿੰਨ ਸੌ ਤੋਂ ਜ਼ਿਆਦਾ ਸੀਟਾਂ ਹਾਸਲ ਕੀਤੀਆਂ ਹੋਣ, ਉਸ ਨੂੰ ਇਹ ਸਰਵੇਖਣ ਕਰੀਬ ਸੌ ਸੀਟਾਂ ਦਾ ਨੁਕਸਾਨ ਹੋਇਆ ਦਿਖਾ ਰਿਹਾ ਹੈ। ਵੋਟ ਦਾ ਪ੍ਰਤੀਸ਼ਤ ਅਜੇ ਓਨਾ ਹੀ ਹੈ, ਪਰ ਉਹੀ ਪ੍ਰਤੀਸ਼ਤ ਸੀਟਾਂ ਘੱਟ ਦੇ ਰਿਹਾ ਹੈ। ਜ਼ਾਹਰ ਹੈ ਕਿ ਭਾਜਪਾ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਦੇ ਕੁਝ ਹਿੱਸਿਆਂ (ਜਿਵੇਂ ਪੱਛਮੀ ਉੱਤਰ ਪ੍ਰਦੇਸ਼ ਵਿਚ ਕਿਸਾਨ ਅੰਦੋਲਨ ਦੇ ਕਾਰਨ) ਵਿਚ ਹਾਰ ਰਹੀ ਹੈ ਅਤੇ ਕੁਝ ਹਿੱਸਿਆਂ ਵਿਚ ਟੱਕਰ ਬਰਾਬਰ ਦੀ ਹੋਣ ਵਾਲੀ ਹੈ (ਜਿਵੇਂ ਪੂਰਬੀ ਉੱਤਰ ਪ੍ਰਦੇਸ਼)। ਜਿਨਾਂ ਹਿੱਸਿਆਂ ਵਿਚ ਉਹ ਜਿੱਤ ਰਹੀ ਹੈ, ਉੱਥੇ ਉਸ ਨੂੰ ਮਿਲਣ ਵਾਲੇ ਬੇਸ਼ੀ ਵੋਟ ਬਰਬਾਦ ਹੋ ਰਹੇ ਹਨ। ਉੱਪਰੋਂ ਇਹ ਨੁਕਸਾਨ ਕ੍ਰਮਵਾਰ ਹੁੰਦਾ ਹੋਇਆ ਦਿਸਦਾ ਹੈ। ਸਤੰਬਰ ਤੋਂ ਨਵੰਬਰ ਦਰਮਿਆਨ ਭਾਵ ਤਿੰਨ ਮਹੀਨਿਆਂ ਵਿਚ ਇਕ ਵੀ ਵਾਰ ਅਜਿਹਾ ਮੌਕਾ ਨਹੀਂ ਆਇਆ, ਜਦੋਂ ਉਹ ਆਪਣੇ ਨੁਕਸਾਨ ਨੂੰ ਰੋਕ ਸਕੀ ਹੋਵੇ ਅਤੇ ਉਲਟ ਰੁਝਾਨਾਂ ਨੂੰ ਪਲਟਦੀ ਹੋਈ ਦਿਸੇ। ਇਸ ਦਰਮਿਆਨ ਉਸ ਨੇ ਗ਼ੈਰ-ਜ਼ਰੂਰੀ ਗ਼ਲਤੀਆਂ ਵੀ ਕੀਤੀਆਂ ਹਨ, ਜਿਵੇਂ ਲਖੀਮਪੁਰ ਖੀਰੀ ਦੀ ਘਟਨਾ। ਸੀ-ਵੋਟਰ ਦੇ ਤਾਜ਼ੇ ਸਰਵੇਖਣ ਵਿਚ ਲੋਕਾਂ ਤੋਂ ਇਹ ਵੀ ਪੁੱਛਿਆ ਗਿਆ ਕਿ ਲਖੀਮਪੁਰ ਖੀਰੀ ਕਾਂਡ ਦਾ ਭਾਜਪਾ ਨੂੰ ਨੁਕਸਾਨ ਹੋਵੇਗਾ ਜਾਂ ਨਹੀਂ ? ਤਾਂ ਬਹੁਮਤ ਦਾ ਫ਼ੈਸਲਾ ਇਹੀ ਆਇਆ ਕਿ ਨੁਕਸਾਨ ਹੋਵੇਗਾ। ਦੂਜੇ ਪਾਸੇ ਭਾਜਪਾ ਦਾ ਸਮਾਜਿਕ ਸਮੀਕਰਨ ਵੀ ਵਿਗੜਦਾ ਹੋਇਆ ਦਿਖਾਈ ਦੇ ਰਿਹਾ ਹੈ। ਵੋਟਰਾਂ ਤੋਂ ਇਹ ਸਵਾਲ ਵੀ ਪੁੱਛਿਆ ਗਿਆ ਕਿ, ਕੀ ਓਮ ਪ੍ਰਕਾਸ਼ ਰਾਜਭਰ ਅਤੇ ਉਨਾਂ ਦੀ ਪਾਰਟੀ ਦੇ ਸਮਾਜਵਾਦੀ ਪਾਰਟੀ ਨਾਲ ਜੁੜ ਜਾਣ ਨਾਲ ਭਾਜਪਾ ਨੂੰ ਨੁਕਸਾਨ ਹੋਵੇਗਾ ? ਇੱਥੇ ਵੀ ਜਵਾਬ ‘ਹਾਂ’ ਵਿਚ ਮਿਲਿਆ।

ਅੰਕੜਿਆਂ ਦੇ ਲਿਹਾਜ਼ ਨਾਲ ਭਾਜਪਾ ਲਈ ਇਕ ਬਹੁਤ ਚਿੰਤਾ ਵਾਲੀ ਗੱਲ ਇਹ ਹੈ ਕਿ ਭਾਜਪਾ ਨੂੰ ਹੋਣ ਵਾਲਾ ਨੁਕਸਾਨ ਸਿੱਧਾ-ਸਿੱਧਾ ਸਮਾਜਵਾਦੀ ਪਾਰਟੀ ਦੇ ਖਾਤੇ ਵਿਚ ਜੁੜ ਰਿਹਾ ਹੈ। ਭਾਵ ਭਾਜਪਾ ਵਿਰੋਧੀ ਭਾਵਨਾਵਾਂ ਦਾ ਲਾਭ ਕਾਂਗਰਸ, ਆਮ ਆਦਮੀ ਪਾਰਟੀ, ਬਸਪਾ ਜਾਂ ਅਸਦੂਦੀਨ ਓਵੇਸ਼ੀ ਵਿਚਾਲੇ ਵੰਡ ਕੇ ਬਰਬਾਦ ਨਹੀਂ ਹੋ ਰਿਹਾ। ਸਮਾਜਵਾਦੀ ਪਾਰਟੀ ਹੌਲੀ-ਹੌਲੀ ਤੇ ਲਗਾਤਾਰ ਭਾਜਪਾ ਦੀ ਮੁੱਖ ਵਿਰੋਧੀ ਧਿਰ ਦੀ ਸਥਿਤੀ ਵਿਚ ਆਉਂਦੀ ਜਾ ਰਹੀ ਹੈ। ਚਾਹੇ ਭਾਜਪਾ ਵਿਰੋਧੀ ਵੋਟਰ ਹੋਣ ਜਾਂ ਹਾਲ ਹੀ ਵਿਚ ਉਸ ਤੋਂ ਖਿੰਡੀਆਂ ਹੋਈਆਂ ਸਮਾਜਿਕ ਸ਼ਕਤੀਆਂ ਹੋਣ, ਸਾਰਿਆਂ ਨੂੰ ਲੱਗਣ ਲੱਗਾ ਹੈ ਕਿ ਹੁਣ ਸਮਾਜਵਾਦੀ ਪਾਰਟੀ ਹੀ ਭਾਜਪਾ ਨੂੰ ਹਰਾ ਸਕਦੀ ਹੈ। ਇਹ ਘਟਨਾਕ੍ਰਮ ਦੱਸਦਾ ਹੈ ਕਿ ਤਕਨੀਕੀ ਰੂਪ ਨਾਲ ਭਾਜਪਾ ਵਿਰੋਧੀ ਪਾਰਟੀਆਂ ਦੀ ਏਕਤਾ ਨਾ ਹੁੰਦੇ ਹੋਏ ਵੀ ਭਾਜਪਾ ਵਿਰੋਧੀ ਵੋਟ ਵੱਧ ਜਾਂ ਘੱਟ ਇਕ ਹੀ ਧਰੁਵ ’ਤੇ ਜਮਾਂ ਹੋਣ ਦੀ ਪ੍ਰਵਿਰਤੀ ਦਿਖਾ ਰਹੇ ਹਨ। ਅੰਕੜੇ ਇਹ ਵੀ ਕਹਿ ਰਹੇ ਹਨ ਕਿ ਸਤੰਬਰ ’ਚ ਭਾਜਪਾ ਅਤੇ ਸਮਾਜਵਾਦੀ ਪਾਰਟੀ ਦਰਮਿਆਨ ਵੰਡੀਆਂ ਜਾਣ ਵਾਲੀਆਂ ਵੋਟਾਂ ਕੁਲ ਜਮਾਂ 65 ਫ਼ੀਸਦੀ ਦੇ ਆਸ-ਪਾਸ ਸਨ, ਪਰ ਹੁਣ ਉਹ ਪੰਜਾਹ ਫ਼ੀਸਦੀ ਦੇ ਆਸ-ਪਾਸ ਪਹੁੰਚ ਗਏ ਹਨ। ਜੇਕਰ ਇਹੀ ਪ੍ਰਕਿਰਿਆ ਜਾਰੀ ਰਹੀ ਤਾਂ ਜਨਵਰੀ ‘ਚ ਹੁੰਦੇ ਹੋਏ ਸਰਵੇਖਣ ’ਚ ਭਾਜਪਾ ਹਾਰਦੀ ਹੋਈ ਦਿਸ ਸਕਦੀ ਹੈ ਅਤੇ ਉਸ ਦਾ ਫ਼ਾਇਦਾ ਸਮਾਜਵਾਦੀ ਪਾਰਟੀ ਨੂੰ ਜਿੱਤ ਦੇ ਰੂਪ ਵਿਚ ਮਿਲਦਾ ਹੋਇਆ ਦਿਸ ਸਕਦਾ ਹੈ। ਇਹ ਸਭ ਦੇਖ ਕੇ ਭਾਜਪਾ ਦੇ ਖੇਮੇ ’ਚ ਪ੍ਰੇਸ਼ਾਨੀ ਹੈ। ਚੋਣਾਂ ਦਾ ਇੰਚਾਰਜ ਤਾਂ ਧਰਮਿੰਦਰ ਪ੍ਰਧਾਨ ਨੂੰ ਬਣਾਇਆ ਗਿਆ ਸੀ, ਪਰ ਹੁਣ ਅਮਿਤ ਸ਼ਾਹ ਫਿਰ ਤੋਂ ਮੈਦਾਨ ਵਿਚ ਉੱਤਰ ਆਏ ਹਨ।

ਗੋਆ, ਮਨੀਪੁਰ ਅਤੇ ਉੱਤਰਾਖੰਡ ਵਿਚ ਵੀ ਭਾਜਪਾ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ। ਸਰਵੇਖਣ ’ਚ ਇਕ ਵੱਡਾ ਉਲਟਫੇਰ ਪੰਜਾਬ ਵਿਚ ਹੁੰਦਾ ਹੋਇਆ ਦਿਖਾਈ ਦੇ ਰਿਹਾ ਹੈ। ਉੱਥੇ ਆਮ ਆਦਮੀ ਪਾਰਟੀ ਸਭ ਤੋਂ ਵੱਡੇ ਦਲ ਦੇ ਰੂਪ ਵਿਚ ਉੱਭਰਦੀ ਹੋਈ ਦਿਖਾਈ ਗਈ ਹੈ। ਜੇਕਰ ‘ਆਪ’ ਨੇ ਦਿੱਲੀ ਦੀਆਂ ਸਰਹੱਦਾਂ ਨੂੰ ਲੰਘਦੇ ਹੋਏ ਪੰਜਾਬ ਵਿਚ ਸੱਤਾ ’ਤੇ ਸਫਲਤਾਪੂਰਵਕ ਦਸਤਕ ਦੇ ਦਿੱਤੀ ਤਾਂ ਇਹ ਨਾ ਸਿਰਫ਼ ਇਸ ਪਾਰਟੀ ਲਈ ਸਗੋਂ ਸਾਡੇ ਲੋਕਤੰਤਰ ਲਈ ਵੀ ਇਕ ਨਵੀਂ ਅਤੇ ਸਵਾਗਤ ਕਰਨਯੋਗ ਘਟਨਾ ਹੋਵੇਗੀ। ‘ਆਪ’ ਪਿਛਲੀਆਂ ਚੋਣਾਂ ਵਿਚ ਵੀ ਸੱਤਾ ਦੀ ਦਾਅਵੇਦਾਰ ਸੀ। ਇਸ ਵਾਰ ਉਸ ਦੀ ਸਥਿਤੀ ਪਹਿਲਾਂ ਨਾਲੋਂ ਵੀ ਚੰਗੀ ਦੱਸੀ ਜਾਂਦੀ ਹੈ, ਕਿਉਂਕਿ ਪਿਛਲੀ ਵਾਰ ਕਾਂਗਰਸ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਏਕਤਾਬੱਧ ਸੀ, ਪਰ ਇਸ ਵਾਰ ਉਹ ਵੰਡੀ ਹੋਈ ਹੈ। ਨਵਜੋਤ ਸਿੰਘ ਸਿੱਧੂ ਆਪਣੀ ਹੀ ਸਰਕਾਰ ਨੂੰ ਰੋਜ਼ ‘ਪ੍ਰੇਸ਼ਾਨ’ ਕਰ ਰਹੇ ਹਨ। ਇਸ ਦਾ ਸਿੱਧਾ ਲਾਭ ਅਰਵਿੰਦ ਕੇਜਰੀਵਾਲ ਦੀ ਪਾਰਟੀ ਨੂੰ ਮਿਲ ਰਿਹਾ ਹੈ। ਕਾਂਗਰਸ ਜੇਕਰ ਪੰਜਾਬ ਗਵਾਉਂਦੀ ਹੈ, ਇਹ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਕਫ਼ਨ ਵਿਚ ਇਕ ਹੋਰ ਕਿੱਲ ਵਾਂਗ ਸਾਬਤ ਹੋਵੇਗਾ। ਜੇਕਰ ਕਾਂਗਰਸ ਆਪਣੀ ਸਰਕਾਰ ਬਚਾ ਲੈਂਦੀ ਹੈ ਤਾਂ ਉਸ ਦਾ ਸਿਹਰਾ ਦਲਿਤ ਵੋਟਰਾਂ ਨੂੰ ਜਾਵੇਗਾ, ਜੋ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੇ ਕਾਰਨ ਨਵੇਂ ਸਿਰਿਓਂ ਕਾਂਗਰਸ ਵੱਲ ਝੁਕਦੇ ਦਿਖਾਈ ਦੇ ਰਹੇ ਹਨ।




# ਪੰਜਾਬ ਨੂੰ ਉਜਾੜ ਰਹੇ ਨੇ ਪੰਜਾਬ ਦੇ ਸਿਆਸਤਦਾਨ



**ਗੁਰਮੀਤ ਸਿੰਘ ਪਲਾਹੀ**
9815802070

ਪੰਜਾਬ ਦਾ ਆਮ ਆਦਮੀ ਕੀ ਕਹਿੰਦਾ ਹੈ, ਸੁਣਿਆ ਕਦੇ ਪੰਜਾਬ ਦੇ ਸਿਆਸਤਦਾਨੋ ? ਕਿ ਬੱਸ ਉਸ ਨੂੰ ਆਪਣੀ ਹੀ ਸੁਣਾਈ ਜਾਂਦੇ ਹੋ ? ਘੁੱਗ ਵਸਦੇ, ਚਹਿਕਦੇ-ਦਹਿਕਦੇ-ਮਹਿਕਦੇ ਪੰਜਾਬ ਦੀ ਹਾਲਤ ਵੇਖੀ-ਸੁਣੀ ਹੈ ਕਦੇ ? ਕੀ ਆਪਣੇ ਮਹਿਲੀਂ ਅੰਦਰ ਵੜੀਂ ਬੱਸ ਆਪਣੇ ਸੁਪਨੇ ਸਾਕਾਰ ਕਰਨ ਵਿੱਚ ਹੀ ਰੁੱਝੇ ਹੋਏ ਹੋ ?

ਲਓ ਸੁਣੋ, ਪੰਜਾਬ ਦੇ ਆਮ ਆਦਮੀ ਦੀ ਆਵਾਜ਼, ਪੰਜਾਬ ਝੁਲਸ ਰਿਹਾ। ਪੰਜਾਬ ਦਾ ਵਾਤਾਵਰਣ ਖਰਾਬ ਹੋ ਗਿਆ। ਪੰਜਾਬ ਰੇਗਸਤਾਨ ਬਣ ਰਿਹਾ। ਪੰਜਾਬ ਲੁੱਟਿਆ ਜਾ ਰਿਹਾ, ਵੇਚਿਆ ਜਾ ਰਿਹਾ। ਪੰਜਾਬ ਦੀ ਜਵਾਨੀ ਗਾਲ਼ੀ ਜਾ ਰਹੀ ਹੈ, ਵਤਨੋਂ ਦੂਰ ਜਲਾਵਤਨ ਕੀਤੀ ਜਾ ਰਹੀ ਹੈ। ਪੰਜਾਬ ਦਾ ਕਿਸਾਨ ਖ਼ੁਦਕੁਸ਼ੀ ਕਰ ਰਿਹਾ ਹੈ। ਪੰਜਾਬ ਦਾ ਮਜ਼ਦੂਰ ਖ਼ੂਨ ਦੇ ਅੱਥਰੂ ਰੋ ਰਿਹਾ ਹੈ, ਬੇਰੁਜ਼ਗਾਰ ਟੈਂਕੀਆਂ ਤੇ ਚੜ, ਸੜਕਾਂ ’ਤੇ ਖੜ ਭੁੱਖੇ ਢਿੱਡੀਂ ਵਿਰਲਾਪ ਕਰ ਰਿਹਾ ਹੈ। ਪੰਜਾਬ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਪੰਜਾਬ ਦੇ ਸਿਅਸਤਦਾਨੋ, ਪੰਜਾਬੀਆਂ ਦਾ ਪੰਜਾਬ ਵਿੱਚ ਜੀਅ ਲਗਣੋਂ ਹਟ ਗਿਆ ਹੈ। ਜੀਅ ਲੱਗੇ ਵੀ ਕਿਵੇਂ ? ਪੰਜਾਬ ਵਿੱਚ ਸੇਵਕਾਂ ਦਾ ਰਾਜ-ਭਾਗ ਨਹੀਂ, ਮਾਫ਼ੀਏ ਦੀ ਤੂਤੀ ਬੋਲਦੀ ਹੈ। ਨਿਧੜਕ ਪੰਜਾਬੀਆਂ ਦੇ ਮਨਾਂ ਵਿੱਚ ਦਹਿਸ਼ਤ ਹੈ, ਖੌਫ਼ ਹੈ, ਔਲਾਦ ਲਈ ਚਿੰਤਾ ਹੈ।

ਸੁਣੋ ਪੰਜਾਬ ਦੇ ਪਿੰਡਾਂ ਦੀ ਦਾਸਤਾਨ, ਐ ਪਿਆਰੇ ਸਿਆਸਤਦਾਨੋ, ਪਿੰਡ ਧੜਿਆਂ ਵਿੱਚ ਵੰਡਿਆ ਪਿਆ ਹੈ। ਅਸਲੀਅਤ ਤਾਂ ਇਹ ਹੈ ਕਿ ਸਿਆਸਤਦਾਨੋ ਆਪਣੀ ਵੋਟ ਦੀ ਖਾਤਰ ਪਿੰਡ ਨੂੰ ਤੁਸੀਂ ਵੰਡਿਆ ਹੈ। ਤੁਹਾਡੇ ਦਲਾਲ ਪਿੰਡ ਵਿੱਚ ਨਸ਼ਾ ਵੇਚਦੇ ਹਨ, ਲੋਕਾਂ ਤੋਂ ਦਫ਼ਤਰੀਂ ਕੰਮ ਕਰਾਉਣ ਲਈ ਪੈਸੇ ਲੈਂਦੇ ਹਨ। ਆਪਣਿਆਂ ਨੂੰ ਰਿਆਇਤਾਂ, ਸਹੂਲਤਾਂ ਦਿੰਦੇ ਹਨ। ਵਿਰੋਧੀਆਂ ਨੂੰ ਨਿੱਤ-ਦਿਹਾੜੇ ਥਾਣੇ ਕਚਹਿਰੀਆਂ ਦੇ ਰਾਹ ਪਾਈ ਰੱਖਦੇ ਹਨ। ਵੋਟਾਂ ਵਿੱਚ ਨਸ਼ੇ ਵੰਡੇ ਜਾਂਦੇ ਹਨ, ਵੋਟਰਾਂ ਦੀ ਖ਼ਰੀਦੋ-ਫ਼ਰੋਖਤ ਦਲਾਲਾਂ ਹੱਥ ਹੈ। ਧੌਂਸ, ਧੜਾ ਕਾਇਮ ਰੱਖਣ ਲਈ ਆਹ ਜਿਹੜੀਆਂ ਪਿੰਡ ਪੰਚੈਤਾਂ ਬਣੀਆਂ ਹੋਈਆਂ ਹਨ, ਉਹਨਾਂ ਨੂੰ ਗ੍ਰਾਂਟਾਂ ਦਾ ਲਾਲਚ ਦੇ ਕੇ ਆਪਣੇ ਨਾਲ ਤੋਰਿਆ ਜਾਂਦਾ। ਦਲਾਲ, ਬਾਬੂ, ਅਫਸਰ, ਗ੍ਰਾਂਟਾਂ ਵਿੱਚੋਂ ਕਮਿਸ਼ਨ ਲੈਂਦੇ ਹਨ, ਆਮ ਆਦਮੀ ਦੇ ਹੱਕ ਡਕਾਰ ਜਾਂਦੇ ਹਨ। ਕੋਈ ਪੁੱਛਣ-ਦੱਸਣ, ਸਾਰ ਲੈਣ ਵਾਲਾ ਹੀ ਨਹੀਂ।

ਛੋਟੇ-ਛੋਟੇ ਖੇਤ ਹਨ। ਕਰਜ਼ੇ ਲੈ ਕੇ ਫਸਲਾਂ ਪਾਲੀਆਂ ਜਾਂਦੀਆਂ ਹਨ। ਕਰਜ਼ਿਆਂ ਦੀਆਂ ਲਿਮਟਾਂ ਬਣਾਈਆਂ ਜਾਂਦੀਆਂ ਹਨ। ਕਰਜ਼ੇ ਨਹੀਂ ਲੱਥਦੇ ਤਾਂ ਸ਼ਤੀਰਾਂ ਨੂੰ ਜੱਫੇ ਪਾਏ ਜਾਂਦੇ ਹਨ। ਧੀਆਂ, ਪੁੱਤਾਂ ਦੇ ਵਿਆਹ ਰਿਸ਼ਤੇ ਸ਼ਾਨੋ-ਸ਼ੌਕਤ ਨਾਲ ਕਰਨ ਦੀ ਹੋੜ ਵਿੱਚ ਸਿਰ ਕਰਜ਼ੇ ਚੜ੍ਹਾਏ ਜਾਂਦੇ ਹਨ। ਬੇਰੁਜ਼ਗਾਰੀ ਦਾ ਦਰਦ ਹੰਢਾ ਰਹੇ, ਨਸ਼ਿਆਂ ਦੀ ਮਾਰ ਸਹਿ ਰਹੇ ਪੁੱਤਾਂ-ਧੀਆਂ ਨੂੰ ਬੇਗਾਨੇ ਦੇਸ਼ਾਂ ਵਿੱਚ ਭੇਜਣ ਲਈ ਆਪਣੇ ਖੇਤ ਵੇਚਣਾ ਤਾਂ ਉਨਾਂ ਦੀ ਮਜਬੂਰੀ ਬਣ ਚੁੱਕੀ ਹੈ। ਰਹੀ ਗੱਲ ਲਹਿੰਦੇ, ਚੜਦੇ, ਵਸੀਆਂ ਆਬਾਦੀਆਂ ਦੀ, ਉਹ ਸਿਆਸਤਦਾਨਾਂ ਵੱਲੋਂ ਲੋਕਾਂ ਨੂੰ ਮੰਗਤੇ ਬਣਾਉਣ ਦੀ ਸਾਜ਼ਿਸ਼ ਦਾ ਸ਼ਿਕਾਰ ਹਨ। ਮਹੀਨੇ ਦੇ ਪਹਿਲੇ ਹਫ਼ਤੇ ਜਾਂ ਤਿਮਾਹੀ ਦੇ ਪਹਿਲੇ ਹਫ਼ਤੇ ਇੱਕ ਰੁਪਏ ਕਿਲੋ ਰਾਸ਼ਨ ਕਣਕ, ਚਾਵਲ ਉਡੀਕਣ ਲਈ ਮਜਬੂਰ ਕਰ ਦਿੱਤੇ ਹਨ, ਇਹ ਮੰਗਤਾ ਸਭਿਆਚਾਰ ਤਾਂ ਪੰਜਾਬ ਦਾ ਕਦੇ ਵੀ ਨਹੀਂ ਸੀ, ਪੰਜਾਬ ਦੇ ਸਿਆਸਤਦਾਨੋ।

ਪੁੱਛਦੇ ਰਹਿੰਦੇ ਨੇ ਪੇਂਡੂ ਭਾਈ, ਸਾਨੂੰ ਕੋਈ ਕੰਮਕਾਰ ਦੇ ਦਿਓ। ਸਾਡੇ ਬੱਚਿਆਂ ਨੂੰ ਰੁਜ਼ਗਾਰ ਦੇ ਦਿਓ। ਪੜ੍ਹਾਈ ਤੇ ਸਿਹਤ ਸਹੂਲਤਾਂ ਸਾਡੇ ਪੱਲੇ ਪਾ ਦਿਓ। ਸਾਡੇ ਪਿੰਡਾਂ ਦਾ ਵਾਤਾਵਰਣ ਸੁਧਾਰ ਦਿਓ, ਤੁਸੀਂ ਰੁਜ਼ਗਾਰ ਦੇ ਨਾਮ ਉੱਤੇ ਖੈਰਾਤਾਂ, ਪੜ੍ਹਾਈ ਉਨਾਂ ਸਕੂਲਾਂ ਵਿੱਚ ਜਿੱਥੋਂ ਟੀਚਰ ਤੇ ਬੁਨਿਆਦੀ ਢਾਂਚੇ ਦੀ ਕਮੀ ਹੈ, ਪਾਉਂਦੇ ਹੋ। ਸਿਹਤ ਸਹੂਲਤਾਂ ਦਾ ਤਾਂ ਤੁਸੀਂ ਸੋਚਣਾ ਹੀ ਛੱਡ ਦਿੱਤਾ। ਸਰਕਾਰੀ ਹਸਪਤਾਲ ਵਿੱਚ ਨਾ ਸਿਹਤ ਅਮਲਾ ਨਾ ਦਵਾਈਆਂ। ਬੱਚਾ ਜੰਮਣ ਲਈ ਔਰਤਾਂ ਕਰਾਹੁੰਦੀਆਂ ਹਨ, ਮਜਬੂਰੀ ਵੱਸ ਸਰਕਾਰੀ ਦੀ ਥਾਂ ਪ੍ਰਾਈਵੇਟ ਹਸਪਤਾਲ ਦੇ ਵੱਡੇ ਖ਼ਰਚਿਆਂ ਦਾ ਸ਼ਿਕਾਰ ਹੁੰਦੀਆਂ ਹਨ। ਜਿਨਾਂ ਕੋਲ ਕੁਝ ਨਹੀਂ ਬੱਸ ਉਹ ਕੁਦਰਤ ਆਸਰੇ, ਗਰੀਬ ਲਈ ਆਹ ਜਾਰੀ ਬੀਮਾ ਕਾਰਡ ਉਨਾਂ ਦੇ ਕਿਸੇ ਕੰਮ ਨਹੀਂ ਆਉਂਦੇ। ਸੱਤ ਦਹਾਕਿਆਂ ਵਿੱਚ ਪਿੰਡ ਦਾ ਵਿਕਾਸ ਨਾਲੀਆਂ ਦੇ ਗੰਦੇ ਪਾਣੀ ਅਤੇ ਗਲੀਆਂ ਪੱਕੀਆਂ ਕਰਨ ਤੋਂ ਅੱਗੇ ਨਹੀਂ ਹੋ ਸਕਿਆ। ਮਹੱਲਿਆਂ ਵਿੱਚ ਗੰਦਗੀ, ਘਰਾਂ ਵਿੱਚ ਕੂੜੇ ਦੇ ਢੇਰ, ਘਰਾਂ ਦੀਆਂ ਬਰੂਹਾਂ ਵਿੱਚ ਬੁੱਢੇ ਪਤੀ, ਪਤਨੀ ਦੇ ਕੰਬਦੇ ਹੱਥ ਅਤੇ ਸਾਂਭਣ ਵਾਲਾ ਕੋਈ ਨਹੀਂ। ਕਿੱਥੇ ਹੈ ਸਿਆਸਤਦਾਨੋ ਤੁਹਾਡੀ ਕਲਿਆਣਕਾਰੀ ਸਰਕਾਰ, ਜਿਹੜੀ ਬੁੱਢਿਆਂ ਨੂੰ ਬੁਢਾਪੇ ਦੇ ਸਹਾਰੇ ਲਈ ਸਿਰਫ਼ 750 ਰੁਪਏ ਤੋਂ 1500 ਰੁਪਏ ਤਕ ਪੈਨਸ਼ਨ ਦੇ ਕੇ ਸੁਰਖ਼ਰੂ ਹੋ ਗਿਆ ਸਮਝਦੀ ਹੈ। ਕਦੇ ਸੋਚਿਆ ਸਿਆਸਤਦਾਨ ਜੀ, ਹੁਣ ਤਾਂ ਗੈਸ ਸਿਲੰਡਰ ਦੀ ਕੀਮਤ ਵੀ 1000 ਰੁਪਇਆ ਹੋ ਗਈ ਹੈ ਤੇ ਸਰੋਂ ਦਾ ਤੇਲ 225 ਰੁਪਏ ਲਿਟਰ ਹੋ ਗਿਆ ਹੈ ? ਦਾਲਾਂ, ਸਬਜ਼ੀਆਂ ਦੀ ਤਾਂ ਗੱਲ ਹੀ ਛੱਡੋ। ਕਦੇ ਸੋਚਿਆ ਸਿਆਸਤਦਾਨੋ ਇਹ ਪੇਂਡੂ ਪਰਿਵਾਰ ਕਿਵੇਂ ਜਿਊਂਦੇ ਹਨ ? ਪਿੰਡ ਵਿੱਚ ਫੈਲੀ ਆਫ਼ਤ ਸਮੇਂ, ਫੈਲੀਆਂ ਬੀਮਾਰੀਆਂ ਸਮੇਂ ਕਿਵੇਂ ਬੀਮਾਰੀਆਂ ਦਾ ਮੁਕਾਬਲਾ ਕਰਦੇ ਹਨ। ਇਹ ਇੱਕ ਪਿੰਡ ਦੀ ਨਹੀਂ, ਇੱਕ ਘਰ ਦੀ ਨਹੀਂ, ਘਰ-ਘਰ ਦੀ ਕਹਾਣੀ ਹੈ। ਉਸ ਘਰ ਦੀ ਵੀ ਜਿਹੜਾ ਥੋੜੀ ਵੱਧ ਆਮਦਨ ਵਾਲਾ ਟੱਬਰ ਹੈ, ਜਿਸਨੇ ਆਪਣੀ ਚਾਦਰ ਨਾਲੋਂ ਵੱਧ ਪੈਰ ਪਸਾਰਣ ਦਾ ਢੌਂਗ ਰਚਿਆ ਹੋਇਆ ਹੈ।



ਸਿਆਸਤਦਾਨੋ, ਪੰਜਾਬ 1947 ਵਿੱਚ ਤੁਹਾਡੀਆਂ ਮਿਹਰਬਾਨੀਆਂ ਨਾਲ ਵੰਡਿਆ ਗਿਆ। ਯਾਦ ਹੈ ਨਾ, ਲੱਖਾਂ ਮਰੇ, ਲੱਖਾਂ ਜ਼ਖ਼ਮੀ ਹੋਏ, ਲੱਖਾਂ ਉੱਜੜੇ, ਲੱਖਾਂ ਔਰਤਾਂ ਦੀਆਂ ਇੱਜਤਾਂ ਨਾਲ ਖਿਲਵਾੜ ਹੋਇਆ। ਪੰਜਾਬ ਤਾਰ-ਤਾਰ ਹੋਇਆ। ਪੰਜਾਬੀਆਂ ਦੇ ਦਿਲ ਵਲੂੰਧਰੇ ਗਏ। ਸਮਾਂ ਪਾ ਕੇ ਬਹਾਦਰ ਸਿਰੜੀ, ਹੌਸਲੇ ਵਾਲੇ ਪੰਜਾਬੀ ਥਾਂ ਸਿਰ ਹੋਏ, ਦੇਸ਼ ਦੀਆਂ ਸਰਹੱਦਾਂ ’ਤੇ ਲੜੇ। ਦੇਸ਼ ਨੂੰ ਅੰਨ ਦੀ ਤੋਟ ਆਈ ਤਾਂ ਆਪਣੀ ਜ਼ਮੀਨ ਦੀ ਕੁੱਖੋਂ ਪਾਣੀ ਕੱਢ ਪੂਰੇ ਦੇਸ਼ ਦੇ ਅੰਨ ਦਾਤਾ ਬਣੇ, ਆਪਣਾ ਜਿਸਮ ਸਾੜਿਆ, ਆਪਣੀ ਜ਼ਮੀਨ ਨਸ਼ੀਲੀ ਕਰ ਲਈ, ਆਪਣਾ ਵਾਤਾਵਰਣ ਕੀੜੇ ਮਾਰ ਦਵਾਈਆਂ, ਖਾਦਾਂ ਪਾ-ਪਾ ਦੂਸ਼ਿਤ ਕਰ ਲਿਆ। ਜਾਨ ਲੇਵਾ ਬਿਮਾਰੀਆਂ ਸਹੇੜ ਲਈਆਂ ਅਤੇ ‘ਮਾਂ ਵਰਗੀ ਜ਼ਮੀਨ’ ਦੀ ਕੁੱਖ ਵਿੱਚੋਂ ਪਾਣੀ ਕੱਢ-ਕੱਢ ਇਸ ਨੂੰ ਬੰਜਰ ਬਣਾ ਲਿਆ। ਪੱਲੇ ਕੀ ਪਿਆ ? ਘਾਟੇ ਦੀ ਖੇਤੀ।

ਇਕੱਲੇ ਪਿੰਡ ਦੀ ਨਹੀਂ, ਪੰਜਾਬ ਦੇ ਸ਼ਹਿਰ ਦੀ ਹਾਲਤ ਵੀ ਵੱਖਰੀ ਨਹੀਂ, ਕਦੇ ਵੇਖੇ ਹਨ ਸਿਆਸਤਦਾਨੋ, ਸ਼ਹਿਰਾਂ ਦੇ ਸਲੱਮ ਖੇਤਰ ਦੇ ਲੋਕ, ਕਦੇ ਵੇਖੇ ਹਨ ਝੁੱਗੀਆਂ, ਝੌਂਪੜੀਆਂ, ਬਸਤੀਆਂ ਵਿੱਚ ਇੱਕ-ਇੱਕ, ਦੋ-ਦੋ ਮਰਲੇ ਘਰਾਂ ਵਿੱਚ ਰਹਿੰਦੇ ਲੋਕ, ਲੁਧਿਆਣਾ ਵਰਗੇ ਦੂਸ਼ਿਤ ਸ਼ਹਿਰ ਵਿੱਚ ਰਹਿੰਦੇ ਲੋਕਾਂ ਬਾਰੇ ਕਦੇ ਜਾਣਿਆ ਹੈ ? ਕਦੇ ਉਨਾਂ ਦਾ ਫ਼ਿਕਰ ਕੀਤਾ ਹੈ ? ਬੁੱਢਾ ਨਾਲਾ ਜੋ ਸਾਫ਼-ਸੁਥਰੇ ਪਾਣੀ ਦਾ ਸਰੋਤ ਸੀ, ਹੁਣ ਸ਼ਹਿਰ ਦੀ ਗੰਦਗੀ ਦਾ ਸਰੋਤ ਹੈ, ਹੁਣ ਤਾਂ ਹਰ ਸ਼ਹਿਰ ਲੁਧਿਆਣਾ ਬਣਦਾ ਜਾ ਰਿਹਾ ਹੈ। ਮੁਰਝਾਏ, ਕੁਮਲਾਏ, ਮਜ਼ਦੂਰਾਂ ਦੇ ਚਿਹਰੇ ਪਛਾਨਣ ਦਾ ਕਦੇ ਯਤਨ ਕੀਤਾ ਹੈ ਤੁਸੀਂ ? ਇਹਨਾਂ ਵਿੱਚ ਉਹ ਪੰਜਾਬੀ ਕਿਸਾਨ ਵੀ ਹਨ, ਜਿਹੜੇ ਪਿੰਡਾਂ ਵਿੱਚੋਂ ਥੋੜੀ-ਬਹੁਤੀ ਹਿੱਸੇ ਆਉਂਦੀ ਜ਼ਮੀਨ ਵੇਚ ਵੱਟ ਕੇ ਸ਼ਹਿਰ ਆ ਮਜ਼ਦੂਰੀ ਕਰ ਰਹੇ ਹਨ, ਰਿਕਸ਼ਾ ਚਲਾ ਰਹੇ ਹਨ। ਲੇਬਰ ਚੌਂਕਾਂ ਵਿੱਚ ਖੜ ਮਜ਼ਦੂਰੀ ਵੇਚਣ ਲਈ ਮਜਬੂਰ ਹਨ। ਉਨਾਂ ਦੇ ਬੱਚਿਆਂ ਦਾ ਕੀ ਭਵਿੱਖ ਹੈ ? ਉਨਾਂ ਦੇ ਬੁਢਾਪੇ ਦਾ ਸਹਾਰਾ ਕੌਣ ਹੈ ? ਉਨਾਂ ਦੇ ਦੁੱਖ-ਦਰਦ ਸੁਣਨ ਜਾਨਣ ਵਾਲਾ ਕੌਣ ਹੈ ? ਸਿਆਸਤਦਾਨਾ, ਤੂੰ ਤਾਂ ਸਵਾਰਥੀ ਹੋ ਗਿਆ ਹੈ। ਤੈਨੂੰ ਇਹ ਲੋਕ ਨਹੀਂ, ਸਿਰਫ਼ ਵੋਟਰ ਵਿਖਾਈ ਦਿੰਦੇ ਹਨ, ਜਿਨਾਂ ਨੂੰ ਪੰਜੀਂ ਸਾਲੀਂ ਤੂੰ ਵਰਤਦਾ ਹੈਂ ਅਤੇ ਆਪਣੇ ਰਾਹ ਪੈਂਦਾ ਹੈਂ, ਇਹ ਲੋਕ ਪ੍ਰੇਸ਼ਾਨ ਹਨ, ਕਿਉਂਕਿ ਇਨਾਂ ਅਤੇ ਇਨਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਇਹ ਲੋਕ ਪ੍ਰੇਸ਼ਾਨ ਹਨ ਕਿਉਂਕਿ ਇਨਾਂ ਪੱਲੇ ਧੇਲਾ ਨਹੀਂ ਅਤੇ ਸਰਕਾਰੀ ਸਕੀਮਾਂ ਇਨਾਂ ਦੀ ਪਹੁੰਚ ਵਿੱਚ ਨਹੀਂ।

ਕਦੇ ਪੰਜਾਬ ਖੁਸ਼ਹਾਲ ਸੀ ਸਿਆਸਤਦਾਨੋ, ਅੱਜ ਪੰਜਾਬ ਦਾ ਪੋਟਾ-ਪੋਟਾ ਕਰਜ਼ਾਈ ਹੈ। ਪੰਜਾਬ ਸੁਖੀ ਸੀ ਸਿਆਸਤਦਾਨੋ, ਅੱਜ ‘84, ਨਸ਼ਿਆਂ ਅਤੇ ਮਾਫੀਏ ਦਾ ਭੰਨਿਆ ਕਰਾਹ ਰਿਹਾ ਹੈ। ਪੰਜਾਬ ਵਿੱਚ ਚੱਲੀਆਂ ਤੱਤੀਆਂ ਲਹਿਰਾਂ ਸਮੇਂ ਸਿਆਸਤਦਾਨੋ ਤੁਹਾਡੀ ਚੁੱਪੀ ਕੀ ਕਿਸੇ ਸਾਜ਼ਿਸ਼ ਤੋਂ ਘੱਟ ਸੀ ? ਹਜ਼ਾਰਾਂ ਨੌਜਵਾਨ ਸ਼ਹੀਦ ਕੀਤੇ ਗਏ। ਹਜ਼ਾਰਾਂ ਨੌਜਵਾਨ ਗਾਇਬ ਕੀਤੇ ਗਏ, ਹਜ਼ਾਰਾਂ ਘਰ ਤਬਾਹ ਹੋਏ, ਪਰ ਤੁਹਾਡੇ ਸੰਘੋਂ ਹਮਦਰਦੀ ਦੇ ਦੋ ਬੋਲ ਵੀ ਨਾ ਨਿਕਲੇ। ਪੰਜਾਬ ਅਣਖੀ ਸੀ ਸਿਆਸਤਦਾਨੋ, ਪਰ ਦਲਾਲਾਂ ਨੇ, ਆਪਣੇ ਪੰਜਾਬੀ ਦਲਾਲਾਂ ਨੇ, ਇਸਦੀ ਸਿਆਸਤ, ਇਸਦੀ ਆਰਥਿਕਤਾ ਦਿੱਲੀ ਕੋਲ ਗਿਰਵੀ ਰੱਖ ਦਿੱਤੀ। ਅੱਜ ਪੰਜਾਬ ਦਿੱਲੀ ਵੱਲ ਝਾਕਦਾ ਹੈ, ਕਦੇ ਦਿੱਲੀ ਪੰਜਾਬ ਵੱਲ ਝਾਕਦੀ ਸੀ। ਕਿਹੋ ਜਿਹੀ ਹਾਲਾਤ ਬਣਾ ਦਿੱਤੀ ਹੈ ਸੋਹਣੇ, ਰੰਗਲੇ, ਜੋਸ਼ੀਲੇ, ਅਣਖੀ ਪੰਜਾਬ ਦੀ, ਐ ਪਿਆਰੇ ਪੰਜਾਬ ਦੇ ਸਵਾਰਥੀ ਸਿਆਸਤਦਾਨੋ।

ਸਿਆਸਤਦਾਨੋ, ਚੋਣਾਂ ਲੜਦੇ ਹੋ ਤਾਂ ਲੜੋ, ਇਹ ਸਭ ਦਾ ਸੰਵਾਧਾਨਿਕ ਹੱਕ ਹੈ ਪਰ ਜਿਸ ਢੰਗ ਨਾਲ ਪੈਸਾ, ਨਸ਼ਾ ਚੋਣਾਂ ਵਿੱਚ ਪਾਣੀ ਦੀ ਤਰਾਂ ਵਹਾਉਂਦੇ ਹੋ, ਲੋਕਾਂ ਦੇ ਟੈਕਸਾਂ ਨਾਲ ਇਕੱਠੇ ਹੋਏ ਪੈਸੇ ਉੱਤੇ ਐਸ਼ਾਂ ਕਰਦੇ ਹੋ, ਵੋਟਾਂ ਬਟੋਰਨ ਲਈ ਰਿਆਇਤਾਂ ਦੀ ਬੁਰਕੀ ਗਰੀਬਾਂ ਦੇ ਪੱਲੇ ਪਾਉਂਦੇ ਹੋ, ਇਹ ਕਿਹੜਾ ਪੰਜਾਬ ਦਾ ਭਲਾ ਕਰਦੇ ਹੋ ? ਕਿਸ ਦੇ ਹਿਤ ਪੂਰਦੇ ਹੋ ? ਜੇਕਰ ਪੰਜਾਬ ਲਈ ਰਤਾ ਕੁ ਵੀ ਦਰਦ ਹੈ ਤੁਹਾਡੇ ਮਨਾਂ ਵਿੱਚ, ਤਾਂ ਉੱਜੜ ਰਹੇ ਪੰਜਾਬ ਨੂੰ ਬਚਾ ਲਓ, ਬਚਾ ਲਓ, ਪੰਜਾਬ ਦੀ ਜਵਾਨੀ, ਬਚਾ ਲਓ ਪੰਜਾਬ ਦੀ ਕਿਰਸਾਨੀ।

ਜੇਕਰ ਤੁਹਾਡਾ ਮਨ ਸੱਚੀਂ-ਮੁੱਚੀਂ ਪੰਜਾਬ ਲਈ ਕੁਝ ਕਰਨਾ ਲੋਚਦਾ ਹੈ, ਜੇਕਰ ਤੁਸੀਂ ਸੱਚੇ-ਸੁੱਚੇ ਪੰਜਾਬੀ ਹੋ, ਜੇਕਰ ਤੁਹਾਡੇ ਮਨਾਂ ਵਿੱਚ ਪੰਜਾਬ ਦੇ ਲੋਕਾਂ ਲਈ ਕੁਝ ਕਰਨ ਦੀ ਲਾਲਸਾ ਹੈ ਤਾਂ ਪਹਿਲਾ ਪੰਜਾਬ ਦੀ ਬੇਰੁਜ਼ਗਾਰੀ ਖ਼ਤਮ ਕਰੋ। ਨੌਜਵਾਨਾਂ ਨੂੰ ਵਿਦੇਸ਼ਾਂ ਦੇ ਔਝੜ ਰਾਹਾਂ ਤੋਂ ਰੋਕੋ। ਉਨਾਂ ਲਈ ਚੰਗੀ ਪੜ੍ਹਾਈ ਦਾ ਪ੍ਰਬੰਧ ਪੰਜਾਬ ਵਿੱਚ ਕਰੋ, ਖੇਤੀ-ਅਧਾਰਤ ਉਦਯੋਗ ਲਗਾਓ, ਪਿੰਡਾਂ ਵਿੱਚ ਫਸਲੀ ਸਟੋਰੇਜ, ਮੰਡੀਕਰਨ ਦੀਆਂ ਸਹੂਲਤਾਂ ਪੈਦਾ ਕਰੋ। ਪੰਜਾਬ ਵਿੱਚ ਵੱਡੇ ਉਦਯੋਗ ਲਗਾਓ।

ਦੂਜਾ, ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਲਈ ਅਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਥਾਂ ਨਹਿਰੀ ਪਾਣੀਆਂ ਦਾ ਖੇਤ-ਸਿੰਚਾਈ ਲਈ ਵਿਆਪਕ ਪ੍ਰਬੰਧ ਕਰੋ। ਇਜ਼ਰਾਈਲੀ ਤੁਪਕਾ ਸਿੰਚਾਈ ਸਕੀਮ ਕਾਰਗਰ ਸਾਬਤ ਹੋ ਸਕਦੀ ਹੈ। ਖੇਤੀ ਨਾਲ ਸਬੰਧਤ ਹੋਰ ਕਿੱਤਿਆਂ ਨੂੰ ਉਤਸ਼ਾਹਿਤ ਕਰੋ।

ਤੀਜਾ, ਪੰਜਾਬ ਵਿੱਚ ਹੱਥੀਂ-ਕਿੱਤਾ ਸਿਖਲਾਈ ਦਾ ਵਿਆਪਕ ਪ੍ਰਬੰਧ ਕਰਕੇ ਨੌਜਵਾਨਾਂ ਨੂੰ ਸਵੈ-ਰੁਜ਼ਗਾਰਤ ਹੋਣ ਦੇ ਮੌਕੇ ਦਿਓ।

ਚੌਥਾ, ਪੰਜਾਬ ਦੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਟੈਕਸ ਚੋਰੀ ਰੋਕਣਾ ਜ਼ਿਆਦਾ ਜ਼ਰੂਰੀ ਹੈ। ਵੱਡੇ ਉਦਯੋਗ ਅਤੇ ਆਈ ਟੀ ਕਾਰੋਬਾਰ ਖੋਲਣੇ ਸਮੇਂ ਦੀ ਮੰਗ ਹੈ।

ਪੰਜਵਾਂ, ਪੰਜਾਬ ਦੇ ਪਾਣੀਆਂ ਉੱਤੇ ਜੋ ਡਾਕਾ ਪਿਆ ਹੈ, ਉਸਦਾ ਹੱਲ ਰਿਪੇਰੀਅਨ ਕਾਨੂੰਨ ਅਨੁਸਾਰ ਹੋਵੇ ਤਾਂ ਕਿ ਸੂਬੇ ਨੂੰ ਪਾਣੀਆਂ ਦਾ ਮੁੱਲ ਮਿਲ ਸਕੇ ਅਤੇ ਇਸਦੀ ਆਰਥਿਕਤਾ ਵਿੱਚ ਸੁਧਾਰ ਹੋਵੇ।

ਛੇਵਾਂ, 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਸਮੇਂ ਸਾਜ਼ਿਸ਼ਾਨਾਂ ਚੰਡੀਗੜ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕਰ ਦਿੱਤੇ ਗਏ ਸਨ। ਇਹ ਇਲਾਕੇ ਪੰਜਾਬ ਲਈ ਪ੍ਰਾਪਤ ਕਰਨ ਹਿਤ ਵਿਆਪਕ ਯਤਨ ਹੋਣ।

ਸੱਤਵਾਂ, ਪੰਜਾਬੀ, ਪੰਜਾਬ ਦੀ ਮਾਤ ਭਾਸ਼ਾ ਹੈ। ਇਸਦਾ ਸਕੂਲਾਂ, ਕਾਲਜਾਂ, ਦਫਤਰਾਂ, ਕਚਹਿਰੀਆਂ, ਕਾਰੋਬਾਰਾਂ ਵਿੱਚ ਚੱਲਣ ਜ਼ਰੂਰੀ ਹੋਵੇ।

ਅੱਠਵਾਂ, ਭ੍ਰਿਸ਼ਟਾਚਾਰ, ਮਾਫੀਆ ਅਤੇ ਨਸ਼ੇ ਨੇ ਪੰਜਾਬ ਭੰਨ ਸੁੱਟਿਆ ਹੈ, ਇਹ ਲੋਕਾਂ ਦੇ ਰਗ-ਰਗ ਵਿੱਚ ਫੈਲਾ ਦਿੱਤਾ ਗਿਆ ਹੈ। ਇਨਾਂ ਤੋਂ ਮੁਕਤੀ ਪੰਜਾਬ ਦੇ ਲੋਕਾਂ ਦੀ ਵੱਡੀ ਜਿੱਤ ਹੋਏਗੀ।

ਨੌਂਵਾਂ, ਪੰਜਾਬ ਵਿੱਚ ਪੰਜਾਬੀਆਂ ਲਈ ਚੰਗੀ ਪੜ੍ਹਾਈ, ਚੰਗੀਆਂ ਸਿਹਤ ਸਹੂਲਤਾਂ, ਚੰਗਾ ਵਾਤਾਵਰਣ ਉਸਾਰਨ ਲਈ ਵਿਆਪਕ ਪ੍ਰਬੰਧ ਹੋਣ।

ਦਸਵਾਂ, ਸੂਬਿਆਂ ਲਈ ਵੱਧ ਅਧਿਕਾਰ ਪ੍ਰਾਪਤ ਕਰਨੇ ਜ਼ਰੂਰੀ ਹਨ ਤਾਂ ਕਿ ਸਥਾਨਕ ਪੱਧਰ ਉੱਤੇ ਫ਼ੈਸਲੇ ਹੋਣ ਅਤੇ ਸਥਾਨਕ ਸਰਕਾਰਾਂ ਵੀ ਸਹੀ ਕੰਮ ਕਰ ਸਕਣ।

ਸਿਆਸਤਦਾਨੋ ! ਗੱਲਾਂ ਤਾਂ ਹੋਰ ਵੀ ਬਥੇਰੀਆਂ ਹਨ। ਪੰਜਾਬ ਵਿੱਚ ਚੋਣਾਂ ਦਾ ਵਿਗਲ ਵੱਜ ਗਿਆ ਹੈ। ਤੁਹਾਡੇ ਵੱਲੋਂ ਰੈਲੀਆਂ ਦਾ ਦੌਰ ਚੱਲ ਪਿਆ ਹੈ। ਭੀੜਾਂ ਇਕੱਠੀਆਂ ਕੀਤੀਆਂ ਜਾਣ ਲੱਗ ਪਈਆਂ ਹਨ। ਮਾਫੀਆ, ਅਪਰਾਧਿਕ ਪਿਛੋਕੜ ਵਾਲੇ ਅਤੇ ਤਿਕੜਮ ਲੜਾਉਣ ਵਾਲੇ ਪੂਰੀ ਤਰਾਂ ਸਰਗਰਮ ਹੋ ਗਏ ਹਨ। ਉਨਾਂ ਢੁੱਠਾਂ ਨੂੰ ਤੇਲ ਲਾ ਲਏ ਹਨ। ਇੱਕ ਵੇਰ ਫੇਰ ਉਹ ਪੰਜਾਬੀਆਂ ਨੂੰ ਠੱਗਣ ਅਤੇ ਮਾਤ ਦੇਣ ਦੀ ਤਿਆਰੀ ਵਿੱਚ ਹਨ। ਦਿੱਲੀਓਂ ਨਿੱਤ ਸਿਆਸੀ ਸੁਨੇਹੇ ਆ ਰਹੇ ਹਨ। ਪੰਜਾਬੀਆਂ ਨੂੰ ਕਾਬੂ ਕਰਨ ਦੀਆਂ ਵਿਉਂਤਾਂ ਗੁੰਦੀਆਂ ਜਾ ਰਹੀਆਂ ਹਨ। ਇੱਕ ਦੂਜੇ ਦੀਆਂ ਪਾਰਟੀਆਂ ਦੇ ਨੇਤਾਵਾਂ ਦੀ ਖ਼ਰੀਦੋ-ਫ਼ਰੋਖਤ ਸ਼ੁਰੂ ਹੋ ਗਈ ਹੈ। ਸਿਆਸਤਦਾਨੋ ! ਕਿੱਥੇ ਗਈ ਅਸੂਲਾਂ ਦੀ ਰਾਜਨੀਤੀ ਜਿਸ ਉੱਤੇ ਪੰਜਾਬੀ ਰਸ਼ਕ ਕਰਦੇ ਸਨ ? ਕੀ ਭੁੱਲ ਗਏ ਹੋ ਲੋਕ ਸਰੋਕਾਰ ? ਕੀ ਕੁਰਸੀ ਪ੍ਰਾਪਤੀ ਹੀ ਤੁਹਾਡਾ ਮੁੱਖ ਨਿਸ਼ਾਨਾ ਹੈ ਜਾਂ ਲੋਕ ਹਿਤ ਵੀ ਕਿਧਰੇ ਤੁਹਾਡੇ ਸਿਆਸੀ ਕਿਤਾਬਚੇ ਵਿੱਚ ਹਨ ?

ਯਾਦ ਰੱਖਿਓ, ਪੰਜਾਬ ਦੇ ਲੋਕ ਬਹੁਤ ਸਿਆਣੇ ਹਨ। ਉਨਾਂ ਨੂੰ ਆਪਣੇ ਭਲੇ-ਬੁਰੇ ਦੀ ਪਛਾਣ ਹੈ। ਇਹ ਵੱਖਰੀ ਗੱਲ ਹੈ ਕਿ ਕਦੇ ਕਦਾਈਂ ਉਹ ਉਤੇਜਿਤ ਹੋ ਕੇ, ਭਾਵੁਕ ਹੋ ਕੇ ਉਲਾਰ ਹੋ ਜਾਂਦੇ ਹਨ। ਪਰ ਉਹ ਭੈੜੇ ਸਿਆਸਤਦਾਨਾਂ ਦੀਆਂ ਭੈੜੀਆਂ ਲੂੰਬੜ ਚਾਲਾਂ ਤੋਂ ਜਾਣੂ ਹਨ।

ਸਿਆਸਤਦਾਨੋ ! ਤੁਸੀਂ ਆਪਸ ਵਿੱਚ ਲੜਦੇ ਹੋ, ਅਸੰਬਲੀ ਵਿੱਚ ਗਾਲੀ-ਗਲੋਚ ਕਰਦੇ ਹੋ। ਇੱਕ ਦੂਜੇ ਉੱਤੇ ਦੂਸ਼ਣਬਾਜ਼ੀ ਕਰਦੇ ਹੋ। ਆਪਣੇ ਆਪ ਨੂੰ ਚੰਗਾ, ਦੂਜੇ ਨੂੰ ਮਾੜਾ ਕਹਿੰਦੇ ਹੋ। ਤੁਹਾਨੂੰ ਪੰਜਾਬ ਨਹੀਂ, ਪੰਜਾਬ ਦੇ ਮੁੱਦੇ ਨਹੀਂ, ਸਿਰਫ਼ ਕੁਰਸੀ ਪਿਆਰੀ ਹੈ। ਦਿੱਲੀ ਦੇ ਇਸ਼ਾਰਿਆਂ ਉੱਤੇ ਪੰਜਾਬ ਦੇ ਲੋਕਾਂ ਨੂੰ ਭੜਕਾਉਂਦੇ ਹੋ, ਭੁਚਲਾਉਂਦੇ ਹੋ, ਵਰਾਉਂਦੇ ਹੋ, ਚੰਗਾ ਨਹੀਂ ਕਰਦੇ, ਕਦੇ ਇਕੱਲੇ ਬੈਠ ਕੇ ਸੋਚੋ ਤਾਂ ਸਹੀ ਪੰਜਾਬ ਤੁਹਾਡਾ ਹੈ ? ਕਦੇ ਸੋਚੋ ਤਾਂ ਸਹੀ ਪੰਜਾਬੀ ਤੁਹਾਡੇ ਹਨ ?

ਆਖ਼ਰੀ ਗੱਲ, ਪੰਜਾਬ ਦਾ ਕਿਸਾਨ, ਦਿੱਲੀ ਹਾਕਮਾਂ ਨਾਲ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਿਹਾ ਹੈ। ਪੰਜਾਬੀ ਸਿਆਸਤਦਾਨੋ ਮਨੋਂ, ਧਨੋਂ, ਤਨੋਂ ਉਨਾਂ ਨਾਲ ਖੜਨਾ ਤੁਹਾਡਾ ਇਖ਼ਲਾਕੀ ਫ਼ਰਜ਼ ਹੈ। ਉਹ ਲੋਕਾਂ ਦੀ ਲੜਾਈ ਲੜ ਰਹੇ ਹਨ। ਉਹ ਕਾਰਪੋਰੇਟਾਂ ਵਿਰੁੱਧ, ਜਿਹੜੇ ਲੋਕਾਂ ਦਾ ਸਭ ਕੁਝ ਹੜੱਪਣ ਦੇ ਰਾਹ ਹਨ, ਵਿਰੁੱਧ ਡਟ ਕੇ ਖੜੇ ਹਨ। ਉਹ ਕੇਂਦਰੀ ਹਾਕਮਾਂ ਦੀ ਬਦਨੀਤੀ ਵਿਰੁੱਧ ਹੋਕਾ ਦੇ ਰਹੇ ਹਨ। ਪੰਜਾਬੀ ਸਿਆਸਤਦਾਨੋ ! ਤੁਹਾਡੇ ਕਿਸੇ ਵੱਲੋਂ ਕੀਤੀ ਗਈ ਦਲਾਲੀ-ਰਾਜਨੀਤੀ, ਸਿਆਸੀ ਸੌੜੀ ਕੁਤਾਹੀ ਪੰਜਾਬ ਤੇ ਪੰਜਾਬੀਆਂ ਦੇ ਇਸ ਸਮੇਂ ਲਿਖੇ ਜਾ ਰਹੇ ਇਤਿਹਾਸ ਵਿੱਚ ਤੁਹਾਡੇ ਉੱਤੇ ਕਾਲ਼ਾ ਦਾਗ ਲਾ ਦੇਵੇਗੀ।

# ਦਿੱਲੀ ਵਿਚ ਸਿੱਖ ਨੌਜਵਾਨ ਦਾ ਕਤਲ

## ਬਰਨਾਲਾ ਜੇਲ ਦੀ ਜ਼ੁਲਮੀ ਘਟਨਾ ਬਨਾਮ ਜਗਤਾਰ ਸਿੰਘ ਤਾਰੇ ਦਾ ਖ਼ਤ



**ਬਘੇਲ ਸਿੰਘ ਪੱਤਰਕਾਰ**

**99142-58142**

ਦਿੱਲੀ ਵਿੱਚ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਜਰਨੈਲ ਸਿੰਘ ਦੇ ਸਪੁੱਤਰ ਦਾ ਬੇਰਹਿਮੀ ਨਾਲ ਕੁੱਟਮਾਰ ਕਰਨ ਤੋਂ ਬਾਅਦ ਕੀਤਾ ਗਿਆ ਕਤਲ ਅਤੇ ਕੁੱਟਮਾਰ ਦੀਆਂ ਜਨਤਕ ਹੋਈਆਂ ਵੀਡੀਓ ਦੇਖਣ ਤੋਂ ਬਾਅਦ ਭਾਰਤ ਅੰਦਰ ਪਹਿਲਾਂ ਹੀ ਅਸੁਰਖਿਅਤ ਮਹਿਸੂਸ ਕਰਦੇ ਸਿੱਖਾਂ ਸਮੇਤ ਸਮੁੱਚੀਆਂ ਘੱਟਗਿਣਤੀਆਂ ਦੇ ਤੌਖਲੇ ਹੋਰ ਵੱਧ ਜਾਂਦੇ ਹਨ। ਜਦੋਂ ਨਵੰਬਰ ਦੇ ਪਹਿਲੇ ਹਫਤੇ ਰਾਜਧਾਨੀ ਦਿੱਲੀ ਦੀਆਂ ਸੜਕਾਂ ਉਪਰ ਇੱਕ ਸਿੱਖ ਨੌਜਵਾਨ ਨੂੰ ਬਹੁਤ ਬੇਰਹਿਮੀ ਨਾਲ ਕੁੱਟਿਆ ਮਾਰਿਆ ਜਾ ਰਿਹਾ ਹੁੰਦਾ ਹੈ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਕੋਈ ਵੀ ਉਸ ਨੌਜਵਾਨ ਨੂੰ ਬਚਾਉਣ ਲਈ ਅੱਗੇ ਨਹੀਂ ਆਉਂਦਾ। ਲੋਕ ਆਮ ਵਾਂਗ ਕੋਲ ਦੀ ਲੰਘ ਰਹੇ ਹਨ, ਕੁੱਝ ਇਹ ਤਮਾਸ਼ਾ ਦੇਖ ਵੀ ਰਹੇ ਹਨ ਤੇ ਬਹੁਤ ਸਾਰੇ ਇਸ ਭਿਆਨਕ ਮੰਜਰ ਨੂੰ ਆਪਣੇ ਆਪਣੇ ਫੋਨ ਦੇ ਕੈਮਰਿਆਂ 'ਚ ਸਾਂਭਣ ਵਿੱਚ ਮਸ਼ਰੂਫ ਹਨ, ਪਰ ਰਾਜਧਾਨੀ ਦੇ ਲੋਕਾਂ ਅੰਦਰ ਇਨਸਾਨੀਅਤ ਜਿਉਂਦੀ ਕਿਧਰੇ ਵੀ ਦਿਖਾਈ ਨਹੀਂ ਦਿੱਤੀ। ਇਹ ਵਰਤਾਰਾ ਉਸ ਮੌਕੇ ਵਾਪਰਦਾ ਹੈ ਜਦੋਂ ਸਿੱਖ ਕੌਮ ਨਵੰਬਰ 1984 ਦੇ ਯੋਜਨਾਬੱਧ ਕਤਲੇਆਮ ਵਿਚ ਮਾਰੇ ਗਏ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਯਾਦ ਕਰਦੀ ਹੋਈ ਖ਼ੂਨ ਦੇ ਅੱਥਰੂ ਕੇਰ ਰਹੀ ਹੁੰਦੀ ਹੈ, ਕਿਉਂਕਿ ਸਿੱਖਾਂ ਨੂੰ 1984 ਦੇ ਹੌਲਨਾਕ ਕਤਲੇਆਮ ਦਾ ਇਨਸਾਫ਼ ਦੇਣ ਵਿੱਚ ਭਾਰਤੀ ਕਾਨੂੰਨ ਬੇਬੱਸ ਰਿਹਾ ਹੈ। ਜਦੋਂਕਿ ਦੂਜੇ ਪਾਸੇ ਸਿੱਖ ਨੌਜਵਾਨ ਪਿਛਲੇ 36-37 ਸਾਲਾਂ ਤੋਂ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਜੇਲਾਂ ਵਿੱਚ ਸੜ ਰਹੇ ਹਨ। ਭਾਰਤੀ ਕਾਨੂੰਨ ਉਨਾਂ ਨੂੰ ਵੀ ਇਨਸਾਫ਼ ਦੇਣ ਤੋਂ ਪੂਰੀ ਤਰਾਂ ਬੇਬੱਸ ਹੀ ਨਹੀਂ ਬਲਕਿ ਇਨਕਾਰੀ ਜਾਪਦਾ ਹੈ। ਕਾਨੂੰਨ ਦੇ ਦੋਹਰੇ ਮਾਪਦੰਡ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਚਿੱਟੇ ਦਿਨ ਘਾਣ ਕਰਦੇ ਹਨ, ਕੋਈ ਸੁਣਵਾਈ ਨਹੀਂ। ਅਜਿਹੇ ਹਾਲਾਤਾਂ 'ਚੋਂ ਅਸੁਰਖਿਆ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੈ। ਜਿਹੜੀ ਸਿੱਖਾਂ ਵਰਗੀ ਬਹਾਦਰ ਕੌਮ, ਜਿਸਨੂੰ ਸਾਜਿਆ ਹੀ ਜਬਰ ਜ਼ੁਲਮ ਦੇ ਟਾਕਰੇ ਲਈ ਹੋਵੇ, ਜਿਸ ਨੂੰ ਗੁਰੂ ਸਾਹਿਬ ਵੱਲੋਂ ਮੀਰੀ ਪੀਰੀ ਦੇ ਸਿਧਾਂਤ ਦੀ ਬਖਸ਼ਿਸ਼ ਕੀਤੀ ਗਈ ਹੋਵੇ, ਜਿਸ ਨੂੰ ਸੰਪੂਰਨ ਹੀ ਗੁਰੂ ਨੇ 'ਚੁ ਕਾਰ ਅਜ਼ ਹਮਹ ਹੀਲਦੇ ਦਰ ਗੁਜ਼ਸਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ' ਦੇ ਪਵਿੱਤਰ ਸਿਧਾਂਤ ਦੀ ਬਖਸ਼ਿਸ਼ ਕੀਤੀ ਹੋਵੇ ਉਹਦੇ ਲਈ ਅਜਿਹੀ ਸਥਿਤੀ ਬੇਹੱਦ ਅਸਹਿ ਹੋ ਜਾਂਦੀ ਹੈ। ਜਿਸ ਵਿੱਚੋਂ ਫਿਰ ਅਜਿਹੇ ਮਰਜੀਵੜੇ ਪੈਦਾ ਹੋ ਜਾਂਦੇ ਹਨ, ਜਿਹੜੇ ਭਾਈ ਜਗਤਾਰ ਸਿੰਘ ਤਾਰਾ ਹੋ ਨਿਬੜਦੇ ਹਨ। ਪਿਛਲੇ ਦਿਨੀਂ ਬੇਅੰਤ ਸਿੰਘ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਭਾਈ ਜਗਤਾਰ ਸਿੰਘ ਤਾਰਾ ਨੇ ਜੇਲ ਤੋੜਨ ਵਾਲੇ ਕੇਸ ਵਿੱਚ ਫੈਸਲੇ ਸਮੇਂ ਜੱਜ ਨੂੰ ਜੋ ਲਿਖਤੀ ਪੱਤਰ ਦਿੱਤਾ ਹੈ, ਉਹ ਵੀ ਇੱਥੇ ਸਾਂਝਾ ਕਾਰਨਾਂ ਬੇਹੱਦ ਜ਼ਰੂਰੀ ਹੈ ਤਾਂ ਕਿ ਸਿੱਖਾਂ ਦੀ ਮਨੋਦਸ਼ਾ ਨੂੰ ਸਮਝਿਆ ਜਾ ਸਕੇ :- ਜੱਜ ਸਾਬ, ਜਦੋਂ ਵੀ ਕਿਸੇ ਕੌਮ ਉੱਤੇ ਜਬਰ ਜ਼ੁਲਮ ਤੇ ਅੱਤਿਆਚਾਰ ਕੀਤਾ ਜਾਵੇ ਤਾਂ ਉਸ ਦੇ ਪ੍ਰਤੀਕਰਮ ਵਜੋਂ ਬਗਾਵਤ ਤਾਂ ਜਨਮ ਲਵੇਗੀ ਹੀ। ਜਦੋਂ ਸੱਚ ਉੱਤੇ ਚੱਲਣ ਵਾਲਿਆਂ ਨੂੰ ਝੂਠੇ ਸਾਬਤ ਕਰਨ ਲਈ ਉਨਾਂ ਦੀਆਂ ਹੱਕੀ ਮੰਗਾਂ ਨੂੰ ਜਬਰ ਜ਼ੁਲਮ ਨਾਲ ਦਬਾਇਆ ਜਾਵੇ ਤਾਂ ਫਿਰ ਉਸ ਕੌਮ ਦਾ ਤਲਵਾਰ ਹੱਥ ਵਿਚ ਉਠਾ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਜਾਇਜ਼ ਹੈ। ਜੱਜ ਸਾਬ, ਕੋਈ ਵੀ ਸਿੱਖ ਜੋ ਨਿੱਜੀ ਅਸੂਲਾਂ ਸਿਧਾਂਤਾਂ ਅਤੇ ਆਪਣੇ ਵਡੇਰਿਆਂ ਦੀਆਂ ਪੁਰਾਤਨ ਰਵਾਇਤਾਂ ਤੋਂ ਥੋੜਾ ਬਹੁਤ ਵੀ ਜਾਣੂ ਹੋਵੇ ਤਾਂ ਫਿਰ ਉਹ ਆਪਣੇ ਸਾਹਮਣੇ ਥਾਣਿਆਂ ਵਿੱਚ ਬੇਗੁਨਾਹਾਂ ਤੇ ਮਾਸੂਮਾਂ ਨੂੰ ਦਿੱਤੇ ਜਾਂਦੇ ਤਸੀਹਿਆਂ, ਧੀਆਂ ਭੈਣਾਂ ਦੀ ਹੋ ਰਹੀ ਬੇਪਤੀ ਅਤੇ ਨੌਜਵਾਨ ਵੀਰਾਂ ਦੇ ਹੋ ਰਹੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਵੇਖ ਕੇ ਕਿਵੇਂ ਚੁੱਪ ਰਹਿ ਸਕਦਾ ਸੀ ? ਸਾਨੂੰ ਸੱਚ ਤੋਂ ਕੁਰਬਾਨ ਹੋਣਾ, ਜਬਰ ਜ਼ੁਲਮ ਵਿਰੁੱਧ ਛਾਤੀ ਠੋਕ ਕੇ ਖੜਨਾ, ਸਿਰਾਂ ਦੀ ਕੁਰਬਾਨੀ ਦੇ ਕੇ ਸਿੱਖੀ ਦੀ ਲਾਟ ਬਲਦੀ ਰੱਖਣੀ ਅਤੇ ਅਣਖ ਨਾਲ ਜਿਊਣਾ ਵਿਰਸੇ ਵਿਚੋਂ ਮਿਲਿਆ ਹੈ। ਇਨਾਂ ਸਿੱਖ ਸਿਧਾਂਤਾਂ ਅਤੇ ਪੁਰਖਿਆਂ ਦੀ ਰਵਾਇਤ ਨੂੰ ਅੱਗੇ ਤੋਰਦੇ ਹੋਏ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੇ ਬੇਅੰਤੇ ਪਾਪੀ ਨੂੰ ਉਸਦੇ ਕੀਤੇ ਕੁਕਰਮਾਂ ਦੀ ਸਜ਼ਾ ਦੇਣ ਲਈ, ਸਿੱਖ ਕੌਮ ਦੇ ਯੋਧੇ ਸ਼ਹੀਦ ਭਾਈ ਦਿਲਾਵਰ ਸਿੰਘ ਨੇ ਆਪਾ ਕੁਰਬਾਨ ਕਰ ਕੇ ਉਸਨੂੰ ਮੌਤ ਦੇ ਘਾਟ ਉਤਾਰਿਆ ਸੀ। ਜ਼ੁਲਮ ਤੇ ਜ਼ਾਲਮ ਵਿਰੁੱਧ ਖੜ ਕੇ ਅਸੀਂ ਸਿੱਖੀ ਸਿਧਾਂਤਾਂ ਉੱਤੇ ਹੀ ਪਹਿਰਾ ਦਿੱਤਾ ਸੀ। ਅਸੀਂ ਹਥਿਆਰ ਓਦੋਂ ਚੁੱਕੇ ਨਹੀਂ, ਸਾਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਗਿਆ। ਜੱਜ ਸਾਬ, ਜੇਲ ਵਿਚੋਂ ਭੱਜਣ ਦਾ ਫੈਸਲਾ ਅਸੀਂ ਸੋਚ ਵਿਚਾਰ ਕੇ ਠੀਕ ਕੀਤਾ ਸੀ, ਕਿਉਂਕਿ ਹਿੰਦੁਸਤਾਨੀ ਅਦਾਲਤੀ ਸਿਸਟਮ ਵਿਚ ਸਾਨੂੰ ਕਦੇ ਇਨਸਾਫ ਦੀ ਉਮੀਦ ਨਹੀਂ ਸੀ ਅਤੇ ਅਸੀਂ ਬਾਹਰ ਜਾ ਕੇ ਸਿੱਖ ਕੌਮ ਨਾਲ ਹੋ ਰਹੇ ਧੋਖਿਆਂ ਵਿਰੁੱਧ ਸਿੱਖ ਕੌਮ ਦੀ ਸੇਵਾ ਕਰਨੀ ਚਾਹੁੰਦੇ ਸੀ। ਅਸੀਂ ਗਾਂਧੀ ਦੀ ਝੂਠੀ ਵਿਚਾਰਧਾਰਾ ਅਹਿੰਸੋ ਪਰਮੋ ਧਰਮਾ ਦੇ ਪੁਜਾਰੀ



ਨਹੀਂ, ਸਗੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੈਰੋਕਾਰ ਹਾਂ, ਜਿਨਾਂ ਨੇ ਜਬਰ ਜ਼ੁਲਮ ਦੇ ਟਾਕਰੇ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਜਦੋਂ ਤੱਕ ਸਮਾਜ ਵਿੱਚੋਂ ਜਬਰ ਜ਼ੁਲਮ ਖਤਮ ਨਹੀਂ ਹੁੰਦਾ, ਸਿੱਖੀ ਦੇ ਪਰਵਾਨੇ ਅਜ਼ਾਦ ਕੌਮੀ ਘਰ ਲਈ ਕੁਰਬਾਨੀ ਕਰਦੇ ਰਹਿਣਗੇ। ਜੱਜ ਸਾਬ, ਨਵੰਬਰ 1984 ਵਿੱਚ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਸਿੱਖਾਂ ਦੀ ਕਤਲੋਗਾਰਤ, ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਕੀਤੇ ਗਏ। 1980 ਅਤੇ 90 ਦੇ ਦਹਾਕੇ ਦੌਰਾਨ ਪੰਜਾਬ ਦੀ ਧਰਤੀ ਉੱਤੇ ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਅਤੇ ਥਾਣਿਆਂ ਵਿੱਚ ਤਸ਼ੱਦਦ ਕਰਕੇ ਮਾਰਿਆ ਗਿਆ ਅਤੇ ਲਾਸ਼ਾਂ ਲਾਵਾਰਿਸ ਕਰਾਰ ਦੇ ਕੇ ਸਾੜੀਆਂ ਗਈਆਂ ਅਤੇ ਨਹਿਰਾਂ ਤੇ ਦਰਿਆਵਾਂ ਵਿੱਚ ਰੋਹੜੀਆਂ ਗਈਆਂ। ਇਨਾਂ ਲਈ ਜਿੰਮੇਵਾਰ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਵਿਰੱਧ ਕਿਸੇ ਵੀ ਨਿਆਂਇਕ ਸਿਸਟਮ ਨੇ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਅੱਗੇ ਉਮੀਦ ਹੈ। ਇਸ ਲਈ ਮੈਨੂੰ ਇਸ ਅਦਾਲਤੀ ਸਿਸਟਮ ਉੱਤੇ ਕੋਈ ਵਿਸ਼ਵਾਸ਼ ਨਹੀਂ ਹੈ। ਮੈਂ ਅਜਿਹੇ ਅਦਾਲਤੀ ਸਿਸਟਮ, ਜਿਸ ਨੂੰ ਹਜ਼ਾਰਾਂ ਬੇਗੁਨਾਹਾਂ ਉੱਤੇ ਹੋਏ ਜਬਰ ਜ਼ੁਲਮ ਨਜ਼ਰ ਨਹੀਂ ਆਏ, ਨੂੰ ਮੰਨਣ ਤੋਂ ਇਨਕਾਰੀ ਹਾਂ।'

ਭਾਈ ਜਗਤਾਰ ਸਿੰਘ ਤਾਰਾ ਨੇ ਦੇਸ਼ ਦੀ ਰਾਜਧਾਨੀ ਵਿੱਚ ਲਗਾਤਾਰ ਵਾਪਰ ਰਹੇ ਸਿੱਖਾਂ ਤੇ ਜੁਲਮਾਂ ਵਰਗੇ ਆਮ ਵਰਤਾਰੇ ਨੂੰ ਪ੍ਰਗਟ ਕੀਤਾ ਹੈ। ਸਿੱਖ ਕੌਮ ਦੇ ਇਨਾਂ ਮਰਜੀਵੜਿਆਂ ਦੀ ਮਨੋਭਾਵਨਾ ਨੂੰ ਸਮਝਣ ਦੀ ਲੋੜ ਹੈ। ਉਨਾਂ ਨੇ ਆਪਣੀ ਕੌਮ ਨਾਲ ਹੋ ਰਹੇ ਜੁਲਮਾਂ, ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਦੇ ਹੋਏ ਯੋਜਨਾਵਬਧ ਕਤਲੇਆਮ, ਸਿੱਖ ਬੀਬੀਆਂ ਦੀ ਬੇਪਤੀ ਤੋਂ ਬਾਅਦ ਦਰਦਨਾਕ ਮੌਤ ਵਰਗੇ ਸੈਂਕੜੇ ਅਜਿਹੇ ਕਾਰਨਾਂ ਨੂੰ ਸਾਹਮਣੇ ਰੱਖਿਆ ਹੈ ਜਿਨਾਂ ਨੇ ਸਿੱਖਾਂ ਅੰਦਰ ਅਸੁਰਖਿਆ ਦੀ ਭਾਵਨਾ ਪੈਦਾ ਕੀਤੀ। ਜਿਸ ਦੇਸ਼ ਦੇ ਉਹ ਹਿੱਸੇ, ਜਿਸ ਨੂੰ ਸਿੱਖ ਕੌਮ ਆਪਣਾ ਘਰ ਸਮਝਦੀ ਹੈ, ਆਪਣਾ ਖ਼ਿੱਤਾ ਸਮਝਦੀ ਹੈ, ਆਪਣਾ ਕੌਮੀ ਘਰ ਸਮਝਦੀ ਹੈ, ਜਦੋਂ ਉਥੋਂ ਦੀਆਂ ਜੇਲਾਂ ਵਿੱਚ ਵੀ ਸਿੱਖਾਂ ਦੀ ਪਿੱਠ ਤੇ ਲਾਲ ਤੱਤੇ ਸਰੀਏ ਨਾਲ ਅੱਤਵਾਦੀ ਲਿਖ ਕੇ ਬੇਗਾਨਗੀ ਦਾ ਅਹਿਸਾਸ ਕਰਵਾਉਣ ਦੇ ਯਤਨ ਅਰੰਭ ਹੋ ਜਾਣ ਤਾਂ ਸਿੱਖ ਸੁਰਖਿਅਤ ਕਿਵੇਂ ਅਤੇ ਕਿੱਥੇ ਮਹਿਸੂਸ ਕਰਨਗੇ ? ਅਜਿਹੇ ਸਵਾਲ ਹੱਲ ਹੋਣੇ ਚਾਹੀਦੇ ਹਨ। 2021 ਦੀ ਨਵੰਬਰ ਦੇ ਮਹੀਨੇ ਦੇ ਪਹਿਲੇ ਹਫਤੇ ਦਿੱਲੀ ਵਰਗੇ ਸ਼ਹਿਰ ਵਿੱਚ ਸਿੱਖ ਨੌਜਵਾਨ ਨੂੰ ਕੋਹ ਕੋਹ ਕੇ ਮਾਰਨਾ ਅਜਿਹੀ ਚਿੰਤਾ ਨੂੰ ਹੋਰ ਵਧਾਉਂਦਾ ਹੈ ਜਿਹੜੀ ਉੱਪਰਲੇ ਪੱਤਰ ਵਿੱਚ ਜੱਜ ਦੇ ਸਾਹਮਣੇ ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਸ਼ਬਦਾਂ ਰਾਹੀਂ ਬਿਆਨ ਕੀਤੀ ਹੈ। ਸੋ ਸਿੱਖਾਂ ਸਮੇਤ ਸਮੁੱਚੀਆਂ ਘੱਟਗਿਣਤੀਆਂ ਦੇ ਮਨਾਂ ਵਿਚ ਵਸੀ ਅਸੁਰਖਿਆ ਦੀ ਭਾਵਨਾ ਨੂੰ ਦੂਰ ਕਰਨ ਲਈ ਦਿੱਲੀ ਅਤੇ ਪੰਜਾਬ ਦੇ ਸ਼ਹਿਰ ਬਰਨਾਲਾ ਦੀ ਜੇਲ ਵਿਚ ਵਾਪਰੇ ਬੇਹੱਦ ਜੁਲਮੀ ਵਰਤਾਰੇ ਨੂੰ ਰੋਕਣ ਲਈ ਦੋਹਰੇ ਮਾਪਦੰਡਾਂ ਦੇ ਰੁਝਾਨ ਨੂੰ ਤਿਆਗ ਕੇ ਕਾਨੂੰਨ ਨੂੰ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ ਤਾਂ ਕਿ ਘੱਟਗਿਣਤੀਆਂ ਅੰਦਰ ਕਾਨੂੰਨ ਵਿਚ ਪੈਦਾ ਹੋਏ ਅਵਿਸ਼ਵਾਸ ਦੀ ਭਾਵਨਾ ਨੂੰ ਖਤਮ ਕੀਤਾ ਜਾ ਸਕੇ।

---

# ਇਕ ਨਵੇਂ ਮਹਾਂਭਾਰਤ ਦੀ ਤਿਆਰੀ

**ਬਿੱਟੂ ਅਰਪਿੰਦਰ ਸਿੰਘ, ਜਰਮਨੀ**

**ਕੁਲਦੀਪ ਸਿੰਘ ਪੱਡਾ, ਸਵੀਡਨ**

ਮੁਲਕ ਦੇ ਹੁਕਮਰਾਨ ਸਤਾ ਦੇ ਨਸ਼ੇ ਵਿਚ ਗ਼ਲਤਾਨ ਦੁਰਯੋਧਨ ਵਾਲਾ ਹੱਠ ਪੁਗਾਉਣ ਲਈ ਬਜਿੱਦ ਹਨ। ਜੋ ਦੁਰਗਤੀ ਮਾਨਵ ਅਧਿਕਾਰਾਂ ਦੀ ਪਿਛਲੇ ਅਰਸੇ ਤੋਂ ਹੋ ਰਹੀ ਉਹ ਅੱਜ ਨਹੀਂ ਤੇ ਕੱਲ ਯਕੀਨਨ ਵਿਨਾਸ਼ਕਾਰੀ ਸਾਬਤ ਹੋਵੇਗੀ। ਜੋ ਕੁਝ ਘੱਟਗਿਣਤੀਆਂ ਤੇ ਦਲਿਤਾਂ ਨਾਲ ਆਏ ਦਿਨ ਵਾਪਰ ਰਿਹਾ ਉਹ ਅਫ਼ਸੋਸਨਾਕ ਤੇ ਸ਼ਰਮਨਾਕ ਤਾਂ ਹੈ ਪਰ ਉਸ ਨਾਲ਼ੋਂ ਵੀ ਸ਼ਰਮਨਾਕ ਹੈ ਬੁੱਧੀਜੀਵੀ ਤਬਕੇ ਦਾ ਮੋਨ। ਇਹ ਚੁੱਪ ਬਹੁਤ ਖ਼ਤਰਨਾਕ ਹੈ ਬੇਸ਼ੱਕ ਕੁਝ ਲੋਕ ਆਪਣੇ ਵਿੱਤ ਅਨੁਸਾਰ ਬੋਲ ਕੇ ਲਿਖ ਕੇ ਹਾਅ ਦਾ ਨਾਅਰਾ ਮਾਰਦੇ ਹਨ ਧੰਨਵਾਦ ਉਹਨਾਂ ਸੁਹਿਰਦ ਲੋਕਾਂ ਦਾ।

ਹਕੂਮਤ ਇਸ ਕਦਰ ਸੱਤਾ ਦੇ ਨਸ਼ੇ ਵਿਚ ਅੰਨੀ ਬੋਲੀ ਹੋਈ ਪਈ ਹੈ ਕਿ ਲੋਕ-ਤੰਤਰੀ ਕਦਰਾਂ ਕੀਮਤਾਂ ਦਾ ਮਜ਼ਾਕ ਬਣਾਇਆ ਹੋਇਆ ਹੈ। ਕਦੇ ਤਾਂ ਸੁਪਰੀਮ ਕੋਰਟ ਦੀ ਸਟੇਟਮੈਂਟ ਆਉਂਦੀ ਹੈ ਕਿ ਖਾਲਿਸਤਾਨ ਦੀ ਮੰਗ ਵੀ ਲੋਕਤੰਤਰਿਕ ਤਰੀਕੇ ਨਾਲ ਜਾਇਜ਼ ਹੈ ਤੇ ਕਦੇ ਇਨਕਲਾਬੀ ਕਿਤਾਬਾਂ ਰੱਖਣ ਦੇ ਜੁਰਮ ਵਿੱਚ ਉਮਰ ਕੈਦ। ਇਕ ਸਾਲ ਤੋਂ ਅੰਨਦਾਤੇ ਦੀ ਹੋ ਰਹੀ ਦੁਰਗਤੀ ਸੰਸਾਰ ਵੇਖ ਰਿਹਾ ਹੈ ਤੇ ਕਾਂਨ ਘਾੜੇ ਆਏ ਦਿਨ ਨਵੇਂ ਕਾਂਨ ਬਣਾਉਣ ਦੀਆਂ ਸਕੀਮਾਂ ਲਾ ਰਹੇ ਹਨ। 700 ਦੇ ਕਰੀਬ ਉਨਾਂ ਕਿਸਾਨਾਂ ਦੀਆਂ ਲਾਸ਼ਾਂ ਘਰਾਂ ਨੂੰ ਪਰਤ ਗਈਆਂ ਜਿਨਾਂ ਦੀਆਂ ਵੋਟਾਂ ਨਾਲ ਹੁਕਮਰਾਨ ਸਤਾ ਮਾਣ ਰਹੇ ਹਨ, ਦੋ ਮਿੰਟ ਤੱਕ ਦਾ ਕਿਸੇ ਨੇ ਮੋਨ ਨਹੀਂ ਰੱਖਿਆ ਅਫ਼ਸੋਸ ਜ਼ਾਹਰ ਨਹੀਂ ਕੀਤਾ ਸਗੋਂ ਪੰਜਾਹ ਕਿੱਲੋਮੀਟਰ ਦੀ ਬਾਰਡਰ ਪੱਟੀ ਕੇਂਦਰ ਲੈ ਗਿਆ, ਹਨੇਰ ਸਾਂਈ ਦਾ, ਦਿਨ ਦਿਹਾੜੇ ਡਾਕਾ। ਇਸੇ ਤਰਾਂ ਕੇਂਦਰ ਨੇ ਕਾਮਰੇਡਾਂ ਦੀ ਮਿਲੀਭੁਗਤ ਨਾਲ ਸਾਡੇ ਲੋਕਾਂ ਨੂੰ ਦਿੱਲੀ ਦੇ ਬਾਰਡਰ ਤੇ ਆਹਰੇ ਲਾ ਛੱਡਣਾ ਤੇ ਖ਼ਬਰ ਆ ਜਾਣੀ ਕਿ ਰਾਸ਼ਟਰੀ ਸੁਰੱਖਿਆ ਕਰਕੇ ਗੁਰਦਾਸਪੁਰ, ਬਟਾਲਾ, ਪਠਾਨਕੋਟ, ਦੀਨਾਨਗਰ, ਤੇ ਸ਼ਾਇਦ ਸ੍ਰੀ ਅੰਮ੍ਰਿਤਸਰ ਸਾਹਿਬ ਵੀ ਜੰਮੂ ਨਾਲ ਜੋੜ ਦਿੱਤੇ। ਇਹ ਕਨਸੋਆਂ ਵੀ ਮਿਲ ਰਹੀਆਂ।

ਪਿਛਲੇ ਦਿਨਾਂ ਵਿਚ ਇਕ ਹੋਰ ਖ਼ਤਰਨਾਕ ਰੁਝਾਨ ਚੱਲਿਆ ਹੈ ਉਹ ਹੈ ਵਿਰੋਧੀਆਂ ਦੀ ਅਵਾਜ ਬੰਦ ਕਰਨਾ ਤੇ ਚਾਪਲੂਸਾਂ ਦੀ ਸੁਰੱਖਿਆ ਛੱਤਰੀ ਪ੍ਰਦਾਨ ਕਰਨਾ। ਅੰਨਦਾਤੇ ਦੇ ਵਿਰੋਧ ਵਿਚ ਬੋਲਣ ਵਾਲੀ ਤੇ ਬਜ਼ੁਰਗ ਮਾਤਾਵਾਂ ਦਾ ਅਪਮਾਨ ਕਰਨ ਵਾਲੀ ਨਾਚੀ ਕੰਗਨਾਂ ਨੂੰ ਤੇ ਜੈੱਡ ਪਲੱਸ ਸੁਰੱਖਿਆ ਤੇ ਪਦਮਸ੍ਰੀ ਨਾਲ ਨਿਵਾਜਿਆ ਜਾਂਦਾ, ਪਰ ਕਿਸਾਨਾਂ ਮਜ਼ਦੂਰਾਂ ਦੇ ਹੱਕ 'ਚੋਂ ਬੋਲਣ ਵਾਲਿਆਂ ਨੂੰ ਜ਼ਲੀਲ ਕੀਤਾ ਜਾ ਰਿਹਾ। ਇੱਥੋਂ ਤੱਕ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਨਹੀਂ ਬਖ਼ਸ਼ਿਆ ਜਾ ਰਿਹਾ। ਹਲਕਾ ਭੁਲੱਥ ਤੋਂ ਚੁਣੇ ਹੋਏ ਵਿਧਾਇਕ ਤੇ ਰਹਿ ਚੁੱਕੇ ਵਿਰੋਧੀ ਧਿਰ ਦੇ ਨੇਤਾ ਸ. ਸੁਖਪਾਲ ਸਿੰਘ ਖਹਿਰਾ ਨੂੰ ਕਿਸ ਤਰਾਂ ਪਿੱਛਲੇ ਦਿਨਾਂ ਤੋਂ ਜ਼ਲੀਲ ਕੀਤਾ ਜਾ ਰਿਹਾ, ਉਸਦਾ ਕਸੂਰ ਸਿਰਫ ਏਨਾਂ ਹੈ ਕਿ ਉਹ ਕਿਸਾਨਾਂ ਮਜ਼ਦੂਰਾਂ ਤੇ ਪੰਜਾਬ ਦੇ ਹੱਕਾਂ ਲਈ ਡੱਟ ਕੇ ਬੋਲਦਾ ਰਿਹਾ। ਕਿਸਾਨ ਮੋਰਚੇ ਵਿਚ ਸ਼ਹੀਦ ਹੋ ਚੁੱਕੇ ਨਵਰੀਤ ਸਿੰਘ ਤੇ ਹੋਰਨਾਂ ਮ੍ਰਿਤਕ ਕਿਸਾਨਾਂ ਦੇ ਘਰਾਂ ਤੱਕ ਜਾਂਦਾ ਰਿਹਾ। ਯੁਅੱਪਾ ਤਹਿਤ ਫੜੇ ਨੌਜਵਾਨਾਂ ਤੱਕ ਦੀ ਪੈਰਵਾਈ ਕਰਦਾ ਰਿਹਾ। ਗੱਲ ਇੱਥੇ ਕਾਂਗਰਸੀ ਅਕਾਲੀ ਜਾਂ ਕਿਸੇ ਹੋਰ ਪਾਰਟੀ ਦੀ ਨਹੀਂ ਜੋ ਵੀ ਸੱਤਾਧਾਰੀਆਂ ਦੀ ਬੇਇਨਸਾਫੀ ਵਿਰੁੱਧ ਬੋਲੇਗਾ ਜ਼ਰੂਰ ਜ਼ਲੀਲ ਹੋਵੇਗਾ। ਇਸੇ ਤਰਾਂ ਹੀ ਕੁਝ ਦਿਨ ਪਹਿਲਾਂ ਇਕ ਪ੍ਰਮੁਖ ਅਕਾਲੀ ਮੰਤਰੀ ਦੇ ਭਰਾ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਦਿੱਲੀ ਏਅਰਪੋਰਟ ਤੋਂ ਅਮਰੀਕਾ ਨੂੰ ਮੋੜ ਦਿੱਤਾ ਕਿ ਇਹਨੇ ਕਿਸਾਨੀ ਅੰਦੋਲਨ ਵਿੱਚ ਕਿਸਾਨਾਂ ਦੀ ਹਮਾਇਤ ਕੀਤੀ।

ਗੱਲ ਕੀ ਹਕੂਮਤਾਂ ਜਬਰ ਜ਼ੁਲਮ ਵੀ ਕਰਦੀਆਂ ਆਈਆਂ ਤੇ ਲੋਕ ਲਹਿਰਾਂ ਵੀ ਉੱਠਦੀਆਂ ਰਹੀਆਂ ਇਨਕਲਾਬ ਵੀ ਆਉਂਦੇ ਰਹੇ ਹਨ, ਪਰ ਇਤਹਾਸ ਨੇ ਯਾਦ ਸਦਾ ਉਨਾਂ ਨੂੰ ਰੱਖਿਆ ਜੋ ਹੱਕ ਸੱਚ ਤੇ ਪਹਿਰਾ ਦਿੰਦੇ ਰਹੇ ਹਨ ਤੇ ਜ਼ੁਲਮ ਵਿਰੱਧ ਅਵਾਜ ਚੁੱਕਦੇ ਰਹੇ ਹਨ। ਪੰਜਾਬੀ ਬੁੱਧੀਜੀਵੀਓ, ਲੇਖਕੋ, ਰੱਬ ਦੇ ਭੈਅ ਵਿਚ, ਰਹਿਣ ਵਾਲੇ ਲੀਡਰੋ ਤੇ ਅਫਸਰੋ ਗੁਰੂ ਬਾਬਾ ਨਾਨਕ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਸਿੱਖ ਬਣਕੇ ਪੁਰਬ ਮਨਾਉਣ ਦਾ ਅਸਲ ਭਾਵ ਹੀ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰਨਾ ਹੈ। ਜੇ 'ਬਾਬਰ ਨੂੰ ਜਾਬਰ' ਨਾ ਆਖਿਆ ਬਾਬੇਕਿਆਂ ਦੇ ਵੀ ਸਾਂ ਕਿਸੇ ਨਹੀਂ ਆਖਣਾ। ਜੇ ਸਰਕਾਰਾਂ ਚੁਣੇ ਹੋਏ ਨੁਮਾਇੰਦੇ ਤੇ ਉਨਾਂ ਦੇ ਸਕੇ ਸਬੰਧੀ ਨਹੀਂ ਬਖ਼ਸ਼ਦੀਆਂ, ਵਾਰੀ ਬਾਕੀਆਂ ਦੀ ਵੀ ਆਉਣੀ ਤੇ ਜੇ ਅੱਗ ਬਰੂੰਹਾਂ ਤੱਕ ਆ ਗਈ ਫੇਰ ਕੋਈ ਹੱਲ ਨਹੀਂ। ਬਾਕੀ ਰੈਲੀਆਂ ਰੈਲੀਆਂ ਖੇਡਣ ਆਲੇ ਵੋਟਰਾਂ ਨੂੰ ਪਤਾ ਨਹੀਂ ਕਦੋਂ ਅਕਲ ਆਉਣੀ ਤੁਹਾਡੇ ਮਰਿਆਂ ਤੇ ਕੋਈ ਅਫ਼ਸੋਸ ਨਹੀਂ। ਹਕੂਮਤ ਨੂੰ ਪੰਜਾਬ ਦਾ ਸਰਹੱਦੀ ਇਲਾਕਾ ਛਾਂਗਤਾ ਤੇ ਤੁਸੀਂ ਬੇਸ਼ਰਮਾਂ ਵਾਂਗੂ ਜ਼ਿੰਦਾਬਾਦ ਮੁਰਦਾਬਾਦ ਲਾਈ ਜਾਂਦੇ ਹੋ। ਸੋ ਤਾਹਡੇ ਲਈ ਲੜਨ ਖੜਨ ਵਾਲਾ ਖਹਿਰਾ ਹੋਵੇ ਜਾਂ ਕੋਈ ਹੋਰ ਸੁਹਿਰਦ ਲੀਡਰ ਜੱਥੇਦਾਰ ਨੇਤਾ ਆਪਣਾ ਇਖ਼ਲਾਕੀ ਫਰਜ਼ ਸਮਝਕੇ ਨਾਲ ਖਲੋਇਆ ਕਰੋ। ਬੁੱਧੀਜੀਵੀ ਤਬਕੇ ਦਾ ਵੀ ਫ਼ਰਜ਼ ਬਣਦਾ ਕਿ ਆਪਣਾ ਬਣਦਾ ਫਰਜ ਨਿਭਾਵੇ। ਵਰਨਾ ਇਤਿਹਾਸ ਨੇ ਕਿਸੇ ਨੂੰ ਮੁਆਫ ਨਹੀਂ ਕਰਨਾ। ਰਹੀ ਗੱਲ ਰਾਜਨੇਤਾਵਾਂ ਦੀ, ਦੁਰਯੋਧਨ ਵਾਲਾ ਹੱਠ ਵੇਖ ਕੇ ਤਾਂ ਲਗਦਾ 'ਇਕ ਨਵੇਂ ਮਹਾਂਭਾਰਤ ਦੀ ਤਿਆਰੀ' ਕਰ ਰਹੇ ਹਨ। ਅੱਤ ਦੇ ਅੰਤ ਦੀ ਗੱਲ ਦੀ ਜ਼ਿਕਰ ਵੀ ਮਹਾਂਭਾਰਤ ਵਿਚ, ਆਉਂਦਾ ਤੇ ਅੰਨਦਾਤੇ ਦਾ ਸਰਾਪ ਤੇ ਕਈ ਮੁਲਕਾਂ ਦੇ ਕਾਮਰੇਡਾਂ ਨੂੰ ਲੈ ਡੁੱਬਾ, ਇਸ ਤੋਂ ਬਚਣ ਸਰਕਾਰਾਂ।




# ਵਾਤਾਵਰਨ ਦੇ ਨੁਕਸਾਨ ਨਾਲ ਅਮੀਰਾਂ ਦੇ ਮੁਕਾਬਲੇ ਗਰੀਬਾਂ ਉਤੇ ਵੱਧ ਰਿਹਾ ਅਸਰ

**ਸੁਖਵੰਤ ਹੁੰਦਲ**

ਜ਼ਿੰਦਾ ਰਹਿਣ ਲਈ ਹਰ ਇਕ ਇਨਸਾਨ ਨੂੰ ਹਵਾ, ਪਾਣੀ, ਖੁਰਾਕ ਆਦਿ ਦੀ ਲੋੜ ਪੈਂਦੀ ਹੈ। ਇਸ ਲਈ ਸਾਨੂੰ ਇਹ ਲਗ ਸਕਦਾ ਹੈ ਕਿ ਜਦੋਂ ਹਵਾ, ਪਾਣੀ ਅਤੇ ਖੁਰਾਕ ਉਪਜਾਉਣ ਦੇ ਸਾਧਨ (ਧਰਤੀ, ਸਮੁੰਦਰ ਆਦਿ) ਪ੍ਰਦੂਸ਼ਤ ਹੁੰਦੇ ਹਨ ਜਾਂ ਉਨਾਂ ਦਾ ਨੁਕਸਾਨ ਹੁੰਦਾ ਹੈ (ਭਾਵ ਜਦੋਂ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ) ਤਾਂ ਇਸ ਕਾਰਨ ਸਾਰੇ ਇਨਸਾਨਾਂ (ਅਮੀਰਾਂ ਅਤੇ ਗਰੀਬਾਂ) 'ਤੇ ਇਕੋ ਜਿਹਾ ਅਸਰ ਪੈਂਦਾ ਹੈ। ਪਰ ਇਸ ਗੱਲ ਵਿੱਚ ਪੂਰੀ ਸਚਾਈ ਨਹੀਂ। ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਅਤੇ ਨਿਤਾਣੇ ਲੋਕਾਂ ਨੂੰ ਵਾਤਾਵਰਨ ਦੇ ਨੁਕਸਾਨ ਦੀ ਮਾਰ ਵੱਧ ਝੱਲਣੀ ਪੈਂਦੀ ਹੈ। ਵਾਤਾਵਰਨ ਦੇ ਨੁਕਸਾਨ ਕਾਰਨ ਪੈਦਾ ਹੋ ਰਹੀਆਂ ਸਥਿਤੀਆਂ ਗਰੀਬਾਂ ਦੀ ਪਹਿਲਾਂ ਹੀ ਮੁਸ਼ਕਿਲਾਂ ਭਰੀ ਜ਼ਿੰਦਗੀ ਨੂੰ ਹੋਰ ਦੁੱਭਰ ਅਤੇ ਤਕਲੀਫਦੇਹ ਬਣਾ ਦਿੰਦੀਆਂ ਹਨ। ਇਸ ਦੇ ਨਾਲ ਹੀ ਉਹਨਾਂ ਕੋਲ ਅਮੀਰ ਅਤੇ ਸਰਦੇ-ਪੁੱਜਦੇ ਲੋਕਾਂ ਦੇ ਮੁਕਾਬਲੇ ਇਹਨਾਂ ਅਸਰਾਂ ਦੀ ਮਾਰ ਨਾਲ ਨਿਪਟਣ ਦੇ ਵਸੀਲੇ ਘੱਟ ਹੁੰਦੇ ਹਨ। ਨਤੀਜੇ ਵੱਜੋਂ ਉਹਨਾਂ ਨੂੰ ਵਾਤਾਵਰਨ ਦੇ ਨੁਕਸਾਨ ਕਾਰਨ ਪੈਣ ਵਾਲੇ ਭੈੜੇ ਅਸਰਾਂ ਦੀ ਦੁਵੱਲੀ ਮਾਰ ਝੱਲਣੀ ਪੈਂਦੀ ਹੈ। ਇਸ ਸਚਾਈ ਨੂੰ ਸਮਝਣ ਅਤੇ ਰੀਕਾਰਡ ਕਰਨ ਲਈ ਇਸ ਸਮੇਂ ਦੁਨੀਆ ਭਰ ਵਿੱਚ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਉੱਪਰ ਵਾਤਾਵਰਨ ਦੇ ਨੁਕਸਾਨ ਕਾਰਨ ਪੈ ਰਹੇ ਅਸਰਾਂ ਬਾਰੇ ਬਹੁਤ ਸਾਰੇ ਅਧਿਐਨ ਅਤੇ ਖੋਜਾਂ ਹੋ ਰਹੀਆਂ ਹਨ। ਇਸ ਲੇਖ ਵਿੱਚ ਅਸੀਂ ਵਾਤਾਵਰਨ ਦੇ ਨੁਕਸਾਨ ਕਾਰਨ ਲੋਕਾਂ ਦੇ ਰੁਜ਼ਗਾਰ, ਅਤੇ ਸਿਹਤ ਉੱਪਰ ਪੈਣ ਵਾਲੇ ਅਸਰਾਂ ਅਤੇ ਘਰੋਂ ਬੇਘਰ ਹੋਣ ਦੇ ਵਰਤਾਰੇ ਬਾਰੇ ਚਰਚਾ ਕਰਾਂਗੇ। ਇਸ ਚਰਚਾ ਵਿੱਚ ਪੇਸ਼ ਕੀਤੇ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਏਗੀ ਕਿ ਵਾਤਾਵਰਨ ਦਾ ਨੁਕਸਾਨ ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ 'ਤੇ ਵੱਧ ਅਸਰ ਪਾਉਂਦਾ ਹੈ।

ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਪੱਸ਼ਟ ਕਰ ਲੈਣੀ ਜ਼ਰੂਰੀ ਹੈ ਕਿ ਵਾਤਾਵਰਨ ਦੇ ਨੁਕਸਾਨ ਤੋਂ ਸਾਡਾ ਕੀ ਮਤਲਬ ਹੈ ਅਤੇ ਧਰਤੀ 'ਤੇ ਇਹ ਨੁਕਸਾਨ ਹੋਣ ਦਾ ਕਾਰਜ ਕਿਸ ਤਰਾਂ ਵਾਪਰ ਰਿਹਾ ਹੈ। ਮੁੱਖ ਤੌਰ 'ਤੇ ਜ਼ਮੀਨ, ਪਾਣੀ, ਹਵਾ, ਈਕੋਸਿਸਟਮ ਅਤੇ ਪੌਦਿਆਂ ਅਤੇ ਜੀਵਾਂ ਦੀਆਂ ਜਾਤੀਆਂ (ਸਪੀਸਜ਼) ਦੇ ਨੁਕਸਾਨ ਨੂੰ ਵਾਤਾਵਰਨ ਦਾ ਨੁਕਸਾਨ ਮੰਨਿਆ ਜਾਂਦਾ ਹੈ। ਇਸ ਨੁਕਸਾਨ ਦਾ ਮੁੱਖ ਕਾਰਨ ਧਰਤੀ ਉੱਤੇ ਮਨੁੱਖ ਵਲੋਂ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਹਨ। ਬੇਸ਼ੱਕ ਵਾਤਾਵਰਨ ਦਾ ਨੁਕਸਾਨ ਕੁਦਰਤੀ ਤੌਰ 'ਤੇ ਵੀ ਹੁੰਦਾ ਹੈ ਪਰ ਉਹ ਮਨੁੱਖ ਵਲੋਂ ਕੀਤੇ ਜਾਣ ਵਾਲੇ ਨੁਕਸਾਨ ਦੇ ਮੁਕਾਬਲੇ ਬਹੁਤ ਹੀ ਮਾਮੂਲੀ ਮੰਨਿਆ ਜਾਂਦਾ ਹੈ।

(1) ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੇ ਵਰਤਾਰੇ ਦੇ ਕਈ ਪੱਖਾਂ ਵਿੱਚੋਂ ਕੁਝ ਮਹੱਤਵਪੂਰਨ ਪੱਖ ਇਸ ਪ੍ਰਕਾਰ ਹਨ: ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੇ ਫੈਲਾਅ ਕਾਰਨ ਧਰਤੀ ਦੇ ਤਾਪਮਾਨ ਵਿੱਚ ਵਾਧਾ (ਗਲੋਬਲ ਵਾਰਮਿੰਗ), ਮੌਸਮਾਂ ਵਿੱਚ ਨਾਟਕੀ ਪੱਧਰ ਦੀ ਤਬਦੀਲੀ (ਕਲਾਈਮੇਟ ਚੇਂਜ), ਸਮੁੰਦਰਾਂ ਦਾ ਤੇਜ਼ਾਬੀਕਰਨ, ਓਜ਼ੋਨ ਦੀ ਤਹਿ ਵਿੱਚ ਕਮੀ, ਕਈ ਕਾਰਨਾਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਕਮੀ ਆਉਣਾ ਜਾਂ ਜ਼ਮੀਨ ਦਾ ਖੇਤੀਯੋਗ ਨਾ ਰਹਿਣਾ, ਜੰਗਲਾਂ ਦਾ ਸਫਾਇਆ, ਖੇਤੀਬਾੜੀ ਅਤੇ ਸਨਅਤ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ (ਕੈਮੀਕਲਾਂ) ਕਾਰਨ ਰਸਾਇਣਕ ਪ੍ਰਦੂਸ਼ਣ, ਪ੍ਰਮਾਣੂ ਬਿਜਲੀ ਪੈਦਾ ਕਰਨ ਦੇ ਨਤੀਜੇ ਵੱਜੋਂ ਜ਼ਹਿਰੀਲੀ ਰਹਿੰਦ-ਖੂਹੰਦ ਦਾ ਉਤਪਾਦਨ, ਅਤੇ ਖੇਤੀ ਅਤੇ ਸਨਅਤੀ ਵਰਤੋਂ ਕਾਰਨ ਤਾਜ਼ਾ ਪਾਣੀ ਦੀ ਥੁੜ ਅਤੇ ਪ੍ਰਦੂਸ਼ਣ।

(2) ਆਉ ਹੁਣ ਵਾਤਾਵਰਨ ਦੇ ਨੁਕਸਾਨ ਕਾਰਨ ਲੋਕਾਂ ਦੇ ਰੁਜ਼ਗਾਰ, ਅਤੇ ਸਿਹਤ ਉੱਪਰ ਪੈਣ ਵਾਲੇ ਅਸਰਾਂ ਅਤੇ ਘਰੋਂ ਬੇਘਰ ਹੋਣ ਦੇ ਵਰਤਾਰੇ ਬਾਰੇ ਚਰਚਾ ਕਰੀਏ।

### ਰੁਜ਼ਗਾਰ ਅਤੇ ਆਮਦਨ

ਸੰਨ 2011 ਵਿੱਚ ਛਪੀ ਯੂਨਾਇਟਡ ਨੇਸ਼ਨਜ਼ ਦੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ 1.3 ਅਰਬ (ਬਿਲੀਅਨ) ਲੋਕ ਖੇਤੀਬਾੜੀ, ਜੰਗਲਾਤ, ਮੱਛੀਆਂ ਫੜਨ ਨਾਲ ਸੰਬੰਧਤ ਕੰਮਾਂ ਅਤੇ ਹੰਟਿੰਗ ਅਤੇ ਗੈਦਰਿੰਗ ਦੇ ਖੇਤਰ ਵਿੱਚ ਕੰਮ ਕਰਦੇ ਹਨ। (3) ਇਨਾਂ ਖੇਤਰਾਂ ਵਿੱਚ ਵਾਤਾਵਰਨ ਦੇ ਨੁਕਸਾਨ ਕਾਰਨ ਪੈਣ ਵਾਲੇ ਭੈੜੇ ਅਸਰ ਇਹਨਾਂ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਨੂੰ ਬੁਰੀ ਤਰਾਂ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਇਹਨਾਂ ਖੇਤਰਾਂ ਵਿੱਚ ਵਾਤਾਵਰਨ ਦੇ ਹੋ ਰਹੇ ਨੁਕਸਾਨ ਬਾਰੇ ਦੇਖਣਾ ਜ਼ਰੂਰੀ ਹੈ।

ਵਾਤਾਵਰਨ ਦੇ ਨੁਕਸਾਨ ਕਾਰਨ ਜ਼ਮੀਨ ਦੀ ਉਪਜਾਊ ਉਪਰਲੀ ਤਹਿ (ਟਾਪਸੋਆਇਲ) ਦਾ ਨੁਕਸਾਨ ਹੋ ਰਿਹਾ ਹੈ, ਪਾਣੀ ਦੀ ਕਿੱਲਤ ਪੈਦਾ ਹੋ ਰਹੀ ਹੈ, ਜ਼ਮੀਨ ਦਾ ਮਾਰੂਥਲੀਕਰਨ (ਡੀਸਰਟੀਫਿਕੇਸ਼ਨ) ਹੋ ਰਿਹਾ ਹੈ, ਮੌਸਮਾਂ ਦੀ ਤਬਦੀਲੀ ਕਾਰਨ ਦੁਨੀਆ ਦੇ ਕਈ ਖੇਤਰਾਂ ਵਿੱਚ ਵੱਧ ਰਹੇ ਸੋਕੇ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ, ਫਸਲਾਂ ਦੇ ਝਾੜਾਂ ਵਿੱਚ ਕਮੀ ਆ ਰਹੀ ਹੈ ਅਤੇ ਕਈ ਥਾਂਵਾਂ 'ਤੇ ਜ਼ਮੀਨ ਖੇਤੀ ਦੇ ਯੋਗ ਨਹੀਂ ਰਹਿ ਰਹੀ। ਯੂਨਾਈਟਡ ਨੇਸ਼ਨਜ਼ ਦੇ ਇਨਵਾਇਰਮੈਂਟਲ ਪ੍ਰੋਗਰਾਮ ਵਲੋਂ 2009 ਵਿੱਚ ਛਾਪੀ ਗਈ ਇਕ ਰਿਪੋਰਟ 'ਇਨਵਾਇਰਮੈਂਟਲ ਫੂਡ ਕਰਾਈਸਸ' ਵਿੱਚ ਦੱਸਿਆ ਗਿਆ ਹੈ ਕਿ ਹਰ ਸਾਲ ਦੁਨੀਆ ਭਰ ਵਿੱਚ ਜ਼ਮੀਨ ਨੂੰ ਹੋਣ ਵਾਲੇ ਨੁਕਸਾਨ, ਖਾਸ ਕਰਕੇ ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ), ਕਾਰਨ 20,000- 50,000 ਵਰਗ ਕਿਲੋਮੀਟਰ ਜ਼ਮੀਨ ਖੇਤੀਯੋਗ ਨਹੀਂ ਰਹਿੰਦੀ। ਜ਼ਮੀਨ ਨੂੰ ਹੋ ਰਿਹਾ ਇਸ ਤਰਾਂ ਦਾ ਨੁਕਸਾਨ ਅਫਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ ਵਿੱਚ ਯੂਰਪ ਅਤੇ ਉੱਤਰੀ ਅਮਰੀਕਾ ਨਾਲੋਂ 2-6 ਗੁਣਾਂ ਵੱਧ ਹੈ। ਅਫਰੀਕਾ ਦੇ ਸਬ-ਸਹਾਰਾ ਖਿੱਤੇ ਵਿੱਚ ਜ਼ਮੀਨ ਦੇ ਤੱਤਾਂ ਦੇ ਲਗਾਤਾਰ ਨਸ਼ਟ ਹੋਣ ਕਾਰਨ 9 ਲੱਖ 50 ਹਜ਼ਾਰ ਵਰਗ ਕਿਲੋਮੀਟਰ ਦੇ ਕਰੀਬ ਜ਼ਮੀਨ ਦਾ ਪੱਕੇ ਤੌਰ 'ਤੇ ਨੁਕਸਾਨ ਹੋਣ ਦਾ ਖਤਰਾ ਬਣਿਆ ਹੋਇਆ ਹੈ। ਏਸ਼ੀਆ ਵਿੱਚ ਪਿਛਲੇ ਕਈ ਦਹਾਕਿਆਂ ਦੌਰਾਨ ਖੇਤੀਬਾੜੀ ਵਾਲੀ 20 ਫੀਸਦੀ ਧਰਤੀ ਨੂੰ ਕਿਸੇ ਨਾ ਕਿਸੇ ਤਰਾਂ ਦਾ ਨੁਕਸਾਨ ਪਹੁੰਚਿਆਂ ਹੈ। ਸਿੰਜਾਈ ਅਤੇ ਖੇਤੀ ਉਤਪਾਦਨ ਦੇ ਨੁਕਸਦਾਰ ਢੰਗਾਂ ਕਾਰਨ ਜ਼ਮੀਨ ਦੇ ਕੱਲਰ ਬਣਨ ਅਤੇ ਉਪਜਾਊ ਤੱਤਾਂ ਦੇ ਨਸ਼ਟ ਹੋਣ ਦੇ ਵਰਤਾਰੇ ਵਿੱਚ ਵੀ ਵਾਧਾ ਹੋ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ ਮਾਰੂ ਅਤੇ ਅਰਧ ਮਾਰੂ ਜ਼ਮੀਨੀ ਇਲਾਕਿਆਂ ਵਿੱਚ 95 ਕ੍ਰੋੜ ਹੈਕਟੇਅਰ ਜ਼ਮੀਨ ਕੱਲਰਾਠੀ ਬਣ ਰਹੀ ਹੈ ਅਤੇ ਸਿੰਜਾਈਯੋਗ ਜ਼ਮੀਨ ਦਾ 20 ਫੀਸਦੀ ਹਿੱਸਾ (4 ਲੱਖ 40 ਹਜ਼ਾਰ ਵਰਗ ਕਿਲੋਮੀਟਰ) ਜ਼ਮੀਨ ਵਿੱਚ ਵੱਧ ਰਹੇ ਲੂਣੇਪਣ (ਕੱਲਰਾਠੇਪਣ) ਤੋਂ ਪ੍ਰਭਾਵਿਤ ਹੈ।

(4) ਮੌਸਮਾਂ ਵਿੱਚ ਹੋਣ ਵਾਲੀ ਤਬਦੀਲੀ (ਕਲਾਈਮੇਟ ਚੇਂਜ) ਕਾਰਨ ਫਸਲਾਂ ਦੇ ਝਾੜ ਉੱਤੇ ਪੈਣ ਵਾਲੇ ਅਸਰਾਂ ਬਾਰੇ ਕਈ ਤਰਾਂ ਦੇ ਅਧਿਐਨ ਸਾਡੇ ਸਾਹਮਣੇ ਹਨ। 'ਇਨਵਾਇਰਮੈਂਟਲ ਫੂਡ ਕਰਾਈਸਸ' ਨਾਮੀ ਉਪ੍ਰੋਕਤ ਰਿਪੋਰਟ ਅਨੁਸਾਰ ਮੌਸਮਾਂ ਦੀ ਤਬਦੀਲੀ (ਮੀਂਹ-ਚੱਕਰ ਵਿੱਚ ਤਬਦੀਲੀ, ਤਾਪਮਾਨ ਵਿੱਚ ਵਾਧਾ ਅਤੇ ਵਾਤਾਵਰਨ ਵਿੱਚ ਮੌਜੂਦ ਕਾਰਬਨ ਵਿੱਚ ਤਬਦੀਲੀ) ਕਾਰਨ ਫਸਲਾਂ ਦੇ ਉਤਪਾਦਨ 'ਤੇ ਵੱਖਰੇ ਵੱਖਰੇ ਅਸਰ ਪੈਣਗੇ। ਇਸ ਰਿਪੋਰਟ ਵਿੱਚ ਬਹੁਤ ਸਾਰੇ ਅਧਿਐਨਾਂ ਅਤੇ ਮਾਡਲਾਂ ਦੇ ਆਧਾਰ 'ਤੇ ਇਹ ਕਿਹਾ ਗਿਆ ਹੈ ਕਿ ਨੇੜ ਭਵਿੱਖ ਵਿੱਚ (2050 ਤੋਂ ਪਹਿਲਾਂ) ਮੌਸਮਾਂ ਦੀ ਤਬਦੀਲੀ ਕਾਰਨ ਫਸਲਾਂ ਦੇ ਝਾੜਾਂ ਵਿੱਚ ਵੱਖ ਵੱਖ ਖੇਤਰਾਂ ਅਤੇ ਵੱਖ ਵੱਖ ਫਸਲਾਂ 'ਤੇ ਵੱਖਰੇ ਵੱਖਰੇ ਅਸਰ ਪੈ ਸਕਦੇ ਹਨ। ਕੁੱਝ ਖੇਤਰਾਂ ਵਿੱਚ ਫਸਲਾਂ ਦੇ ਝਾੜ ਘੱਟ ਸਕਦੇ ਹਨ ਅਤੇ ਕੁਝ ਖੇਤਰਾਂ ਵਿੱਚ ਵੱਧ ਸਕਦੇ ਹਨ। ਇਸ ਹੀ ਤਰਾਂ ਕੁਝ ਫਸਲਾਂ ਦੇ ਝਾੜ ਘੱਟ ਸਕਦੇ ਹਨ ਅਤੇ ਕੁਝ ਫਸਲਾਂ ਦੇ ਝਾੜ ਵੱਧ ਸਕਦੇ ਹਨ। ਪਰ ਦੂਰ-ਭਵਿੱਖ ਵਿੱਚ (2050 ਤੋਂ ਬਾਅਦ) ਬਹੁ-ਗਿਣਤੀ ਅਧਿਐਨਾਂ ਅਤੇ ਮਾਡਲਾਂ ਦੀ ਇਸ ਗੱਲ 'ਤੇ ਸਹਿਮਤੀ ਹੈ ਕਿ ਮੌਸਮਾਂ ਦੀ ਤਬਦੀਲੀ ਕਾਰਨ ਫਸਲਾਂ ਦੇ ਝਾੜ ਵਿੱਚ ਕਮੀ ਆਏਗੀ। ਇਸ ਰਿਪੋਰਟ ਵਿੱਚ ਪੇਸ਼ ਇਕ ਮਾਹਰ ਦਾ ਦਾਅਵਾ ਹੈ ਕਿ 2080 ਤੱਕ ਵਿਸ਼ਵ ਪੱਧਰ 'ਤੇ ਖੇਤੀਬਾੜੀ ਦੇ ਉਤਪਾਦਨ ਵਿੱਚ 6 ਫੀਸਦੀ ਤੋਂ 16 ਫੀਸਦੀ ਤੱਕ ਕਮੀ ਆ ਸਕਦੀ ਹੈ।

(5) 2011 ਵਿੱਚ ਛਪੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਸੰਸਾਰ ਪੱਧਰ 'ਤੇ 1980 ਤੋਂ ਲੈ ਕੇ ਹੁਣ ਤੱਕ ਮੌਸਮਾਂ ਦੀ ਤਬਦੀਲੀ ਕਾਰਨ ਮੱਕੀ ਦੇ ਉਤਪਾਦਨ ਵਿੱਚ 3.8 ਫੀਸਦੀ ਅਤੇ ਕਣਕ ਦੇ ਉਤਪਾਦਨ ਵਿੱਚ 5.1 ਫੀਸਦੀ ਦੀ ਕਮੀ ਆਈ ਹੈ।

(6) ਮੌਸਮਾਂ ਵਿੱਚ ਹੋਣ ਵਾਲੀ ਤਬਦੀਲੀ ਨਾਲ ਧਰਤੀ ਦੇ ਤਾਪਮਾਨ ਵਿੱਚ ਹੋ ਰਿਹਾ ਵਾਧਾ ਦੁਨੀਆ ਦੇ ਕਈ ਗਲੇਸ਼ੀਅਰਾਂ ਦੇ ਪਿਘਲਨ ਦੀ ਰਫਤਾਰ ਵਿੱਚ ਤੇਜ਼ੀ ਕਰ ਰਿਹਾ ਹੈ। ਇਸ ਵਰਤਾਰੇ ਕਾਰਨ ਨੇੜ ਭਵਿੱਖ ਵਿੱਚ ਇਕ ਅਸਰ ਇਹ ਹੋਏਗਾ ਕਿ ਫਸਲਾਂ ਦੀ ਸਿੰਜਾਈ ਲਈ ਮਿਲਣ ਵਾਲੇ ਪਾਣੀ ਦੀ ਥੁੜ ਪੈਦਾ ਹੋ ਜਾਵੇਗੀ। ਇਨਵਾਇਰਮੈਂਟਲ ਫੂਡ ਕਰਾਈਸਸ ਰਿਪੋਰਟ ਅਨੁਸਾਰ ਹਿਮਾਲਿਆ ਦੇ ਹਿੰਦੂ ਕੁਸ਼ ਖੇਤਰ ਵਿਚਲੇ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਨ ਕਾਰਨ ਚੀਨ, ਭਾਰਤ ਅਤੇ ਪਾਕਿਸਤਾਨ ਵਿੱਚ ਸਿੰਜਾਈ ਲਈ ਮਿਲਣ ਵਾਲੇ ਪਾਣੀ ਵਿੱਚ ਕਮੀ ਆਏਗੀ ਅਤੇ ਉਸ ਦਾ ਸਿੱਧਾ ਅਸਰ ਅਨਾਜ ਉਤਪਾਦਨ 'ਤੇ ਹੋਵੇਗਾ।

(7) ਉਪ੍ਰੋਕਤ ਚਰਚਿਤ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ 2025 ਤੱਕ ਪਾਣੀ ਦੀ ਥੁੜ 1.8 ਅਰਬ (ਬਿਲੀਅਨ) ਲੋਕਾਂ ਉੱਤੇ ਅਸਰ ਪਾਏਗੀ। ਪਾਣੀ ਦੀ ਇਸ ਥੁੜ ਕਾਰਨ ਫਸਲਾਂ ਦੇ ਉਤਪਾਦਨ 'ਤੇ ਪੈਣ ਵਾਲੇ ਨਾਂਹ-ਪੱਖੀ ਅਸਰਾਂ ਦਾ ਜ਼ਿਆਦਾ ਬੁਰਾ ਪ੍ਰਭਾਵ ਗਰੀਬ ਕਿਸਾਨਾਂ 'ਤੇ ਪਏਗਾ। ਰਿਪੋਰਟ ਵਿੱਚ ਮੈਕਸੀਕੋ ਦੇ ਗਰੀਬ ਕਿਸਾਨਾਂ ਦੀ ਉਦਾਹਰਨ ਦੇ ਕੇ ਦੱਸਿਆ ਗਿਆ ਹੈ ਕਿ ਇਹ ਗਰੀਬ ਕਿਸਾਨ ਧਰਤੀ ਹੇਠਲੇ ਪਾਣੀ ਦੀ ਨੀਵੀਂ ਹੋ ਰਹੀ ਪੱਧਰ ਨਾਲ ਨਜਿੱਠਣ ਲਈ ਨਾ ਤਾਂ ਸੋਕੇ ਦੀ ਮਾਰ ਝੱਲ ਸਕਣ ਵਾਲੇ ਨਵੇਂ ਬੀਜ ਖ੍ਰੀਦਣ ਦੇ ਸਮਰੱਥ ਹਨ ਅਤੇ ਨਾ ਹੀ ਫਸਲਾਂ ਲਈ ਲੋੜੀਂਦਾ ਪਾਣੀ ਖ੍ਰੀਦਣ ਦੇ ਸਮਰੱਥ।

(8) ਇਹੋ ਜਿਹਾ ਵਰਤਾਰਾ ਅਸੀਂ ਪੰਜਾਬ ਵਿੱਚ ਵੀ ਦੇਖ ਸਕਦੇ ਹਾਂ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਦੌਰਾਨ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਜ਼ਿਆਦਾ ਨੀਵਾਂ ਹੋਇਆ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਦੇ ਕਿਸਾਨਾਂ 'ਤੇ ਆਰਥਿਕ ਬੋਝ ਵਧਿਆ ਹੈ ਅਤੇ ਇਸ ਵੱਧੇ ਹੋਏ ਆਰਥਿਕ ਬੋਝ ਦਾ ਅਸਰ ਅਮੀਰ ਕਿਸਾਨਾਂ ਦੇ ਮੁਕਾਬਲੇ ਗਰੀਬ ਕਿਸਾਨਾਂ 'ਤੇ ਜ਼ਿਆਦਾ ਹੋਇਆ ਹੈ। ਵਾਤਾਵਰਨ ਕਾਰਨ ਜ਼ਮੀਨ ਨੂੰ ਹੋ ਰਿਹਾ ਨੁਕਸਾਨ ਬਹੁਤ ਵੱਡੇ ਆਰਥਿਕ ਨੁਕਸਾਨ ਦਾ ਕਾਰਨ ਬਣਦਾ ਹੈ। ਇਨਵਾਇਰਮੈਂਟਲ ਫੂਡ ਕਰਾਈਸਸ ਰਿਪੋਰਟ ਅਨੁਸਾਰ ਜ਼ਮੀਨ ਦੇ ਕਲਰਾਠੇਪਣ ਦੇ ਕਾਰਨ ਦੱਖਣੀ ਏਸ਼ੀਆ ਦੇ ਖਿੱਤੇ ਵਿੱਚ ਹਰ ਸਾਲ 150 ਕ੍ਰੋੜ ਡਾਲਰ ਦੇ ਬਰਾਬਰ ਦਾ ਆਰਥਿਕ ਨੁਕਸਾਨ ਹੁੰਦਾ ਹੈ। ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ) ਦੀ ਪ੍ਰਕ੍ਰਿਆ ਕਾਰਨ ਜ਼ਮੀਨ ਦੇ ਉਪਜਾਊ ਤੱਤਾਂ ਦੇ ਨਸ਼ਟ ਹੋਣ ਕਾਰਨ ਦੱਖਣੀ ਏਸ਼ੀਆ ਵਿੱਚ ਸਾਲਾਨਾ 60 ਕ੍ਰੋੜ ਡਾਲਰ ਦਾ ਅਤੇ ਧਰਤੀ ਦੀ ਉਪਜਾਊ ਸ਼ਕਤੀ ਦੇ ਨੁਕਸਾਨ ਕਾਰਨ ਸਾਲਾਨਾ 120 ਕ੍ਰੋੜ ਡਾਲਰ ਦਾ ਨੁਕਸਾਨ ਹੁੰਦਾ ਹੈ। ਸਬ-ਸਹਾਰਾ ਅਫਰੀਕਾ ਦੇ ਕੁਝ ਦੇਸ਼ਾਂ ਵਿੱਚ ਮਿੱਟੀ ਦੇ ਖੁਰਨ/ਉਡਣ (ਸੁਆਇਲ ਇਰੋਜ਼ਨ) ਦੇ ਅਮਲ ਕਾਰਨ ਵਾਹੀ-ਯੋਗ ਧਰਤੀ ਦੇ 40 ਫੀਸਦੀ ਹਿੱਸੇ ਵਿੱਚ ਫਸਲਾਂ ਦੇ ਉਤਪਾਦਨ ਵਿੱਚ ਕਮੀ ਆਈ ਹੈ।

(9) ਦੁਨੀਆ ਦੇ ਜੰਗਲਾਂ ਦਾ ਵੱਡੀ ਪੱਧਰ ਤੇ ਹੋ ਰਿਹਾ ਸਫਾਇਆ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦਾ ਇਕ ਹੋਰ ਪੱਖ ਹੈ। ਜੰਗਲਾਂ ਦੇ ਹੋ ਰਹੇ ਇਸ ਸਫਾਏ ਦੇ ਕਈ ਕਾਰਨਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ: ਜੰਗਲ ਖਤਮ ਕਰਕੇ ਕੈਸ਼ ਲਈ ਉਗਾਈਆਂ ਜਾ ਰਹੀਆਂ ਫਸਲਾਂ ਦੀ ਖੇਤੀ ਲਈ ਜ਼ਮੀਨ ਤਿਆਰ ਕਰਨਾ, ਮੀਟ ਉਤਪਾਦਨ ਲਈ ਪਸ਼ੂ ਪਾਲਣ ਲਈ ਜੰਗਲ ਵੱਢ ਕੇ ਚਾਰਗਾਹਾਂ ਬਣਾਉਣਾ, ਬਿਜਲੀ ਪੈਦਾ ਕਰਨ ਲਈ ਵੱਡੇ ਵੱਡੇ ਡੈਮਾਂ ਦੀ ਉਸਾਰੀ ਕਰਨਾ, ਇਮਾਰਤ ਉਸਾਰੀ ਲਈ ਲੋੜੀਂਦੀ ਲੱਕੜ ਲਈ ਜੰਗਲਾਂ ਨੂੰ ਵੱਢਣਾ ਆਦਿ। ਕਈ ਦੇਸ਼ਾਂ ਵਿੱਚ ਮੌਸਮਾਂ ਵਿੱਚ ਹੋ ਰਹੀ ਤਬਦੀਲੀ ਕਾਰਨ ਵੱਧ ਰਹੇ ਤਾਪਮਾਨ, ਸੋਕੇ ਆਦਿ ਨਾਲ ਜੰਗਲਾਂ ਵਿੱਚ ਮਿਲਦੀ ਬਨਸਪਤੀ ਨਸ਼ਟ ਹੋ ਰਹੀ ਹੈ। ਇਸ ਦੇ ਨਾਲ ਨਾਲ ਕਈ ਥਾਂਵਾਂ 'ਤੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਕਾਰਨ ਵਾਹੀਯੋਗ ਜ਼ਮੀਨ ਦੇ ਵਾਹੀਯੋਗ ਨਾ ਰਹਿਣ ਕਾਰਨ ਜੰਗਲਾਂ ਨੂੰ ਖਤਮ ਕਰਕੇ ਖੇਤੀਬਾੜੀ ਲਈ ਹੋਰ ਜ਼ਮੀਨ ਤਿਆਰ ਕਰਨ ਲਈ ਜੰਗਲਾਂ ਨੂੰ ਕੱਟਣ ਲਈ ਦਬਾਅ ਵੱਧ ਰਿਹਾ ਹੈ।

ਜੰਗਲਾਂ ਦਾ ਹੋ ਰਿਹਾ ਇਹ ਸਫਾਇਆ ਦੁਨੀਆਂ ਵਿੱਚ ਕ੍ਰੋੜਾਂ ਲੋਕਾਂ ਦੇ ਰੁਜਗਾਰ ਅਤੇ ਆਮਦਨ 'ਤੇ ਨਾਂਹ-ਪੱਖੀ ਅਸਰ ਪਾ ਰਿਹਾ ਹੈ। 2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਜ਼ੰਗਲਾਂ ਵਿੱਚ ਅਤੇ ਜੰਗਲਾਂ ਦੇ ਨੇੜੇ ਰਹਿਣ ਵਾਲੇ 35 ਕ੍ਰੋੜ ਲੋਕ ਆਪਣੇ ਗੁਜ਼ਾਰੇ ਅਤੇ ਆਮਦਨ ਲਈ ਜੰਗਲਾਂ 'ਤੇ ਨਿਰਭਰ ਹਨ।

(10) ਅਫਰੀਕਨ ਜਰਨਲ ਆਫ ਇਨਵਾਇਰਮੈਂਟਲ ਸਾਇੰਸ ਐਂਡ ਟੈਕਨਾਲੌਜੀ ਦੇ ਦਸੰਬਰ 2010 ਦੇ ਅੰਕ ਵਿੱਚ ਛਪੇ ਇਕ ਲੇਖ ਅਨੁਸਾਰ ਅਫਰੀਕਾ ਦੇ 60 ਕ੍ਰੋੜ (600 ਮਿਲੀਅਨ) ਲੋਕਾਂ ਵਿੱਚੋਂ 2/3 ਤੋਂ ਵੱਧ ਲੋਕ ਆਪਣੇ ਗੁਜ਼ਾਰੇ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ੰਗਲਾਂ ਉੱਤੇ ਨਿਰਭਰ ਕਰਦੇ ਹਨ।

(11) ਲੋਕ ਜੰਗਲਾਂ ਵਿੱਚੋਂ ਬਾਲਣ ਅਤੇ ਹੋਰ ਲੋੜਾਂ ਲਈ ਲੱਕੜ, ਖਾਣ ਲਈ ਭੋਜਨ, ਪਸ਼ੂਆਂ ਲਈ ਚਾਰਾ, ਬੀਮਾਰੀਆਂ ਦੇ ਇਲਾਜ ਲਈ ਜੜੀ ਬੂਟੀਆਂ ਆਦਿ ਪ੍ਰਾਪਤ ਕਰਦੇ ਹਨ। ਆਮ ਕਰਕੇ ਗਰੀਬ ਅਤੇ ਸਮਾਜ ਦੇ ਨਿਤਾਣੇ ਵਰਗਾਂ ਨਾਲ ਸੰਬਧਤ ਲੋਕ - ਜਿਵੇਂ ਔਰਤਾਂ ਅਤੇ ਆਦਿਵਾਸੀ- ਆਪਣੇ ਗੁਜ਼ਾਰੇ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ। ਕਈ ਕੇਸਾਂ ਵਿੱਚ ਹਾਲਾਤ ਇਹੋ ਜਿਹੇ ਹੁੰਦੇ ਹਨ ਕਿ ਜੇ ਇਹਨਾਂ ਲੋਕਾਂ ਨੂੰ ਜੰਗਲਾਂ ਦਾ ਸਹਾਰਾ ਨਾ ਹੋਵੇ ਤਾਂ ਉਹਨਾਂ ਲਈ ਆਪਣੇ ਆਪ ਨੂੰ ਜਿੰਥਦਾ ਰੱਖਣਾ ਮੁਸ਼ਕਿਲ ਹੋ ਜਾਵੇ। 2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਪੇਂਡੂ ਖੇਤਰਾਂ ਵਿੱਚ ਜੰਗਲਾਂ ਵਿੱਚ ਅਤੇ ਜੰਗਲਾਂ ਦੇ ਨੇੜੇ ਰਹਿਣ ਵਾਲੇ ਗਰੀਬ ਲੋਕ ਆਪਣੀ ਆਮਦਨ ਦਾ ਚੌਥਾ ਹਿੱਸਾ ਜੰਗਲਾਂ ਤੋਂ ਪ੍ਰਾਪਤ ਕਰਦੇ ਹਨ।

ਹਿੰਦੁਸਤਾਨ ਦੇ ਅਰੁਣਾਚਲ ਦੇ ਇਲਾਕੇ ਵਿੱਚ ਗਰੀਬ ਲੋਕ ਜ਼ਿੰਦਾ ਰਹਿਣ ਲਈ ਭਾਈਚਾਰੇ ਦੇ ਸਾਂਝੇ ਜੰਗਲਾਂ 'ਤੇ ਨਿਰਭਰ ਕਰਦੇ ਹਨ। ਜਿਹੜੇ ਘਰਾਂ ਕੋਲ ਜ਼ਮੀਨ ਘੱਟ ਹੈ ਅਤੇ ਜਿਹਨਾਂ ਘਰਾਂ ਵਿੱਚ ਪੜੇ ਲਿਖੇ ਲੋਕ ਘੱਟ ਹਨ, ਉਹ ਲੋਕ ਜ਼ਿੰਦਾ ਰਹਿਣ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਹਨ। ਦੱਖਣੀ ਇਥੋਪੀਆ ਵਿੱਚ ਜੰਗਲਾਂ ਤੋਂ ਹੋਣ ਵਾਲੀ ਆਮਦਨ ਅਬਾਦੀ ਦੇ ਪੰਜਵੇਂ ਹਿੱਸੇ ਨੂੰ ਗਰੀਬੀ ਰੇਖਾ ਤੋਂ ਉੱਪਰ ਰੱਖਣ ਵਿੱਚ ਭੂਮਿਕਾ ਨਿਭਾਉਂਦੀ ਹੈ।

(12) ਅਫਰੀਕਾ ਵਿੱਚ ਵੀ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਗਰੀਬ ਲੋਕ ਆਪਣੇ ਗੁਜ਼ਾਰੇ ਅਤੇ ਆਮਦਨ ਲਈ ਜੰਗਲਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ।

(13) ਮੌਸਮਾਂ ਵਿੱਚ ਤਬਦੀਲੀ ਅਤੇ ਵਾਤਾਵਰਨ ਵਿੱਚ ਵੱਧ ਰਹੀ ਕਾਰਬਨਡਾਇਔਕਸਾਈਡ ਦੀ ਮਾਤਰਾ ਕਾਰਨ ਸਮੁੰਦਰਾਂ ਦਾ ਤੇਜ਼ਾਬੀਕਰਨ ਵੱਧ ਰਿਹਾ ਹੈ। ਇਸ ਦੇ ਨਾਲ ਨਾਲ ਸਮੁੰਦਰਾਂ ਦੇ ਕਿਨਾਰੇ ਵਸੀ ਅਬਾਦੀ ਦੀਆਂ ਸਰਗਰਮੀਆਂ ਕਈ ਤਰਾਂ ਨਾਲ ਸਮੁੰਦਰਾਂ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। ਸਮੁੰਦਰਾਂ ਦਾ ਇਹ ਤੇਜ਼ਾਬੀਕਰਨ ਅਤੇ ਪ੍ਰਦੂਸ਼ਨ ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲੀਆਂ ਮੱਛੀਆਂ ਅਤੇ ਹੋਰ ਜੀਵ-ਜੰਤੂਆਂ ਦੀ ਗਿਣਤੀ ਨੂੰ ਨਾਟਕੀ ਪੱਧਰ ਤੱਕ ਘਟਾ ਸਕਦੀ ਹੈ। ਕੈਨੇਡਾ ਦੀ ਯੂਨੀਵਰਸਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਮਾਹਰਾਂ ਵਲੋਂ ਅਫਰੀਕਨ ਜਰਨਲ ਆਫ ਮੈਰੀਨ ਸਾਇੰਸ ਵਿੱਚ ਸੰਨ 2012 ਵਿੱਚ ਛਪੇ ਇਕ ਅਧਿਅਨ ਵਿੱਚ ਪੱਛਮੀ ਅਫਰੀਕਾ ਦੇ 14 ਦੇਸ਼ਾਂ ਵਿੱਚ ਮੌਸਮਾਂ ਦੀ ਤਬਦੀਲੀ ਕਾਰਨ ਮੱਛੀ ਉਤਪਾਦਨ ਉੱਤੇ ਪੈਣ ਵਾਲੇ ਅਸਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਹਨਾਂ ਮਾਹਰਾਂ ਅਨੁਸਾਰ ਮੌਸਮਾਂ ਵਿੱਚ ਤਬਦੀਲੀ ਨਾਲ ਸਮੁੰਦਰਾਂ 'ਚੋਂ ਫੜੀਆਂ ਜਾਣ ਵਾਲੀਆਂ ਮੱਛੀਆਂ ਦੇ ਉਤਪਾਦਨ 'ਤੇ ਕਾਫੀ ਵੱਡਾ ਅਸਰ ਪਾਏਗਾ। ਉਹਨਾਂ ਦਾ ਅੰਦਾਜ਼ਾ ਹੈ ਕਿ 2050 ਤੱਕ ਹਾਲਤ ਇਸ ਤਰਾਂ ਦੇ ਹੋ ਜਾਣਗੇ ਕਿ ਫੜੀਆਂ ਜਾਣ ਵਾਲੀਆਂ ਮੱਛੀਆਂ ਦੀ ਮਿਕਦਾਰ ਵਿੱਚ ਸਾਲਾਨਾ 21 ਫੀਸਦੀ ਦੀ ਕਮੀ ਆਏਗੀ ਅਤੇ ਮੱਛੀ ਸਨਅਤ ਨਾਲ ਸਬੰਧਤ ਨੌਕਰੀਆਂ ਵਿੱਚ 50 ਫੀਸਦੀ ਦੀ ਕਮੀ ਆਏਗੀ ਅਤੇ ਸਮੁੱਚੇ ਪੱਛਮੀ ਅਫਰੀਕਾ ਦੀ ਆਰਥਿਕਤਾ ਵਿੱਚ ਸਾਲਾਨਾ 31.1 ਕ੍ਰੋੜ (311 ਮਿਲੀਅਨ) ਅਮਰੀਕਨ ਡਾਲਰ ਦਾ ਘਾਟਾ ਪਏਗਾ। ਸੰਨ 2000 ਵਿੱਚ ਪੱਛਮੀ ਅਫਰੀਕਾ ਦੇ ਦੇਸ਼ਾ ਵਿੱਚ ਮੱਛੀ ਸੈਕਟਰ ਵਿੱਚ ੭ ਲੱਖ 60 ਹਜ਼ਾਰ ਲੋਕ ਕੰਮ ਕਰਦੇ ਸਨ। ਅਗਲੇ ਤਿੰਨ ਦਹਾਕਿਆਂ ਦੌਰਾਨ ਮੌਸਮਾਂ ਦੀ ਤਬਦੀਲੀ ਕਾਰਨ ਇਹ ਨੌਕਰੀਆਂ ਦੀ ਗਿਣਤੀ ਅੱਧੀ ਰਹਿ ਜਾਵੇਗੀ।

ਬਾਕੀ ਸਫ਼ਾ 17 'ਤੇ

# ਪੰਜਾਬ ਵਿਚ ਖੇਤੀਬਾੜੀ ਵਿਧੀਆਂ ਨਾਲ਼ ਵਾਤਾਵਰਨ ਨੂੰ ਦਰੁਸਤ ਨਹੀਂ ਰੱਖਿਆ ਗਿਆ

**ਡਾ. ਗਿਆਨ ਸਿੰਘ**

ਜਰਨਲ ਆਫ ਦੀ ਇੰਡੀਅਨ ਸੋਸ਼ਲ ਸਾਇੰਸ ਇੰਸਟੀਚਿਊਸ਼ਨਜ਼ ਦੇ ਜੁਲਾਈ-ਸਤੰਬਰ 2021 ਦੇ ਅੰਕ ਵਿਚ ਡਿਪਾਰਟਮੈਂਟ ਆਫ ਇਕਨੌਮਿਕਸ, ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਚੰਡੀਗੜ੍ਹ ਦੇ ਪੀਐੱਚਡੀ ਸਕਾਲਰ ਕਰੀਤੀ ਜੈਨ ਅਤੇ ਪ੍ਰੋਫੈਸਰ ਸੁੱਚਾ ਸਿੰਘ ਗਿੱਲ ਦੇ ਛਪੇ ਇਕ ਖੋਜ ਪਰਚੇ 'ਐਨਵਾਇਰਨਮੈਂਟ ਇੰਪੈਕਟਸ ਆਫ ਗਰਾਊਂਡ ਵਾਟਰ ਇਰੀਗੇਸ਼ਨ ਇਕੌਨਮੀ: ਏ ਕੇਸ ਸਟੱਡੀ ਆਫ ਇੰਡੀਅਨ ਪੰਜਾਬ' ਵਿਚ ਧਰਤੀ ਹੇਠਲੇ ਪਾਣੀ ਨਾਲ ਚੱਲ ਰਹੇ ਖੇਤੀਬਾੜੀ ਢਾਂਚੇ ਦੇ ਵੱਖ ਵੱਖ ਪੱਖਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਅਧਿਐਨ ਪੰਜਾਬ ਦੇ 4 ਜ਼ਿਲ੍ਹਿਆਂ ਦੇ 320 ਕਿਸਾਨ ਪਰਿਵਾਰਾਂ ਦੇ ਸਰਵੇਖਣ ਉੱਪਰ ਆਧਾਰਿਤ ਹੈ। ਇਸ ਦੇ ਨਤੀਜੇ ਇਹ ਦੱਸਣ ਦੀ ਕੋਸ਼ਿਸ਼ ਹਨ ਕਿ ਪੰਜਾਬ ਵਿਚ ਖੇਤੀਬਾੜੀ ਵਿਧੀਆਂ ਨਾਲ਼ ਵਾਤਾਵਰਨ ਨੂੰ ਦਰੁਸਤ ਨਹੀਂ ਰੱਖਿਆ ਜਾ ਸਕਿਆ। ਉੱਚੀ ਫ਼ਸਲ ਘਣਤਾ ਅਤੇ ਖੇਤੀ ਇਨਪੁਟਸ ਦੀ ਵਰਤੋਂ ਨਾਲ਼ ਭਰਪੂਰ ਖੇਤੀਬਾੜੀ ਢਾਂਚੇ ਦੁਆਰਾ ਧਰਤੀ, ਹਵਾ, ਪਾਣੀ ਅਤੇ ਮਨੁੱਖਾਂ ਵਿਚ ਵਿਗਾੜ ਆਏ ਹਨ। ਮਸ਼ੀਨੀਕਰਨ ਨਾਲ਼ ਭਾਵੇਂ ਖੇਤੀ ਉਤਪਾਦਕਤਾ ਵਧੀ ਹੈ ਪਰ ਇਸ ਕਾਰਨ ਵਾਤਾਵਰਨ ਵਿਚ ਵਿਗਾੜ ਆਏ ਹਨ। ਐੱਨਸੀਆਰ ਅਤੇ ਇਸ ਨਾਲ਼ ਲੱਗਦੇ ਸੂਬਿਆਂ ਵਿਚ ਝੋਨੇ ਦੀ ਫ਼ਸਲ ਦੀ ਕਟਾਈ ਮੌਕੇ ਧੁਆਂਖੀ ਧੁੰਦ ਕਾਰਨ ਸੜਕ ਹਾਦਸਿਆਂ ਅਤੇ ਸਿਹਤ ਸੰਬੰਧੀ ਆਫ਼ਤਾਂ ਨਾਲ ਹਰ ਸਾਲ ਵੱਡੀ ਗਿਣਤੀ ਵਿਚ ਮੌਤਾਂ ਹੁੰਦੀਆਂ ਹਨ। ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਖੋਜ ਅਧਿਐਨ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਹੈ ਕਿ ਕਿਸਾਨਾਂ ਵਿਚ ਮਿੱਟੀ ਦੀ ਪਰਖ ਕਰਵਾਉਣ ਦੇ ਫ਼ਾਇਦੇ ਅਤੇ ਜੈਵਿਕ ਖਾਦਾਂ ਅਤੇ ਜੈਵਿਕ-ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਜਾਗਰੂਕਤਾ ਫੈਲਾਉਣ ਦੀ ਸਖ਼ਤ ਜ਼ਰੂਰਤ ਹੈ। ਹਰੇ ਇਨਕਲਾਬ ਕਾਰਨ ਉਪਜਾਊ ਭੂਮੀ ਘਟੀ ਹੈ, ਕੁਦਰਤੀ ਫ਼ਸਲੀ ਵੰਨ-ਸਵੰਨਤਾ ਨੂੰ ਵੀ ਢਾਹ ਲੱਗੀ ਹੈ। ਨਤੀਜੇ ਵਜੋਂ ਪੰਜਾਬ ਨੂੰ ਬਹੁਤਾਤ ਦੀ ਜਗਾ ਥੁੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਵਿਗੜਦੇ ਵਾਤਾਵਰਨ ਲਈ ਕਿਸਾਨਾਂ ਦੀ ਅਗਿਆਨਤਾ ਨੂੰ ਕੇਂਦਰ ਬਿੰਦੂ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਪੱਧਰ ਉੱਪਰ ਵਿਗਾੜ ਆਏ ਹਨ ਜਿਨ੍ਹਾਂ ਦਾ ਜੀਵਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਪੈ ਰਿਹਾ ਹੈ। ਕੁਝ ਦਹਾਕੇ ਪਹਿਲਾਂ ਕੁਦਰਤੀ ਫ਼ਸਲੀ ਵੰਨ-ਸਵੰਨਤਾ ਸਦਕਾ ਇੱਥੋਂ ਦੀ ਧਰਤੀ ਉਪਜਾਊ, ਹਵਾ ਅਤੇ ਪਾਣੀ ਦੇ ਸ਼ੁੱਧ ਹੋਣ ਕਾਰਨ ਵਾਤਾਵਰਨ ਦਰੁਸਤ ਅਤੇ ਵੱਖ-ਵੱਖ ਪੱਖਾਂ ਤੋਂ ਆਰਥਿਕਤਾ ਆਮ ਤੌਰ 'ਤੇ ਮੁਲਕ ਦੇ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਅੱਗੇ ਸੀ ਅਤੇ ਲੋਕਾਂ ਦੇ ਸਮਾਜਿਕ ਸਬੰਧ ਨਿੱਘੇ ਸਨ। ਦੂਜੀ ਸੰਸਾਰ ਜੰਗ ਦੌਰਾਨ ਮੁਲਕ, ਅਨਾਜ ਦੀ ਭਾਰੀ ਥੁੜ ਅਤੇ ਇਨ੍ਹਾਂ ਦੀਆਂ ਹੱਦੋਂ ਵੱਧ ਵਧਦੀਆਂ ਕੀਮਤਾਂ ਦਾ ਸਾਹਮਣਾ ਕਰ ਰਿਹਾ ਸੀ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੇ ਜਾਣ ਸਦਕਾ ਇਨ੍ਹਾਂ ਸਮੱਸਿਆਵਾਂ 'ਤੇ ਕਾਬੂ ਪਾਇਆ ਜਾ ਸਕਿਆ ਪਰ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਕੇਂਦਰ ਸਰਕਾਰ ਵੱਲੋਂ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਜਗ੍ਹਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਕਾਰਨ ਮੁਲਕ ਨੂੰ ਮੁੜ ਤੋਂ ਅਨਾਜ ਦੀ ਥੁੜ ਦਾ ਸਾਹਮਣਾ ਕਰਨਾ ਪਿਆ। 1964-66 ਦੇ ਦੋ ਸਾਲਾਂ ਦੌਰਾਨ ਮੁਲਕ ਦੇ ਜ਼ਿਆਦਾ ਭਾਗਾਂ ਵਿਚ ਸੋਕਾ ਪੈਣ ਕਾਰਨ ਅਨਾਜ ਪਦਾਰਥਾਂ ਦੀ ਥੁੜ ਵਿਚ ਬਹੁਤ ਵਾਧਾ ਹੋਇਆ। ਅਨਾਜ ਦੀ ਥੁੜ ਇੰਨੀ ਵਧ ਗਈ ਕਿ ਤਤਕਾਲੀ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਆਖ਼ੀਰ ਸਰਕਾਰ ਨੇ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲ਼ੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਪੁਲੰਦਾ ਸੀ। ਕੇਂਦਰ ਸਰਕਾਰ ਨੇ ਇਸ ਜੁਗਤ ਦਾ ਕੰਮ ਤਰਜੀਹੀ ਤੌਰ 'ਤੇ ਪੰਜਾਬ ਵਿਚ ਸ਼ੁਰੂ ਕੀਤਾ। ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਅਮੀਰ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ ਉੱਪਰ ਕਾਬੂ ਪਾਉਣ ਵਿਚ ਇੰਨੇ ਜ਼ਿਆਦਾ ਕਾਮਯਾਬ ਹੋਏ ਕਿ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।



ਪੰਜਾਬ ਵਿਚ ਇਸ ਨਵੀਂ ਜੁਗਤ ਅਧੀਨ ਕਣਕ ਉਤਪਾਦਨ ਵਿਚ ਹੋਏ ਅਥਾਹ ਵਾਧੇ ਨਾਲ ਕੁਝ ਬੁਨਿਆਦੀ ਤਬਦੀਲੀਆਂ ਆਈਆਂ ਜਿਸ ਨੂੰ ਹਰੇ ਇਨਕਲਾਬ ਦਾ ਨਾਮ ਦਿੱਤਾ ਗਿਆ। ਕੇਂਦਰ ਸਰਕਾਰ ਨੇ ਪੰਜਾਬ ਦੁਆਰਾ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਨਹੀਂ ਸੀ। ਉਸ ਸਮੇਂ ਸਾਉਣੀ ਦੌਰਾਨ ਮੁੱਖ ਤੌਰ ਉੱਤੇ ਕਪਾਹ-ਨਰਮਾ ਤੇ ਮੱਕੀ ਦੀਆਂ ਫ਼ਸਲਾਂ ਸਨ ਅਤੇ ਕੁਝ ਇਕ ਸ਼ਿਵਾਲਕ ਨੀਮ ਪਹਾੜੀ ਖੇਤਰਾਂ ਵਿਚ ਬਾਸਮਤੀ ਝੋਨੇ ਦੀ ਲਵਾਈ ਹੁੰਦੀ ਸੀ। ਸਾਉਣੀ ਦੀਆਂ ਹੋਰ ਖੇਤੀਬਾੜੀ ਜਿਣਸਾਂ ਦੇ ਮੁਕਾਬਲੇ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵੱਧ ਰੱਖਣ ਅਤੇ ਸਰਕਾਰ ਦੁਆਰਾ ਇਸ ਦੀ ਖ਼ਰੀਦਦਾਰੀ ਯਕੀਨੀ ਬਣਾਉਣ ਕਾਰਨ ਕਣਕ ਅਤੇ ਝੋਨਾ ਪੰਜਾਬ ਦੀਆਂ ਮੁੱਖ ਫ਼ਸਲਾਂ ਬਣ ਗਈਆਂ ਅਤੇ ਬਣੀਆਂ ਹੋਈਆਂ ਹਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੋੜਾਂ ਤੋਂ ਕਿਤੇ ਵੱਧ ਵਰਤੋਂ ਨੇ ਕੇਂਦਰ ਸਰਕਾਰ ਦਾ ਅਨਾਜ ਭੜੋਲਾ ਤਾਂ ਨੱਕੋ-ਨੱਕ ਭਰਿਆ ਪਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ।

ਪੰਜਾਬ ਵਿਚ ਖੇਤੀਬਾੜੀ ਉਤਪਾਦਨ ਵਿਚ ਵਰਤੀਆਂ ਜਾਣ ਵਾਲ਼ੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਤੇ ਹੋਰ ਰਸਾਇਣਾਂ ਅਤੇ ਝੋਨੇ ਦੀ ਫ਼ਸਲ ਲਈ 'ਛੱਪੜ ਸਿੰਜਾਈ' ਵਿਧੀ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਲਗਾਤਾਰ ਘਟੀ। ਇਸ ਤੋਂ ਬਿਨਾ ਕੁਝ ਭੂਮੀ ਜਾਂ ਤਾਂ ਬੰਜਰ ਹੋ ਗਈ ਹੈ ਜਾਂ ਬੰਜਰ ਹੋਣ ਕਿਨਾਰੇ ਹੈ। ਰਸਾਇਣਾਂ, ਝੋਨੇ ਲਈ 'ਛੱਪੜ ਸਿੰਜਾਈ' ਅਤੇ ਮਜਬੂਰੀਵੱਸ ਝੋਨੇ ਦੀ ਪਰਾਲੀ ਤੇ ਕਣਕ ਦੀ ਨਾੜ ਨੂੰ ਅੱਗ ਲਗਾਉਣਾ ਇੱਥੋਂ ਦੇ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੇ ਹਨ। ਅੱਜ ਕੱਲ ਪੰਜਾਬ ਦਾ ਰੋਮ ਰੋਮ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਇੱਥੇ ਰਹਿਣ ਵਾਲੇ ਜੀਵ ਅਕਸਰ ਅਣਗਿਣਤ ਖ਼ਤਰਨਾਕ ਅਤੇ ਜਾਨਲੇਵਾ ਬਿਮਾਰੀਆਂ ਦੀ ਲਪੇਟ ਵਿਚ ਆਏ ਰਹਿੰਦੇ ਹਨ।

ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਉਸ ਦੇ ਮਿਆਰ ਪੱਖੋਂ ਪੰਜਾਬ ਮੁਲਕ ਦੇ ਸਾਰੇ ਸੂਬਿਆਂ ਵਿਚੋਂ ਅੱਵਲ ਸੀ। ਝੋਨੇ ਦੀ ਫ਼ਸਲ ਲਵਾਈ/ਬਿਜਾਈ ਕਾਰਨ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ। ਡਾ. ਗਿਆਨ ਸਿੰਘ (ਲੇਖਕ), ਡਾ. ਸੁਰਿੰਦਰ ਸਿੰਘ, ਅਤੇ ਹਰਵਿੰਦਰ ਸਿੰਘ ਦੇ ਖੋਜ ਅਧਿਐਨ 'ਗਰਾਊਂਡਵਾਟਰ ਡਿਵੈਲਪਮੈਂਟ ਇਨ ਪੰਜਾਬ' ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਜਿਨ੍ਹਾਂ ਖੇਤਰਾਂ ਵਿਚ ਕਣਕ-ਝੋਨੇ ਦੀਆਂ ਫ਼ਸਲਾਂ ਬੀਜੀਆਂ/ਲਾਈਆਂ ਜਾਂਦੀਆਂ ਹਨ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਗਿਆ ਹੈ। ਇਹ ਖੇਤਰ ਤਿੰਨ-ਚੌਥਾਈ ਤੋਂ ਵੱਧ ਹਨ। 1960-61 ਵਿਚ ਪੰਜਾਬ ਵਿਚ ਸਿਰਫ਼ 7445 ਟਿਊਬਵੈੱਲ ਸਨ ਅਤੇ ਝੋਨੇ ਦੀ ਲਵਾਈ ਕਾਰਨ ਇਨ੍ਹਾਂ ਦੀ ਗਿਣਤੀ ਹੁਣ 15 ਲੱਖ ਦੇ ਕਰੀਬ ਹੋ ਗਈ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਕਾਰਨ ਮੋਨੋਬਲਾਕ ਮੋਟਰਾਂ ਕੰਮ ਛੱਡ ਗਈਆਂ ਅਤੇ ਸਬਮਰਸੀਬਲ ਮੋਟਰਾਂ ਲਾਉਣੀਆਂ ਪਈਆਂ। ਇਉਂ ਲਗਾਤਾਰ ਡੂੰਘੇ ਹੋ ਰਹੇ ਬੋਰਾਂ ਉੱਪਰ ਵਧ ਰਹੇ ਖ਼ਰਚ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣ ਗਏ ਹਨ।

ਪੰਜਾਬ ਵਿਚ ਅਪਣਾਈ ਨਵੀਂ ਜੁਗਤ ਦੇ ਪੁਲੰਦੇ ਵਿਚੋਂ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤੀ ਰੁਜ਼ਗਾਰ ਨੂੰ ਵੱਡੀ ਢਾਹ ਲਾਈ। ਇਸ ਦਾ ਮਾਰੂ ਅਸਰ ਖੇਤੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਉੱਤੇ ਹੋਇਆ ਪਰ ਇਸ ਦੀ ਵੱਡੀ ਮਾਰ ਸੀਮਾਂਤ, ਛੋਟੇ ਤੇ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ।

ਪੰਜਾਬ ਆਰਥਿਕਤਾ ਪੱਖੋਂ ਲੰਮੇ ਸਮੇਂ ਲਈ ਮੁਲਕ ਦਾ ਅੱਵਲ ਸੂਬਾ ਰਿਹਾ ਹੈ। ਸਰਕਾਰਾਂ, ਖ਼ਾਸਕਰ ਕੇਂਦਰ ਸਰਕਾਰ ਦੀਆਂ ਖੇਤੀ ਨੀਤੀਆਂ ਕਾਰਨ ਇਸ ਦਾ ਦਰਜਾ ਹੁਣ ਬਹੁਤ ਥੱਲੇ ਆ ਗਿਆ ਹੈ। ਪੰਜਾਬ ਦੇ ਨੌਜਵਾਨ ਰੁਜ਼ਗਾਰ ਦੀ ਅਣਹੋਂਦ ਅਤੇ ਪ੍ਰਾਪਤ ਰੁਜ਼ਗਾਰ ਨੀਵੇਂ ਮਿਆਰ ਦਾ ਹੋਣ ਕਾਰਨ ਵਿਦੇਸ਼ ਜਾ ਰਹੇ ਹਨ। ਅਜਿਹਾ ਵਰਤਾਰਾ ਪੰਜਾਬ ਨੂੰ ਬੌਧਿਕ ਅਤੇ ਪੂੰਜੀ ਹੁੰਝਿਆਂ ਦੇ ਨਾਲ਼ ਨਾਲ਼ ਜਨਸੰਖਿਅਕ ਲਾਭ ਅੰਸ਼ ਤੋਂ ਵਿਹੂਣਾ ਕਰ ਰਿਹਾ ਹੈ ਜਿਸ ਦੀ ਲੋਕ ਅੱਜ ਕੱਲ ਬਹੁਤ ਵੱਡੀ ਕੀਮਤ ਦੇ ਰਹੇ ਹਨ। ਇਹ ਵਰਤਾਰਾ ਆਉਣ ਵਾਲ਼ੇ ਸਮੇਂ ਵਿਚ ਹੋਰ ਸਮੱਸਿਆ/ਵਿਗਾੜ ਪੈਦਾ ਕਰੇਗਾ।

ਉੱਪਰਲੇ ਤੱਥਾਂ, ਉਨ੍ਹਾਂ ਦੇ ਵਿਸ਼ਲੇਸ਼ਣ ਅਤੇ ਕਿਸਾਨ ਸੰਘਰਸ਼ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਕਿਸਾਨ ਅਤੇ ਖੇਤੀਬਾੜੀ ਨਾਲ਼ ਸੰਬੰਧਿਤ ਹੋਰ ਵਰਗ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਂਦੇ ਇਨਪੁੱਟਸ ਬਾਰੇ ਬਹੁਤ ਚੰਗੀ ਤਰਾਂ ਜਾਣੂ ਹਨ, ਇਸ ਲਈ ਉਨ੍ਹਾਂ ਨੂੰ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਬਾਰੇ ਨਸੀਹਤਾਂ ਕੋਈ ਵੀ ਅਰਥ ਨਹੀਂ ਰੱਖਦੀਆਂ ਹਨ। ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਦੇ ਵਿਗਾੜਾਂ ਉੱਪਰ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਆਪਣਾ ਫਰਜ਼ ਨਿਭਾਉਣ ਤਾਂ ਕਿ ਮੁਲਕ ਦੀ ਅਨਾਜ ਸੁਰੱਖਿਆ ਖ਼ਤਰੇ ਵਿਚ ਨਾ ਪਵੇ।

## ਵਾਤਾਵਰਨ ਦੇ ਨੁਕਸਾਨ...

(14) 2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ ਸਿੱਧੇ ਰੂਪ ਵਿੱਚ ਸਾਢੇ ਚਾਰ ਕ੍ਰੋੜ (45 ਮਿਲੀਅਨ) ਲੋਕ ਮੱਛੀਆਂ ਫੜਨ (ਫਿਸ਼ਰੀਜ਼) ਅਤੇ ਮੱਛੀ ਫਾਰਮਾਂ (ਐਕੁਆਕਲਚਰ) ਦੇ ਕੰਮ ਵਿੱਚ ਲੱਗੇ ਹੋਏ ਹਨ। ਇਹਨਾਂ ਵਿੱਚੋਂ 60 ਲੱਖ ਔਰਤਾਂ ਹਨ। ਛੋਟੀ ਪੱਧਰ 'ਤੇ ਕੰਮ ਕਰਨ ਵਾਲੇ ਮਛੇਰਿਆਂ ਵਿੱਚੋਂ 95 ਫੀਸਦੀ ਵਿਕਾਸਸ਼ੀਲ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਰਹਿਣ ਅਤੇ ਕੰਮ ਕਰਨ ਦੀਆਂ ਹਾਲਤਾਂ ਬਹੁਤ ਭੈੜੀਆਂ ਹਨ। ਦੁਨੀਆਂ ਦੇ ਗਰੀਬ ਮਛੇਰਿਆਂ ਵਿੱਚੋਂ 80 ਫੀਸਦੀ ਦੱਖਣੀ ਏਸ਼ੀਆ ਅਤੇ ਦੱਖਣੀ ਪੂਰਬੀ ਏਸ਼ੀਆ ਵਿੱਚ ਰਹਿੰਦੇ ਹਨ।

(15) ਇਸ ਲਈ ਮੌਸਮਾਂ ਦੀ ਤਬਦੀਲੀ ਅਤੇ ਸਮੁੰਦਰਾਂ ਦੇ ਹੋਰ ਪ੍ਰਦੂਸ਼ਣ ਕਾਰਨ ਮੱਛੀ ਸਨਅਤ ਵਿੱਚ ਖੁੱਸਣ ਵਾਲੀਆਂ ਨੌਕਰੀਆਂ ਦੀ ਮਾਰ ਹੇਠ ਆਉਣ ਵਾਲੇ ਜ਼ਿਆਦਾ ਲੋਕ ਵਿਕਾਸਸ਼ੀਲ ਦੇਸ਼ਾਂ ਦੇ ਗਰੀਬ ਲੋਕ ਹੋਣਗੇ। ਇੱਥੇ ਇਹ ਗੱਲ ਵੀ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਉਪ੍ਰੋਕਤ ਦਿੱਤੀ ਸਾਢੇ ਚਾਰ ਕ੍ਰੋੜ ਨੌਕਰੀਆਂ ਦੀ ਗਿਣਤੀ ਸਿਰਫ ਉਹਨਾਂ ਲੋਕਾਂ ਦੀ ਹੈ ਜੋ ਸਿੱਧੇ ਰੂਪ ਵਿੱਚ ਮੱਛੀਆਂ ਫੜਨ ਅਤੇ ਮੱਛੀ ਫਾਰਮਾਂ ਵਿੱਚ ਕੰਮ ਕਰਦੇ ਹਨ। ਪਰ ਮੱਛੀਆਂ ਫੜਨ ਦੀ ਸਨਅਤ ਉੱਤੇ ਕਈ ਹੋਰ ਸਨਅਤਾਂ-ਜਿਵੇਂ ਬੇੜੀਆਂ ਬਣਾਉਣ, ਮੱਛੀਆਂ ਨੂੰ ਪ੍ਰੋਸੈੱਸ ਕਰਨ, ਅੰਤਰਰਾਸ਼ਟਰੀ ਢੋਆ ਢੁਆਈ, ਪ੍ਰਚੂਨ ਪੱਧਰ 'ਤੇ ਮੱਛੀਆਂ ਦੀ ਵਿਕਰੀ, ਰੈਸਟੋਰੈਂਟ ਆਦਿ-ਨਿਰਭਰ ਕਰਦੀਆਂ ਹਨ। ਇਸ ਲਈ ਮੱਛੀ ਉਤਪਾਦਨ ਵਿੱਚ ਹੋਣ ਵਾਲੀ ਕਮੀ ਇਹਨਾਂ ਸਨਅਤਾਂ ਵਿੱਚ ਮਿਲਣ ਵਾਲੀਆਂ ਨੌਕਰੀਆਂ ਦੀ ਗਿਣਤੀ ਵੀ ਘਟਾਏਗੀ।

ਪਿਛਲੇ ਕੁਝ ਸਮੇਂ ਦੌਰਾਨ ਮੰਗੋਲੀਆ ਵਿੱਚ ਗਲੋਬਲ ਵਾਰਮਿੰਗ ਦੇ ਨਤੀਜੇ ਵਜੋਂ ਸੋਕਾ ਪੈਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਕ ਰਿਪੋਰਟ ਅਨੁਸਾਰ ਮੰਗੋਲੀਆ ਦੇ ਤਾਪਮਾਨ ਵਿੱਚ ਵਿਸ਼ਵ-ਤਾਪਮਾਨ ਦੀ ਵਾਧੇ ਦੀ ਔਸਤ ਨਾਲੋਂ ਦੁੱਗਣਾ ਵਾਧਾ ਹੋ ਰਿਹਾ ਹੈ। ਹਵਾ ਦੇ ਤਾਪਮਾਨ ਵਿੱਚ ਇਸ ਵਾਧੇ ਕਾਰਨ ਪੌਦਿਆਂ ਅਤੇ ਜ਼ਮੀਨ ਦੀ ਨਮੀ ਉੱਤੇ ਨਾਂਹ-ਪੱਖੀ ਅਸਰ ਪੈ ਰਿਹਾ ਹੈ। ਸੰਨ 1999-2002 ਵਿਚਕਾਰ ਪੈਣ ਵਾਲੇ ਸੋਕਿਆਂ ਨਾਲ ਦੇਸ਼ ਦਾ ਅੱਧੇ ਤੋਂ ਵੱਧ ਹਿੱਸਾ ਪ੍ਰਭਾਵਿਤ ਹੋਇਆ ਸੀ ਅਤੇ ਸਿੱਟੇ ਵਜੋਂ 680 ਦਰਿਆਵਾਂ ਅਤੇ 760 ਝੀਲਾਂ ਸਮੇਤ ਦੇਸ਼ ਦੇ 3000 ਪਾਣੀ ਦੇ ਸ੍ਰੋਤ ਸੁੱਕ ਗਏ ਸਨ ਅਤੇ ਕ੍ਰੋੜਾਂ ਜਾਨਵਰ ਮਾਰੇ ਗਏ ਸਨ।

(16) ਇਸ ਤਰਾਂ ਦੀਆਂ ਹਾਲਤਾਂ ਦਾ ਮੰਗੋਲੀਆ ਦੇ ਕਿੰਨੇ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪਿਆ ਹੋਇਆ ਹੋਵੇਗਾ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੰਗੋਲੀਆ ਦੀ ਅੱਧੀ ਵਸੋਂ ਪਸ਼ੂ ਪਾਲਣ ਦੇ ਕਿੱਤੇ ਵਿੱਚ ਲੱਗੀ ਹੋਈ ਹੈ ਅਤੇ ਪਸ਼ੂ ਪਾਲਣ ਦਾ ਕਿੱਤਾ ਮੰਗੋਲੀਆ ਦੇ ਇਕ ਤਿਹਾਈ ਘਰਾਂ ਲਈ ਰੁਜ਼ਗਾਰ ਦਾ ਸਾਧਨ ਹੈ। (17)

ਸਿਹਤ ਵਾਤਾਵਰਨ ਦੇ ਨੁਕਸਾਨ ਕਾਰਨ ਹਵਾ, ਪਾਣੀ ਅਤੇ ਜ਼ਮੀਨ ਦਾ ਪ੍ਰਦੂਸ਼ਣ ਦੁਨੀਆਂ ਭਰ ਵਿੱਚ ਲੋਕਾਂ ਦੀ ਸਿਹਤ ਲਈ ਖਤਰਾ ਬਣ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ 2006 ਵਿੱਚ ਛਾਪੀ ਗਈ ਰਿਪੋਰਟ ਪ੍ਰੀਵੈਂਟਿੰਗ ਡਿਸੀਜ਼ ਥਰੂ ਹੈਲਥੀ ਇਨਵਾਇਰਮੈਂਟਸ ਅਨੁਸਾਰ ਦੁਨੀਆ ਭਰ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਵਿੱਚੋਂ 23 ਫੀਸਦੀ ਮੌਤਾਂ ਦੇ ਕਾਰਨ ਵਾਤਾਵਰਨ ਨਾਲ ਸੰਬੰਧਤ ਕਹੇ ਜਾ ਸਕਦੇ ਹਨ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਇਹ ਦਰ 36 ਫੀਸਦੀ ਦੇ ਨੇੜੇ ਪਹੁੰਚ ਜਾਂਦੀ ਹੈ।

(18) ਮੋਟਰ-ਗੱਡੀਆਂ, ਕਾਰਖਾਨਿਆਂ ਅਤੇ ਬਿਜਲੀ ਪੈਦਾ ਕਰਨ ਲਈ ਲਗਾਏ ਥਰਮਲ ਪਲਾਂਟਾਂ 'ਚੋਂ ਨਿਕਲਦਾ ਧੂੰਆਂ ਘਰ ਤੋਂ ਬਾਹਰ ਦੀ ਹਵਾ ਨੂੰ ਪ੍ਰਦੂਸ਼ਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਧੂੰਏਂ ਰਾਹੀਂ ਫਾਈਨ ਪਾਰਟੀਕੁਲੇਟ ਮੈਟਰ (ਛੋਟੇ ਛੋਟੇ ਕਣ), ਸਲਫਰ ਡਾਇਔਕਸਾਈਡ, ਨਾਈਟਰੋਜਨ ਡਾਇਔਕਸਾਈਡ, ਕਾਰਬਨ-ਮੋਨੋਔਕਸਾਈਡ ਅਤੇ ਕਈ ਹੋਰ ਜ਼ਹਿਰੀਲੇ ਪਦਾਰਥ ਹਵਾ ਵਿੱਚ ਦਾਖਲ ਹੁੰਦੇ ਹਨ।

(19) ਇਹ ਜ਼ਹਿਰੀਲੇ ਪਦਾਰਥ ਲੋਕਾਂ ਵਿੱਚ ਕਈ ਤਰਾਂ ਦੀਆਂ ਸਾਹ ਦੀਆਂ ਬੀਮਾਰੀਆਂ, ਦਿਲ ਦੀਆਂ ਬੀਮਾਰੀਆਂ, ਕੈਂਸਰ, ਡਾਇਬੀਟੀਜ਼, ਇਮਿਊਨ ਸਿਸਟਮ ਦੀ ਕਮਜ਼ੋਰੀ, ਬਲੱਡ ਪ੍ਰੈਸ਼ਰ ਆਦਿ ਲਾਉਣ ਦਾ ਕਾਰਨ ਦੱਸੇ ਜਾਂਦੇ ਹਨ।

(20) ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਦਾ ਕਾਰਨ ਬਣਦੇ ਹਨ। ਸੰਨ 2007 ਵਿੱਚ ਕੌਰਨਲ ਯੂਨੀਵਰਸਿਟੀ ਵਲੋਂ ਕੀਤੇ ਇਕ ਅਧਿਐਨ ਅਨੁਸਾਰ ਹਰ ਸਾਲ ਦੁਨੀਆਂ ਭਰ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ 30 ਲੱਖ ਮੌਤਾਂ ਹੁੰਦੀਆਂ ਹਨ।

(21) ਹਵਾ ਦੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਨਾਲ ਸੰਬੰਧਤ ਕੁੱਝ ਦੇਸ਼ਾਂ ਦੇ ਅੰਕੜੇ ਪੇਸ਼ ਹਨ। ਚੀਨ ਦੇ ਪੰਜ ਸ਼ਹਿਰਾਂ ਵਿੱਚੋਂ ਇਕ ਸ਼ਹਿਰ ਸਰਕਾਰ ਦੇ ਏਅਰ ਕੁਆਲਟੀ ਦੇ ਮਾਪਾਂ 'ਤੇ ਪੂਰਾ ਨਹੀਂ ਉਤਰਦਾ। ਜੇ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਮਾਪ ਲਾਗੂ ਕੀਤੇ ਜਾਣ ਤਾਂ ਚੀਨ ਦੇ 20 ਫੀਸਦੀ ਤੋਂ ਕਿਤੇ ਵੱਧ ਸ਼ਹਿਰਾਂ ਦੀ ਹਵਾ ਦੀ ਕੁਆਲਟੀ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਮਿੱਥੀ ਸੁਰੱਖਿਅਤ ਕੁਆਲਟੀ ਤੋਂ ਮਾੜੀ ਹੈ। ਚੀਨ ਵਿੱਚ ਵਰਤੀ ਜਾਣ ਵਾਲੀ 70 ਫੀਸਦੀ ਬਿਜਲੀ ਕੋਲੇ ਦੇ ਥਰਮਲ ਪਲਾਂਟਾਂ ਵਿੱਚ ਪੈਦਾ ਕੀਤੀ ਜਾਂਦੀ ਹੈ। ਥਰਮਲ ਪਲਾਂਟਾਂ ਵਿੱਚ ਬਾਲੇ ਜਾਂਦੇ ਕੋਲੇ ਤੋਂ ਪੈਦਾ ਹੋਣ ਵਾਲੀ ਸਲਫਰਡਾਇਔਕਸਾਈਡ ਧੁੰਦ ਅਤੇ ਤੇਜ਼ਾਬੀ ਮੀਂਹ (ਐਸਿਡ ਰੇਨ) ਨੂੰ ਜਨਮ ਦਿੰਦੀ ਹੈ ਜਿਸ ਦੀ ਮਾਰ ਚੀਨ ਦੇ ਅੱਧੇ ਸ਼ਹਿਰਾਂ ਨੂੰ ਸਹਿਣੀ ਪੈਂਦੀ ਹੈ। ਪਿਛਲੇ ਕੁਝ ਸਮੇਂ ਤੋਂ ਚੀਨ ਵਿੱਚ ਵਧ ਰਹੀ ਕਾਰਾਂ ਦੀ ਗਿਣਤੀ ਨੇ ਸ਼ਹਿਰੀ ਹਵਾ ਨੂੰ ਵੱਡੀ ਪੱਧਰ 'ਤੇ ਪ੍ਰਦੂਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ। ਬਾਕੀ ਸਫ਼ਾ 28 'ਤੇ

# ਅਕਾਲੀ ਦਲ ਦੀ ਸਲਾਮਤੀ ਸਿੱਖ ਪੰਥ ਦੀ ਉੱਨਤੀ ਲਈ ਜ਼ਰੂਰੀ



## ਪ੍ਰਿੰਸੀਪਲ ਪ੍ਰਿਥੀਪਾਲ ਸਿੰਘ ਕਪੂਰ

ਗੁਰੂ ਨਾਨਕ ਸਾਹਿਬ ਦੁਆਰਾ ਸੰਚਾਲਿਤ ਸਿੱਖ ਪੰਥ/ਧਰਮ ਨੇ ਪਿਛਲੇ 550 ਸਾਲ ਦੀ ਆਪਣੀ ਹਯਾਤੀ ਵਿਚ ਕਈ ਉਤਾਰ ਚੜਾਅ ਦੇਖੇ ਹਨ। ਗੁਰੂ ਨਾਨਕ ਅਧਿਆਤਮਿਕਤਾ ਨੂੰ ਸਮਰਪਿਤ, ਵਰਤਮਾਨ ਯੁਗ ਦੇ ਮੋਹਰੀ ਚਿੰਤਕ ਹੋਏ ਹਨ ਜਿਨਾਂ ਨੇ 'ਨਾ ਹਮ ਹਿੰਦੂ, ਨਾ ਮੁਸਲਮਾਨ' ਦਾ ਠੋਕਵਾਂ ਐਲਾਨ ਕਰਕੇ 'ਨਿਰਮਲ ਪੰਥ' (ਸਿੱਖ ਧਰਮ) ਚਲਾਇਆ ਸੀ। ਗੁਰੂ ਨਾਨਕ ਮੁੱਢ ਤੋਂ ਹੀ ਆਪਣੇ ਪੰਥ ਦੀ ਨਿਵੇਕਲੀ ਪਛਾਣ ਦ੍ਰਿੜਾਉਣ ਬਾਰੇ ਗੰਭੀਰ ਸਨ। ਉਨਾਂ ਦਾ ਸੰਕਲਪਿਆ ਅਕਾਲ ਪੁਰਖ (ਦੇਵੀ ਦੇਵਤਿਆਂ ਅਤੇ ਨਬੀ-ਰਸੂਲ ਤੋਂ ਵੀ ਸਰਬ ਉੱਚ ਸ਼ਕਤੀ ਸੰਪੰਨ, ਕਾਲ ਤੋਂ ਪਰੇ, ਅਕਾਲ ਹੈ। ਸਭ ਤੋਂ ਪਹਿਲਾਂ ਹਿੰਦੂ ਚਿੰਤਕਾਂ ਨੇ ਗੁਰੂ ਨਾਨਕ ਦੀ ਇਸ ਨਰੋਈ ਵਿਚਾਰ ਧਾਰਾ ਨੂੰ ਆਪਣੇ ਪ੍ਰਾਚੀਨ ਧਰਮ ਵਿਚ ਹੀ ਸਮਿਲਤ ਰੱਖਣ ਦਾ ਯਤਨ ਕੀਤਾ। ਪਰ ਗੁਰੂ ਨਾਨਕ ਸਾਹਿਬ ਨੇ ਜੰਞੂ ਪਹਿਨਣ ਤੋਂ ਇਨਕਾਰ ਕਰਕੇ ਹਿੰਦੂ ਚਿੰਨਵਾਦ ਨੂੰ ਪਹਿਲਾਂ ਹੀ ਨਕਾਰ ਦਿੱਤਾ।

ਕਰਤਾਰਪੁਰ (ਪਾਕਿਸਤਾਨ) ਵਿਖੇ ਉਨਾਂ ਸਿੱਖੀ ਪਛਾਣ ਸੁਨਿਸਚਿਤ ਕਰਨ ਲਈ ਮੁੱਢਲੀਆਂ ਸਿੱਖ ਸੰਸਥਾਵਾਂ/ਪਰੰਪਰਾਵਾਂ ਦਾ ਨਿਰਮਾਣ ਵੀ ਕਰ ਦਿੱਤਾ। ਇਸ ਤੋਂ ਉਪਰੰਤ ਹਿੰਦੂ ਵਿਦਵਾਨਾਂ ਨੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਰਚਨਾ ਦੇ ਅਦੁੱਤੀ ਕਾਰਨਾਮੇ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਦਰਸਾ ਕੇ ਖ਼ਾਲਸਾ ਦੀ ਪ੍ਰਤਿਭਾ ਉਪਰ ਆਪਣਾ ਹੱਕ ਜਮਾਉਣ ਦਾ ਯਤਨ ਕੀਤਾ। ਹਿੰਦੂ ਗਾਥਾ/ਪੁਰਾਣ ਕਥਾਵਾਂ ਵਿਚ ਸਿੱਖ ਗੁਰੂ ਸਾਹਿਬਾਨ ਨੂੰ (ਵਿਸ਼ੇਸ਼ ਕਰਕੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ) ਨੂੰ ਪਰਮੇਸ਼ਰ ਦੇ ਅਵਤਾਰ ਵਜੋਂ ਵੀ ਪੇਸ਼ ਕੀਤਾ ਗਿਆ। ਪਰ ਗੁਰੂ ਨਾਨਕ ਦਾ ਉਪਦੇਸ਼ ਅਵਤਾਰਵਾਦ ਤੋਂ ਪੂਰਾ ਇਨਕਾਰੀ ਹੈ। ਸਿੱਖ ਵਿਦਵਾਨਾਂ/ਚਿੰਤਕਾਂ ਲਈ ਇਹ ਧਾਰਨਾਵਾਂ ਲੰਮਾਂ ਸਮਾਂ ਵੱਡੀ ਚੁਣੌਤੀ ਬਣੀਆਂ ਰਹੀਆਂ ਪਰ ਪੰਡਤਾਈ ਵਿਦਵਤਾ ਦੇ ਪ੍ਰਭਾਵਾਂ ਦੇ ਬਾਵਜੂਦ ਸਿੱਖ ਵਿਦਵਾਨ ਅਤੇ ਲੇਖਕ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਦੇ ਅਸਲੀ ਸੰਕਲਪ ਨੂੰ ਵਰਤਮਾਨ ਤੱਕ ਸਫਲਤਾ ਸਹਿਤ ਪਹੁੰਚਾ ਸਕੇ।

ਅਜੋਕੇ ਯੁੱਗ ਵਿਚ ਭਾਰਤੀ ਸੰਵਿਧਾਨ ਅਧੀਨ ਪਹਿਲੀ ਵਾਰ ਹਿੰਦੂ ਬਹੁਗਿਣਤੀ ਦੀ ਪਾਰਟੀ ਹੋਣ ਦਾ ਦਾਅਵਾ ਕਰਕੇ ਭਾਰਤੀ ਜਨਤਾ ਪਾਰਟੀ 2014 ਈ. ਵਿਚ ਰਾਜ ਸੱਤਾ ਦੀ ਪੌੜੀ ਚੜੀ। ਇਹ ਪਾਰਟੀ ਧਾਰਮਿਕ ਸਹਿਹੋਂਦ ਦੇ ਸਿਧਾਂਤ ਤੋਂ ਇਨਕਾਰੀ ਹੈ, ਕਿਉਂਕਿ ਮੁਸਲਮਾਨਾਂ ਪ੍ਰਤੀ ਇਸ ਦਾ ਰਵੱਈਆ ਇੰਤਕਾਮੀ ਹੈ। ਈਸਾਈਆਂ ਦੇ ਧਰਮ ਪ੍ਰਚਾਰ ਉੱਪਰ ਇਹ ਰੋਕ ਲਗਾਉਣ ਲਈ ਉਤਸੁਕ ਹੈ। ਸਿੱਖਾਂ ਨੂੰ ਵਿਸ਼ਾਲ ਪ੍ਰਾਚੀਨ ਹਿੰਦੂ ਧਾਰਮਕ ਸਮਾਜੀ ਗਠਬੰਧਨ ਦਾ ਭਾਗ ਮੰਨ ਕੇ ਮਾਰੂ ਜੱਫੀ ਵਿਚ ਲੈ ਕੇ ਹਿੰਦੂਆਂ ਵਿਚ ਹੀ ਸਮੋ ਲੈਣਾ ਚਾਹੁੰਦੀ ਹੈ। ਇਸੇ ਨੀਤੀ ਅਧੀਨ ਅਟਲ ਬਿਹਾਰੀ ਭਾਜਪਾਈ ਨੇ 1993 ਈ. ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਸਮਝੌਤਾ ਕਰ ਲਿਆ। ਅਕਾਲੀ ਦਲ ਪੰਜਾਬੀ ਸੂਬੇ ਦੇ ਗਠਨ ਪਿਛੋਂ ਹੀ ਰਾਜ ਸੱਤਾ ਵਿਚ ਆਇਆ। ਇਸ ਲਈ ਭਾਰਤੀ ਜਨਤਾ ਪਾਰਟੀ, ਪੰਜਾਬੀ ਹਿੰਦੂਆਂ ਦੇ ਪ੍ਰਤੀਨਿਧ ਵਜੋਂ, ਜੂਨੀਅਰ ਹਿੱਸੇਦਾਰ ਬਣ ਕੇ ਗੱਠਜੋੜ ਵਿਚ ਸ਼ਾਮਿਲ ਹੋਈ। ਪੰਜਾਬੀ ਹਿੰਦੂਆਂ ਨੂੰ ਇਹ ਸਥਿਤੀ ਮਨਜ਼ੂਰ ਨਹੀਂ। ਉਨਾਂ ਦਾ ਇਹ ਦੁਖਾਂਤ ਹੈ ਕਿ ਉਨਾਂ ਨੇ ਆਪਣੀ ਪੰਜਾਬੀ ਪਛਾਣ ਸਰਬ ਭਾਰਤੀ ਹਿੰਦੂ ਪਹਿਚਾਣ ਵਿਚ ਰਲਾ ਰੱਖੀ ਹੈ। ਆਰ.ਐਸ.ਐਸ. ਵਾਲੀ ਧਾਰਨਾ ਅਨੁਸਾਰ ਭਾਰਤ ਵਿਚ ਕੇਵਲ ਹਿੰਦੂ ਹੀ ਪਹਿਲੇ ਦਰਜੇ ਦਾ ਸ਼ਹਿਰੀ ਹੈ। ਜਿਸ ਪੀੜੀ ਨੇ ਹੁਣ ਅਕਾਲੀ ਦਲ ਦੀ ਅਗਵਾਈ ਸੰਭਾਲੀ ਹੈ, ਉਨਾਂ ਨੂੰ ਸ਼ਾਇਦ ਇਨਾਂ ਪੇਚੀਦਗੀਆਂ ਦਾ ਗਿਆਨ ਹੀ ਨਹੀਂ ਹੈ। ਉਨਾਂ ਨੂੰ ਪੰਜਾਬ ਅਤੇ ਸਿੱਖਾਂ ਵਿਚਕਾਰ ਵਿਸ਼ੇਸ਼ ਰਿਸ਼ਤੇ ਬਾਰੇ ਵੀ ਪੂਰੀ ਚੇਤੰਨਤਾ ਨਹੀਂ ਹੈ। ਪੰਜਾਬ ਨੂੰ ਗੁਰੂ ਨਾਨਕ ਸਾਹਿਬ ਅਤੇ ਉਨਾਂ ਦੇ ਸਿੱਖ ਧਰਮ ਨੇ ਹੀ ਵਿਭਿੰਨ ਪਛਾਣ ਦਿੱਤੀ। ਅਜੋਕਾ ਪੰਜਾਬ/ਪੰਜਾਬੀ ਸੂਬਾ ਸਿੱਖਾਂ ਦੀ ਹੀ ਭਾਰਤ ਨੂੰ ਦੇਣ ਹੈ। ਹੁਣ ਹਿੰਦੂ ਮਨੋਕਲਪਨਾ ਦੀ ਦੁਬਿਧਾ ਸਿੱਖ ਪੰਜਾਬ ਨੂੰ ਆਪਣੀ ਨਵੀਂ ਹਿੰਦੂ ਰਾਸ਼ਟਰੀਅਤਾ (ਹਿੰਦੁਤਵ) ਦੇ ਸੰਕਲਪ ਵਿਚ ਸਮੋਣ ਦੀ ਹੈ। ਸਿੱਖ ਪੰਥ ਦਾ ਹਿੰਦੂਆਂ ਨਾਲ ਉਚੇਚਾ ਰਿਸ਼ਤਾ ਤਾਂ ਹੈ ਹੀ, ਕਿਉਂਕਿ ਇਹ ਦੋਵੇਂ ਪੂਰਬੀ ਖ਼ਿੱਤੇ ਦੇ ਧਰਮ ਹਨ। ਪਰ ਸਮੁੱਚੇ ਪੰਜਾਬ ਵਿਚ ਗੁਰੂ ਨਾਨਕ ਅਤੇ ਉਨਾਂ ਦੇ ਨੌਂ ਉੱਤਰਾਧਕਾਰੀ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਪ੍ਰਬਲ ਰਹੀ ਅਤੇ ਸਮਾਜਿਕ ਬਣਤਰ ਵਿਚ ਜੱਟ (ਜਿਨਾਂ ਨੂੰ ਹਿੰਦੂ ਸੋਚਣੀ ਵਿਚ ਵੈਸ਼ ਸਮਝਦਾ ਹੈ) ਭਾਰੂ ਰਹੇ। ਪੰਜਾਬੀ ਸੂਬੇ ਦੀ ਰਾਜ ਬਣਤਰ ਵਿਚ ਸਮੁੱਚੇ ਤੌਰ 'ਤੇ ਸਿੱਖ ਪ੍ਰਭਾਵੀ ਹੋ ਗਏ ਅਤੇ ਹਿੰਦੂ ਹਾਸ਼ੀਏ ਵੱਲ ਧੱਕੇ ਗਏ ਹਨ। ਅਜਿਹੀ ਰਾਜਨੀਤਕ ਸਥਿਤੀ ਵਿਚ ਅੱਜ ਦੇ ਅਖੌਤੀ ਅਕਾਲੀ ਨੇਤਾਵਾਂ ਦਾ ਲਗਾਓ ਰਾਜ ਸੱਤਾ ਵਿਚ ਬਣੇ ਰਹਿਣ ਨਾਲ ਹੀ ਹੈ। ਉਨਾਂ ਲਈ ਅੱਜ ਦੇ ਖੰਡਿਤ ਅਕਾਲੀ ਦਲ ਦੇ ਰਾਜਨੀਤੀ ਪ੍ਰੋਗਰਾਮ ਵਿਚੋਂ ਸਿੱਖ ਘੱਟ ਗਿਣਤੀ ਦੇ ਸਰੋਕਾਰ ਮਨਫ਼ੀ ਹਨ। ਸਰਕਾਰ ਦਾ ਮੁਹਾਂਦਰਾ ਭਾਵੇਂ ਅਕਾਲੀ/ਜੱਟ ਹੀ ਰਹੇ ਪਰ ਰਾਜਸੀ ਮਸਲਹਤਾਂ ਦੇ ਦਾਅ-ਪੇਚਾਂ ਕਾਰਨ, ਇਸੇ ਸ਼ਾਸਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਹੋਈ ਜਿਸ ਨੂੰ ਇਤਫ਼ਾਕੀਆ ਘਟਨਾ ਮੰਨ ਲਿਆ ਗਿਆ। ਅਕਾਲ ਤਖ਼ਤ ਨੇ ਗੁਰ ਨਿੰਦਕਾਂ (ਸੱਚੇ ਸੌਦੇ) ਨੂੰ ਰਾਜਸੀ ਹਿਤਾਂ ਦੀ ਪੂਰਤੀ ਲਈ ਬਖ਼ਸ਼ ਦਿੱਤਾ ਸੀ। ਇਨਾਂ ਦੋਸ਼ਾਂ ਦੇ 'ਪ੍ਰਾਸਚਿਤ' ਅਤੇ ਸੰਗਤਾਂ ਦੇ ਦਿਖਾਵੇ ਲਈ ਪੰਥ ਦੇ ਨੇਤਾ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਹਰਿਮੰਦਰ ਸਾਹਿਬ ਜਾ ਕੇ ਭਾਂਡੇ ਮਾਂਜਣ ਜਾਂ ਜੋੜੇ ਸਾਫ਼ ਕਰਕੇ, ਸਿੱਖ ਸਮਾਜ ਵਿਚ ਪਵਿੱਤਰ ਜਾਣੀ ਜਾਂਦੀ ਸੇਵਾ ਭਾਵਨਾ ਦਾ ਮੌਜੂ ਉਡਾਇਆ। ਪਰ ਉਨਾਂ ਵਲੋਂ ਆਪਣੇ ਹਿਰਦੇ 'ਪਵਿੱਤਰ' ਕਰਨ ਦਾ ਕੋਈ ਉਪਬੰਧ ਨਾ ਕੀਤਾ ਜਾ ਸਕਿਆ। ਖੈਰ! ਗੁਰ-ਸੰਗਤ ਆਪ ਹੀ ਬਖ਼ਸ਼ਿੰਦ ਹੈ।

ਅਕਾਲੀ ਦਲ ਨੂੰ ਹੋਂਦ ਵਿਚ ਆਇਆਂ ਸੌ ਸਾਲ ਤੋਂ ਵਧੀਕ ਸਮਾਂ ਹੋ ਚੁੱਕਾ ਹੈ। ਅਕਾਲੀ ਦਲ ਦੇ ਗਠਨ ਸਮੇਂ ਪੰਥ ਦੀ ਸੇਵਾ ਲਈ ਕੇਵਲ ਅੰਮ੍ਰਿਤਧਾਰੀ ਸਿੱਖ ਜਾਂ ਘੱਟੋ-ਘੱਟ ਸਾਬਤ ਸੂਰਤ ਸਿੱਖ ਅਕਾਲੀ ਦਲ ਵਿਚ ਸ਼ਾਮਿਲ ਹੁੰਦੇ ਸਨ। ਉਨਾਂ ਨੂੰ ਪੰਥ ਦੀ ਸਲਾਮਤੀ ਲਈ ਬੀ ਟੀ ਦੀਆਂ ਡਾਂਗਾਂ ਦੀ ਕੁੱਟ-ਮਾਰ ਅਤੇ ਜੇਲਾਂ ਦੀਆਂ ਕਾਲ ਕੋਠੜੀਆਂ ਵਿਚ ਦਿਨ ਕੱਟਣ ਦਾ ਕੋਈ ਹਿਰਖ ਨਹੀਂ ਸੀ। ਅੱਜ ਦਾ ਨੌਜਵਾਨ/ਹਰੇਕ ਵਿਅਕਤੀ ਰਾਜਨੀਤੀ ਵਿਚ ਆਪਣੀ ਭੱਲ ਬਣਾਉਣ ਲਈ ਅਕਾਲੀ ਦਲ ਵਿਚ ਬਤੌਰ ਰਾਜਸੀ ਪਾਰਟੀ ਦੇ ਸਾਧਾਰਨ ਮੈਂਬਰ ਵਜੋਂ ਸ਼ਾਮਿਲ ਹੁੰਦਾ ਹੈ, ਜਿਥੇ ਉਹ ਰਾਜਨੀਤੀ ਵਿਚ ਆਪਣੀ ਪੇਸ਼ਾਵਰ ਉੱਨਤੀ ਲਈ ਥਾਂ ਬਣਾ ਸਕੇ। ਉਸ ਦੀ ਸਿੱਖ ਪੰਥ ਪ੍ਰਤੀ ਨਿਸ਼ਠਾ ਜ਼ਰੂਰੀ ਨਹੀਂ ਹੈ। ਇਹ ਹੈ ਅਸਲੀ ਚੁਣੌਤੀ ਜੋ ਅੱਜ ਸ਼੍ਰੋਮਣੀ ਅਕਾਲੀ ਦਲ ਸਾਹਮਣੇ ਖੜੀ ਹੈ। ਕੀ ਸਿੱਖ ਪੰਥ ਜਾਂ ਪੰਜਾਬ ਅਤੇ ਪੰਜਾਬੀ ਦੀ ਸਲਾਮਤੀ/ਸੁਰਖਿਆ ਸੁਨਿਸਚਿਤ ਕਰਨਾ ਅਕਾਲੀ ਦਲ ਦੇ ਪ੍ਰੋਗਰਾਮ ਵਿਚ ਸ਼ਾਮਿਲ ਹੈ ਜਾਂ ਨਹੀਂ? ਮੁਢਲਾ ਨਿਸ਼ਾਨਾ ਕੇਵਲ ਰਾਜ ਸੱਤਾ ਹਥਿਆਉਣਾ ਹੀ ਹੈ। ਉਸ ਨਾਲ ਧਨ, ਸ਼ਕਤੀ ਅਤੇ ਇਕਤਦਾਰ ਸਭ ਕੁਝ ਆਪੇ ਪਿੱਛੇ ਲੱਗ ਤੁਰਦੇ ਹਨ। ਪੰਜਾਬੀ ਸੂਬੇ ਦੇ ਬਣਨ ਨਾਲ ਅਕਾਲੀ/ਸਿੱਖ ਪੰਜਾਬ ਦੀ ਰਾਜਨੀਤੀ ਵਿਚ ਪ੍ਰਭਾਵੀ ਹੋ ਗਏ। ਪਰ ਕੀ ਸਿੱਖ ਧਾਰਮਿਕ ਘੱਟ-ਗਿਣਤੀ ਗੁੱਟ ਵਜੋਂ ਸਲਾਮਤ ਰਹਿ ਸਕਣਗੇ ਅਤੇ ਸਰਬ-ਭਾਰਤੀ ਰਾਜਨੀਤੀ ਵਿਚ ਸਿੱਖਾਂ ਨੂੰ ਲੋੜੀਂਦਾ ਮਹੱਤਵ ਅਤੇ ਸਤਿਕਾਰ ਮਿਲ ਸਕੇਗਾ? ਇਹੀ ਅਕਾਲੀ ਦਲ ਦੇ ਨੇਤਾਵਾਂ ਨੇ ਗੰਭੀਰਤਾ ਸਹਿਤ ਵਿਚਾਰ ਕਰਨੀ ਹੈ ਕਿ ਸਿੱਖ ਕੌਮ ਦੀ ਪ੍ਰਸੰਗਿਕਤਾ ਅਕਾਲੀ ਰਾਜਨੀਤੀ ਦਾ ਕਿਸ ਪ੍ਰਕਾਰ ਅਨਿੱਖੜਵਾਂ ਭਾਗ ਬਣੀ ਰਹਿ ਸਕੇਗੀ। ਇਹੀ ਉਨਾਂ ਦੀ ਰਾਜਸੀ ਸ਼ਕਤੀ ਦਾ ਆਧਾਰ ਹੈ। ਸਿੱਖ ਨੌਜਵਾਨ ਨੂੰ ਅਜੋਕਾ ਅਕਾਲੀ ਦਲ ਗੁਰਸਿੱਖ ਬਣਨ ਲਈ ਪ੍ਰੇਰਿਤ ਨਹੀਂ ਕਰ ਸਕੇਗਾ। ਸਿੱਖ ਪੰਥ ਤਾਈਂ ਨਿਸ਼ਠਾ ਹੁਣ ਜ਼ਰੂਰੀ ਨਹੀਂ। ਪਤਿਤ ਸਿੱਖ ਨੌਜਵਾਨ ਸਿੱਖੀ ਸਰੂਪ ਤੋਂ ਥਿੜਕ ਚੁੱਕੇ, ਬਿਨਾਂ ਦਸਤਾਰ 'ਯੂਥ ਵਿੰਗ ਅਕਾਲੀ ਦਲ' ਦੇ ਅਹੁਦੇਦਾਰ ਬਣ ਜਾਂਦੇ ਹਨ। ਸਿੱਖ ਸਟੂਡੈਂਟਸ ਫੈਡਰੇਸ਼ਨ ਜੋ ਅਕਾਲੀ ਦਲ ਵੱਲ ਸਿੱਖ ਨੌਜਵਾਨਾਂ ਨੂੰ ਪ੍ਰੇਰਦੀ ਰਹੀ ਹੁਣ ਉਹ ਪਿਛਲਗ ਬਣ ਚੁੱਕੀ ਹੈ। ਚੌਧਰ ਪ੍ਰਧਾਨ ਰਾਜਨੀਤੀ ਵਿਚ ਹੁਣ ਅਕਾਲੀ ਦਲ ਵੀ ਕਈ ਵਿੰਗਾਂ ਵਿਚ ਅੰਦਰ ਅੰਦਰ ਹੀ ਵੰਡਿਆ ਪਿਆ ਹੈ। ਇਸ ਪ੍ਰਕਾਰ ਅਕਾਲੀ ਰਾਜਨੀਤੀ ਦੇ ਪ੍ਰੇਰਨਾ ਸਰੋਤ/ਧਿਆਨਯੋਗ ਸਿੱਖ ਸਰੋਕਾਰ ਨਹੀਂ ਰਹੇ। ਅਕਾਲੀ ਦਲ ਦੇ ਇਤਿਹਾਸ ਵੱਲ ਝਾਤ ਮਾਰ ਕੇ ਜਿਨਾਂ ਕੁਰਬਾਨੀਆਂ ਦਾ ਅਕਾਲੀ ਨੇਤਾ ਰੋਜ਼ ਜ਼ੋਰਦਾਰ ਹਵਾਲੇ ਦਿੰਦੇ ਹਨ, ਉਹ ਨਿਸ਼ਠਵਾਨ ਸਿੱਖਾਂ ਦੀਆਂ ਕੁਰਬਾਨੀਆਂ ਸਨ। ਮੈਨੂੰ ਜਾਪਦਾ ਹੈ ਕਿ ਸਿਧਾਂਤਕ ਪ੍ਰਤੀਬੱਧਤਾ ਤੋਂ ਵਿਹੂਣੇ ਅਕਾਲੀ ਦਲ ਦਾ ਪਤਨ ਸਾਹਮਣੇ ਹੈ।

ਗੁਰਦੁਆਰਾ ਸੁਧਾਰ ਲਹਿਰ ਦੇ ਇਕ ਪ੍ਰਮੁੱਖ ਸਤਿਕਾਰਯੋਗ ਵਿਦਵਾਨ, ਬਾਵਾ ਹਰਿਕ੍ਰਿਸ਼ਨ ਸਿੰਘ ਨੇ ਇਕ ਵਾਰ ਅਕਾਲ ਤਖ਼ਤ ਸਾਹਿਬ ਤੋਂ ਕੌਮ ਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ, ਅਕਾਲੀ ਦਲ ਦੀ ਸਲਾਮਤੀ ਅਤੇ ਹੋਂਦ ਸਿੱਖ ਪੰਥ ਦੀ ਉੱਨਤੀ ਸੁਨਿਸਚਿਤ ਕਰਨ ਲਈ ਬਹੁਤ ਜ਼ਰੂਰੀ ਹੈ।

# ਮੂਰਤੀ ਜਲ ਪ੍ਰਵਾਹ ਦੀ ਘਾਤਕ ਰਵਾਇਤ 'ਤੇ ਰੋਕ ਲੱਗਣੀ ਜ਼ਰੂਰੀ

## ਸੁਮੀਤ ਸਿੰਘ

ਸਾਡੇ ਦੇਸ਼ ਵਿੱਚ ਵੱਖ-ਵੱਖ ਫਿਰਕਿਆਂ ਵੱਲੋਂ ਮਨਾਏ ਜਾਂਦੇ ਧਾਰਮਿਕ ਤਿਉਹਾਰਾਂ ਤੇ ਰੂੜੀਵਾਦੀ ਰਵਾਇਤਾਂ ਦੀ ਸਾਰਾ ਸਾਲ ਭਰਮਾਰ ਰਹਿੰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਿਉਹਾਰ ਸਾਡੇ ਸਮਾਜ ਵਿੱਚ ਵੱਖ ਵੱਖ ਫਿਰਕਿਆਂ ਤੇ ਵਰਗਾਂ ਦਰਮਿਆਨ ਸਦਭਾਵਨਾ ਦਾ ਮਾਹੌਲ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਪਰ ਇਸਦੇ ਨਾਲ ਹੀ ਇਨਾਂ ਤਿਉਹਾਰਾਂ ਨਾਲ ਜੁੜੀਆਂ ਬਹੁਤ ਸਾਰੀਆਂ ਰੂੜੀਵਾਦੀ ਰਵਾਇਤਾਂ ਜਿੱਥੇ ਸਮਾਜ ਵਿੱਚ ਅੰਧ ਵਿਸ਼ਵਾਸ ਅਤੇ ਵਹਿਮ ਭਰਮ ਫੈਲਾਉਣ ਦਾ ਕਾਰਨ ਬਣਦੀਆਂ ਹਨ, ਉੱਥੇ ਹੀ ਵੱਡੇ ਪੱਧਰ 'ਤੇ ਪੈਸੇ ਦੀ ਫਜ਼ੂਲ ਖ਼ਰਚੀ ਕਰਨ, ਪ੍ਰਦੂਸ਼ਣ ਫੈਲਾਉਣ ਅਤੇ ਕੀਮਤੀ ਸਮਾਂ ਖਰਾਬ ਕਰਨ ਲਈ ਜ਼ਿੰਮੇਵਾਰ ਹਨ। ਰੂੜੀਵਾਦੀ ਰਵਾਇਤਾਂ ਦੌਰਾਨ ਹੁੰਦੇ ਹਾਦਸਿਆਂ ਵਿੱਚ ਹਰ ਸਾਲ ਕਈ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਇਸ ਲਈ ਜਦੋਂ ਤਿਉਹਾਰਾਂ ਨਾਲ ਸੰਬੰਧਿਤ ਕੁੱਝ ਰੂੜੀਵਾਦੀ ਰਵਾਇਤਾਂ ਖ਼ੁਦ ਇਨਸਾਨਾਂ ਅਤੇ ਜੀਵਾਂ ਜੰਤੂਆਂ ਦੀ ਜ਼ਿੰਦਗੀ ਲਈ ਗੰਭੀਰ ਖ਼ਤਰਾ ਬਣ ਜਾਣ ਤਾਂ ਫਿਰ ਅਜਿਹੇ ਤਿਉਹਾਰਾਂ ਦੀ ਸਾਰਥਿਕਤਾ ਉੱਤੇ ਸਵਾਲੀਆ ਨਿਸ਼ਾਨ ਲੱਗਣਾ ਸੁਭਾਵਿਕ ਹੈ।

ਇਸ ਸਬੰਧੀ 6 ਸਾਲ ਪਹਿਲਾਂ ਵਾਪਰੀ ਇੱਕ ਅਜਿਹੀ ਘਟਨਾ ਉਪਰੋਕਤ ਤੱਥਾਂ ਦੀ ਗਵਾਹੀ ਭਰਦੀ ਹੈ। ਦੇਸ਼ ਦੇ ਉੱਘੇ ਇਨਕਲਾਬੀ ਨਾਟਕਕਾਰ ਗੁਰਸ਼ਰਨ ਭਾਅ ਜੀ ਵੱਲੋਂ ਸਥਾਪਤ ਕੀਤੇ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ 27 ਸਤੰਬਰ 2015 ਨੂੰ ਉਨਾਂ ਦੀ ਚੌਥੀ ਬਰਸੀ ਦੇ ਸਬੰਧ ਵਿੱਚ ਬਰਨਾਲੇ ਵਿਖੇ ਕੀਤੇ ਜਾ ਰਹੇ ਵਿਸ਼ਾਲ ਇਨਕਲਾਬੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਲੇਖਕ ਸਮੇਤ ਨਾਮਵਰ ਚਿੰਤਕ ਡਾ. ਪਰਮਿੰਦਰ ਸਿੰਘ, ਐਡਵੋਕੇਟ ਅਮਰਜੀਤ ਬਾਈ ਅਤੇ ਗੁਰਬਚਨ ਸਿੰਘ ਅੰਮ੍ਰਿਤਸਰ ਤੋਂ ਬਰਨਾਲੇ ਲਈ ਬਾਅਦ ਦੁਪਹਿਰ ਤਿੰਨ ਵਜੇ ਰਵਾਨਾ ਹੋਏ ਤਾਂ ਕਿ ਸਮਾਗਮ ਦੇ ਰਾਤ ਸੱਤ ਵਜੇ ਸ਼ੁਰੂ ਹੋਣ ਤੋਂ ਪਹਿਲਾਂ ਪਹੁੰਚਿਆ ਜਾਵੇ।

ਕੋਈ ਇੱਕ ਘੰਟੇ ਦੇ ਸਫ਼ਰ ਤੋਂ ਬਾਅਦ ਜਦੋਂ ਅਸੀਂ ਹਰੀਕੇ ਪੱਤਣ ਦੇ ਪੁਲ ਉੱਤੇ ਪਹੁੰਚੇ ਤਾਂ ਪਤਾ ਲੱਗਾ ਕਿ ਅੱਗੇ ਕਾਫ਼ੀ ਲੰਮਾ ਟ੍ਰੈਫਿਕ ਜਾਮ ਲੱਗਾ ਹੋਇਆ ਸੀ। ਜਾਮ ਲੱਗੇ ਵਿੱਚੋਂ ਹੀ ਬੜੀ ਮੁਸ਼ਕਿਲ ਨਾਲ ਕਾਰ ਵਾਪਸ ਮੋੜ ਕੇ ਹਰੀਕੇ ਨਹਿਰ ਦੇ ਨਾਲ-ਨਾਲ ਸੰਘਣੀਆਂ ਝਾੜੀਆਂ ਅਤੇ ਉਜਾੜ ਵਿਚਲੇ ਰਸਤੇ ਤੋਂ ਲੰਘਦੇ ਹੋਏ ਅਸੀਂ ਮੁੱਖ ਸੜਕ ਉੱਤੇ ਪਹੁੰਚ ਗਏ। ਉੱਥੇ ਕਈ ਵੱਡੇ ਵੱਡੇ ਹਜੂਮ ਨਹਿਰ ਵਿੱਚ ਗਣਪਤੀ ਦੀਆਂ ਵੱਡੀਆਂ ਰੰਗਦਾਰ ਪਲਾਸਟਿਕ ਦੀਆਂ ਮੂਰਤੀਆਂ ਅਤੇ ਪਾਠ ਪੂਜਾ ਦੀ ਸਮੱਗਰੀ ਦਾ ਵਿਸਰਜਨ ਕਰ ਰਹੇ ਸਨ ਅਤੇ ਉੱਚੀ ਆਵਾਜ਼ ਵਿੱਚ ਸਪੀਕਰ ਵੱਜ ਰਹੇ ਸਨ। ਪੁਲ ਦੇ ਦੋਵੇਂ ਪਾਸੇ ਘੱਟੋ ਘੱਟ ਦੋ ਦੋ ਕਿਲੋਮੀਟਰ ਤਕ ਕਾਰਾਂ, ਟਰੱਕਾਂ, ਬੱਸਾਂ ਅਤੇ ਚਾਰ ਪਹੀਆਂ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ।

ਵੱਖ ਵੱਖ ਵਰਗਾਂ ਦੇ ਲੋਕ ਜਿਨਾਂ ਵਿੱਚ ਜ਼ਿਆਦਾਤਰ ਪ੍ਰਵਾਸੀ ਮਜ਼ਦੂਰਾਂ ਦੇ ਪਰਿਵਾਰ ਸ਼ਾਮਿਲ ਸਨ, ਗਣੇਸ਼ ਦੀਆਂ ਵੱਡ ਆਕਾਰੀ ਰੰਗਦਾਰ ਮੂਰਤੀਆਂ ਲੈ ਕੇ ਮਿੰਨੀ ਟਰੱਕਾਂ ਅਤੇ ਆਪਣੇ ਨਿੱਜੀ ਵਾਹਨਾਂ ਉੱਤੇ ਉੱਚੀ ਉੱਚੀ ਸਪੀਕਰ ਲਾਈ ਰਸਤੇ ਵਿੱਚ ਖੜੇ ਸਨ। ਕਦੇ ਕਦੇ ਟ੍ਰੈਫਿਕ ਜੂੰ ਦੀ ਤੋਰ ਤੁਰਦਾ ਤੁਰਦਾ ਫਿਰ ਕਾਫ਼ੀ ਚਿਰ ਰੁਕ ਜਾਂਦਾ ਸੀ। ਹਰ ਕੋਈ ਕਾਹਲੀ ਨਾਲ ਅੱਗੇ ਨਿਕਲਣ ਦੀ ਦੌੜ ਵਿੱਚ ਆਪਣੀ ਲਾਈਨ ਤੋੜ ਕੇ ਟ੍ਰੈਫਿਕ ਜਾਮ ਕਰਨ ਵਿੱਚ ਹਿੱਸਾ ਪਾ ਰਿਹਾ ਸੀ। ਸ਼ਾਮ ਦੇ ਛੇ ਵੱਜ ਚੁੱਕੇ ਸਨ ਅਤੇ ਅਜੇ ਅਸੀਂ ਹਰੀਕੇ ਵਿਖੇ ਹੀ ਫਸੇ ਬੈਠੇ ਸੀ। ਸਾਨੂੰ ਬਰਨਾਲੇ ਵਿਖੇ ਸਮੇਂ ਸਿਰ ਪਹੁੰਚਣ ਦੀ ਕੋਈ ਉਮੀਦ ਨਜ਼ਰ ਨਹੀਂ ਆ ਰਹੀ ਸੀ ਅਤੇ ਅਸੀਂ ਰਾਤੀਂ 11 ਵਜੇ ਵਾਪਸ ਵੀ ਮੁੜਨਾ ਸੀ। ਇੱਕ ਸਲਾਹ ਸੀ ਕਿ ਇੱਥੋਂ ਹੀ ਵਾਪਸ ਮੁੜਿਆ ਜਾਏ ਪਰ ਗੁਰਸ਼ਰਨ ਭਾਅ ਜੀ ਦੀ ਸ਼ਖ਼ਸੀਅਤ ਅਤੇ ਇਨਕਲਾਬੀ ਤੇ ਸਿਰੜੀ ਸੋਚ ਸਾਡੇ ਦਿਮਾਗਾਂ ਵਿੱਚ ਇਸ ਕਦਰ ਭਾਰੂ ਸੀ ਕਿ ਇਸ ਇਨਕਲਾਬੀ ਸਮਾਗਮ ਵਿੱਚ ਸ਼ਮੂਲੀਅਤ ਕੀਤੇ ਬਿਨਾਂ ਵਾਪਸ ਅੰਮ੍ਰਿਤਸਰ ਮੁੜਨਾ ਕਿਸੇ ਨੂੰ ਵੀ ਗਵਾਰਾ ਨਹੀਂ ਸੀ। ਵੈਸੇ ਵੀ ਇੰਨੇ ਲੰਮੇ ਜਾਮ ਵਿੱਚੋਂ ਚਾਰ ਪਹੀਆਂ ਵਾਹਨ ਵਾਪਸ ਮੋੜਨਾ ਕਿਸੇ ਵੀ ਤਰਾਂ ਸੰਭਵ ਨਹੀਂ ਸੀ।

ਮੈਂ ਥੱਕ ਹਾਰ ਕੇ ਆਖ਼ਿਰ ਟ੍ਰੈਫਿਕ ਪੁਲਿਸ ਨੂੰ ਫ਼ੋਨ ਮਿਲਾਇਆ। ਫ਼ਿਰੋਜ਼ਪੁਰ ਟ੍ਰੈਫਿਕ ਕੰਟਰੋਲ ਰੂਮ ਤੋਂ ਜਵਾਬ ਮਿਲਿਆ ਕਿ ਪੁਲਿਸ ਦੇ ਪੰਜ ਸਿਪਾਹੀ ਮੌਕੇ 'ਤੇ ਭੇਜ ਦਿੱਤੇ ਗਏ ਹਨ ਪਰ ਸਾਨੂੰ ਜਾਮ ਦੇ ਸਾਰੇ ਰਸਤੇ ਵਿੱਚ ਕੋਈ ਵੀ ਸਿਪਾਹੀ ਟ੍ਰੈਫਿਕ ਕੰਟਰੋਲ ਕਰਦਾ ਵਿਖਾਈ ਨਹੀਂ ਦਿੱਤਾ। ਵੈਸੇ ਵੀ ਚਾਰ ਕਿਲੋਮੀਟਰ ਲੰਬੇ ਟ੍ਰੈਫਿਕ ਜਾਮ ਨੂੰ ਖੁਲਵਾਉਣ ਲਈ ਪੰਜ ਸਿਪਾਹੀ ਕਿੰਨੇ ਕੁ ਕਾਰਗਰ ਸਾਬਤ ਹੋ ਸਕਦੇ ਸਨ? ਇਸੇ ਦੌਰਾਨ ਪਤਾ ਲੱਗਾ ਕਿ ਸਾਡੇ ਤੋਂ ਅੱਗੇ ਅੱਗੇ ਉੱਘੇ ਨਾਟਕਕਾਰ ਕੇਵਲ ਧਾਲੀਵਾਲ ਵੀ ਆਪਣੀ ਨਾਟਕ ਟੀਮ ਲੈ ਕੇ ਬਰਨਾਲੇ ਸਮਾਗਮ ਵਿਖੇ ਹੀ ਨਾਟਕ ਕਰਨ ਜਾ ਰਹੇ ਸਨ ਅਤੇ ਉਹ ਵੀ ਇਸ ਜਾਮ ਵਿੱਚ ਸਾਡੇ ਤੋਂ ਵੀ ਢਾਈ ਘੰਟੇ ਪਹਿਲਾਂ ਫਸੇ ਹੋਏ ਸਨ।

ਇਸ ਮੌਕੇ ਦਿਮਾਗ਼ ਵਿੱਚੋਂ ਉੱਠੇ ਕੁਝ ਗੰਭੀਰ ਸਵਾਲ ਮੈਂ ਆਪਣੇ ਸਾਥੀਆਂ ਨਾਲ ਸਾਂਝੇ ਕਰ ਰਿਹਾ ਸੀ ਕਿ ਜੇਕਰ ਕੋਈ ਹਿੰਸਕ ਸੰਗਠਨ ਇਸ ਮੌਕੇ ਕੋਈ ਦਹਿਸ਼ਤੀ ਕਾਰਵਾਈ ਕਰ ਜਾਵੇ ਤਾਂ ਇਸ ਰੂੜੀਵਾਦੀ ਪ੍ਰੋਗਰਾਮ ਦੇ ਪ੍ਰਬੰਧਕਾਂ ਜਾਂ ਪੰਜਾਬ ਸਰਕਾਰ ਵੱਲੋਂ ਕੀ ਲੋਕਾਂ ਦੇ ਜਾਨੀ ਨੁਕਸਾਨ ਦੀ ਕਦੇ ਭਰਪਾਈ ਕੀਤੀ ਜਾ ਸਕੇਗੀ? ਜੇਕਰ ਮਨੁੱਖੀ ਜਾਨੀ ਅਤੇ ਮਾਲੀ ਨੁਕਸਾਨ ਬਚਾਉਣ ਲਈ ਆਪਾਤਕਾਲੀਨ ਸਥਿਤੀ ਵਿੱਚ ਕਿਸੇ ਐਂਬੂਲੈਂਸ ਜਾਂ ਫਾਇਰ ਬ੍ਰਿਗੇਡ ਦੀ ਗੱਡੀ ਨੇ ਹੁਣੇ ਇੱਥੋਂ ਲੰਘਣਾ ਹੋਵੇ ਤਾਂ ਕੀ ਇਹ ਸੰਭਵ ਹੋ ਸਕੇਗਾ? ਕੀ ਹਜ਼ਾਰਾਂ ਲੋਕਾਂ ਦਾ ਇਕੱਠ ਕਰ ਕੇ ਅਜਿਹੇ ਰੂੜੀਵਾਦੀ ਪ੍ਰੋਗਰਾਮ ਕਰਨ ਲਈ ਪ੍ਰਬੰਧਕਾਂ ਵੱਲੋਂ ਜ਼ਿਲਾ ਪ੍ਰਸ਼ਾਸਨ ਤੋਂ ਕੋਈ ਮਨਜ਼ੂਰੀ ਲਈ ਗਈ ਸੀ? ਅਜਿਹੇ ਭੀੜ ਭੜੱਕੇ ਵਾਲੇ ਸਥਾਨਾਂ ਉੱਤੇ ਕੋਈ ਵੱਡਾ ਜਾਨ ਲੇਵਾ ਹਾਦਸਾ ਵਾਪਰਨ ਤੋਂ ਬਾਅਦ ਹੀ ਸਰਕਾਰਾਂ ਦੀਆਂ ਅੱਖਾਂ ਕਿਉਂ ਖੁੱਲਦੀਆਂ ਹਨ? ਪਾਣੀ ਵਿੱਚ ਪ੍ਰਦੂਸ਼ਣ ਅਤੇ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਫੈਲਾਉਣ ਵਾਲੀਆਂ ਮੂਰਤੀ ਵਿਸਰਜਨ ਦੀਆਂ ਅਜਿਹੀਆਂ ਮਨੁੱਖ ਅਤੇ ਜੀਵ-ਜੰਤੂਆਂ ਵਿਰੋਧੀ ਰੂੜੀਵਾਦੀ ਰਸਮਾਂ ਕੀ ਸਵੱਛ ਭਾਰਤ ਪ੍ਰੋਗਰਾਮ ਵਿੱਚ ਵੱਡੀ ਰੁਕਾਵਟ ਨਹੀਂ ਬਣ ਰਹੀਆਂ? ਅਜਿਹੇ ਪ੍ਰਬੰਧਕਾਂ ਖ਼ਿਲਾਫ਼ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਸਖ਼ਤ ਕਾਨੂੰਨੀ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ? ਅਤੇ ਅਜਿਹੀਆਂ ਘਾਤਕ ਰੂੜੀਵਾਦੀ ਰਸਮਾਂ ਬੰਦ ਕਰਾਉਣ ਲਈ ਸਰਕਾਰਾਂ, ਧਾਰਮਿਕ ਸੰਗਠਨ ਅਤੇ ਸਿਆਸੀ ਪਾਰਟੀਆਂ ਸਾਂਝੇ ਤੌਰ 'ਤੇ ਕੋਈ ਠੋਸ ਯੋਜਨਾਬੰਦੀ ਕਿਉਂ ਨਹੀਂ ਕਰ ਰਹੀਆਂ?

ਇਸੇ ਦੌਰਾਨ ਕੁੱਝ ਚੇਤਨ ਅਤੇ ਜ਼ਿੰਮੇਵਾਰ ਨਾਗਰਿਕਾਂ ਦੇ ਵਿਸ਼ੇਸ਼ ਯਤਨਾਂ ਸਦਕਾ ਹੌਲੀ ਹੌਲੀ ਜਾਮ ਖੁੱਲਣਾ ਸ਼ੁਰੂ ਹੋਇਆ ਅਤੇ ਅਸੀਂ ਰਸਤੇ ਵਿੱਚ ਬਿਨਾਂ ਕੁਝ ਖਾਧੇ ਪੀਤੇ ਰਾਤ ਦੇ ਸਾਢੇ ਅੱਠ ਵਜੇ ਬਰਨਾਲੇ ਪਹੁੰਚ ਗਏ। ਸਮਾਗਮ ਅਜੇ ਅੱਧਾ ਘੰਟਾ ਪਹਿਲਾਂ ਹੀ ਸ਼ੁਰੂ ਹੋਇਆ ਸੀ। ਪੰਡਾਲ ਵਿੱਚ ਵੀਹ ਹਜ਼ਾਰ ਤੋਂ ਵੱਧ ਲੋਕਾਂ ਦਾ ਇਕੱਠ ਸੀ ਅਤੇ ਅਜੇ ਵੀ ਨੇੜਲੇ ਇਲਾਕਿਆਂ ਵਿੱਚੋਂ ਲੋਕ ਆ ਰਹੇ ਸਨ। ਪੰਡਾਲ ਦੇ ਆਲੇ ਦੁਆਲੇ ਇਨਕਲਾਬੀ ਅਤੇ ਤਰਕਸ਼ੀਲ ਸਾਹਿਤ ਦੇ ਕਾਫ਼ੀ ਸਟਾਲ ਲੱਗੇ ਹੋਏ ਸਨ ਅਤੇ ਵੱਡੀ ਗਿਣਤੀ ਲੋਕ ਆਪਣਾ ਪਸੰਦੀਦਾ ਸਾਹਿਤ ਖ਼ਰੀਦ ਰਹੇ ਸਨ ਜਦ ਕਿ ਵਰਦੀਧਾਰੀ ਅਤੇ ਖੁਫ਼ੀਆ ਪੁਲਿਸ ਦੇ ਅਧਿਕਾਰੀ ਸਮਾਗਮ ਦੀ ਕਾਰਵਾਈ ਦੇ ਨਾਲ ਨਾਲ ਇਨਕਲਾਬੀ ਸਾਹਿਤ ਦੇ ਸਟਾਲਾਂ ਉੱਤੇ ਵੀ ਘੋਖਵੀਂ ਨਜ਼ਰ ਰੱਖ ਰਹੇ ਸਨ।

ਸਟੇਜ ਉੱਤੇ ਸ਼ਹੀਦ ਭਗਤ ਸਿੰਘ, ਗੁਰਸ਼ਰਨ ਸਿੰਘ ਅਤੇ ਅਵਤਾਰ ਪਾਸ਼ ਨੂੰ ਸਤਿਕਾਰ ਦੇ ਫੁੱਲ ਭੇਟ ਕਰਨ ਲਈ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂ ਹੱਥਾਂ ਵਿੱਚ ਮੋਮਬੱਤੀਆਂ ਲੈ ਕੇ ਖੜੇ ਸਨ ਅਤੇ ਪੰਡਾਲ ਵਿੱਚ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਤਾਰ ਗੂੰਜ ਰਹੇ ਸਨ। ਇਨਾਂ ਇਨਕਲਾਬੀ ਸ਼ਹੀਦਾਂ ਦੇ ਸੁਫ਼ਨਿਆਂ ਨੂੰ ਸਾਕਾਰ ਕਰਨ ਦਾ ਹੋਕਾ ਦਿੰਦਾ ਇੱਕ ਅਹਿਦਨਾਮਾ ਪਲਸ ਮੰਚ ਦੇ ਪ੍ਰਧਾਨ ਸਾਥੀ ਅਮੋਲਕ ਸਿੰਘ ਵੱਲੋਂ ਸਟੇਜ ਤੋਂ ਪੜਿਆ ਜਾ ਰਿਹਾ ਸੀ ਅਤੇ ਪੰਡਾਲ ਵਿੱਚ ਹਾਜ਼ਰ ਹਜ਼ਾਰਾਂ ਕਿਸਾਨ, ਮਜ਼ਦੂਰ, ਔਰਤਾਂ, ਵਿਦਿਆਰਥੀ, ਨੌਜਵਾਨ, ਤਰਕਸ਼ੀਲ ਕਾਮੇ ਅਤੇ ਹੋਰਨਾਂ ਵਰਗਾਂ ਦੇ ਲੋਕ ਆਪਣੀ ਜਗਾ ਉੱਤੇ ਖੜੇ ਹੋ ਕੇ ਇਸ ਅਹਿਦਨਾਮੇ ਦੀ ਸੁਰ ਵਿੱਚ ਸੁਰ ਮਿਲਾ ਕੇ ਇਸ ਨੂੰ ਜਥੇਬੰਧਕ ਸੰਘਰਸ਼ਾਂ ਰਾਹੀਂ ਅਮਲੀ ਜਾਮਾ ਪਹਿਨਾਉਣ ਦਾ ਅਹਿਦ ਲੈ ਰਹੇ ਸਨ। ਬਾਕੀ ਸਫ਼ਾ 31 'ਤੇ

# ਕਿਸਾਨ ਮੋਰਚੇ ਕਾਰਨ ਸਿੱਖਾਂ ਦਾ ਮਾਣ ਸਨਮਾਨ ਦੁਨੀਆ ’ਚ ਉੱਚਾ ਹੋਇਆ

**ਹਮੀਰ ਸਿੰਘ**

ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਤੋਂ ਪ੍ਰੇਰਿਤ ਕਿਸਾਨ ਅੰਦੋਲਨ ਦੇ ਸਬਰ, ਸੰਤੋਖ ਅਤੇ ਸੰਜਮ ਨੇ ਨਵਾਂ ਇਤਿਹਾਸ ਸਿਰਜਿਆ ਹੈ। ਲਗਭਗ ਗਿਆਰਾਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉੱਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਲੱਗੇ ਅੰਦੋਲਨ ਦਾ ਕੇਂਦਰ ਸਰਕਾਰ ਨੂੰ ਕੋਈ ਤੋੜ ਨਜ਼ਰ ਨਹੀਂ ਆ ਰਿਹਾ। ਇਸ ਅੰਦੋਲਨ ਨੇ ਸ਼ੁਰੂ ਤੋਂ ਹੀ ਨਵੀਂਆਂ ਪਿਰਤਾਂ ਪਾਈਆਂ ਹਨ। ਪੰਜਾਬ ਦੀਆਂ ਵੰਨ-ਸਵੰਨੇ ਪਿਛੋਕੜ ਅਤੇ ਵਿਚਾਰਧਾਰਾ ਆਧਾਰਿਤ 32 ਜਥੇਬੰਦੀਆਂ ਇਕਜੁੱਟ ਹੋ ਗਈਆਂ। ਪੰਜਾਬ ਅਤੇ ਹਰਿਆਣਾ ਦਰਮਿਆਨ ਤਮਾਮ ਵਖਰੇਵੇਂ ਇਕ ਪਾਸੇ ਰੱਖ ਕੇ ਭਾਈਚਾਰਕ ਸਾਂਝ ਬਣਨਾ ਸਾਧਾਰਨ ਗੱਲ ਨਹੀਂ। ਪਿੰਡਾਂ ਦੀਆਂ ਸਿਆਸੀ ਧੜੇਬੰਦੀਆਂ ਆਪਸੀ ਭਾਈਚਾਰੇ ਵਿਚ ਤਬਦੀਲ ਹੁੰਦੀਆਂ ਦਿਸਣ ਲੱਗੀਆਂ। ਦਿੱਲੀ ਦੀਆਂ ਬਰੂਹਾਂ ਤੇ ਕੇਸਰੀ ਨਿਸ਼ਾਨ ਸਾਹਿਬ, ਹਰੇ, ਲਾਲ, ਬਸੰਤੀ ਸਮੇਤ ਅਨੇਕ ਤਰਾਂ ਦੇ ਝੰਡਿਆਂ ਦਾ ਦ੍ਰਿਸ਼ ਕ੍ਰਿਸ਼ਮੇ ਵਰਗਾ ਮਾਹੌਲ ਸਿਰਜ ਰਿਹਾ ਹੈ। ਇਸ ਦਾ ਅਸਰ ਦੇਸ਼-ਵਿਦੇਸ਼ ਤੱਕ ਫੈਲਿਆ। ਇਸ ਸਭ ਤੋਂ ਘਬਰਾਈਆਂ ਕਿਸਾਨ ਵਿਰੋਧੀ ਤਾਕਤਾਂ ਨੂੰ ਅੰਦੋਲਨ ਦਾ ਕੋਈ ਤੋੜ ਨਜ਼ਰ ਨਹੀਂ ਆ ਰਿਹਾ। ਉਨਾਂ ਦਾ ਇਰਾਦਾ ਇਹ ਹੈ ਕਿ ਅੰਦੋਲਨ ਅੰਦਰ ਕਿਸੇ ਵੀ ਤਰੀਕੇ ਫੁੱਟ ਪਾਈ ਜਾਵੇ ਅਤੇ ਅੰਦੋਲਨਕਾਰੀਆਂ ਥਕਾ ਦਿੱਤੇ ਜਾਣ।

ਦਿੱਲੀ ਵੱਲ ਜਾਣ ਵਾਲੇ ਦਿਨ 26 ਨਵੰਬਰ 2020 ਨੂੰ ਪੁਲਿਸ ਨੇ ਖਾਈਆਂ ਪੁੱਟੀਆਂ, ਖੰਦਕਾਂ ਖੜੀਆਂ ਕੀਤੀਆਂ, ਭਾਰੀ ਪੱਥਰ, ਜਲ ਤੋਪਾਂ ਅਤੇ ਹੰਝੂ ਗੈਸ ਦੇ ਗੋਲਿਆਂ ਨਾਲ ਨਾਲ ਸਵਾਗਤ ਕੀਤਾ ਪਰ ਇਹ ਸਭ ਕੁਝ ਕਿਸਾਨਾਂ ਦੇ ਸਮੂਹਿਕ ਜੋਸ਼ ਅਤੇ ਪ੍ਰਤੀਬੱਧਤਾ ਸਾਹਮਣੇ ਖੜਾ ਨਹੀਂ ਰਹਿ ਸਕਿਆ। ਇਸ ਪਿੱਛੋਂ ਅੰਦੋਲਨ ਨੂੰ ਖਾਲਿਸਤਾਨੀ, ਮਾਓਵਾਦੀ, ਸ਼ਹਿਰੀ ਨਕਸਲੀ, ਪਾਕਿਸਤਾਨ ਤੇ ਚੀਨ ਤੋਂ ਹਮਾਇਤ ਪ੍ਰਾਪਤ ਆਦਿ ਲਕਬ ਦੇਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਦਿੱਲੀ ਸਥਿਤ ਮੀਡੀਆ ਦੇ ਵੱਡੇ ਹਿੱਸੇ ਨੇ ਧੁਤੂ ਬਣ ਕੇ ਕੇਂਦਰ ਸਰਕਾਰ ਦਾ ਪ੍ਰਵਚਨ ਪ੍ਰਚਾਰਨ ਦਾ ਕੰਮ ਕੀਤਾ। ਬਿਨਾ ਸ਼ੱਕ ਪੰਜਾਬੀ ਮੀਡੀਆ ਨੇ ਅੰਦੋਲਨ ਦੇ ਪੱਖ ਉਭਾਰਨ ਵਿਚ ਮਦਦ ਕੀਤੀ। ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖ਼ਰੀਦ ਦੀ ਗਰੰਟੀ ਦੀਆਂ ਮੰਗਾਂ ਤੋਂ ਸ਼ੁਰੂ ਹੋਇਆ ਅੰਦੋਲਨ ਦੇਸ-ਦੁਨੀਆ ਵਿਚ ਵੱਸੇ ਪੰਜਾਬੀਆਂ ਲਈ ਹੀ ਉਮੀਦ ਦੀ ਕਿਰਨ ਨਹੀਂ ਬਲਕਿ ਦੁਨੀਆ ਦੇ ਮੰਨੇ-ਪ੍ਰਮੰਨੇ ਵਿਦਵਾਨ ਨੋਮ ਚੌਮਸਕੀ ਨੇ ਇਸ ਨੂੰ ਸੰਸਾਰ ਭਰ ਲਈ ਰੋਸ਼ਨੀ ਦੇ ਮੁਨਾਰੇ ਵਜੋਂ ਪਰਿਭਾਸ਼ਤ ਕੀਤਾ। ਇਸ ਦਾ ਕਾਰਨ ਇਹ ਸੀ ਕਿ ਅੰਦੋਲਨ ਨੇ ਖੇਤੀ ਅਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਕਾਰਪੋਰੇਟ ਵਿਕਾਸ ਮਾਡਲ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਕੀਤਾ। ਇਸ ਨੇ ਸਿਆਸੀ ਪੱਖ ਤੋਂ ਮੁਲਕ ਅੰਦਰ ਪੈਦਾ ਹੋ ਰਹੇ ਕੇਂਦਰੀਕਰਨ ਦੇ ਮਾਹੌਲ ਖਿਲਾਫ਼ ਫੈਡਰਲਿਜ਼ਮ ਦੀ ਵਕਾਲਤ ਕੀਤੀ, ਕਿਉਂਕਿ ਖੇਤੀ ਰਾਜਾਂ ਦਾ ਵਿਸ਼ਾ ਹੋਣ ਕਰ ਕੇ ਕੇਂਦਰ ਸਰਕਾਰ ਖੇਤੀ ਕਾਨੂੰਨ ਬਣਾ ਨਹੀਂ ਸਕਦੀ।

ਇਸ ਅੰਦੋਲਨ ਦੇ ਦਿੱਲੀ ਜਾਣ ਤੋਂ ਪਹਿਲਾਂ ਹੀ ਇਕ ਧਿਰ ਨੇ ਸ਼ੰਭੂ ਵਿਖੇ ਮੋਰਚਾ ਲਾ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸਾਨ ਆਗੂ ਤਾਂ ਕੇਵਲ ਆਰਥਿਕ ਮੰਗਾਂ ਉੱਤੇ ਲੜ ਰਹੇ ਹਨ, ਸਿਆਸਤ ਵਿਚ ਤਬਦੀਲੀ ਤੋਂ ਬਿਨਾ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਪੰਜਾਬ ਦੇ ਲੋਕ ਅੰਦੋਲਨ ਦੀ ਧਾਰਾ ਤੋਂ ਉਲਟ ਵਾਲਿਆਂ ਵੱਲ ਪਿੱਠ ਕਰ ਕੇ ਖੜੇ ਦਿਖਾਈ ਦਿੱਤੇ। ਕੇਂਦਰ ਸਰਕਾਰ ਕਿਸੇ ਤਰਾਂ ਵੀ ਅੰਦੋਲਨ ਵਿਚ ਫੁੱਟ ਪਾਉਣ ਲਈ ਕਾਮਯਾਬ ਨਹੀਂ ਹੋਈ ਪਰ ਅੰਦਰੋਂ ਹੀ ਦੋ ਬਿਰਤਾਂਤ ਸਿਰਜ ਕੇ ਕਈ ਵਿਅਕਤੀਆਂ ਨੇ ਅਣਜਾਣੇ ਵਿਚ ਕਿਸਾਨ ਵਿਰੋਧੀ ਤਾਕਤਾਂ ਦਾ ਪੱਖ ਪੂਰਨ ਦਾ ਕੰਮ ਹੀ ਕੀਤਾ। ਇਸ ਅੰਦੋਲਨ ਨੂੰ ਖੱਬੇ-ਪੱਖੀ ਬਨਾਮ ਪੰਥਕ ਅਤੇ ਬਜ਼ੁਰਗ ਜਾਂ ਕਿਸਾਨ ਜਥੇਬੰਦੀਆਂ ਬਨਾਮ ਨੌਜਵਾਨ ਦੇ ਤੌਰ ਤੇ ਪੇਸ਼ ਕਰਨ ਦੀ ਮੁਹਿੰਮ ਲੰਮਾ ਸਮਾਂ ਚਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਸ਼ਾਂਤਮਈ ਅੰਦੋਲਨ ਨੂੰ ਅੰਦੋਲਨ ਦੀ ਕਮਜ਼ੋਰੀ ਕਹਿ ਕੇ ਭੰਡਣ ਦੀ ਕੋਸ਼ਿਸ਼ ਕੀਤੀ। ਧਾਰਮਿਕ ਧਿਰਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲਿਆਂ ਨੇ ਕਿਸੇ ਨਾ ਕਿਸੇ ਤਰੀਕੇ ਜੈਤੋ ਦਾ ਮੋਰਚਾ, ਪੰਜਾ ਸਾਹਿਬ, ਨਨਕਾਣਾ ਸਾਹਿਬ ਆਦਿ ਅਕਾਲੀ ਮੋਰਚਿਆਂ ਦੇ ਸ਼ਾਂਤਮਈ ਅਤੇ ਅਥਾਹ ਕੁਰਬਾਨੀਆਂ ਦੇ ਇਤਿਹਾਸ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ। ਕਿਸਾਨਾਂ ਉੱਤੇ ਸਖ਼ਤ ਐਕਸ਼ਨ ਦੇਣ ਦਾ ਦਬਾਅ ਬਣਾਇਆ ਜਾਂਦਾ ਰਿਹਾ। 26 ਜਨਵਰੀ 2021 ਦੇ ਦਿੱਲੀ ਵਿਖੇ ਟਰੈਕਟਰ ਮਾਰਚ ਦੌਰਾਨ ਹੋਏ ਆਪ-ਮੁਹਾਰੇਪਣ ਨੇ ਕੇਂਦਰ ਸਰਕਾਰ ਅਤੇ ਗੋਦੀ ਮੀਡੀਆ ਨੂੰ ਕਿਸਾਨ ਵਿਰੋਧੀ ਬਿਰਤਾਂਤ ਬਣਾਉਣ ਦਾ ਮੌਕਾ ਦਿੱਤਾ। ਅੰਦੋਲਨ ਤੋਂ ਵੱਡੀ ਉਮੀਦ ਰੱਖਣ ਵਾਲੇ ਸਾਰੇ ਲੋਕਾਂ ਅੰਦਰ ਇਕ ਵਾਰ ਤਾਂ ਨਿਰਾਸ਼ਾ ਦਾ ਆਲਮ ਪੈਦਾ ਹੋ ਗਿਆ ਪਰ ਰਾਕੇਸ਼ ਟਿਕੈਤ ਦੇ ਹੰਝੂਆਂ ਵਾਲੀ ਰਾਤ ਨੇ ਅੰਦੋਲਨ ਨੂੰ ਮੁੜ ਪੈਰੀਂ ਕਰ ਦਿੱਤਾ।

ਹੁਣ ਮੁੜ ਕਾਮਰੇਡ ਬਨਾਮ ਪੰਥਕ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਹੋ ਰਹੀ ਹੈ। ਖ਼ਾਸ ਤੌਰ ’ਤੇ ਸਿੰਘੂ ਬਾਰਡਰ ਉੱਤੇ ਲਖਬੀਰ ਸਿੰਘ ਦੇ ਕਤਲ ਦੀ ਇਕ ਵਰਗ ਵੱਲੋਂ ਵਾਹ ਵਾਹ ਕੀਤੀ ਜਾ ਰਹੀ ਹੈ। ਮੁੱਖ ਪ੍ਰਸ਼ਨ ਇਹ ਹੈ : ਕੀ ਇਸ ਘਟਨਾ ਨਾਲ ਲਖੀਮਪੁਰ ਖੀਰੀ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ ਦੀਆਂ ਗੱਡੀਆਂ ਹੇਠ ਦਰਦਨਾਕ ਤਰੀਕੇ ਨਾਲ ਦਰੜੇ ਕਿਸਾਨਾਂ ਤੇ ਪੱਤਰਕਾਰ ਅਤੇ ਤਿੰਨ ਭਾਜਪਾ ਕਾਰਕੁਨਾਂ ਦੀਆਂ ਗਈਆਂ ਜਾਨਾਂ ਤੋਂ ਬਾਅਦ ਬੁਰੀ ਫਸੀ ਕੇਂਦਰ ਸਰਕਾਰ ਨੂੰ ਰਾਹਤ ਨਹੀਂ ਮਿਲੀ? ਕੀ ਕਿਸਾਨ ਮੋਰਚੇ ਨੂੰ ਬਦਨਾਮ ਕਰਨ ਲਈ ਸਰਕਾਰ ਅਤੇ ਗੋਦੀ ਮੀਡੀਆ ਨੂੰ ਨਵਾਂ ਮੁੱਦਾ ਨਹੀਂ ਮਿਲਿਆ? ਬੇਅਦਬੀ ਦੀਆਂ ਘਿਨਾਉਣੀਆਂ ਵਾਰਦਾਤਾਂ 2015 ਤੋਂ ਲਗਾਤਾਰ ਹੋ ਰਹੀਆਂ ਹਨ। ਬਰਗਾੜੀ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਤੋਂ ਪਿੱਛੋਂ ਪੰਜਾਬੀਆਂ, ਖਾਸਕਰ ਸਿੱਖਾਂ ਅੰਦਰਲਾ ਦਰਦ ਸੜਕਾਂ ਉੱਤੇ ਲਗਾਤਾਰ ਜਾਪ ਕਰਨ ਦੇ ਰੂਪ ਵਿਚ ਸਾਹਮਣੇ ਆਇਆ ਸੀ। ਲੋਕਾਂ ਦੇ ਇਹ ਅਥਾਹ ਦਰਦ ਅਤੇ ਜਜ਼ਬਾ ਆਗੂ ਵਿਹੂਣਾ ਰਿਹਾ। ਇਸੇ ਕਰਕੇ ਚੱਬੇ ਵਿਚ ਹੋਇਆ ਸਰਬੱਤ ਖਾਲਸਾ ਬੇਅਦਬੀ ਤੋਂ ਵੱਧ ਮੁਤਵਾਜ਼ੀ ਜਥੇਦਾਰਾਂ ਦੀ ਨਿਯੁਕਤੀ ਜਾਂ ਹੋਰ ਮਤਿਆਂ ਤੱਕ ਸੀਮਤ ਹੋ ਗਿਆ। ਇੰਨੇ ਵੱਡੇ ਅੰਦੋਲਨ ਦੇ ਅਸਫ਼ਲ ਰਹਿਣ ਦੀ ਪੜਚੋਲ ਅੱਜ ਤੱਕ ਕਿਉਂ ਨਹੀਂ ਕੀਤੀ ਗਈ? ਆਪਣੇ ਆਪ ਨੂੰ ਸਿਆਣਪ ਦੇ ਮੁਜੱਸਮੇ ਵਜੋਂ ਪੇਸ਼ ਕਰਨ ਵਾਲੇ ਆਗੂ ਅਸਫ਼ਲ ਕਿਉਂ ਰਹੇ? ਇਨਸਾਫ਼ ਲਈ ਜੋ ਹੋਰ ਮੋਰਚੇ ਲੱਗੇ, ਉਹ ਮੰਜ਼ਿਲ ਤੱਕ ਕਿਉਂ ਨਹੀਂ ਪਹੁੰਚੇ? ਉਨਾਂ ਲਈ ਅਜਿਹੇ ਸੱਜਣ ਹੀ ਆਗੂ ਦੀ ਭੂਮਿਕਾ ਨਿਭਾ ਸਕਦੇ ਸਨ। ਕੀ ਸਿੰਘੂ ਹੱਦ ਤੇ ਵਾਪਰੀ ਘਟਨਾ ਨਾਲ ਸਿੱਖਾਂ ਬਾਰੇ ਦੁਨੀਆ ਪੱਧਰ ਉੱਤੇ ਇਨਸਾਫ਼ ਪਸੰਦੀ ਦੇ ਅਕਸ ਵਿਚ ਵਾਧਾ ਹੋਇਆ ਹੈ? ਦਿੱਲੀ ਵਿਚ ਬੈਠੇ ਇਕ ਨਿਹੰਗ ਸਿੰਘ ਆਗੂ ਅਤੇ ਇਕ ਕੇਂਦਰੀ ਮੰਤਰੀ ਨਾਲ ਮੀਟਿੰਗ ਤੇ ਖਾਣੇ ਦੀਆਂ ਤਸਵੀਰਾਂ ਜਵਾਬ ਨਹੀਂ ਮੰਗਦੀਆਂ? ਨਾਲ ਹੀ ਅਪਰਾਧਿਕ ਪਿਛੋਕੜ ਵਾਲੇ ਪੁਲੀਸ ਨਾਲ ਸਬੰਧਤ ਸ਼ਖ਼ਸ ਦੀ ਮੌਜੂਦਗੀ ਹੈਰਾਨ ਕਰ ਦੇਣ ਵਾਲੀ ਹੈ। ਜੇ ਉਹ ਕਿਸਾਨ ਅੰਦੋਲਨ ਬਾਰੇ ਗੱਲ ਕਰਨ ਗਏ ਸਨ ਤਾਂ ਕਿਸ ਹੈਸੀਅਤ ਵਿਚ ਗਏ? ਕੀ ਉਹ ਮੋਰਚੇ ਦੀ ਅਗਵਾਈ ਕਰ ਰਹੇ ਹਨ/ਸਨ? ਇਸ ਤੋਂ ਪਹਿਲਾਂ ਵੀ ਇਕ ਧਾਰਮਿਕ ਆਗੂ ਦੀ ਕੇਂਦਰੀ ਖੇਤੀ ਮੰਤਰੀ ਨਾਲ ਫ਼ੋਟੋ ਸਾਹਮਣੇ ਆਈ ਸੀ ਤਾਂ ਉਨਾਂ ਉੱਤੇ ਗਾਲ਼ਾਂ ਦੀ ਵਾਛੜ ਕੀਤੀ ਗਈ ਸੀ। ਪ੍ਰਸ਼ਨ ਇਹ ਹੈ ਕਿ ਹੁਣ ਨਿਹੰਗ ਆਗੂ ਨੂੰ ਵਿਸ਼ੇਸ਼ ਰਿਆਇਤ ਦੇਣ ਦੀ ਕੋਈ ਹੋਰ ਵਜਾ ਹੈ।

ਅਸਲ ਵਿਚ ਕਿਸਾਨ ਮੋਰਚੇ ਨਾਲ ਪੰਜਾਬੀਆਂ, ਖ਼ਾਸ ਤੌਰ ਉੱਤੇ ਸਿੱਖਾਂ ਦਾ ਮਾਨ ਸਨਮਾਨ ਮੁਲਕ ਅਤੇ ਦੁਨੀਆ ਵਿਚ ਉੱਚਾ ਹੋਇਆ ਹੈ। ਇਹ ਮੁੜ ਸਾਬਿਤ ਹੋਇਆ ਹੈ ਕਿ ਇਨਾਂ ਦੀ ਵਿਰਾਸਤ ਲੰਮੀਆਂ ਲੜਾਈਆਂ ਲੜਨ ਅਤੇ ਲੜਾਈਆਂ ਵਿਚ ਉੱਚੇ ਇਖ਼ਲਾਕ ਦਾ ਪ੍ਰਗਟਾਵਾ ਕਰਨ ਵਾਲੀ ਹੈ। ਮੌਜੂਦਾ ਬਾਜ਼ਾਰਵਾਦੀ ਮਾਹੌਲ ਵਿਚ ਸਿੱਖ ਭਾਈਚਾਰਾ ਵੀ ਧਾਰਮਿਕ, ਸਿਆਸੀ ਅਤੇ ਸੱਭਿਆਚਾਰਕ ਖੇਤਰ ਵਿਚ ਰੋਲ ਮਾਡਲਾਂ ਦੀ ਤਲਾਸ਼ ਕਰਦਾ ਰਿਹਾ ਹੈ। ਕਿਸਾਨ ਅੰਦੋਲਨ ਨੂੰ ਦੇਖਦਿਆਂ ਲੋਕ ਅਕਾਲੀ ਮੋਰਚਿਆਂ ਦੇ ਇਤਿਹਾਸ ਨੂੰ ਮੁੜ ਪੜਨ ਲੱਗੇ ਹਨ ਅਤੇ ਇਸ ਦੀਆਂ ਤੰਦਾਂ ਗੁਰਦੁਆਰਾ ਸੁਧਾਰ ਲਹਿਰ ਦੇ ਮਹਾਨ ਮੋਰਚਿਆਂ ਨਾਲ ਜੋੜ ਰਹੇ ਹਨ। ਇਹ ਇਸ ਕਰਕੇ ਹੈ ਕਿ ਲੱਖਾਂ ਦੀ ਤਾਦਾਦ ਵਿਚ ਬੈਠੇ ਅੰਦੋਲਨਕਾਰੀਆਂ ਅਤੇ ਸਮੁੱਚੇ ਲੋਕਾਂ ਨੇ ਸ਼ਾਂਤਮਈ ਰਹਿਣ, ਲੰਗਰ ਦਾ ਪ੍ਰਬੰਧ ਕਰਨ ਅਤੇ ਦਿੱਲੀ ਦੇ ਆਲੇ ਦੁਆਲੇ ਲੋਕਾਂ ਨੂੰ ਵੀ ਆਪਣੇ ਕਿਰਦਾਰ ਤੇ ਕਾਰਗੁਜ਼ਾਰੀ ਕਰਕੇ ਪ੍ਰਭਾਵਿਤ ਕੀਤਾ ਹੈ।

ਬਾਕੀ ਸਫ਼ਾ 31 ’ਤੇ

# ਖ਼ਬਰਦਾਰ...ਕਿਸਾਨ ਮੋਰਚਾ ਸਿਆਸੀ ਪੌੜੀ ਨਹੀਂ

## ਮੋਰਚੇ ਦੀ ਮਜ਼ਬੂਤੀ ਲਈ ਹਰ ਸੰਭਵ ਕੋਸ਼ਿਸ਼ ਹੋਵੇ : ਡਾ. ਕੁਲਦੀਪ ਸਿੰਘ ਦੀਪ

ਕਿਸੇ ਦੀ ਪੌੜੀ ਚੜਨ ਵਾਲਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪੌੜੀ ਸਿਰਫ਼ ਚੜਨਾ ਹੀ ਨਹੀਂ ਹੁੰਦਾ ਉੱਤਰਨਾ ਵੀ ਹੁੰਦਾ ਹੈ। ਪਰਾਈ ਪੌੜੀ ਰਾਹੀਂ ਕੋਈ ਟੀਸੀ ਤੇ ਚੜ ਤਾਂ ਸਕਦਾ ਹੈ, ਪਰ ਜਦੋਂ ਅਗਲਾ ਹੇਠੋਂ ਪੌੜੀ ਖਿਸਕਾ ਲੈਂਦਾ ਹੈ ਤਾਂ ਬੰਦਾ ਤੋਰੀ ਵਾਂਗ ਧਰਤੀ ਉਤੇ ਅਸਮਾਨ ਦੇ ਵਿਚਾਰ ਲਟਕ ਜਾਂਦਾ ਹੈ।

ਜਦੋਂ ਦਾ ਕਿਸਾਨ ਮੋਰਚਾ ਸ਼ੁਰੂ ਹੋਇਆ ਹੈ, ਬਹੁਤ ਸਾਰੇ ਲੋਕਾਂ ਨੇ ਇਸ ਨੂੰ ਪੌੜੀ ਵਾਂਗ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਸੋਨੀਆ ਮਾਨ ਦੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਦੇ ਚਰਚਾ ਹਨ ਇਸ ਮੁੱਦੇ ਨੂੰ ਇਕ ਵਾਰ ਫੇਰ ਹਵਾ ਦਿੱਤੀ ਹੈ।

ਇਸ ਤੋਂ ਪਹਿਲਾਂ ਪੌੜੀਮਾਰਕਾ ਬਰੈਂਡ ਉਸ ਵਕਤ ਸਾਹਮਣੇ ਆਇਆ, ਜਦ ਬਹੁਤ ਸਾਰੇ ‘ਕਮਰਸ਼ੀਅਲ’ ਸੁਭਾਅ ਵਾਲੇ ਕਲਾਕਾਰ ਇਸ ਦਾ ਹਿੱਸਾ ਬਣਨਾ ਸ਼ੁਰੂ ਹੋਏ। ਉਨਾਂ ਨੂੰ ਦੋ ਚੀਜ਼ਾਂ ਦਿਸਣ ਲੱਗੀਆਂ..ਰੁਤਬੇ...ਲੀਡਰੀਆਂ..ਜਾਂ ਫਿਰ ਟੀ ਆਰ ਪੀ। ਇਨਾਂ ਵਿੱਚੋਂ ਕਈਆਂ ਨੂੰ ਇਹ ਲਗਦਾ ਸੀ ਕਿ ਕਿਸਾਨ ਮੋਰਚੇ ਵਿਚ ਹੁਣ ਭੀੜਾਂ ਜੁੜਨੀਆਂ ਸ਼ੁਰੂ ਹੋ ਗਈਆਂ ਹਨ, ਇਸ ਲਈ ਆਪਣੇ-ਆਪਣੇ ਜਥੇ ਲੈ ਕੇ ਆਓ...ਸ਼ਕਤੀ ਪ੍ਰਦਰਸ਼ਨ ਕਰੋ ਤੇ ਲੀਡਰੀਆ ਚਮਕਾਓ... ਉਦੋਂ ਇਹ ਨਹੀਂ ਪਤਾ ਸੀ ਕਿ ਮੋਰਚਾ ਏਨਾ ਲੰਮਾ ਚਲਾ ਜਾਣਾ ਹੈ। ਜਥਿਆਂ ਦੇ ਜਥੇ ਲੈ ਕੇ ਜਾਣ ਵਾਲੇ ਹੁਣ ਉਹ ਸਾਰੇ ਪਤਾ ਨਹੀਂ ਹੁਣ ਕਿਹੜੇ ਹਰਨਾਂ ਦੇ ਸਿੰਗੀ ਚੜੇ ਹੋਏ ਹਨ? ਦੂਜਾ ਇਨਾਂ ਨੂੰ ਲਗਦਾ ਸੀ ਕਿ ਹੁਣ ਸਿਰਫ਼ ਕਿਸਾਨੀ ਦੇ ਗੀਤ ਹੀ ਚੱਲਣਗੇ ਇਸ ਲਈ ਧੜਾਧੜ ਗੀਤ ਲਿਖੇ ਗਏ...ਗਾਏ ਗਏ..ਯੂ ਟਿਊਬ ਤੇ ਪਾਏ ਗਏ...ਮੋਰਚੇ ਵਿਚ ਜਾ ਕੇ ਪਰਮੋਸ਼ਨਾਂ ਕੀਤੀਆਂ...ਤੇ ਯੂ ਟਿਊਬ ਤੋਂ ਕਮਾਈ ਕੀਤੀ। ਇਨਾਂ ਗੀਤਾਂ ਵਿਚ ਹਿੰਸਾ ਦੀ ਭਰਮਾਰ ਸੀ ਅਤੇ ਚਿੰਤਨ ਦਾ ਸੱਖਣਾਪਣ ਸੀ। ਭਾਵੇਂ ਇਨਾਂ ਗੀਤਾਂ ਦਾ ਵੀ ਮੋਰਚੇ ਨੂੰ ਭਖਾਉਣ ਵਿਚ ਯੋਗਦਾਨ ਰਿਹਾ ਅਤੇ ਮੋਰਚੇ ਦੀ ਲਹਿਰ ਨੂੰ ਹੁਲਾਰਾ ਮਿਲਿਆ ਪਰ ਪੌੜੀਨੁਮਾ ਲੋਕਾਂ ਨੂੰ ਉਦੋਂ ਵੀ ਲੱਗਿਆ ਸੀ ਕਿ ਗੱਡਾ ਸਾਡੇ ਸਿਰ ਤੇ ਚੱਲ ਰਿਹਾ ਹੈ...ਪਰ ਉਹ ਸਾਰੇ ਹੁਣ ਆਪੋ ਆਪਣੇ ਠਰਰੇ ਤੇ ਆ ਗਏ ਹਨ...ਗੰਦ ਪਰੋਸਣ ਵਾਲੇ ਮੁੜ ਗੰਦ ਪਰੋਸ ਰਹੇ ਹਨ..ਅਤੇ ਜੋ ਮਨੋ ਜੁੜੇ ਸੀ ਉਹ ਅੱਜ ਵੀ ਜੁੜੇ ਹੋਏ ਹਨ ਅਤੇ ਆਪਣਾ ਯੋਗਦਾਨ ਪਾ ਰਹੇ ਹਨ।

ਇਸ ਲੜੀ ਵਿਚ ਤੀਜੀ ਧਿਰ ਸੋਸ਼ਲ ਮੀਡੀਆ ਤੇ ਬਣ ਰਹੇ ਨਵੇਂ ਚੈਨਲਾਂ ਦੀ ਸੀ। ਇਸ ਦੌਰ ਵਿਚ ਧੜਾਧੜ ਨਵੇਂ ਯੂਟਿਊਬ ਚੈਨਲ ਬਣੇ, ਪੇਜ ਬਣੇ, ਗਰੁੱਪ ਬਣੇ...ਅਤੇ ਇਨਾਂ ਨੂੰ ਕਿਸਾਨ ਮੋਰਚੇ ਰਾਹੀਂ ਵੱਡੇ ਪੱਧਰ ਤੇ ਵਿਊਰਸ਼ਿਪ ਮਿਲੀ, ਸਬ-ਸਕਰਾਈਬਰ ਮਿਲੇ ਤੇ ਇਨਾਂ ਰਾਹੀਂ ਇਨਾਂ ਨੇ ਮਾਇਆ ਇੱਕਠੀ ਕੀਤੀ। ਸ਼ੁਰੂ ਵਿਚ ਇਨਾਂ ਦੇ ਪੌੜੀਨੁਮਾ ਕਿਰਦਾਰ ਦੇ ਬਾਵਜ਼ੂਦ ਇਹਨਾਂ ਚੈਨਲਾਂ ਦਾ ਮੋਰਚੇ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਯੋਗਦਾਨ ਰਿਹਾ। ਕਿਉਂਕਿ ਗੋਦੀ ਮੀਡੀਆ ਜਾਂ ਤਾਂ ਕਿਸਾਨ ਮੋਰਚੇ ਦੀ ਕਵਰੇਜ਼ ਕਰਦਾ ਨਹੀਂ ਸੀ ਤੇ ਜਾਂ ਫਿਰ ਵਿਰੋਧ ਵਿਚ ਕਰਦਾ ਸੀ। ਇਹਨਾਂ ਚੈਨਲਾਂ ਰਾਹੀਂ ਇਨਾਂ ਦੇ ਮਾਲਕਾਂ ਨੂੰ ਤਾਂ ਕਮਾਈ ਹੋਈ, ਪਰ ਮੋਰਚਾ ਵੀ ਲੋਕਾਂ ਤੱਕ ਪਹੁੰਚਿਆ। ਬਾਅਦ ਵਿਚ ਇਹੀ ਚੈਨਲ ਤਿਕੜਮਬਾਜ਼ੀਆਂ ਤੇ ਉੱਤਰ ਆਏ। ਖਾਸ ਤੌਰ ’ਤੇ 26 ਜਨਵਰੀ ਦੀ ਘਟਨਾ ਤੋਂ ਬਾਅਦ ਇਨਾਂ ਦਾ ਵਰਜ਼ਨ 2.0 ਸਟਾਰਟ ਹੋਇਆ ਅਤੇ ਇਨਾਂ ਨੇ ਕਮਾਈ ਦੇ ਚੱਕਰ ਵਿਚ ਜਾਣ ਬੁੱਝ ਕੇ ਵਿਵਾਦੀ ਮੁੱਦਿਆਂ ਤੇ ਘੰਟਿਆਂਬੱਧੀ ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਜਾਣ ਬੁੱਝ ਕੇ ਸਿੰਗੜੀਆਂ ਛੇੜ ਛੇੜ ਕੇ ਬਹੁਤ ਸਾਰੇ ਲੋਕਾਂ ਨੂੰ ਪੁੱਠੇ-ਸਿੱਧੇ ਬਿਆਨ ਦੇਣ ਲਈ ਉਕਸਾਇਆ ਅਤੇ ਇਸ ਫੇਕ ਨੈਰੇਟਿਵ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ ਕਿ ਮੋਰਚੇ ਵਿਚ ਨੌਜਵਾਨ ਹੋਰ ਕੁਝ ਸੋਚਦੇ ਨੇ ਤੇ ਬਜ਼ੁਰਗ ਹੋਰ ਕੁਝ ਸੋਚਦੇ ਹਨ। ਮੋਰਚੇ ਦੀ ਲੀਡਰਸ਼ਿਪ ਹੁਣ ਵੇਲਾ ਵਿਹਾ ਚੁੱਕੀ ਹੈ ਅਤੇ ਨਵੀਂ ਲੀਡਰਸ਼ਿਪ ਦੀ ਜ਼ਰੂਰਤ ਹੈ। ਹੁਣ ਇਹੀ ਚੈਨਲ ਬਿਲਕੁਲ ਹੋਛੀਆਂ ਪ੍ਰਚਾਰਬਾਜ਼ੀਆਂ ਤੇ ਉਤਰ ਆਏ ਹਨ। ਭਾਂਤ ਭਾਂਤ ਦੇ ‘ਥੰਬਨੇਲ’ ਬਣਾ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ:

ਕਿਹੜਾ ਕਿਸਾਨ ਆਗੂ ਬਣਾ ਰਿਹਾ ਹੈ ਨਵੀਂ ਪਾਰਟੀ?

ਕਿਹੜਾ ਬਣੇਗਾ ਪੰਜਾਬ ਦਾ ਅਗਲਾ ਮੁੱਖ ਮੰਤਰੀ?

ਅੱਜ ਮੋਰਚੇ ਵਿਚ ਕਿਸ ਨੇ ਕਿਸਦੀ ਬੋਲਦੀ ਬੰਦ ਕਰਾਈ?

ਇਹ ਹੈ ਟੀਆਰਪੀ ਲਈ ਇਨਾਂ ਦੁਆਰਾ ਖੇਡੀ ਜਾ ਰਹੀ ਨਵੀਂ ਖੇਡ।

ਇਸ ਲੜੀ ਵਿਚ ਅਗਲੀ ਧਿਰ ਸਿਆਸੀ ਪਾਰਟੀਆਂ ਦੀ ਸੀ। ਇਸ ਮੋਰਚੇ ਨੇ ਸਿਆਸੀ ਪਾਰਟੀਆਂ ਨੂੰ ਇਹਨਾਂ ਦੀ ਔਕਾਤ ਦਿਖਾ ਦਿੱਤੀ। ਜਦ ਵਿਵਸਥਾ ਤੋਂ ਅੱਕੇ ਲੋਕ ਵਹੀਰਾਂ ਘੱਤ ਕੇ ਮੋਰਚੇ ਵਿਚ ਸ਼ਾਮਿਲ ਹੋਏ ਤਾਂ ਇਹਨਾਂ ਦੇ ਪੈਰਾਂ ਹੇਠਲੀ ਜ਼ਮੀਨ ਖਿਸਕਣੀ ਸ਼ੁਰੂ ਹੋਈ। ਜਿਹੜੀ ਬੀਬੀ ਸੈਂਟਰ ਵਿਚ ਮੰਤਰੀ ਬਣ ਕੇ ਤਿੰਨ ਕਨੂੰਨਾਂ ਦੇ ਹੱਕ ਵਿਚ ਦਲੀਲਾਂ ਦਿੰਦੀ ਸੀ, ਰਾਤੋ ਰਾਤ ਪਾਲਾ ਬਦਲ ਗਈ, ਰਾਤੋ ਰਾਤ ‘ਮਹਾਂ ਗਿਆਨ’ ਪ੍ਰਾਪਤ ਹੋ ਗਿਆ ਕਿ ਕਾਨੂੰਨ ਤਾਂ ਕਿਸਾਨ ਵਿਰੋਧੀ ਨੇ...ਅਸਤੀਫਾ ਦਿੱਤਾ..ਸਮਰਥਨ ਵਾਪਿਸ ਲਿਆ...ਤੇ ਕਿਸਾਨ ਮੋਰਚੇ ਦੇ ਜਹਾਜ਼ ਦੇ ਸਵਾਰ ਹੋ ਗਏ। ਪਰ ਮੋਰਚੇ ਦੇ ਪਾਇਲਟਾਂ ਨੇ ਮੂੰਹ ਨਾ ਲਾਇਆ, ਅੱਜ ਤੱਕ ਇੱਟ-ਖੜੱਕਾ ਤੁਰਿਆ ਆਉਂਦਾ ਹੈ। ਉਹ (ਨੇਤਾ) ਕਹਿੰਦੇ ਹਨ ਕਿ ‘ਕਦੇ ਕੱਲੀ ਬਹਿ ਕੇ ਸੋਚੀਂ ਨੀ, ਅਸੀਂ ਕੀ ਨਹੀਂ ਕੀਤਾ ਤੇਰੇ ਲਈ’..ਤੇ ਉਹ (ਕਿਸਾਨ) ਕਹਿੰਦੇ ਨੇ : ਹੱਥ ਸੋਚ ਕੇ ਗੰਦਲ ਨੂੰ ਪਾਈਂ, ਕਿਹੜੀ ਏ ਤੂੰ ਸਾਗ ਤੋੜਦੀ...

ਫੇਰ ਪੰਜਾਬ ਵਿਚ ਰਾਜ ਕਰ ਰਹੀ ਧਿਰ ਨੂੰ ਲੱਗਿਆ ਕਿ ਗੰਦਲਾਂ ਤਾਂ ਉਹ ਤੋੜ ਕੇ ਲੈ ਜਾਣਗੇ, ਸਾਡਾ ਤਾਂ ਤੜਕਾ ਭੁੰਨਿਆਂ ਐਂਈ ਜਾਉਂਗਾ ਤਾਂ ਉਹ ਜਿਹੜੇ ਸਾਢੇ ਤਿੰਨ ਸਾਲ ਪੰਜਾਬ ਵਿਚ ਕਿਸਾਨਾਂ ਦੇ ਪੁੜੇ ਕੁੱਟਦੇ ਰਹੇ, ਰਾਤੋ ਰਾਤ ਮੋਰਚੇ ਦੀ ਪੌੜੀ ਤੇ ਚੜਨ ਲੱਗੇ। ਵਿਧਾਨ ਸਭਾ ਦਾ ਸ਼ੈਸ਼ਨ ਬੁਲਾ ਕੇ ਕਨੂੰਨ ਰੱਦ ਕੀਤੇ..ਗੰਨੇ ਦੇ ਰੇਟ ਵਧਾਏ..ਦਿੱਲੀ ਨੂੰ ਪਾਣੀ ਪੀ ਪੀ ਕੋਸ਼ਣ ਲੱਗੇ..ਤੇ ਹੋਰ ਉਰਲੀਆਂ-ਪੁਰਲੀਆਂ ਕਰਨ ਲੱਗੇ ਤਾਂ ਜੋ ਚਾਰ ਗੰਦਲਾਂ ਇਹਨਾਂ ਦੇ ਵੀ ਹੱਥ ਲੱਗ ਜਾਣ ਤੇ ਅਗਲਾ ਸਿਆਲ ਸੌਖਾ ਲੰਘ ਜਾਵੇ।

ਬਾਕੀ ਪਾਰਟੀਆਂ ਨੇ ਵੀ ਆਪੋ ਆਪਣੇ ਪੱਧਰ ਤੇ ਬਹੁਤ ਪਾਪੜ ਵੇਲੇ...ਦੂਜਿਆਂ ਨੂੰ ਰੱਦ ਕੀਤਾ, ਆਪਣੇ ਆਪ ਨੂੰ ਦੁੱਧ ਧੋਤੇ ਸਾਬਿਤ ਕੀਤਾ। ਅੰਦਰਖਾਤੇ ਗਿਣਤੀਆਂ ਮਿਣਤੀਆਂ ਕਰਦੇ ਰਹੇ ਕਿ ਮੋਰਚੇ ਦਾ ਕਿਸ ਨੂੰ ਫਾਇਦਾ ਹੋਣਾ ਅਤੇ ਕਿਸ ਨੂੰ ਨੁਕਸਾਨ। ਲਖੀਮਪੁਰ ਖੀਰੀ ਦੀ ਘਟਨਾ ਤੱਕ ਆਪਣੇ ਆਪ ਨੂੰ ਮੋਰਚੇ ਦਾ ਭੀਸ਼ਮ ਪਿਤਾਮਾ ਸਿੱਧ ਕਰਨ ਦੀ ਜੰਗ ਚਲਦੀ ਰਹੀ। ਹੁਣ ਵੀ ਸਾਬਕਾ ਕਪਤਾਨ ਨੂੰ ਇਹ ਵਹਿਮ ਹੈ ਕਿ ਜੇ ਕਾਲੇ ਕਨੂੰਨ ਵਾਪਿਸ ਲਏ ਤਾਂ ਮੈਂ ਆਪਣੇ ਸਿਰ ਕਰੈਡਿਟ ਲਊਂਗਾ ਤੇ ਸਰੋਵਰ ਵਿਚ ਡੁਬਕੀ ਲਾ ਲੇ ਕਾਲੇ ਕਾਂ ਤੋਂ ਚਿੱਟਾ ਕਾਂ ਬਣ ਜਾਊਂਗਾ। ਇਹ ਸਿਲਸਿਲਾ ਜਾਰੀ ਹੈ। ਕਾਲਾ ਕਾਂ ਇਕ ਨਹੀਂ ਹੈ, ਸਾਰੀ ਡਾਰ ਹੀ ਕਾਲੀ ਹੈ।

ਇਸ ਲੜੀ ਵਿਚ ਇਕ ਅਹਿਮ ਧਿਰ ਕਿਸਾਨ ਮੋਰਚੇ ਦੇ ਅੰਦਰਲੀਆਂ ਧਿਰਾਂ ਹਨ। ਬਿਨਾ ਸ਼ੱਕ ਅੱਜ ਦੇ ਦੌਰ ਵਿਚ ਹਰ ਬੰਦਾ ਸਿਆਸੀ ਹੈ, ਹਰ ਬੰਦੇ ਦੇ ਸਿਆਸੀ ਸਰੋਕਾਰ ਹਨ ਤੇ ਵਿਚਾਰਧਾਰਾਵਾਂ ਹਨ। ਚੋਣਾਂ ਲੜਨੀਆਂ, ਸਿਆਸੀ ਪਾਰਟੀ ਬਣਾਉਣਾ ਅਤੇ ਸੱਤਾ ਤੱਕ ਪਹੁੰਚਣਾ ਹਰ ਕਿਸੇ ਦਾ ਅਧਿਕਾਰ ਹੈ, ਪਰ ਮੋਰਚੇ ਦੀ ਭਖੀ ਹੋਈ ਤਵੀ ਤੇ ਕਿਸੇ ਨੂੰ ਫੁਲਕੇ ਲਾਹੁਣ ਦਾ ਅਧਿਕਾਰ ਨਹੀਂ ਹੈ। ਇਸ ਲਈ ਇਸ ਮੋਰਚੇ ਵਿਚ ਸ਼ਾਮਿਲ ਨਿੱਕੀਆਂ ਵੱਡੀਆਂ ਧਿਰਾਂ ਨੇ ਲਗਾਤਾਰ ਇਸ ਮਸਲੇ ਸਬੰਧੀ ਚਿੰਤਨ-ਮੰਥਨ ਕੀਤਾ ਹੈ। ਰਾਜੇਵਾਲ ਤੋਂ ਲੈ ਕੇ ਟਿਕੈਤ ਤੱਕ ‘ਵੁੱਡ ਵੀ ਚੀਫ਼ ਮਿਨਿਸਟਰ’ ਦੀਆਂ ਅਫਵਾਹਾਂ ਚਲਦੀਆਂ ਰਹੀਆਂ ਹਨ। ਯੋਗਿੰਦਰ ਯਾਦਵ ਤੇ ਤਾਂ ਪਹਿਲੇ ਦਿਨ ਤੋਂ ਹੀ ਸਿਆਸੀ ਹੋਣ ਦੇ ਇਲਜ਼ਾਮ ਲੱਗੇ ਹਨ। ਇਸ ਸੰਦਰਭ ਵਿਚ ਸਭ ਤੋਂ ਅਹਿਮ ਵਿਅਕਤੀ ਚੜੂਨੀ ਹੈ। ਉਹ ਅਕਸਰ ਆਪਣੇ ਸਿਆਸੀ ਪੱਤੇ ਖੋਲਦਾ ਹੈ, ਫਿਰ ਕੁਝ ਦੇਰ ਲਈ ਬੰਦ ਕਰ ਦਿੰਦਾ ਹੈ ਅਤੇ ਫਿਰ ਖੋਲਦਾ ਹੈ। ਹਰਿਆਣਾ ਦੀਆਂ ਚੋਣਾਂ ਦੂਰ ਹਨ, ਪਰ ਪੰਜਾਬ ਦੀਆਂ ਚੋਣਾਂ ਸਿਰ ਤੇ ਹਨ ਤੇ ਪੰਜਾਬ ਚੋਣਾਂ ਵਿਚ ਭਾਗ ਲੈਣ ਲਈ ਅਤੇ ਜਾਂ ਕੋਈ ਨਵੀਂ ਪਾਰਟੀ ਬਣਾਉਣ ਲਈ ਉਸ ਦੇ ਬਿਆਨ ਅਕਸਰ ਸੁਰਖੀਆਂ ਵਿਚ ਰਹਿੰਦੇ ਹਨ ਅਤੇ ਇਸ ਮਾਮਲੇ ਤੇ ਉਸ ਨੂੰ ਇਕ ਵਾਰ ਮੋਰਚੇ ਵਿੱਚੋਂ ਸਸਪੈਂਡ ਵੀ ਰੱਖਿਆ ਗਿਆ ਸੀ ਅਤੇ ਕਿਤੇ ਨਾ ਕਿਤੇ ਮੋਰਚੇ ਦੇ ਐਕਸ਼ਨਾਂ ਸਬੰਧੀ ਵੀ ਉਸ ਦੀ ‘ਤੂੰ-ਤੂੰ, ਮੈਂ ਮੈਂ’ ਚਲਦੀ ਰਹਿੰਦੀ ਹੈ।

ਥੋੜਾ ਜਿਹਾ ਹੇਠਲੀਆਂ ਪਰਤਾਂ ਤੇ ਆ ਜਾਈਏ ਤਾਂ ਕਈ ‘ਸਮਾਲ ਸਕੇਲ ਨੇਤਾ’ ਹਨ। ਇਹ ਨੇਤਾ ਆਏ ਤਾਂ ਕਿਸੇ ਹੋਰ ਫਰੰਟ ਤੋਂ ਸਨ ਪਰ ਮੋਰਚੇ ਵਿਚ ਲਗਾਤਾਰ ਸੁਰਖੀਆਂ ਵਿਚ ਰਹੇ ਹਨ। ਲੱਖਾ ਸਿਧਾਣਾ ਇਹਨਾਂ ਵਿਚ ਇੱਕ ਹੈ, ਜਿਸ ਦਾ ਸਟੈਂਡ ਅੱਜ ਵੀ ਪਹੇਲੀ ਹੈ। ਇਹ ਗੱਲ ਤਾਂ ਪੱਕੀ ਹੈ ਕਿ ਉਸ ਦਾ ਕਿਸਾਨ ਜਥੇਬੰਦੀਆਂ ਨਾਲ ਕੋਈ ਸਿੱਧਾ ਸਰੋਕਾਰ ਨਹੀਂ ਹੈ ਅਤੇ ਉਸ ਦੀਆਂ ਰਾਜਸੀ ਇੱਛਾਵਾਂ ਵੀ ਸਪੱਸ਼ਟ ਹਨ। ਪਰ ਪਹਿਲਾਂ ਪੰਜਾਬੀ ਭਾਸ਼ਾ ਤੇ ਮੁੱਦੇ ਤੇ ਅਤੇ ਹੁਣ ਕਿਸਾਨੀ ਨਾਲ ਕਈ ਮਸਲਿਆਂ ਤੇ ਉਲਟ ਸਟੈਂਡ ਹੋਣ ਦੇ ਬਾਵਜੂਦ ਉਹ ਇਕ ਗਿਣਨਯੋਗ ਧਿਰ ਦੇ ਰੂਪ ਵਿਚ ਮੌਜੂਦ ਹੈ। ਅਗਲੇ ਸਮੇਂ ਵਿਚ ਬਿੱਲੀ ਥੈਲਿਓਂ ਬਾਹਰ ਆਉਣੀ ਹੈ ਫੇਰ ਪਤਾ ਲਗਣਾ ਕਿ ਇਹ ਊਠ ਕਿਸ ਕਰਵਟ ਬੈਠਦਾ ਹੈ। ਫਿਲਹਾਲ ਉੱਸਲਵੱਟੇ ਜਾਰੀ ਹਨ।

ਬਾਕੀ ਸਫ਼ਾ 31 ’ਤੇ

# ਬੇਭਰੋਸਗੀ ਦੀ ਫਸੀਲ ਤੇ ਪੰਜਾਬ ਦੀ ਸਿਆਸੀ ਧਰਾਤਲ



**ਅੰਮ੍ਰਿਤਪਾਲ ਸਿੰਘ**
95921-74901

ਜਦੋਂ ਤੋਂ ਲੋਕਤੰਤਰੀ ਵਿਧਾਨ ਦੀ ਸ਼ੁਰੂਆਤ ਹੋਈ ਹੈ ਉਦੋਂ ਤੋਂ ਹੀ ਸਿਆਸਤ ਵਿਚ ਆਮ ਲੋਕਾਂ ਦੀ ਦਿਲਚਸਪੀ ਵਧੀ ਹੈ। ਦਿਲਚਸਪੀ ਵਧਣ ਦੇ ਨਾਲ ਨਾਲ ਇਸ ਵਿਚੋਂ ਫਾਇਦੇ ਅਤੇ ਨੁਕਸਾਨ ਵੀ ਪਣਪੇ ਹਨ। ਅੱਜ ਦੇ ਦੌਰ ਵਿਚ ਸਿਆਸਤ ਇਕ ਵਪਾਰ ਦੇ ਨਾਲ ਨਾਲ ਨਿੱਜੀ ਹਿੱਤਾਂ ਨੂੰ ਫਾਇਦਾ ਪਹੁੰਚਾਉਣ ਵਾਲਾ ਕਾਰਪੋਰੇਟ ਵੀ ਬਣ ਗਿਆ ਹੈ। ਸਰਕਾਰ ਵਿਚ ਰਹਿੰਦਿਆਂ ਹਰ ਕੋਈ ਆਪਣੇ ਸਿਆਸੀ ਸਫ਼ਰ ਦੌਰਾਨ ਆਪਣੇ ਨਿੱਜੀ ਹਿੱਤਾਂ ਨੂੰ ਮੂਹਰੇ ਰੱਖ ਦੇ ਕੰਮ ਕਰਦਾ ਹੈ। ਸਿਆਸੀ ਪਿੜਾਂ ਵਿਚ ਵਿਚਰਨ ਵਾਲੀਆਂ ਸ਼ਖਸੀਅਤਾਂ ਦਾ ਆਪਣਾ ਖੁਦ ਦਾ ਚਿਹਰਾ ਮੋਹਰਾ ਹੋਣ ਦੇ ਨਾਲ ਨਾਲ ਉਨਾਂ ਆਪਣਾ ਰਸੂਖ ਵੀ ਬੜਾ ਕੰਮ ਆਉਂਦਾ ਹੈ। ਇਸ ਸ਼ਖਸੀਅਤੀ ਚਿਹਰੇ ਮੋਹਰੇ ਵਿਚੋਂ ਆਮ ਜਨ ਭਾਵ ਵੋਟਰ ਆਪਣੇ ਭਵਿੱਖੀ ਸੁਪਨੇ ਸਾਕਾਰ ਕਰਨ ਦਾ ਤਾਣਾ ਬਾਣਾ ਬੁਣਦਾ ਹੈ। ਸੱਚੇ ਸੁੱਚੇ ਇਸ ਲੋਕਤੰਤਰੀ ਵਿਧਾਨ ਵਿਚ ਸਮੇਂ ਸਮੇਂ ਦੇ ਨਾਲ ਵੱਡੀ ਤਬਦੀਲੀ ਨੇ ਵੀ ਜਨਮ ਲਿਆ। ਜਦੋਂ ਤੋਂ ਇਸ ਵਿਧਾਨ ਵਿਚ ਆਈਆਂ ਸ਼ਖਸੀਅਤਾਂ ਦੇ ਆਪਣੇ ਨਿੱਜੀ ਹਿੱਤ ਮੂਹਰੇ ਆਏ ਹਨ ਉਦੋਂ ਤੋਂ ਹੀ ਇਨਾਂ ਦੇ ਸ਼ਖਸੀਅਤੀ ਕਿਰਦਾਰ ਵਿਚ ਗਿਰਾਵਟ ਆਈ ਹੈ। ਰਾਸ਼ਟਰੀ ਅਤੇ ਸੂਬਾ ਪੱਧਰੀ ਇਸ ਲੋਕਤੰਤਰੀ ਵਿਧਾਨ ਵਿਚ ਤਰਾਂ ਤਰਾਂ ਦੀਆਂ ਸ਼ਖਸੀਅਤਾਂ ਆਈਆਂ ਹਨ। ਜਿਨਾਂ ਵਿਚੋਂ ਬਹੁਤਿਆਂ ਦਾ ਪਿਛੋਕੜ ਸ਼ਾਹੀ, ਪੇਂਡੂ, ਕਬੀਲਿਆਈ ਅਤੇ ਹੋਰ ਪਤਾ ਨਹੀਂ ਕਿਸ ਕਿਸ ਖਿੱਤੇ ਦੇ ਲੋਕਾਂ ਵਿਚੋਂ ਹੈ। ਇਸ ਸੱਚੇ ਸੁੱਚੇ ਲੋਕਤੰਤਰੀ ਵਿਧਾਨ ਦੀ ਕਾਰਜਪ੍ਰਣਾਲੀ ਚੋਣ ਭਾਵ ਵੋਟਾਂ ਨਾਲ ਚਲਦੀ ਹੈ। ਇਸ ਕਾਰਜਪ੍ਰਣਾਲੀ ਰਾਹੀਂ ਦੇਸ਼ ਅਤੇ ਸੂਬੇ ਦੀ ਸਿਆਸਤ ਅੱਗੇ ਚਲਦੀ ਹੈ। ਇਸ ਸਿਆਸਤੀ ਪਿੜ ਵਿਚ ਅੱਜ ਕੱਲ ਜੋ ਬਦਲਾਓ ਕਾਰਨ ਪਣਪੀਆਂ ਸਿਆਸੀ ਚਾਲਾਂ ਹਰ ਇਕ ਦੀ ਜੁਬਾਨ 'ਤੇ ਆਮ ਸੁਣੀਆਂ ਜਾ ਸਕਦੀਆਂ ਹਨ। ਉਦਾਹਰਨ ਵਜੋਂ ਪਿਛਲੀਆਂ ਸਰਕਾਰਾਂ ਦੇ ਕੁਝ ਕਾਰਜਕਾਲਾਂ ਦੌਰਾਨ ਜੋ ਸਿਆਸੀ ਧਰਾਤਲ 'ਤੇ ਬੇਭਰੋਸਗੀ ਦੀ ਫਸੀਲ ਤਿਆਰ ਹੋਈ ਹੈ, ਉਸ ਤੋਂ ਆਮ ਜਨਤਾ ਦਾ ਇਨਾਂ ਸਿਆਸੀ ਜਮਾਵੜੇ ਵਿਚੋਂ ਵਿਸ਼ਵਾਸ਼ ਉਠ ਗਿਆ ਹੈ। ਜਿਵੇਂ ਕਿ ਪਹਿਲਾਂ ਕਾਂਗਰਸ, ਅਕਾਲੀ-ਭਾਜਪਾ ਗਠਜੋੜ ਦੀਆਂ ਸਰਕਾਰਾਂ ਹੋਂਦ ਵਿਚ ਆਈਆਂ। ਉਨਾਂ ਦੇ ਕਾਰਜਕਾਲ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਇਨਾਂ ਸਿਆਸੀ ਸ਼ਖਸੀਅਤਾਂ ਦਾ ਆਮ ਜਨ ਵਿਚ ਆਧਾਰ ਘਟਿਆ ਹੈ। ਜਿਵੇਂ ਜਿਵੇਂ ਇਨਾਂ ਦੀ ਆਪਸੀ ਬੇਭਰੋਸਗੀ ਵਧਦੀ ਗਈ ਉਸੇ ਤਰਾਂ ਇਨਾਂ ਦੀ ਖਲਾਰਾ ਵਧਦਾ ਗਿਆ। ਇਸ ਵਧੇ ਖਲਾਰੇ ਵਿਚ ਜਿਵੇਂ ਕਿ ਨਵੀਆਂ ਹੋਂਦ ਵਿਚ ਆਈਆਂ ਪਾਰਟੀਆਂ ਜਿਵੇਂ ਕਿ ਆਮ ਆਦਮੀ ਪਾਰਟੀ, ਲੋਕ ਭਲਾਈ ਪਾਰਟੀ, ਅਕਾਲੀ ਦਲ ਟਕਸਾਲੀ ਹੋਰ ਪਤਾ ਨਹੀਂ ਕਿੰਨੀਆਂ ਹੀ ਪਾਰਟੀਆਂ ਆਪਣੇ ਆਪਣੇ ਨੂੰ ਲੋਕਾਂ ਦੀ ਕਚਿਹਰੀ ਵਿਚ ਖੜਾ ਕਰਨ ਲਈ ਯਤਨਸ਼ੀਲ ਹਨ। ਇਨਾਂ ਦੀ ਬੇਭਰੋਸਗੀ ਦਾ ਆਲਮ ਇਨਾਂ ਦੀ ਸ਼ਖਸੀਅਤ ਅਤੇ ਕਾਰਜਪ੍ਰਣਾਲੀ ਤੋਂ ਪਤਾ ਲਗਦਾ ਹੈ। ਸਿਆਸੀ ਪਿੜ ਵਿਚ ਸਥਾਪਿਤ ਧਿਰਾਂ ਜਿਵੇਂ ਕਾਂਗਰਸ ਦੇ ਪਿਛੋਕੜ ਦੀ ਗੱਲ ਕਰੀਏ ਤਾਂ ਇਸ ਦੇ ਕਾਰਜਕਾਲ ਦੌਰਾਨ ਅਨੇਕਾਂ ਹੀ ਅਣਸੁਖਾਵੀਆਂ ਅਤੇ ਸੁਖਾਵੀਂਆਂ ਘਟਨਾਵਾਂ ਵਾਪਰੀਆਂ। ਅੰਦਰੂਨੀ ਖਿੱਚੋਤਾਣ ਦੇ ਨਾਲ ਨਾਲ ਆਪਸੀ ਮਿਲਵਰਤਨ ਅਤੇ ਇਕ ਦੂਜੇ 'ਤੇ ਭਰੋਸਾ ਨਾ ਕਰਨ ਕਾਰਨ ਇਸ ਦਾ ਪਿਛੋਕੜ ਇਸ ਦੀਆਂ ਸੁਖਾਵੀਂਆਂ ਘਟਨਾਵਾਂ ਨੂੰ ਗ੍ਰਹਿਣ ਲਗਾ ਰਿਹਾ ਹੈ।

ਇਸੇ ਤਰਾਂ ਹੀ ਕਾਂਗਰਸ ਦਾ ਸਿਆਸੀ ਪਿਛੋਕੜ ਉਸ ਦੀ ਕੇਂਦਰੀ ਲੀਡਰਸ਼ਿਪ ਵਲੋਂ ਅਤੀਤ ਵਿਚ ਕਰਵਾਏ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਘਟਨਾ ਉਸ ਦੀ ਸਿਆਸੀ ਸ਼ਖਸੀਅਤ 'ਤੇ ਕਾਲੇ ਧੱਬੇ ਵਾਂਗ ਹਮੇਸ਼ਾ ਚਮਕਦੀ ਰਹੇਗੀ। ਸੂਬਾਈ ਪੱਧਰ 'ਤੇ ਪਿਛਲੇ ਸਮੇਂ ਦੌਰਾਨ ਹੋਏ ਫੇਰਬਦਲ ਨਾਲ ਉਭਰੇ ਨਵੇਂ ਸਿਆਸੀ ਸਮੀਕਰਨਾਂ ਤੋਂ ਪਤਾ ਲਗਦਾ ਹੈ ਕਿ ਜਿਵੇਂ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਵਲੋਂ ਸੂਬਾਈ ਲੀਡਰਸ਼ਿਪ ਵਿਚ ਤਬਦੀਲੀ ਕਰਕੇ ਸੁਨੀਲ ਜਾਖੜ ਦੀ ਥਾਂ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪਿਆ ਗਿਆ। ਇਸ ਫੇਰਬਦਲ ਵਿਚ ਨਵਜੋਤ ਸਿੰਘ ਸਿੱਧੂ ਵਲੋਂ ਆਪਣੀ ਹੀ ਪਾਰਟੀ ਅਤੇ ਸਰਕਾਰ ਵਿਰੁਧ ਕੀਤੀ ਬਗਾਵਤ ਨੇ ਇਸ ਨੂੰ ਫਿਰ ਬੇਭਰੋਸਗੀ ਦੀ ਸਤਾਹ ਤੇ ਲਿਆ ਖੜਾ ਕੀਤਾ ਹੈ। ਉਸ ਤੋਂ ਬਾਅਦ ਪੈਦਾ ਹੋਏ ਬੇਭਰੋਸਗੀ ਦੇ ਹਾਲਾਤਾਂ ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਵਲੋਂ ਗੁਟਕਾ ਸਾਹਿਬ ਹੱਥ ਵਿਚ ਚੁੱਕ ਕੇ ਨਸ਼ਾ ਖਤਮ ਕਰਨ ਅਤੇ ਹੋਰ ਮੁੱਦਿਆਂ ਨੂੰ ਹੱਲ ਕਰਨ ਦੀ ਚੁੱਕੀ ਸਹੁੰ ਉਸ ਦਾ ਸਾਢੇ ਚਾਰ ਸਾਲ ਪਿੱਛਾ ਕਰਦੀ ਰਹੀ ਅਤੇ ਲੋਕ ਜਵਾਬ ਮੰਗਦੇ ਰਹੇ। ਇਸ ਬੇਭਰੋਸਗੀ ਦਾ ਖਮਿਆਜਾ ਉਨਾਂ ਨੂੰ ਆਪਣੀ ਕੁਰਸੀ ਗੁਆ ਕੇ ਭੁਗਤਣਾ ਪਿਆ। ਕਾਂਗਰਸ ਪਾਰਟੀ ਛੱਡਣ ਤੋਂ ਬਾਅਦ ਜਿਸ ਤਰਾਂ ਉਨਾਂ ਦਾ ਕੇਂਦਰ ਵਿਚ ਸੱਤਾ ਦਾ ਆਨੰਦ ਮਾਣ ਰਹੀ ਬੀਜੇਪੀ ਦੇ ਸਿਖਰਲੇ ਆਗੂਆਂ ਨਾਲ ਮੁਲਾਕਾਤ ਕਰਨ ਕਾਰਨ ਸਿਆਸੀ ਹਲਕਿਆਂ ਵਿਚ ਹਿੱਲਜੁਲ ਹੋਈ ਹੈ। ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੀ ਪਾਰਟੀ ਬਣਾਉਣ ਦਾ ਐਲਾਨ ਕਰਨ ਤੋਂ ਬਾਅਦ ਪੰਜਾਬ ਦੇ ਸਿਆਸੀ ਪਿੜ ਵਿਚ ਗਰਮਾਹਟ ਆ ਗਈ। ਤਰਾਂ ਤਰਾਂ ਦੀਆਂ ਕਿਆਸਅਰਾਈਆਂ ਦੇ ਨਾਲ ਨਾਲ ਉਨਾਂ ਦੀ ਬੀਜੇਪੀ ਨਾਲ ਗੰਢਤੁੱਪ ਬਾਰੇ ਵੀ ਚਰਚਾਵਾਂ ਹੋਈਆਂ। ਮੀਡੀਆ ਦੀਆਂ ਖ਼ਬਰਾਂ ਅਨੁਸਾਰ ਖੇਤੀ ਕਾਨੂੰਨਾਂ ਬਾਰੇ ਉਨਾਂ ਦੀਆਂ ਕੇਂਦਰੀ ਵਜ਼ਾਰਤ ਨਾਲ ਕੀਤੀਆਂ ਮੀਟਿੰਗਾਂ ਉਨਾਂ ਦੀ ਇਸ ਗੰਢਤੁੱਪ 'ਤੇ ਸਵਾਲੀਆ ਨਿਸ਼ਾਨ ਲਗਾ ਰਹੀਆਂ ਸਨ।

ਹੁਣ ਜਦੋਂ ਕੇਂਦਰ ਸਰਕਾਰ ਵਲੋਂ ਇਨਾਂ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਗਿਆ ਹੈ, ਇਸ ਨਾਲ ਸਿਆਸੀ ਹਲਕਿਆਂ ਵਿਚ ਇਨਾਂ ਕਿਆਸਅਰਾਈਆਂ ਨਾਲ ਕੈਪਟਨ ਅਮਰਿੰਦਰ ਸਿੰਘ ਦਾ ਕੱਦ ਉੱਚਾ ਹੁੰਦਾ ਜਾਪਦਾ ਹੈ।

ਇਸ ਤਰਾਂ ਲਗਾਤਾਰ ਦੋ ਪਾਰੀਆਂ ਸੱਤਾ 'ਤੇ ਕਾਬਜ ਰਹਿਣ ਵਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਜਿਵੇਂ ਸੌਦਾ ਸਾਧ ਨਾਲ ਗੰਢਤੁੱਪ ਤੋਂ ਬਾਅਦ ਵੋਟਾਂ ਪ੍ਰਾਪਤ ਕਰਕੇ ਆਪਣੀ ਸਰਕਾਰ ਬਣਾਈ ਅਤੇ ਉਸ ਦੇ ਕਾਰਜਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਵਾਪਰੀ ਘਟਨਾ ਉਸ ਦੇ ਸਿਆਸੀ ਪਿੜ ਵਿਚ ਥੋਹਰ ਦਾ ਕੰਡਾ ਸਾਬਤ ਹੋ ਰਹੀ ਹੈ। ਜਿਵੇਂ ਜਿਵੇਂ ਇਹ ਥੋਹਰ ਦਾ ਕੰਡਾ ਕੱਢਣ ਦੀ ਕੋਸ਼ਿਸ਼ ਕਰਦੇ ਹਨ, ਇਹ ਭੁਰਦਾ ਜਾ ਰਿਹਾ ਹੈ ਅਤੇ ਹੱਥ ਨਹੀਂ ਲੱਗ ਰਿਹਾ। ਅਕਾਲੀ ਭਾਜਪਾ ਗਠਜੋੜ ਸਰਕਾਰ ਦੌਰਾਨ ਉਭਰੇ ਡਰੱਗਜ਼ ਮਾਫ਼ੀਆ ਨਾਲ ਬਰਬਾਦ ਹੋਈ ਪੰਜਾਬ ਦੀ ਜਵਾਨੀ ਦੀ ਜੀਵਨ ਕਹਾਣੀ ਵੀ ਇਸ ਦੇ ਕਾਰਜਕਾਲ 'ਤੇ ਸਵਾਲੀਆ ਨਿਸ਼ਾਨ ਖੜਾ ਕਰਦੀ ਹੈ।

ਇਸ ਤੋਂ ਬਾਅਦ ਅਕਾਲੀ-ਭਾਜਪਾ ਦੇ ਟੁੱਟੇ ਗੱਠਜੋੜ ਤੋਂ ਬੀਜੇਪੀ ਨੇ ਆਪਣੇ ਆਪ ਨੂੰ ਲੋਕ ਕਚਹਿਰੀ ਵਿਚ ਖੜਾ ਕਰਨ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਪਿਛਲੇ ਇਕ ਸਾਲ ਤੋਂ ਜਿਵੇਂ ਦਿੱਲੀ ਵਿਚ ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰੀ ਸਰਕਾਰ ਨਾਲ ਆਢਾ ਲਾਈ ਬੈਠੇ ਕਿਸਾਨਾਂ ਦੇ ਰੋਹ ਖਮਿਆਜਾ ਪੰਜਾਬ ਦੀ ਬੇਜੀਪੀ ਲੀਡਰਸ਼ਿਪ ਨੂੰ ਵੀ ਭੁਗਤਣਾ ਪਿਆ। ਕਿਸਾਨੀ ਅੰਦੋਲਨ ਵਿਚ ਲਗਭਗ 650 ਤੋਂ ਵੱਧ ਕਿਸਾਨਾਂ ਦੀ ਬਲੀ ਲੈਣ ਤੋਂ ਬਾਅਦ ਹੁਣ ਜਦੋਂ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਹੈ ਉਸ ਤੋਂ ਬੀਜੇਪੀ ਦੇ ਭਰੋਸੇ ਵਿਚ ਬੇਭਰੋਸਗੀ ਸਾਫ਼ ਝਲਕਦੀ ਹੈ।

ਇਸੇ ਤਰਾਂ ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਸਿਆਸੀ ਪਿੜ ਵਿਚ ਉਭਰੀ ਨਵੀਂ ਪਾਰਟੀ 'ਆਮ ਆਦਮੀ' ਪਾਰਟੀ ਭਰੋਸੇ ਵਾਲਾ ਅਕਸ ਬੜਾ ਉਭਰ ਕੇ ਸਾਹਮਣੇ ਆਇਆ। ਆਮ ਜਨ ਭਾਵ ਵੋਟਰਾਂ ਵਿਚ ਉਭਰੇ ਵਿਸ਼ਵਾਸ਼ ਨਾਲ ਹੀ ਪੰਜਾਬ ਵਿਚ ਇਸ ਦਾ ਆਧਾਰ ਹੋਂਦ ਵਿਚ ਆਇਆ ਤੇ ਦਿੱਲੀ ਵਿਚ ਇਸ ਦੀ ਸਰਕਾਰ ਬਣੀ। ਜੇਕਰ ਅੱਜ ਦੇ ਹਾਲਾਤ 'ਤੇ ਗੌਰ ਕੀਤੀ ਜਾਵੇ ਤਾਂ ਆਮ ਆਦਮੀ ਪਾਰਟੀ ਪੁਸ਼ਤੈਨੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦੇ ਬਰਾਬਰ ਖੜੀ ਹੈ। ਪ੍ਰੰਤੂ ਇਸ ਦਾ ਵਿਸ਼ਵਾਸ਼ੀ ਪੱਖ ਇਹ ਹੈ ਕਿ ਪੰਜਾਬ ਵਿਚ ਇਸ ਦੀ ਹਾਲੇ ਸਰਕਾਰ ਹੋਂਦ ਵਿਚ ਨਹੀਂ ਆਈ ਅਤੇ ਨਾ ਹੀ ਇਸ ਦਾ ਕੋਈ ਅਣਸੁਖਾਵਾਂ ਪਿਛੋਕੜ ਹੈ। ਪੰਜਾਬ ਵਿਚ ਆਪਣੀ ਸਰਕਾਰ ਹੋਂਦ ਵਿਚ ਲਿਆਉਣ ਲਈ ਕਤਾਰ ਵਿਚ ਖੜੀ ਹੈ।

ਬਦਲਾਓ ਦੀ ਧਰਤੀ ਕਹੀ ਜਾਂਦੀ ਪੰਜਾਬ ਦੀ ਧਰਤੀ 'ਤੇ ਬਰਸਾਤੀ ਖੁੰਭਾਂ ਵਾਂਗ ਪੁੰਗਰੀਆਂ ਇਨਾਂ ਸਿਆਸੀ ਧਿਰਾਂ ਵਲੋਂ ਕੀਤੇ ਜਾਂਦੇ ਅਜਿਹੇ ਵਾਅਦਿਆਂ ਦੇ ਭਰੋਸੇ ਵਿਚ ਉਨਾਂ ਦੀ ਕਾਰਜਪ੍ਰਣਾਲੀ ਦਾ ਪਿਛੋਕੜ ਉਨਾਂ ਦੀ ਬੇਭਰੋਸਗੀ ਦੀ ਫਸੀਲ ਤਿਆਰ ਕਰ ਰਿਹਾ ਹੈ। ਇਸੇ ਬੇਭਰੋਸਗੀ ਕਾਰਨ ਆਮ ਜਨ ਭਾਵ ਵੋਟਰਾਂ ਵਿਚ ਸਿਆਸੀ ਸ਼ਖਸੀਅਤੀ ਚਿਹਰੇ ਮੋਹਰੇ ਦਾ ਭਰੋਸਾ ਖਤਮ ਹੁੰਦਾ ਜਾ ਰਿਹਾ ਹੈ। ਇਸ ਨੂੰ ਬੇਭਰੋਸਗੀ ਨੂੰ ਭਰੋਸੇ ਬਦਲਣ ਦੀ ਜਮੀਨ ਤਿਆਰ ਹੋਣ ਦੇ ਸਵਾਲਾਂ ਦੇ ਜਵਾਬ ਤਲਾਸ਼ਣੇ ਹੋਣਗੇ ਤਾਂ ਹੀ ਭਰੋਸੇ ਦੀ ਸਰਜਮੀਂ ਲਈ ਰਾਹ ਪੱਧਰਾ ਹੋਵੇਗਾ।

# ਲੋਕ ਕਹਿੰਦੇ ਮਹਿੰਗਾਈ ਹੋ ਗਈ...



**ਜਸ਼ਨਦੀਪ ਸਿੰਘ ਸੰਧੂ**
+61 451 090 001

ਲੋਕ ਕਹਿੰਦੇ ਮਹਿੰਗਾਈ ਹੋ ਗਈ.. ਮੈਨੂੰ ਲਗਦਾ ਮਹਿੰਗਾਈ ਨਹੀਂ ਹੋਈ, ਲੋਕਾਂ ਦੇ ਖਰਚੇ ਵਧ ਗਏ ਨੇ। ਅਸੀਂ ਖਰਚੇ ਵਧਾ ਲਏ, ਆਮਦਨ ਦੇ ਸਰੋਤ ਨਹੀਂ ਵਧੇ। ਹਾਂ ਯਾਰ ਤੂੰ ਸਹੀ ਕਹਿੰਦਾ ਏਂ, ਓਹ ਵੀ ਭਲੇ ਸਮੇਂ ਸੀ ਜਦੋਂ ਲੋਕ ਵੱਡੇ ਟੱਬਰਾਂ ਵਿਚ ਇਕ ਜੁਟ ਹੋ ਕੇ ਰਹਿੰਦੇ ਸਨ, ਆਮਦਨ ਦੇ ਸਾਧਨ ਸੀਮਤ ਸਨ, ਖਰਚੇ ਸੀਮਤ ਸਨ। ਹਾਂ ਯਾਰ, ਓਹ ਭਲੇ ਜਮਾਨੇ ਸੀ। ਹਰ ਕੋਈ ਹੱਥ ਘੁੱਟ ਕੇ ਖਰਚ ਕਰਦਾ ਸੀ, ਜਿਹੋ ਜਿਹੇ ਆਮਦਨ ਦੇ ਵਸੀਲੇ ਉਹੋ ਜਿਹੇ ਖਰਚੇ। ਪਹਿਲਾਂ ਸਾਲ ਛਮਾਹੀ ਪਿਛੋਂ ਫਸਲ, ਕਾਰੋਬਾਰ ਤੋਂ ਪੈਸੇ ਧੇਲਾ ਆਉਂਦਾ ਸੀ। ਹਾਂ ਯਾਰ, ਹੁਣ ਜਮਾਨਾ ਬਦਲ ਗਿਆ ਹੈ। ਆਧੁਨਿਕਤਾ ਦੇ ਨਾਲ ਨਾਲ ਤਕਨੀਕੀ ਯੁੱਗ ਨੇ ਵੀ ਕਰਵਟ ਬਦਲੀ ਹੈ। ਇਸ ਨਾਲ ਗਲੈਮਰ, ਦਿਖਾਵਾ ਵਧਿਆ ਅਤੇ ਖਰਚੇ ਵੀ ਅਮਰਵੇਲ ਵਾਂਗ ਵਧੇ। ਹਾਂ ਬਈ ਤੂੰ ਸਹੀ ਕਿਹਾ, ਅਸੀਂ ਲੋਕ ਦਿਖਾਵੇ ਵਾਲੇ ਪਾਸੇ ਪੈ ਗਏ ਹਾਂ ਪਹਿਲਾਂ ਘਰ ਦਾ ਕੱਪੜਾ, ਰਾਸ਼ਨ ਆਦਿ ਛੇ ਮਹੀਨੇ ਬਾਅਦ ਫਸਲ ਵੱਢੀ ਤੇ ਆਉਂਦਾ ਸੀ। ਦੁੱਧ ਦਹੀ, ਦਾਲਾਂ ਅਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਸਭ ਕੁਝ ਘਰ ਦਾ ਹੁੰਦਾ ਸੀ। ਹਾਂ ਯਾਰ ਬੱਲੀ, ਹੁਣ ਸਭ ਕੁਝ ਬਦਲ ਗਿਆ। ਸਹੂਲਤਾਂ ਵਧਾ ਲਈਆਂ। ਪਿੰਡੋਂ ਘਰ ਦਾ ਇਕ ਦੋ ਮੈਂਬਰ ਹਰ ਰੋਜ਼ ਸ਼ਹਿਰ ਨੂੰ ਤੁਰਿਆ ਰਹਿੰਦਾ ਹੈ। ਸਾਂਝੇ ਪਰਿਵਾਰ ਵਿਚ ਖਰਚੇ ਦੇ ਨਾਲ ਨਾਲ ਆਪਸੀ ਮਿਲਵਰਤਣ ਦੀ ਬਰਕਤ ਰਹਿੰਦੀ ਸੀ। ਹੁਣ ਤਾਂ ਪਰਿਵਾਰ ਨੂੰ ਸਹੂਲਤਦਾਇਕ ਜਿੰਦਗੀ ਜਿਊਣ ਵਿਚ ਆਨੰਦ ਆਉਂਦਾ ਹੈ। ਮੋਬਾਇਲ ਫੋਨ, ਗੱਡੀਆਂ, ਮੋਟਰਸਾਈਕਲ ਦੇ ਨਾਲ ਨਾਲ ਅਤੇ ਹੋਰ ਪਤਾ ਨਹੀਂ ਕਿੰਨੀਆਂ ਹੀ ਤਕਨੀਕੀ ਸਹੂਲਤਾਂ ਇਜਾਦ ਹੋ ਗਈਆਂ। ਮਹਿੰਗਾਈ ਦੇ ਹਿਸਾਬ ਨਾਲ ਇਹ ਚੀਜ਼ਾਂ ਰੱਖਣ ਲਈ ਮਿਹਨਤੀ ਤਾਂ ਕਰਨ ਪਊ। ਸਹੀ ਕਿਹਾ ਤੂੰ ਯਾਰ, ਪਹਿਲਾਂ ਤੇ ਹੁਣ ਦੇ ਜਮਾਨੇ ਵਿਚ ਜਮੀਨ ਅਸਮਾਨ ਦਾ ਫਰਕ ਆ ਗਿਆ। ਹੁਣ ਤਾਂ ਸਾਰਾ ਟੱਬਰ ਵੀ ਕਮਾਵੇ ਤਾਂ ਵੀ ਹੈ ਨੀ ਹੈ ਨੀ ਹੁੰਦੀ ਰਹਿੰਦੀ ਹੈ। ਇਸ ਦਿਖਾਵੇ ਦੇ ਯੁੱਗ ਵਿਚ ਅਮੀਰ ਹੋਰ ਅਮੀਰ ਹੋਈ ਜਾਂਦੀ ਐ ਅਤੇ ਗਰੀਬ ਹੋਰ ਗਰੀਬ। ਸਰਕਾਰ ਵਲੋਂ ਮਹਿੰਗਾਈ ਨੂੰ ਨੱਥ ਪਾਉਣ ਲਈ ਠੋਸ ਨੀਤੀਆਂ ਬਣਾਉਣ ਦੇ ਨਾਲ ਨਾਲ ਆਮ ਲੋਕਾਂ ਦੀ ਵੀ ਜਿੰਮੇਵਾਰੀ ਬਣਦੀ ਹੈ ਕਿ ਇਸ ਦਿਖਾਵੇ ਵਾਲੀ ਆਦਤ ਛੱਡ ਕੇ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਕੇ ਦਸਵੰਧ ਕੱਢਣਾ ਚਾਹੀਦਾ ਹੈ ਤਾਂ ਹੀ ਸਾਡੀ ਘਾਲ ਕਮਾਈ ਸਫਲ ਹੋਵੇਗੀ।

# ਦਿਆਲੂ

**ਗੁਰਸ਼ਰਨ ਸਿੰਘ ਕਸੇਲ**

ਕੁਝ ਚਿਰ ਪਹਿਲਾਂ ਪੰਜਾਬ ਗਏ ਨੂੰ ਮੇਰਾ ਇਕ ਪੁਰਾਣਾ ਵਾਕਫ ਮਿਲਿਆ। ਕੁਝ ਗੱਲਾਂ ਇਧਰ ਉਧਰ ਦੀਆਂ ਗੱਲਾਂ ਤੇ ਕੁਝ ਛੋਟੇ ਹੁੰਦਿਆਂ ਦੀਆ ਜਬਲੀਆਂ ਮਾਰੀਆਂ ਯਾਦ ਕੀਤੀਆਂ। ਗੱਲਾਂ ਕਰਦਿਆਂ ਮੈਨੂੰ ਆਖਦਾ, ਐਵੇ ਪੁਜਾਰੀਆਂ ਤੇ ਤਵਾ ਲਾਉਂਦੇ ਰਹਿੰਦੇ ਹੋ, ਕੋਈ ਪੁੰਨ ਦਾਨ ਕਰਨ ਵਾਲਾ ਵੀ ਕੰਮ ਕਰ ਲਿਆ ਕਰੋ। ਮੈਂ ਕਿਹਾ, ਕਿਸੇ ਨੂੰ ਅੰਧਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਦੇ ਵਿੱਚ ਪਾਏ ਪੁਜਾਰੀਆਂ ਦੇ ਡਰ ਵਿੱਚੋਂ ਕੱਢਣਾ ਕੀ ਮਾੜਾ ਕੰਮ ਹੈ ? ਨਾਲੇ ਇੱਕ ਗੱਲ ਸੁਣ ਵੀਰਾ, ਮੈਂ ਉਨਾਂ ਪੁਜਾਰੀਆਂ ਦਾ ਵੀ ਸਤਿਕਾਰ ਕਰਦਾ ਹਾਂ, ਜਿਹੜੇ ਆਪਣੀ ਰੋਜੀ ਰੋਟੀ ਚਲਾਉਣ ਦੇ ਨਾਲ-ਨਾਲ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਸ਼ਬਦ ਗੁਰੂ' ਦੇ ਗਿਆਨ ਤੇ ਕੁਦਰਤ ਦੇ ਨਿਯਮ ਨੂੰ ਸਮਝਾਉਂਦੇ ਹਨ। ਨਾ ਕਿ ਕਰਾਮਾਤਾਂ ਜਾਂ ਵਹਿਮਾਂ ਭਰਮਾਂ ਦਾ ਡਰਾਵਾ ਦੇ ਕੇ ਉਨਾਂ ਕੋਲੋਂ ਪੈਸੇ ਠੱਗਦੇ ਹਨ। ਗੁਰਬਾਣੀ ਇਨਸਾਨ ਨੂੰ ਡਰ ਰਹਿਤ ਬਣਾਉਂਦੀ ਹੈ, ਨਾਂ ਸਗੋਂ ਡਰਪੋਕ ਬਣਾਉਂਦੀ ਹੈ। ਤੂੰ ਹੀ ਦੱਸ ਵੀਰੇ, ਕਿ ਤੂੰ ਆਪ ਕਿਹੜਾ ਪੁੰਨ ਦਾਨ ਵਾਲਾ ਕੰਮ ਕਰਦਾ ਹੈ । ਜੇ ਉਹ ਚੰਗਾ ਹੋਵੇਗਾ ਤਾਂ ਮੈਂ ਵੀ ਕਰ ਲਿਆ ਕਰੂ ।

ਉਸਨੇ ਆਪਣੀ ਕੁਰਸੀ ਦੇ ਲਾਗੇ ਕੁਝ ਬਹੀਆਂ ਰੋਟੀਆਂ ਰੱਖੀਆਂ ਸਨ । ਉਹਨਾਂ ਵੱਲ ਹੱਥ ਕਰਕੇ ਆਖਦਾ, 'ਇਹ ਮੈਂ ਹਰ ਰੋਜ ਸਵੇਰੇ ਪੰਛੀਆਂ ਨੂੰ ਪਾਉਂਦਾ ਹਾਂ। ਪਹਿਲਾਂ ਤਾਂ ਇਹ ਥੋੜੇ ਹੀ ਸਨ, ਪਰ ਹੁਣ ਵੇਖ ਉਹ ਸਾਡੇ ਬਨੇਰੇ ਤੇ ਕਿੰਨੇ ਜਾਨਵਰ ਬੈਠੇ ਹਨ। ਇਹ ਸਾਰੇ ਮੇਰੀਆਂ ਰੋਟੀਆਂ ਤੇ ਦਾਣਿਆਂ ਦੀ ਆਸ ਵਿੱਚ ਰਹਿੰਦੇ ਹਨ'।

ਮੈਂ ਉਸਨੂੰ ਕਿਹਾ, ਵੀਰਾ ਤੂੰ ਕਦੀ ਇਹ ਵੀ ਸੋਚਿਆ ਕਿ ਜਦੋਂ ਤੂੰ ਇਨਾਂ ਨੂੰ ਇਹ ਖਾਣ ਨੂੰ ਦੇਣ ਵਾਸਤੇ ਇਥੇ ਨਾਂ ਹੋਵੇਗਾ ਤਾਂ ਫਿਰ ਇਹ ਕਿਥੋਂ ਖਾਣਗੇ ? ਇਨਾਂ ਨੂੰ ਜੋ ਕੁਦਰਤ ਨੇ ਆਪਣਾ ਭੋਜਨ ਲੱਭਣ ਤੇ ਉਸ ਅਨੁਸਾਰ ਹਜਮ ਕਰਨ ਦੀ ਵਿਧੀ ਦਿੱਤੀ ਹੈ, ਉਸਨੂੰ ਖਰਾਬ ਕਰਨ ਵਿੱਚ ਕੀ ਕਿਤੇ ਮਦਦ ਤਾਂ ਨਹੀਂ ਕਰ ਰਹੇ ?

ਕੀ ਆਪਣੇ ਵਰਗੇ ਲੋਕ ਵੀ ਕਈ ਉਨਾਂ ਸਿਆਸਤਦਾਨਾਂ ਵਾਂਗੂ ਹੀ, ਪੰਛੀਆਂ ਨੂੰ ਵੀ ਆਪਣੇ ਰਹਿਮੋਂ-ਕਰਮ 'ਤੇ ਲਿਆਉਣਾ ਚਾਹੁੰਦੇ ਹਨ, ਜਿਵੇਂ ਉਹ ਲੋੜਵੰਦਾਂ ਨੂੰ ਨੌਕਰੀਆਂ ਦੇਣ ਜਾਂ ਕਾਰੋਬਾਰ ਕਰਨ ਲਈ ਮਦਦ ਕਰਨ ਦੀ ਬਜਾਏ, ਨੀਲੇ ਪੀਲੇ ਕਾਰਡ ਦੇ ਕੇ ਲੀਡਰਾਂ ਦੇ ਹੱਥਾਂ ਵੱਲ ਵੇਖਣ ਦੇ ਗੁਲਾਮ ਬਣਾ ਦੇਂਦੇ ਹਨ ? ਜਿਵੇਂ ਭਊ, ਤੁਸੀਂ ਕਿਹਾ ਹੈ ਕਿ ਮੇਰੇ ਘਰ ਦੇ ਬਨੇਰੇ 'ਤੇ ਪਹਿਲਾਂ ਨਾਲੋਂ ਹੁਣ ਜਿਆਦਾ ਪੰਛੀ ਮੇਰੇ ਖਾਣਾ ਪਾਉਣ ਦੀ ਉਡੀਕ ਕਰਦੇ ਰਹਿੰਦੇ ਹਨ, ਉਵੇਂ ਹੀ ਕਈ ਪਾਰਟੀਆਂ ਦੇ ਲੀਡਰ ਵੀ ਆਖਦੇ ਹਨ ਕਿ ਅਸੀਂ ਆਪਣੇ ਰਾਜ ਵਿੱਚ ਏਨੇ ਲੱਖ ਵੱਧ ਲਾਲ ਪੀਲੇ ਕਾਰਡ ਲੋਕਾਂ ਨੂੰ ਬਣਾ ਦਿੱਤੇ ਹਨ, ਜਾਂ ਅਗਲੀ ਵਾਰੀ ਹੋਰ ਵੱਧ ਦੇਵਾਂਗੇ । ਇਹ ਨਹੀਂ ਕਹਿੰਦੇ ਕਿ ਏਨੇ ਲੱਖ ਲਾਲ ਪੀਲੇ ਕਾਰਡਾਂ ਵਾਲਿਆਂ ਨੂੰ ਉਨਾਂ ਦੇ ਆਪਣੇ ਪੈਰਾਂ ਸਿਰ ਕਰਕੇ ਆਪਣੇ ਸਿਰ ਰੋਟੀ ਖਾਣ ਜੋਗੇ ਕਰਾਂਗੇ ਜਾਂ ਕਰ ਦਿੱਤਾ ਹੈ ।

ਸੋ, ਵੀਰਾ ਕਦੀ ਇਕੱਲਾ ਬਹਿ ਕੇ ਸੋਚੀ, ਕਿ ਤੂੰ ਜਿਹਨਾ ਚੰਗੇ ਭਲੇ ਖਾਂਦੇ ਪੀਂਦੇ ਪੰਛੀਆਂ ਨੂੰ ਆਪਣੇ ਹੱਥੀ ਦਾਣਾ ਪਾਉਣਾ ਪੁੰਨ ਦਾਨ ਕਰਦਾ ਹੈ ਜਾਂ ਉਨਾਂ ਨੂੰ ਮੰਗਤਿਆਂ ਵਾਂਗੂ ਬੇਆਸਰੇ ਤੇ ਸੁਸਤ ਬਣ ਰਿਹਾ ਹੈ ? ਉਨਾਂ ਵਾਸਤੇ ਜੋ ਕੁਦਰਤ ਨੇ ਖਾਣਾ ਦਿੱਤਾ ਹੈ, ਉਹ ਉਨਾਂ ਨੂੰ ਉਹ ਖਾਣ ਤੋਂ ਹਟਾ ਰਿਹਾ ਹੈ ਜੋ ਕਿ ਕੁਦਰਤ ਦੇ ਨਿਯਮ ਦੇ ਵੀ ਉਲਟ ਹੈ।

ਹਾਂ, ਜਿਵੇਂ ਠੰਡੇ ਮੁਲਕਾਂ ਵਿੱਚ ਜੇ ਉਥੇ ਕਦੀ ਉਨਾਂ ਨੂੰ ਖੁਰਾਕ ਨਾ ਮਿਲੇ ਤਾਂ ਸਟੋਰ ਤੋਂ ਜੋ ਉਨਾਂ ਲਈ ਹੀ ਖੁਰਾਕ ਬਣੀ ਹੈ ਉਹ ਮੁਸ਼ਕਲ ਸਮੇਂ ਲਈ ਹੋ ਸਕਦੀ ਹੈ । ਇੰਝ ਹੀ ਜੇ ਕਦੀ ਭਾਰਤ ਵਰਗੇ ਗਰਮ ਦੇਸ਼ ਵਿੱਚ ਬਹੁਤੀ ਗਰਮੀ ਵਾਲੇ ਮੌਸਮ ਵਿੱਚ ਜੇ ਮੀਂਹ ਨਾ ਪੈਣ ਕਰਕੇ ਪਾਣੀ ਦੀ ਥੁੜ ਹੋ ਜਾਵੇ ਤਾਂ ਮੇਰੇ ਵਿਚਾਰ ਵਿੱਚ ਤਾਂ ਠੀਕ ਹੈ । ਕੀ ਚਾਅ ਮਤੇ ਹੀ ਰੋਟੀਆਂ ਭੋਰ-ਭੋਰ ਦਾਨ ਪੁੰਨ ਦੇ ਨਾਂ ਹੇਠ ਪਾਈ ਜਾਣੀ ਠੀਕ ਹੈ ? ਬਾਕੀ ਤੇਰੀ ਆਪਣੀ ਸੋਚ ਹੈ। ਇੰਝ ਗੱਲਾਂ ਕਰਦਿਆਂ ਨੂੰ ਕੁਝ ਹੋਰ ਵਾਕਫ ਆ ਗਏ ਤੇ ਅਸੀਂ ਵਿਸ਼ਾ ਬਦਲ ਲਿਆ।

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥



**ਗਗਨਦੀਪ ਧਾਲੀਵਾਲ**

**ਝਲੂਰ ਬਰਨਾਲਾ**

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਤੇ ਸਿੱਖ ਧਰਮ ਦੇ ਮੋਢੀ ਸਨ । ਗੁਰੂ ਜੀ ਨੂੰ ਹਿੰਦੂਆਂ ਦੇ 'ਗੁਰੂ' ਤੇ 'ਮੁਸਲਮਾਨਾਂ ਦੇ ਪੀਰ' ਕਿਹਾ ਜਾਂਦਾ ਹੈ।

ਜਿਸ ਸਮੇਂ ਗੁਰੂ ਜੀ ਦਾ ਜਨਮ ਹੋਇਆ, ਉਸ ਸਮੇਂ ਭਾਰਤ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਆਰਥਿਕ ਹਾਲਤ ਬੜੀ ਭਿਆਨਕ ਤੇ ਦਰਦਨਾਕ ਸੀ। ਉਸ ਸਮੇਂ ਦੇ ਰਾਜੇ ਤੇ ਉਨਾਂ ਦੇ ਵਜ਼ੀਰ ਬਘਿਆੜਾਂ ਤੇ ਕੁੱਤਿਆਂ ਦਾ ਰੂਪ ਧਾਰ ਕੇ ਜਨਤਾ ਨੂੰ ਲੁੱਟ ਰਹੇ ਸਨ। ਅੰਧ-ਵਿਸ਼ਵਾਸਾਂ ਤੇ ਕਰਮ-ਕਾਂਡਾਂ ਦਾ ਬੋਲਬਾਲਾ ਸੀ।ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ।ਉਸ ਸਮੇਂ ਲੋਕਾਂ ਵਿੱਚ ਜਾਤ-ਪਾਤ, ਊਚ-ਨੀਚ ਤੇ ਛੂਤ-ਛਾਤ ਨੇ ਵੀ ਬਹੁਤ ਜ਼ੋਰ ਫੜਿਆ ਹੋਇਆ ਸੀ। ਗੁਰੂ ਜੀ ਦਾ ਜਨਮ 15 ਅਪ੍ਰੈਲ 1469 ਈ. ਵਿੱਚ ਹੋਇਆ। ਗੁਰੂ ਜੀ ਦਾ ਜਨਮ ਬੇਦੀ ਕੁੱਲ ਵਿਚ ਬਾਬੇ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ, ਜ਼ਿਲਾ ਸ਼ੇਖੂਪੁਰਾ (ਪੱਛਮੀ ਪਾਕਿਸਤਾਨ) ਵਿਚ ਹੋਇਆ। ਇਹ ਸਥਾਨ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ । ਗੁਰੂ ਨਾਨਕ ਸਾਹਿਬ ਦੇ ਜਨਮ ਅਤੇ ਜੋਤੀ-ਜੋਤ ਸਮਾਉਣ ਬਾਰੇ ਤਾਰੀਖ਼ਾਂ ਬਾਰੇ ਕਾਫ਼ੀ ਮਤਭੇਦ ਹੈ।

ਗੁਰੂ ਜੀ ਦਾ ਜਨਮ ਦਿਨ ਦੁਨੀਆ ਵਿੱਚ ਗੁਰਪੁਰਬ ਵਜੋਂ ਮਨਾਇਆ ਜਾਂਦਾ ਹੈ, ਜੋ ਨਾਨਕਸ਼ਾਹੀ ਕੈਲੰਡਰ 2003 ਮੁਤਾਬਕ 1 ਵੈਸਾਖ ਅਤੇ ਬਿਕ੍ਰਮੀ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਕੱਤਕ ਦੀ ਪੂਰਨਮਾਸੀ ਨੂੰ ਹਰ ਸਾਲ ਅਕਤੂਬਰ-ਨਵੰਬਰ ਮਹੀਨਿਆਂ ਵਿਚਾਲ਼ੇ ਵੱਖਰੀ ਤਰੀਕ ਨੂੰ ਆਉਂਦਾ ਹੈ। ਇਕ ਮਤ ਦਾ ਆਧਾਰ ਪੁਰਾਤਨ ਜਨਮਸਾਖੀ ਹੈ ਜਿਸ ਅਨੁਸਾਰ 15 ਅਪ੍ਰੈਲ 1469 ਈ. (ਵਿਸਾਖ ਸ਼ੁਦੀ 3, ਸੰਮਤ 1526 ਬਿ.) ਨੂੰ ਆਪ ਦਾ ਜਨਮ ਹੋਇਆ। ਦੂਜੇ ਮਤ ਦਾ ਆਧਾਰ ਬਾਲੇ ਵਾਲੀ ਜਨਮਸਾਖੀ ਹੈ ਜਿਸ ਵਿਚ ਗੁਰੂ ਜੀ ਦਾ ਜਨਮ ਕਤਕ ਸੁਦੀ 15, 1526 ਬਿ. ਵਾਲੇ ਦਿਨ ਹੋਇਆ। ਜ਼ਿਆਦਾਤਰ ਵਿਦਵਾਨ ਪੁਰਾਤਨ ਜਨਮਸਾਖੀ ਵਾਲੀ ਤਿਥੀ ਨੂੰ ਸਹੀ ਮੰਨਦੇ ਹਨ। ਪਰ ਸਿੱਖ ਸਮਾਜ ਵਿਚ ਗੁਰੂ ਜੀ ਦਾ ਜਨਮ-ਪੁਰਬ ਕਤਕ ਦੀ ਪੂਰਨਮਾਸੀ ਨੂੰ ਹੀ ਮਨਾਇਆ ਜਾਂਦਾ ਹੈ।

ਸ੍ਰੀ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ 974 ਸ਼ਬਦ ਦਰਜ ਹਨ, ਜਿਨਾਂ ਵਿੱਚੋਂ ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਸਿੱਧ-ਗੋਸਟ ਆਦਿ ਪ੍ਰਮੁੱਖ ਹਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੂੰ ਜਨੇਊ ਪਹਿਨਣ ਲਈ ਕਿਹਾ ਗਿਆ ਤਾਂ ਇਸ ਨੂੰ ਗੁਰੂ ਜੀ ਨੇ ਇਕ ਝੂਠੀ ਰਸਮ ਕਹਿੰਦੇ ਹੋਏ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ।

ਗੁਰੂ ਜੀ ਨੂੰ ਗੋਪਾਲ ਨਾਂ ਦੇ ਪਾਂਧੇ ਕੋਲ ਭਾਖਾ (ਦੇਸੀ ਭਾਸ਼ਾ) ਪੜਨ ਲਈ ਭੇਜਿਆ ਗਿਆ, ਸੰਸਕ੍ਰਿਤ ਪੜਨ ਲਈ ਪੰਡਿਤ ਬ੍ਰਿਜ ਲਾਲ ਕੋਲ ਬਿਠਾਇਆ ਗਿਆ ਅਤੇ ਫ਼ਾਰਸੀ ਪੜਨ ਲਈ ਮੌਲਵੀ ਕੁਤੁਬੁੱਦੀਨ ਪਾਸ ਮਸੀਤ ਵਿਚ ਭੇਜਿਆ ਗਿਆ ।ਗੁਰੂ ਜੀ ਦਾ ਮਨ ਪੜਾਈ ਵਿੱਚ ਨਾ ਲੱਗਾ । ਇੱਕ ਵਾਰ ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਵਪਾਰ ਕਰਨ ਲਈ ਆਪ ਨੂੰ 29 ਰੁਪਏ ਦਿੱਤੇ ਪਰ ਗੁਰੂ ਜੀ ਉਨਾਂ ਪੈਸਿਆਂ ਦਾ ਭੁੱਖੇ ਸਾਧੂਆਂ ਨੂੰ ਭੋਜਨ ਖੁਆ ਆਏ ਤੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਉਹ ਸੱਚਾ ਸੌਦਾ ਕਰ ਕੇ ਆਏ ਹਨ। ਅਜਿਹਾ ਕਰਨ ਤੇ ਪਿਤਾ ਜੀ ਬਹੁਤ ਨਾਰਾਜ਼ ਹੋਏ ਅਤੇ ਉਨਾਂ ਨੇ ਗੁਰੂ ਜੀ ਨੂੰ ਉਨਾਂ ਦੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ। ਉੱਥੇ ਉਨਾਂ ਦੇ ਜਵਾਈ ਭਾਈ ਜੈਰਾਮ ਨੇ ਯਤਨ ਕਰਕੇ ਗੁਰੂ ਜੀ ਨੂੰ ਮੋਦੀਖ਼ਾਨੇ ਦਾ ਕੰਮ ਦਿਵਾਇਆ। ਗੁਰੂ ਜੀ ਦਾ ਵਿਆਹ ਬਟਾਲਾ ਦੇ ਖੱਤਰੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਗੁਰੂ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਨੇ ਜਨਮ ਲਿਆ। ਆਪ ਇਕ ਦਿਨ ਵੇਈਂ ਵਿੱਚ ਇਸਨਾਨ ਕਰਨ ਗਏ ਤਿੰਨ ਦਿਨ ਅਲੋਪ ਹੋ ਰਹੇ। ਗੁਰੂ ਜੀ ਨੇ ਚਾਰ ਦਿਸ਼ਾਵਾਂ ਦੀਆਂ ਯਾਤਰਾਵਾਂ ਕੀਤੀਆਂ, ਜਿਨਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨਾਂ ਉਦਾਸੀਆਂ ਦੌਰਾਨ ਗੁਰੂ ਜੀ ਨੇ ਛੂਤ-ਛਾਤ, ਵਹਿਮਾਂ-ਭਰਮਾਂ, ਕਰਮ-ਕਾਂਡਾਂ ਦੇ ਵਿਰੁੱਧ ਪ੍ਰਚਾਰ ਕੀਤਾ। ਗੁਰੂ ਜੀ ਨੇ ਸਿੱਖਿਆ ਦਾ ਸਿਧਾਂਤ ਦਿੱਤਾ ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ।

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਗੁਰੂ ਵਾਰਸ ਐਲਾਨਿਆ ਅਤੇ ਉਨਾਂ ਦਾ ਨਾਮ ਗੁਰੂ ਅੰਗਦ ਵਿਚ ਤਬਦੀਲ ਕਰ ਦਿੱਤਾ, ਜਿਸ ਦਾ ਅਰਥ ਹੈ 'ਇਕ ਬਹੁਤ ਹੀ ਆਪਣਾ' ਜਾਂ 'ਤੁਹਾਡਾ ਆਪਣਾ ਹਿੱਸਾ'। ਭਾਈ ਲਹਿਣੇ ਜੀ ਨੂੰ ਵਾਰਸ ਐਲਾਨਣ ਤੋਂ ਕੁਝ ਸਾਲਾਂ ਬਾਅਦ, ਗੁਰੂ ਨਾਨਕ ਜੀ 22 ਸਤੰਬਰ 1539 ਨੂੰ ਕਰਤਾਰਪੁਰ ਵਿਖੇ 70 ਸਾਲ ਦੀ ਉਮਰ ਵਿੱਚ ਜੋਤੀ-ਜੋਤ ਸਮਾਂ ਗਏ।

# ਗੁਰੂ ਨਾਨਕ ਜਗ ਮਾਹਿ ਪਠਾਇਆ



**ਅਰਜਨ ਸਿੰਘ**

**੮੦੫੪੦ ੨੯੫੩੮**

ਇਤਿਹਾਸ ਗਵਾਹ ਹੈ ਕਿ ਜਦੋਂ ਧਰਮ 'ਤੇ ਇਨਸਾਨੀਅਤ ਉੱਤੇ ਜ਼ਬਰ ਜ਼ੁਲਮ ਦਾ ਪ੍ਰਹਾਰ ਹੋਵੇ ਅਤੇ ਇਸ ਜ਼ਬਰ ਨੂੰ ਸਹਿਣ ਵਾਲਿਆਂ ਦਾ ਸਬਰ ਖ਼ਤਮ ਹੋ ਜਾਏ ਤਾਂ ਪ੍ਰਮਾਤਮਾ ਨੂੰ ਇਨਾਂ ਮਜ਼ਲੂਮਾਂ ਦੀ ਅਰਜੋਈ ਤੇ ਅਤੇ ਇਨਾਂ ਦੇ ਹੱਕਾਂ ਦੀ ਰਾਖੀ ਲਈ ਕਿਸੇ ਨਾ ਕਿਸੇ ਵਜੂਦ ਵਿਚ ਆਪਣਾ ਰੂਪ ਧਾਰਨਾ ਪੈਂਦਾ ਹੈ। ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ ਜਦੋਂ ਹਕੂਮਤ ਅਤੇ ਧਾਰਮਿਕ ਨੁਮਾਇੰਦਿਆਂ ਤੋਂ ਸਤਾਈ ਹੋਈ ਲੋਕਾਈ ਨੇ ਉਸ ਅਲੌਕਿਕ ਸ਼ਕਤੀ ਅੱਗੇ ਅਰਦਾਸ ਕੀਤੀ ਤਾਂ (ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ) ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ।

ਸਿੱਖ ਧਰਮ ਦੇ ਬਾਨੀ, ਰਹਿਮਤਾਂ ਦੇ ਮੁਜੱਸਮੇ, ਪੀਰਾਂ ਦੇ ਪੀਰ, ਮਨੁੱਖਤਾ ਦੇ ਰਾਖੇ ਅਤੇ ਰੱਬੀ ਨੂਰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਈ. ਵਿਚ ਦੇਸੀ ਮਹੀਨੇ ਕੱਤਕ ਦੀ ਪੂਰਨਮਾਸ਼ੀ ਨੂੰ ਬੇਦੀ ਕੁਲ ਵਿਚ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ, ਜ਼ਿਲਾ ਸ਼ੇਖ਼ੂਪੁਰਾ (ਪੱਛਮੀ ਪਾਕਿਸਤਾਨ) ਵਿਚ ਹੋਇਆ। ਇਹ ਅਸਥਾਨ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕੇ ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਅੰਧੇਰਾ, ਚੋਰ ਅਤੇ ਉੱਲੂ ਆਦਿਕ ਛਿਪ ਜਾਂਦੇ ਹਨ ਅਤੇ ਕਮਲ ਦਾ ਫੁੱਲ ਖਿੜ ਪੈਂਦਾ ਹੈ, ਇਵੇਂ ਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਇਹੀ ਦ੍ਰਿਸ਼ਟਾਂਤ ਭਾਈ ਗੁਰਦਾਸ ਜੀ ਨੇ ਦਿੱਤਾ ਹੈ, 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥'
ਧੁੰਧ ਭਰੀ ਸਥਿਤੀ ਹੀ ਅਜਿਹੀ ਹੁੰਦੀ ਹੈ ਜਿਸ ਵਿੱਚ ਕੁੱਝ ਨਜ਼ਰ ਨਹੀਂ ਆਉਂਦਾ, ਇਸ ਨੂੰ ਦੂਰ ਕਰਨ ਲਈ ਹਮੇਸ਼ਾ ਸੂਰਜ ਦੀ ਲੋੜ ਪੈਂਦੀ ਹੈ। ਅਜਿਹੀ ਸਥਿਤੀ ਵਿਚ ਬਾਬਾ ਨਾਨਕ ਸੂਰਜ ਦੇ ਵਾਂਗ ਪ੍ਰਗਟ ਹੋਏ, ਜਿਨਾਂ ਨੇ ਲੋਕਾਂ ਦੇ ਮਨਾ ਤੋਂ ਵਹਿਮ-ਭਰਮ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰ, ਉਨਾਂ ਨੂੰ ਆਪਣੇ ਹੱਕਾਂ ਪ੍ਰਤੀ ਲੜਨ ਦਾ ਦ੍ਰਿੜ ਨਿਸ਼ਚਾ ਕਰਵਾਇਆ।

ਆਪ 15,16 ਸਾਲ ਦੀ ਆਯੂ ਵਿਚ 'ਰਾਇ ਭੋਇ ਦੀ ਤਲਵੰਡੀ' ਤੋਂ ਆਪਣੀ ਵੱਡੀ ਭੈਣ ਬੇਬੇ ਨਾਨਕੀ ਜੀ 'ਤੇ ਉਨਾਂ ਦੇ ਪਤੀ ਜੈ ਰਾਮ ਜੀ ਦੇ ਬੁਲਾਵੇ ਤੇ ਸੁਲਤਾਨਪੁਰ ਲੋਧੀ, ਅਜੋਕਾ ਜ਼ਿਲਾ ਕਪੂਰਥਲਾ ਵਿਖੇ ਆ ਗਏ, ਜਿੱਥੇ ਉਹ ਤਕਰੀਬਨ ਪੰਦਰਾਂ ਸਾਲ ਰਹੇ। ਇਸ ਦੌਰਾਨ ਆਪ ਨੇ ਮੋਦੀਖ਼ਾਨੇ ਵਿਚ ਨੌਕਰੀ ਕੀਤੀ। ਇਕ ਦਿਨ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨ ਅਲੋਪ ਰਹੇ। ਇਸ ਦੌਰਾਨ ਹੀ ਆਪ ਜੀ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੋਈ। ਆਪ ਨੇ ਵੇਈਂ ਤੋਂ ਬਾਹਰ ਆ ਕੇ ਸਭਨਾਂ ਨੂੰ ਇਹ ਪੈਗ਼ਾਮ ਦਿੱਤਾ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ'। ਆਤਮਿਕ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਲੋਕਾਂ ਦੇ ਕਲਿਆਣ ਲਈ ਆਪ ਜੀ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਉਦਾਸੀ ਸਭ ਤੋਂ ਲੰਮੀ ਉਦਾਸੀ ਸੀ ਜੋ ਕਿ ਤਕਰੀਬਨ ਸੱਤ ਕੁ ਸਾਲਾਂ ਦੀ ਮੰਨੀ ਗਈ ਹੈ। 1505 ਈ. ਵਿਚ ਦੂਜੀ ਉਦਾਸੀ ਜੋ ਕੇ ਦੱਖਣ ਵੱਲ ਦੀ ਸੀ ਆਰੰਭ ਕੀਤੀ। ਤੀਜੀ ਉਦਾਸੀ 1514 ਈ. ਵਿਚ ਸ਼ੁਰੂ ਕੀਤੀ ਗਈ। ਚੌਥੀ ਉਦਾਸੀ ਆਪ ਨੇ 1517 ਈ. ਵਿਚ ਸ਼ੁਰੂ ਕੀਤੀ। ਇਸੇ ਯਾਤਰਾ ਦੌਰਾਨ ਬਾਬਰ ਵੱਲੋਂ ਕੀਤੇ ਗਏ ਸੈਦਪੁਰ ਦੀ ਤਬਾਹੀ ਦਾ ਅੱਖੀਂ ਡਿੱਠਾ ਹਾਲ (ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ) ਆਪ ਜੀ ਨੇ ਬਾਣੀ ਵਿਚ ਦਰਜ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਜਿਹੇ ਹਮਲਾਵਰ ਨੂੰ ਨਿੰਦਣ ਦੇ ਨਾਲ ਨਾਲ ਉਸ ਦਾ ਮੁਕਾਬਲਾ ਕਰ ਰਹੇ ਲੋਧੀ ਸੁਲਤਾਨ ਦੀ ਕਾਇਰਤਾ ਨੂੰ ਵੀ ਭੰਡਿਆ ਹੈ। ਇਸ ਹਮਲੇ ਦੌਰਾਨ ਔਰਤਾਂ ਦੀ ਜੋ ਦੁਰਦਸ਼ਾ ਹੋਈ, ਉਸ ਦਾ ਅੱਖੀਂ ਅਨੁਭਵ ਗੁਰੂ ਸਾਹਿਬ ਨੇ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਬਾਣੀ ਦੇ ਰੂਪ ਵਿਚ ਸਿਧਾਂਤਕ ਰਤਨ ਮਨੁੱਖਤਾ ਨੂੰ ਬਖ਼ਸ਼ਿਸ਼. ਕੀਤੇ ਹਨ, ਉੱਥੇ ਸਮਾਜਿਕ ਚੇਤਨਤਾ ਦਾ ਅਨਮੋਲ ਖ਼ਜ਼ਾਨਾ ਮਨੁੱਖਤਾ ਦੀ ਝੋਲੀ ਪਾ ਕੇ, ਇਕ ਨਵੇਂ ਸਮਾਜ ਦੀ ਸਿਰਜਣਾ ਵੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਸਮ-ਭਾਵ ਅਤੇ ਸਾਂਝੀਵਾਲਤਾ ਜਿਹੀਆਂ ਕਦਰਾਂ-ਕੀਮਤਾਂ ਦਾ ਇਕ ਅਜਿਹਾ ਨੀਂਹ ਪੱਥਰ ਰੱਖਿਆ ਹੈ, ਜਿਸ ਉੱਪਰ ਕਿਸੇ ਵੀ ਵਰਗ ਦਾ ਵਿਅਕਤੀ ਆਪਣੀ ਦੀਵਾਰ ਨੂੰ ਉਸਾਰ ਆਤਮਿਕ ਮੰਜ਼ਿਲ ਤਕ ਪਹੁੰਚ ਸਕਦਾ ਹੈ। ਇਸ ਦੇ ਨਾਲ ਨਾਲ ਗੁਰੂ ਸਾਹਿਬ ਨੇ 'ਨਾਮ ਜਪੋ' ਦੇ ਸੰਦੇਸ਼ ਨਾਲ ਮਨੁੱਖ ਨੂੰ ਅਧਿਆਤਮਿਕ ਉਚਾਈਆਂ ਪ੍ਰਾਪਤ ਕਰਨ ਅਤੇ ਅਕਾਲ ਪੁਰਖ ਨਾਲ ਇੱਕ-ਮਿੱਕ ਹੋਣ ਦੀ ਵਿਧੀ ਦ੍ਰਿਸ਼ਟੀਗੋਚਰ ਕੀਤੀ ਹੈ। 'ਕਿਰਤ ਕਰੋ' ਅਤੇ 'ਵੰਡ ਛਕੋ' ਦੇ ਸਿਧਾਂਤਾਂ ਰਾਹੀਂ ਲੋਕਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਿਕ ਕੁਰੀਤੀਆਂ ਤੋਂ ਉੱਪਰ ਉਠਾਇਆ ਹੈ। ਗੁਰੂ ਸਾਹਿਬ ਅਨੁਸਾਰ ਕਿਰਤ ਕਰਨ ਦਾ ਸੰਬੰਧ ਕੇਵਲ ਰੋਜ਼ੀ ਰੋਟੀ ਨਾਲ ਹੀ ਨਹੀਂ ਹੈ ਬਲਕਿ 'ਸੁੱਚੀ ਕਿਰਤ' ਨਾਲ ਹੈ। ਸੁੱਚੀ ਕਿਰਤ ਤੋਂ ਭਾਵ ਇੱਥੇ ਆਪਣੇ ਹੱਕ ਦੀ ਕਮਾਈ ਤੋਂ ਹੈ ਨਾ ਕੇ ਪਰਾਇਆ ਹੱਕ। ਪਰਾਇਆ ਹੱਕ ਤੋਂ ਗੁਰੂ ਸਾਹਿਬ ਨੇ ਕੇਵਲ ਇੱਕ ਸਿੱਖ ਨੂੰ ਹੀ ਨਹੀਂ ਬਲਕਿ ਸਮੁੱਚੀ ਲੋਕਾਈ ਨੂੰ ਵਰਜਿਤ ਕੀਤੀ ਹੈ। ਮੁਸਲਿਮ ਅਤੇ ਹਿੰਦੂ ਲਈ ਤਾਂ ਪਰਾਇਆ ਹੱਕ (ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।) ਸੂਰ ਅਤੇ ਗਾਂ ਖਾਣ ਦੇ ਬਰਾਬਰ ਦੱਸਿਆ ਹੈ।

ਗੁਰੂ ਨਾਨਕ ਦੇਵ ਜੀ ਦਾ ਜਦੋਂ ਪ੍ਰਕਾਸ਼ ਹੋਇਆ ਉਸ ਸਮੇਂ ਸਮਾਜ ਅੰਦਰ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪ੍ਰਸਥਿਤੀਆਂ ਵਿਚ ਨੈਤਿਕ ਗਿਰਾਵਟ ਦੀ ਹੀ ਪ੍ਰਧਾਨਤਾ ਸੀ, ਲੋਕ ਫੋਕੇ ਧਰਮ ਕਾਂਡਾਂ ਵਿਚ ਉਲਝੇ ਹੋਏ ਸਨ, ਰਾਜ ਸੱਤਾ ਤੇ ਹਾਵੀ ਹੋਈ ਹਕੂਮਤ ਲਾਚਾਰ ਸ਼੍ਰੇਣੀ ਦੇ ਲੋਕਾਂ ਤੇ ਜ਼ੁਲਮ ਕਰ ਰਹੀ ਸੀ, ਗੁਰੂ ਨਾਨਕ ਦੇਵ ਜੀ ਨੇ ਇਨਾਂ ਕੁਰੀਤੀਆਂ ਦੇ ਵਿਰੁੱਧ ਜੂਝਣ ਲਈ ਲੋਕਾਂ ਨੂੰ ਤਿਆਰ ਕੀਤਾ। ਜਿਹੜਾ ਸਮਾਜ ਧਰਮ ਅਤੇ ਆਰਥਿਕ ਵਖਰੇਵਿਆਂ ਦਾ ਸ਼ਿਕਾਰ ਸੀ, ਆਪ ਜੀ ਨੇ 'ਕਿਰਤ ਕਰੋ' ਅਤੇ 'ਵੰਡ ਛਕੋ' ਦੇ ਸਿਧਾਂਤਾਂ ਰਾਹੀਂ ਜਾਤਪਾਤ ਅਤੇ ਆਰਥਿਕ ਅਧਾਰ 'ਤੇ ਪਏ ਇਨਾਂ ਵਿਤਕਰਿਆਂ ਨੂੰ ਦੂਰ ਕੀਤਾ ਅਤੇ ਵਿਤਕਰਿਆਂ ਤੋਂ ਉੱਪਰ ਹੋ ਸਮਾਜਿਕ ਭਲਾਈ ਕਰਨ ਦੀ ਪ੍ਰੇਰਨਾ ਕੀਤੀ।

ਗੁਰੂ ਸਾਹਿਬ ਨੇ ਸਮਾਜਿਕ ਸੁਧਾਰ ਹਿਤ ਜੋ ਮਹੱਤਵਪੂਰਨ ਕਾਰਜ ਕੀਤਾ, ਉਹ ਸੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਆਪਸੀ ਵੈਰ ਵਿਰੋਧ ਨੂੰ ਦੂਰ ਕਰਨਾ। ਮੱਕੇ ਦੇ ਕਾਜ਼ੀਆਂ ਦੇ ਪੁੱਛਣ ਤੇ ਕਿ ਹਿੰਦੂਆਂ ਮੁਸਲਮਾਨਾਂ ਦੋਹਾਂ ਵਿੱਚੋਂ ਕਿਹੜਾ ਵੱਡਾ ਹੈ ਤਾਂ ਆਪ ਨੇ ਉੱਤਰ ਦਿੱਤਾ ਕਿ ਰੱਬ ਦੀ ਰਜ਼ਾ ਵਿਚ ਇਹ ਦੋਵੇਂ ਫ਼ਿਰਕੇ ਪਰਵਾਨ ਨਹੀਂ ਹਨ। ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਝਗੜੇ ਦਾ ਨਿਪਟਾਰਾ ਇਹ ਕਹਿ ਕੇ ਕਰ ਦਿੱਤਾ ਕਿ 'ਸੁਭਿ ਅਮਲਾ ਬਾਝਹੁ ਦੋਨੋ ਰੋਈ'। ਇਸ ਤੋਂ ਇਲਾਵਾ ਧਾਰਮਿਕ ਮਨੌਤ ਅਧੀਨ ਕੀਤੇ ਜਾਂਦੇ ਪਖੰਡ ਜਿਵੇਂ ਪਿਤਰ ਪੂਜਾ, ਚੌਕਾਂ ਕਾਰ, ਸਰਾਧ ਅਤੇ ਸੂਤ ਪਾਤ ਆਦਿ ਦਾ ਗੁਰੂ ਸਾਹਿਬ ਨੇ ਦਲੀਲ ਦੇ ਅਧਾਰ ਤੇ ਖੰਡਨ ਕੀਤਾ। ਗੁਰੂ ਸਾਹਿਬ ਅਨੁਸਾਰ ਪ੍ਰਮਾਤਮਾ ਦਾ ਨਾਮ ਹੀ ਪੱਤਲ਼ਾਂ ਉੱਤੇ ਪਿੰਡ ਭਰਾਉਣੇ ਅਰਥਾਤ ਪਿੰਨੇ ਮਣਸਾਉਣੇ ਹਨ। ਕਰਤਾਰ ਦੇ ਨਾਮ ਨੂੰ ਹੀ ਉਨਾਂ ਨੇ ਲੋਕ 'ਤੇ ਪਰਲੋਕ ਵਿਚ ਸਹਾਈ ਦੱਸਿਆ ਹੈ। ਗੁਰੂ ਸਾਹਿਬ ਨੇ ਸੂਤਕ 'ਤੇ ਪਾਤਕ ਨੂੰ ਕੇਵਲ ਭਰਮ ਹੀ ਕਿਹਾ ਹੈ। ਅਸਲ ਸੂਤਕ ਤਾਂ ਜੀਵ ਵੱਲੋਂ ਕੀਤੇ ਜਾਂਦੇ ਪਾਪ ਕਰਮ ਹਨ, ਜਿਨਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਹ ਛੁਟਕਾਰਾ ਕੇਵਲ ਗਿਆਨ ਦੁਆਰਾ ਹੀ ਹੋ ਸਕਦਾ ਹੈ :

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੀਰਥਾਂ ਦੇ ਇਸ਼ਨਾਨ ਨੂੰ ਬਹੁਤ ਉੱਤਮ ਮੰਨਿਆ ਜਾਂਦਾ ਸੀ। ਇਸ ਸਬੰਧੀ ਆਪ ਜੀ ਨੇ ਤੀਰਥੀਆਂ ਨੂੰ ਸਮਝਾਇਆ ਕਿ ਪ੍ਰਭੂ ਦਾ ਨਾਮ ਹੀ ਸਾਰੇ ਤੀਰਥ ਇਨਸਾਨਾਂ ਤੋਂ ਉੱਤਮ ਹੈ 'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ', ਭਾਵ ਹਰੀ ਦਾ ਨਾਮ ਹੀ ਤੀਰਥ ਇਸ਼ਨਾਨ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦਾ ਇਕ ਵਡਮੁੱਲਾ ਯੋਗਦਾਨ ਇਸਤਰੀ ਨੂੰ ਬਾਣੀ ਵਿਚ ਉੱਚ ਦਰਜਾ ਦੇਣਾ ਵੀ ਹੈ। ਉਨਾਂ ਅਨੁਸਾਰ ਮਰਦ ਪ੍ਰਧਾਨ ਸਮਾਜ ਆਪਣੇ ਆਪ ਨੂੰ ਉੱਚਾ ਸਮਝ ਇਸਤਰੀ ਨੂੰ ਨੀਵਾਂ ਦਰਜਾ ਕਿਵੇਂ ਦੇ ਸਕਦਾ ਹੈ, ਉਹ ਵੀ ਉਸ ਔਰਤ ਨੂੰ ਜਿਸ ਤੋਂ ਉਸ ਦਾ ਜਨਮ ਹੋਇਆ, ਇੱਥੋਂ ਤੱਕ ਕਿ ਜਿਸ ਨੇ ਮਹਾਂਬਲੀ ਰਾਜਿਆਂ ਨੂੰ ਜਨਮ ਦਿੱਤਾ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਗੁਰੂ ਸਾਹਿਬ ਨੇ ਸਮਾਜ ਵਿਚ ਗ੍ਰਹਿਸਤ ਨੂੰ ਬਹੁਤ ਪ੍ਰਧਾਨਤਾ ਦਿੱਤੀ ਹੈ। ਇਸੇ ਲਈ ਉਨਾਂ ਸੁਮੇਰ ਪਰਬਤ 'ਤੇ ਜਾ ਕੇ ਸਾਧੂਆਂ ਨੂੰ ਗ੍ਰਹਿਸਤ ਦਾ ਮੂਲ ਮੰਤਵ ਦੱਸਦੇ ਹੋਏ ਕਿਹਾ 'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ'। ਉਨਾਂ ਨੂੰ ਸਮਝਾਇਆ ਕਿ ਖੋਖਲੇ ਭੇਖ ਦੀ ਥਾਂ ਗ੍ਰਹਿਸਤ ਵਿਚ ਰਹਿ ਕੇ ਬੰਦਗੀ ਕਰਨਾ ਅਤੇ ਮਨੁੱਖਤਾ ਦੀ ਸੇਵਾ ਕਰਨਾ, ਇਹੀ ਸੱਚੇ ਸਾਧੂ ਦੀ ਨਿਸ਼ਾਨੀ ਹੈ। ਜੇਕਰ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਜੀ ਦੀ ਬਾਣੀ ਦਾ ਮੂਲ ਮੰਤਵ ਪ੍ਰਾਣੀ ਨੂੰ ਨਾਮ ਨਾਲ ਹੀ ਜੋੜਨਾ ਹੈ, ਉਨਾਂ ਅਨੁਸਾਰ ਨਾਮ ਦੁਆਰਾ ਹੀ ਮਨੁੱਖ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰ ਸਕਦਾ ਹੈ, ਇਸ ਤੋਂ ਬਿਨਾਂ ਮੁਕਤੀ ਸੰਭਵ ਹੀ ਨਹੀਂ ਹੈ, ਭਾਵੇਂ ਉਹ ਹਠ ਕਰੇ, ਇੰਦ੍ਰੀਆਂ ਨੂੰ ਸੰਜਮ ਵਿਚ ਰੱਖੇ ਜਾਂ ਜੰਗਲ ਵਿਚ ਰਹੇ। ਅਜਿਹੀ ਕ੍ਰਿਆ ਸਦਕਾ ਉਮਰ ਤਾਂ ਲੰਬੀ ਹੋ ਸਕਦੀ ਹੈ ਪਰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ।

ਤਿੰਨ ਸੂਤਰੀ ਸਿਧਾਂਤ ਨਾਮ ਜਪੋ, ਕਿਰਤ ਕਰੋ 'ਤੇ ਵੰਡ ਛਕੋ ਉੱਤੇ ਗੁਰੂ ਸਾਹਿਬ ਨੇ ਜਿੱਥੇ ਆਪ ਅਮਲ ਕੀਤਾ ਉੱਥੇ ਲੋਕਾਂ ਨੂੰ ਵੀ ਕਰਨ ਦੀ ਹਦਾਇਤ ਕੀਤੀ। 'ਕਿਰਤ ਕਰਨ' ਦੇ ਸਿਧਾਂਤ ਨੂੰ ਪਰਪੱਕਤਾ ਦੇਣ ਲਈ ਆਪ ਜੀ ਨੇ ਆਪਣੇ ਜੀਵਨ ਦੇ ਅੰਤਲੇ 17,18 ਸਾਲ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕੀਤੀ। 22 ਸਤੰਬਰ, 1539 ਈ. ਨੂੰ ਕਰਤਾਰਪੁਰ ਸਾਹਿਬ ਵਿਖੇ ਹੀ ਆਪ ਜੋਤੀ ਜੋਤ ਸਮਾ ਗਏ। ਜੇਕਰ ਵੇਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਨੇ ਕੇਵਲ ਅਧਿਆਤਮਿਕ ਗਿਆਨ ਹੀ ਮਨੁੱਖਤਾ ਨੂੰ ਨਹੀਂ ਦਿੱਤਾ ਬਲਕਿ ਆਰਥਿਕ ਤੇ ਸਮਾਜਿਕ ਵਿਤਕਰੇ ਨੂੰ ਖ਼ਤਮ ਕਰ ਕੇ ਸਮਾਜ ਨੂੰ ਇਕ ਨਵੀਂ ਸੇਧ ਦਿੱਤੀ। ਉਨਾਂ ਨੇ ਮਨੁੱਖਤਾ ਨੂੰ ਸੱਦ ਕਰਮ ਕਰਨ ਅਤੇ 'ਸਭੇ ਸਾਝੀਵਾਲ ਸਦਾਇਨਿ' ਵਾਲਾ ਹੋਕਾ ਦਿੱਤਾ। ਗੁਰੂ ਸਾਹਿਬ ਨੇ ਰਿਸ਼ੀਆਂ ਜੋਗੀਆਂ ਅਤੇ ਸਿੱਧਾਂ ਨੂੰ ਨਾਮ ਦੀ ਕਮਾਈ ਦਾ ਲੋਹਾ ਮਨਵਾਇਆ। ਅਚੱਲ ਬਟਾਲੇ ਦੀ ਘਟਨਾ ਇਸ ਦੀ ਪ੍ਰਤੱਖ ਉਦਾਹਰਨ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਕੀਤਾ ਹੈ। ਸ਼ਿਵਰਾਤਰੀ ਦੇ ਮੇਲੇ ਸਮੇਂ ਸਿੱਧਾਂ ਨੇ ਆਪਣੀ ਹਾਰ ਮੰਨ ਕੇ ਗੁਰੂ ਨਾਨਕ ਦੇ ਅਸੂਲਾਂ ਤੇ ਚੱਲਣਾ ਕਬੂਲ ਕੀਤਾ 'ਤੇ ਕਿਹਾ 'ਸਿਧਿ ਬੋਲਨਿ ਸੁਭ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ'। ਸੱਚਮੁੱਚ ਹੀ ਗੁਰੂ ਨਾਨਕ ਦੇਵ ਜੀ ਦੀ ਕਮਾਈ ਬਹੁਤ ਵੱਡੀ ਹੈ ਜਿਸ ਨੂੰ ਅੱਖਰਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਆਪ ਜੀ ਦੀ ਇਸ ਕਮਾਈ ਨੂੰ ਰਹਿੰਦੀ ਦੁਨੀਆ ਤੱਕ ਲੋਕ ਸ਼ਰਧਾ ਅਤੇ ਪ੍ਰੇਮ ਦੇ ਫੁੱਲ ਅਰਪਣ ਕਰਦੇ ਰਹਿਣਗੇ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਭਾਰਤ ਵਿਚ ਬੱਚਿਆਂ ਦੀ ਹਾਲਤ ਤਰਸਯੋਗ

## ਦਰਸ਼ਨ ਸਿੰਘ ਆਂਸ਼ਟ

ਪ੍ਰੋ. ਮੋਹਨ ਸਿੰਘ ਲਿਖਦਾ ਹੈ, ‘ਬੱਚੇ ਜਿਹੇ ਨਾ ਮੇਵਾ ਡਿੱਠਾ, ਜਿੰਨਾ ਕੱਚਾ ਓਨਾ ਮਿੱਠਾ।’ ਬੱਚੇ ਨੂੰ ਮਨੁੱਖੀ ਫੁਲਵਾੜੀ ਦੇ ਸਭ ਤੋਂ ਖ਼ੂਬਸੂਰਤ ਫੁੱਲ ਨਾਲ ਤੁਲਨਾਇਆ ਜਾਂਦਾ ਹੈ। ਮੁੱਢ ਕਦੀਮ ਤੋਂ ਹੀ ਮਨੁੱਖੀ ਵਿਕਾਸ ਦੀ ਯਾਤਰਾ ਬੱਚੇ ਦੇ ਮਾਧਿਅਮ ਦੁਆਰਾ ਹੀ ਅੱਗੇ ਵਧਦੀ ਆਈ ਹੈ। ਕਿਹਾ ਜਾਂਦਾ ਹੈ ਕਿ ਜਿਸ ਤਰਾਂ ਦੇ ਮਾਹੌਲ ਵਿਚ ਬੱਚੇ ਦੀ ਪਰਵਰਿਸ਼ ਹੁੰਦੀ ਹੈ, ਉਸ ਦੀ ਕੋਮਲ ਮਾਨਸਿਕਤਾ ਉਸ ਮਾਹੌਲ ਦੇ ਪ੍ਰਭਾਵ ਨੂੰ ਗ੍ਰਹਿਣ ਕਰਦੀ ਹੈ। ਵਿਸ਼ਵ ਦੇ ਤਮਾਮ ਸਿੱਖਿਆ ਸ਼ਾਸਤਰੀਆਂ, ਮਨੋਵਿਗਿਆਨੀਆਂ, ਬਾਲ ਸਾਹਿਤ ਲਿਖਾਰੀਆਂ, ਚਿੰਤਕਾਂ ਅਤੇ ਬੱਚਿਆਂ ਪ੍ਰਤੀ ਸੰਵੇਦਨਸ਼ੀਲ ਹੋਰ ਬਹੁਪੱਖੀ ਧਿਰਾਂ ਦੀ ਸਰਬਸਾਂਝੀ ਧਾਰਣਾ ਇਹ ਹੈ ਕਿ ਬੱਚੇ ਦੀ ਮਾਨਸਿਕਤਾ ਰੂਪੀ ਕੋਰੀ ਸਲੇਟ ਉੱਪਰ ਜੋ ਇਕ ਵਾਰ ਉੱਕਰ ਦਿੱਤਾ ਜਾਂਦਾ ਹੈ, ਉਸ ਦਾ ਅਸਰ ਤਾ-ਉਮਰ ਰਹਿੰਦਾ ਹੈ।

ਸੰਯੁਕਤ ਰਾਸ਼ਟਰ ਸੰਘ ਨੇ ਆਪਣੀ ਸਥਾਪਨਾ ਤੋਂ ਕੁਝ ਸਮੇਂ ਬਾਅਦ ਵਿਸ਼ਵ ਦੇ ਵੱਖ-ਵੱਖ ਮੁਲਕਾਂ ਨੂੰ ਇਹ ਸੁਝਾਅ ਦਿੱਤਾ ਸੀ ਕਿ ਬੱਚਿਆਂ ਦੀਆਂ ਵਿਆਪਕ ਸਮੱਸਿਆਵਾ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਸਾਲ ਵਿਚ ਕੋਈ ਵਿਸ਼ੇਸ਼ ਦਿਨ ਉਨਾਂ ਨੂੰ ਸਮਰਪਿਤ ਕੀਤਾ ਜਾਣਾ ਚਾਹੀਦਾ ਹੈ। ਸੰਘ ਦੀ ਇਸ ਅਪੀਲ ਦੇ ਮੱਦੇਨਜ਼ਰ ਭਾਰਤ ਨੇ ਵੀ ਇਸ ਸੁਝਾਅ ਨੂੰ ਸਵੀਕਾਰ ਕੀਤਾ। ਵਿਸ਼ਵ ਦੇ ਕਈ ਦੇਸ਼ਾਂ ਨੇ ਪਹਿਲੀ ਵਾਰ 5 ਨਵੰਬਰ, 1984 ਦੇ ਦਿਨ ਨੂੰ ‘ਫੁੱਲ ਦਿਵਸ’ ਮਨਾਉਣ ਦਾ ਵੀ ਐਲਾਨ ਕੀਤਾ।

ਭਾਰਤ ਵਿਚ ਬੱਚਿਆਂ ਦੀ ਹਾਲਤ ਵੇਖੀ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਬੱਚਿਆਂ ਪ੍ਰਤੀ ਸਾਡਾ ਨਜ਼ਰੀਆ ਉਦਾਰਤਾ ਵਾਲਾ ਨਹੀਂ ਹੈ। ਆਰਥਿਕ ਦ੍ਰਿਸ਼ਟੀਕੋਣ ਤੋਂ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਬਾਲ ਵਿਰੋਧੀ ਕਾਰਵਾਈਆਂ ਜਾਂ ਵਿਹਾਰ ਉਨਾਂ ਨੂੰ ਸਮਾਜਿਕ ਹਾਸ਼ੀਏ ਤੋਂ ਬਾਹਰ ਧੱਕ ਰਹੇ ਹਨ। ਭਾਰਤ ਵਿਚ ਬਾਲ ਮਜ਼ਦੂਰੀ ਦੀ ਤ੍ਰਾਸਦੀ ਹੰਢਾਅ ਰਹੇ ਲਗਭਗ 10 ਕਰੋੜ ਭਾਰਤੀ ਬੱਚਿਆਂ ਨੂੰ ਅਕਸਰ ਢਾਬਿਆਂ, ਹੋਟਲਾਂ, ਵੱਡੀਆਂ ਕੋਠੀਆਂ, ਰੇਹੜੀਆਂ, ਸੜਕਾਂ, ਕੋਇਲੇ ਦੀਆਂ ਖਾਣਾਂ, ਭੱਠਿਆਂ ਆਦਿ ਉੱਪਰ ਅਕਸਰ ਕੰਮ ਕਰਦੇ ਵੇਖਿਆ ਜਾ ਸਕਦਾ ਹੈ। ਭਾਵੇਂ ਕੇਂਦਰ ਸਰਕਾਰ ਦੇ ਕਿਰਤ ਅਤੇ ਰੋਜ਼ਗਾਰ ਮੰਤਰਾਲੇ ਵਲੋਂ ਇਨਾਂ ਬਾਲਾਂ ਨੂੰ ਮਜ਼ਦੂਰੀ ਦੇ ਜੂਲੇ ਹੇਠੋਂ ਕੱਢ ਕੇ ਉਨਾਂ ਲਈ ਮੁੜ ਵਸੇਬੇ ਦੀਆਂ ਯੋਜਨਾਵਾਂ ਵੀ ਉਲੀਕੀਆਂ ਜਾਂਦੀਆਂ ਹਨ ਪ੍ਰੰਤੂ ਕਈ ਪ੍ਰਾਂਤਾਂ ਵਿਚ ਬਾਲ ਮਜ਼ਦੂਰਾਂ ਦੀ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਸੁਪਨਿਆਂ ਦੇ ਧੁਆਂਖੇ ਜਾਣ ਕਾਰਨ ਇਨਾਂ ਬੱਚਿਆਂ ਵਿਚ ਨਿਰਾਸਤਾ, ਵਿਦਰੋਹ ਜਾਂ ਰੋਗੀ ਭਾਵਨਾਵਾਂ ਪੈਦਾ ਹੋ ਰਹੀਆਂ ਹਨ ਜੋ ਉਨਾਂ ਨੂੰ ਗ਼ਲਤ ਰਾਹ ’ਤੇ ਤੁਰਨ ਲਈ ਮਜਬੂਰ ਕਰ ਰਹੀਆਂ ਹਨ। ਇਸ ਵਿਚ ਮਾਨਸਿਕ ਅਤੇ ਸਰੀਰਕ ਸ਼ੋਸ਼ਣ, ਪਰਿਵਾਰਕ ਸਮੱਸਿਆਵਾਂ, ਵਿਚਾਰਕ ਗੁੰਝਲਾਂ, ਬੇਰੁਜ਼ਗਾਰੀ ਅਤੇ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਆਦਿ ਕਾਰਕ ਜ਼ਿੰਮੇਵਾਰ ਹਨ। ਹਾਲ ਵਿਚ ਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਵਲੋਂ ਪ੍ਰਾਪਤ ਹੋਏ ਅੰਕੜਿਆਂ ਦੇ ਹਵਾਲੇ ਨਾਲ ਸਾਲ 2020 ਵਿਚ ਭਾਰਤ ਵਿਚ 11396 ਬੱਚਿਆਂ ਵਲੋਂ ਆਤਮ-ਹੱਤਿਆ ਦੇ ਕੇਸ ਸਾਹਮਣੇ ਆਏ ਹਨ, ਜਿਨਾਂ ਵਿਚ 6004 ਲੜਕੀਆਂ ਅਤੇ 5392 ਲੜਕੇ ਹਨ। ਇਹ ਰੁਝਾਨ ਸਾਲ 2019 ਵਿਚ ਬੱਚਿਆਂ ਵਲੋਂ ਕੀਤੀਆਂ ਆਤਮ-ਹੱਤਿਆਵਾਂ ਦੇ ਮੁਕਾਬਲੇ 18 ਫੀਸਦੀ ਵੱਧ ਹੈ।



ਪੂੰਜੀਵਾਦੀ ਵਿਵਸਥਾ ਦਾ ਅਜਗਰ ਬੱਚਿਆਂ ਨੂੰ ਨਿਗਲ ਰਿਹਾ ਹੈ। ਬੱਚਿਆਂ ਦੀ ਤਸਕਰੀ ਸਮਾਜ ਦੇ ਮੱਥੇ ਉੱਪਰ ਕਲੰਕ ਹੈ। ਦਿੱਲੀ ਅਤੇ ਹੋਰ ਮਹਾਂਨਗਰਾਂ ਵਿਚੋਂ ਵੱਡੀ ਤਾਦਾਦ ਵਿਚ ਉਨਾਂ ਨੂੰ ਅਗਵਾ ਕਰਕੇ ਬੰਧੂਆ ਮਜ਼ਦੂਰ ਜਾਂ ਭਿਖਾਰੀ ਹੀ ਨਹੀਂ ਬਣਾਇਆ ਜਾਂਦਾ ਸਗੋਂ ਉਨਾਂ ਨੂੰ ਜਿਸਮ-ਫ਼ਰੋਸ਼ੀ ਦੇ ਘੋਰ ਹਨੇਰੇ ਵਿਚ ਵੀ ਧੱਕ ਦਿੱਤਾ ਜਾਂਦਾ ਹੈ। ਅਜਿਹੇ ਬੱਚਿਆਂ ਦੇ ਹੱਕਾਂ ਦੀ ਰਖਵਾਲੀ ਲਈ ਆਵਾਜ਼ ਬੁਲੰਦ ਕਰਨ ਵਾਲੇ ਮੱਧ ਪ੍ਰਦੇਸ ਦੇ ਸਮਾਜਸੇਵੀ ਕੈਲਾਸ਼ ਸਤਿਆਰਥੀ ਅਤੇ ਬੱਚਿਆਂ ਦੀ ਸਿੱਖਿਆ ਦੇ ਹੱਕ ਵਿਚ ਡਟਣ ਲਈ ਭਾਰੀ ਕੀਮਤ ਚੁਕਵਾਉਣ ਵਾਲੀ ਪਾਕਿਸਤਾਨੀ ਮੁਸਲਿਮ ਲੜਕੀ ਮਲਾਲਾ ਯੂਸਫ਼ਜ਼ੇਈ ਦਾ ਜ਼ਿਕਰ ਵਿਸ਼ੇਸ਼ ਤੌਰ ’ਤੇ ਜ਼ਿਕਰਯੋਗ ਹੈ। ਜਦੋਂ ਦੋਵਾਂ ਨੂੰ ਸਾਂਝੇ ਰੂਪ ਵਿਚ ਸਾਲ 2014 ਦਾ ਨੋਬਲ ਸ਼ਾਂਤੀ ਪੁਰਸਕਾਰ ਪ੍ਰਦਾਨ ਕਰਨ ਦਾ ਨਿਰਣਾ ਲਿਆ ਗਿਆ ਸੀ ਤਾਂ ਵਿਸ਼ਵ ਦਾ ਧਿਆਨ ਇਨਾਂ ਵੱਲ ਖਿੱਚਿਆ ਗਿਆ ਸੀ। ਸਤਿਆਰਥੀ ਨੇ ਭਾਰਤ ਦੇ 80,000 ਬਾਲਕਾਂ ਨੂੰ ਬਾਲ ਮਜ਼ਦੂਰੀ ਦੀ ਜ਼ਿੱਲਤ ਵਿਚੋਂ ਬਾਹਰ ਕੱਢ ਕੇ ਉਨਾਂ ਦੇ ਚਿਹਰਿਆਂ ਉੱਪਰ ਮੁਸਕਾਨ ਲਿਆਂਦੀ, ਜਿਸ ਤੋਂ ਪ੍ਰਭਾਵਿਤ ਹੋ ਕੇ ਸੰਯੁਕਤ ਰਾਸ਼ਟਰ ਦੇ ਤਤਕਾਲੀ ਮੁਖੀ ਬਾਨ ਕੀ ਮੂਨ ਨੇ ਇਨਾਂ ਦੋਵਾਂ ਜਣਿਆਂ ਨੂੰ ‘ਵਿਸ਼ਵ ਦੇ ਦੱਬੇ ਕੁਚਲੇ ਬੱਚਿਆਂ ਦੇ ਸਰਬੋਤਮ ਚੈਂਪੀਅਨ’ ਦਾ ਖ਼ਿਤਾਬ ਵੀ ਪ੍ਰਦਾਨ ਕੀਤਾ ਅਤੇ ਸਮਾਜਿਕ ਸੰਸਥਾਵਾਂ ਨੂੰ ਬੱਚਿਆਂ ਪ੍ਰਤੀ ਵਧੇਰੇ ਤਵੱਜੋ ਦੇਣ ਦੀ ਅਪੀਲ ਵੀ ਕੀਤੀ।

### ਬਾਲ ਮਨੋਵਿਗਿਆਨ

ਵਿਸ਼ਵ ਵਿਚ ਵਾਪਰਦੀਆਂ ਕੁਦਰਤੀ ਜਾਂ ਗ਼ੈਰ ਕੁਦਰਤੀ ਤਬਦੀਲੀਆਂ ਵੀ ਬਾਲ ਮਾਨਸਿਕਤਾ ਉੱਪਰ ਡੂੰਘਾ ਅਸਰ ਪਾਉਂਦੀਆਂ ਰਹੀਆਂ ਹਨ। ਇਸ ਦੀ ਤਾਜ਼ਾ ਮਿਸਾਲ ਕੋਰੋਨਾ ਮਹਾਂਮਾਰੀ ਹੈ, ਜਿਸ ਨੇ ਲੰਮਾ ਅਰਸਾ ਸਕੂਲ ਬੰਦ ਰਹਿਣ ਅਤੇ ਸਮਾਜਿਕ ਇਕਾਂਤਵਾਸ ਕਾਰਨ ਬੱਚਿਆਂ ਦੀ ਮਾਸੂਮੀਅਤ ਅਤੇ ਕੋਮਲ ਮਾਨਸਿਕਤਾ ਨੂੰ ਵਲੂੰਧਰਿਆ ਹੈ। ਇਸ ਸਿਲਸਿਲੇ ਵਿਚ ਦਹਿਸ਼ਤ ਕਾਰਨ ਜੋ ਹੈਰਾਨੀਜਨਕ ਅਤੇ ਚਿੰਤਾਜਨਕ ਸਰਕਾਰੀ ਅੰਕੜੇ ਅਤੇ ਤੱਥ ਸਾਹਮਣੇ ਆਏ ਹਨ, ਉਨਾਂ ਅਨੁਸਾਰ ਦੇਸ਼ ਵਿਚ ਸਾਲ 2020 ਦੌਰਾਨ ਰੋਜ਼ਾਨਾ 31 ਬੱਚਿਆਂ ਨੇ ਆਤਮ-ਹੱਤਿਆ ਕੀਤੀ ਹੈ, ਜਿਸ ਦਾ ਬੁਨਿਆਦੀ ਕਾਰਨ ਕੋਰੋਨਾ ਮਹਾਂਮਾਰੀ ਹੀ ਹੈ। ਦੂਜੇ ਪਾਸੇ ਲਾਕਡਾਊਨ ਦੌਰਾਨ ਜਦੋਂ ਸਕੂਲ ਬੰਦ ਹੋਏ ਤਾਂ ਉਨਾਂ ਲਈ ਸੋਸ਼ਲ ਮੀਡੀਆ ਦੇ ਇਕ ਮਹੱਤਵਪੂਰਨ ਮਾਧਿਅਮ ਵਜੋਂ ਆਨਲਾਈਨ ਸਿੱਖਿਆ ਗ੍ਰਹਿਣ ਕਰਨਾ ਸੀ ਪ੍ਰੰਤੂ ਵਿਸ਼ੇਸ਼ ਕਰਕੇ ਪਿੰਡਾਂ ਵਿਚ ਰਹਿਣ ਵਾਲੇ ਲੱਖਾਂ ਸਕੂਲੀ ਵਿਦਿਆਰਥੀਆਂ ਲਈ ਇਹ ਪ੍ਰਣਾਲੀ ਬਹਤ ਜ਼ਿਆਦਾ ਕਾਰਗਰ ਜਾਂ ਉਪਯੋਗੀ ਇਸ ਕਰਕੇ ਨਹੀਂ ਰਹੀ ਹੈ ਕਿਉਂਕਿ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਲਈ ਕੰਪਿਊਟਰ ਜਾਂ ਮੋਬਾਈਲ ਆਦਿ ਬਿਜਲਈ ਮਾਧਿਅਮਾਂ ਦੀ ਸਹੂਲਤ ਨਹੀਂ ਸੀ, ਜਿਸ ਕਰਕੇ ਵੱਡੀ ਗਿਣਤੀ ਵਿਚ ਗ਼ਰੀਬ ਵਿਦਿਆਰਥੀ ਇਸ ਪ੍ਰਣਾਲੀ ਨਾਲ ਜੁੜ ਕੇ ਪੂਰਾ ਲਾਭ ਪ੍ਰਾਪਤ ਨਹੀਂ ਕਰ ਸਕੇ।

ਬੱਚਿਆਂ ਦਾ ਸਰੀਰਕ ਸ਼ੋਸ਼ਣ ਵੀ ਬਚਪਨ ਦੀ ਹਰੀ ਭਰੀ ਕਿਆਰੀ ਨੂੰ ਬੁਰੀ ਤਰਾਂ ਮਿੱਧ ਰਿਹਾ ਹੈ। ਆਏ ਦਿਨ ਮਾਸੂਮਾਂ ਨਾਲ ਹੁੰਦੇ ਯੌਨ ਸ਼ੋਸ਼ਣ ਦੀਆਂ ਘਟਨਾਵਾਂ ਵਿਚ ਹੋ ਰਿਹਾ ਵਾਧਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਸਾਡਾ ਸਮਾਜ ਇਨਾਂ ਕੋਮਲ ਫੁੱਲਾਂ ਦੀ ਰਖਵਾਲੀ ਪ੍ਰਤੀ ਕਿੰਨਾ ਕੁ ਸਜਗ ਅਤੇ ਸੰਜੀਦਾ ਹੈ। ਅਜਿਹੀ ਹਾਲਤ ਵਿਚ ਪ੍ਰਸਿੱਧ ਕਵੀ ਰਾਜੇਸ਼ ਰੈੱਡੀ ਦਾ ਇਹ ਸ਼ਿਅਰ ਉਸ ਮਾਸੂਮ ਬੱਚੇ ਦੀ ਆਵਾਜ਼ ਬਣ ਕੇ ਫ਼ਿਜ਼ਾ ਵਿਚ ਫ਼ੈਲ ਜਾਂਦਾ ਹੈ ਜੋ ਵੱਡਿਆਂ ਦੀ ਦੁਨੀਆ ਦੇਖ ਕੇ ਸਹਿਮਿਆ ਸਹਿਮਿਆ ਰਹਿੰਦਾ ਹੈ :

ਮੇਰੇ ਦਿਲ ਕੇ ਕਿਸੀ ਕੋਨੇ ਮੇਂ, ਏਕ ਮਾਸੂਮ ਸਾ ਬੱਚਾ
ਬੜੋਂ ਕੀ ਦੇਖਕਰ ਦੁਨੀਆ, ਬੜਾ ਹੋਨੇ ਸੇ ਡਰਤਾ ਹੈ।

ਬਾਲ ਮਨ ਚੰਚਲ ਹੁੰਦਾ ਹੈ। ਉਹ ਸਮਾਜ ਵਿਚ ਵਾਪਰਦੇ ਹਰ ਵਰਤਾਰੇ, ਸ਼ੈਅ, ਰੁਝਾਨ ਜਾਂ ਹਾਲਤਾਂ ਨੂੰ ਗਹੁ ਨਾਲ ਵਾਚਦਾ ਰਹਿੰਦਾ ਹੈ। ਸੋਸ਼ਲ ਮੀਡੀਆ ਨੇ ਬਚਪਨ ਨੂੰ ਹੱਦ ਤੋਂ ਵੀ ਪਰੇ ਆਪਣੀ ਗ੍ਰਿਫ਼ਤ ਵਿਚ ਜਕੜਿਆ ਹੋਇਆ ਹੈ। ਇੰਟਰਨੈੱਟ ਅਤੇ ਮੋਬਾਈਲ ਰਾਹੀਂ ਗ਼ਲਤ ਸਾਈਟਾਂ ਦਾ ਪ੍ਰਚਾਰ ਪ੍ਰਸਾਰ ਹੈ। ਬੱਚਿਆਂ ਦੀ ਮਾਨਸਿਕਤਾ ਨੂੰ ਟੈਲੀਵਿਜ਼ਨ ਦੇ ਵੱਖ-ਵੱਖ ਚੈਨਲਾਂ ਜਾਂ ਪ੍ਰੋਗਰਾਮਾਂ ਨੇ ਵੀ ਆਪਣੀ ਜਕੜ ਵਿਚ ਲਿਆ ਹੋਇਆ ਹੈ। ਅਸ਼ਲੀਲ ਫ਼ਿਲਮਾਂ ਅਤੇ ਸੈਕਸ ਟੁਆਇਜ਼ ਦੀ ਮੰਡਲੀ ਅੰਦਰਖ਼ਾਤੇ ਹੋਰ ਵਿਕਸਿਤ ਹੋ ਰਹੀ ਹੈ। ਉਸਾਰੂ ਪ੍ਰੋਗਰਾਮਾਂ ਜਾਂ ਚੈਨਲਾਂ ਦੀ ਬਜਾਏ ਪਬਜੀ ਅਤੇ ਕੁਝ ਹੋਰ ਖ਼ਤਰਨਾਕ ਕਾਰਟੂਨਾਂ ਅਤੇ ਵੀਡੀਓ ਖੇਡਾਂ ਨੇ ਕਿੰਨੇ ਬੱਚਿਆਂ ਦੀ ਬਲੀ ਲਈ ਹੈ ਜਾਂ ਜ਼ਖ਼ਮੀ ਕੀਤਾ ਹੈ, ਇਹ ਤੱਥ ਵੀ ਲੁਕੇ-ਛਿਪੇ ਨਹੀਂ ਹਨ। ਪੱਛਮੀ ਮੁਲਕ ਆਪਣੇ ਬੱਚਿਆਂ ਦੇ ਮਨੋਰੰਜਨ ਸਾਧਨਾਂ ਪੱਖੋਂ ਸਾਵਧਾਨ ਹਨ ਅਤੇ ਜ਼ਿੰਮੇਵਾਰ ਵੀ। ਬਾਕੀ ਸਫ਼ਾ 30 ’ਤੇ

# ਕਿੱਕਰੇ ਨੀ ਕੰਡਿਆਲੀਏ





## ਮਾਸਟਰ ਸੰਜੀਵ ਧਰਮਾਣੀ

੯੪੭੮੫੬੧੩੫੬

ਕਿੱਕਰ ਇੱਕ ਵਿਰਾਸਤੀ ਰੁੱਖ ਹੈ। ਕਿੱਕਰ ਦਾ ਸਬੰਧ ਸਾਡੀ ਜੀਵਨ-ਸ਼ੈਲੀ, ਰੀਤੀ-ਰਿਵਾਜ਼ਾਂ, ਕੰਮ-ਧੰਦਿਆਂ ਤੇ ਸੱਭਿਆਚਾਰ ਨਾਲ ਰਿਹਾ ਹੈ। ਕਿੱਕਰ ਨੂੰ ਚਮਕੀਲੇ ਪੀਲੇ ਮਿੱਠੀ-ਮਿੱਠੀ ਸੁਗੰਧ ਵਾਲੇ ਫੁੱਲ ਜੁਲਾਈ ਤੋਂ ਨਵੰਬਰ ਤੱਕ ਲੱਗਦੇ ਹਨ। ਕਿੱਕਰ ਦੇ ਪੱਤੇ ਪਹਿਲਾਂ ਹਰੇ ਤੇ ਫਿਰ ਲਾਲ ਹੋ ਜਾਂਦੇ ਹਨ। ਕਿੱਕਰ ਦੇ ਪਿਆਰੇ ਫੁੱਲਾਂ ਬਾਰੇ ਇੱਕ ਲੋਕ ਗੀਤ ਵੀ ਹੈ :- ‘ਨੀਂ ਵੀਰ ਮੇਰਾ ਫੁੱਲ ਵਰਗਾ, ਭਾਬੋ ਚੰਦਰੀ ਕਿੱਕਰ ਦਾ ਝਾਫਾ ।’

ਕਿੱਕਰ ਨੂੰ ਤਿੱਖੀਆਂ-ਲੰਬੀਆਂ ਸੂਲ਼ਾਂ ਲੱਗਦੀਆਂ ਹਨ। ਇਸ ਰੁੱਖ ਦੇ ਫਲਾਂ ਨੂੰ ‘ਤੁੱਕੇ’ ਆਖਿਆ ਜਾਂਦਾ ਹੈ, ਜੋ ਬੱਕਰੀਆਂ ਤੇ ਮੇਮਣਿਆਂ ਆਦਿ ਦਾ ਖ਼ਾਸ ਪਸੰਦੀਦਾ ਭੋਜਨ ਹੁੰਦਾ ਹੈ। ਲੋਕ ‘ਤੁੱਕਿਆਂ ਦਾ ਆਚਾਰ’ ਵੀ ਬਣਾਉਂਦੇ ਹਨ। ਇਸ ਦੇ ਦਰੱਖਤਾਂ ਵਿੱਚੋਂ ਮਾਰਚ-ਮਈ ਦੌਰਾਨ ਗਾੜ੍ਹਾ ਗੂੰਦ ਵੀ ਨਿਕਲਦਾ ਹੈ। ਇਹ ਗੂੰਦ ਕੱਪੜੇ ’ਤੇ ਛਪਾਈ ਰੰਗਾਈ ਅਤੇ ਰੇਸ਼ਮੀ ਤੇ ਸੂਤੀ ਕੱਪੜਿਆਂ ਉੱਪਰ ਚਰਖ ਚੜਾਉਣ ਦੇ ਕੰਮ ਆਉਂਦਾ ਹੁੰਦਾ ਸੀ। ਕਿੱਕਰ ਦਾ ਸੱਕ ਮੂੰਹ ਮਸੂੜਿਆਂ ਦੇ ਰੋਗਾਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਸੀ। ਕਿੱਕਰ ਦੀ ਦਾਤਣ ਦਾ ਕੋਈ ਸਾਨੀ ਨਹੀਂ। ਇਸ ਦੀਆਂ ਕੱਚੀਆਂ ਫਲੀਆਂ ਦਾ ਰਸ ਰੰਗ-ਰੂਪ ਨਿਖਾਰਨ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ। ਕਿੱਕਰ ਦੇ ਝਾਫੇ ਖੇਤ ਦੀਆਂ ਵਾੜਾਂ ਕਰਨ ਦੇ ਕੰਮ ਆਉਂਦੇ ਸਨ। ਇਸ ਰੁੱਖ ਦੀ ਲੱਕੜ ਤੋਂ ਚੁਗਾਠਾਂ, ਬਾਲੇ, ਸ਼ਤੀਰੀਆਂ ਤੇ ਹੋਰ ਫਰਨੀਚਰ ਬਣਾਇਆ ਜਾਂਦਾ ਰਿਹਾ ਹੈ। ਪੰਜਾਬ ਵਿੱਚ ਕਿੱਕਰ ਦਾ ਰੁੱਖ ਬਹੁਤ ਉੱਗਦਾ ਸੀ। ਕਿੱਕਰ ਦੀ ਲੱਕੜ ਤੋਂ ਖੇਤੀਬਾੜੀ ਦੇ ਜ਼ਰੂਰੀ ਔਜ਼ਾਰ ਬਣਾਏ ਜਾਂਦੇ ਸਨ। ਪੁਰਾਣੇ ਸਮਿਆਂ ਵਿੱਚ ਵਿਆਹਾਂ ਵਿੱਚ ਜੰਞ ਬੰਨਣ ਦਾ ਰਿਵਾਜ ਸੀ। ਦੁਪਹਿਰ ਦੀ ਰੋਟੀ ਜਾਂਞੀਆਂ ਨੂੰ ਵਰਤਾਉਣ ਤੋਂ ਬਾਅਦ ਮੇਲਣਾਂ ਗੀਤ ਗਾ ਕੇ ਜਾਂਞੀਆਂ ਨੂੰ ਰੋਟੀ ਖਾਣ ਤੋਂ ਵਰਜਿਤ ਕਰ ਦਿੰਦੀਆਂ ਸਨ। ਇਸ ਰਸਮ ਨੂੰ ‘ਜੰਞ-ਬੰਨਣਾ’ ਆਖਦੇ ਸਨ :-

‘ਕਿੱਕਰਾਂ ਦੇ ਟਾਹਣੇ ਬੰਨਾਂ,
ਜਾਨੀਆਂ ਦੇ ਖਾਣੇ ਬੰਨਾਂ,
ਬੰਨਾਂ ਸਾਰੀ ਜੰਞ ਜੀ,
ਹੁਣ ਕਿਉਂ ਨਹੀਂ ਬੋਲਦੇ,
ਕਿਉਂ ਹੋ ਗਏ ਬੰਦ ਜੀ ?’

ਬਰਾਤੀਆਂ ਨੂੰ ਸਿੱਠਣੀਆਂ ਦੇਣ, ਵਿਆਹ ਤੋਂ ਬਾਅਦ ਸਖੀਆਂ ਸਹੇਲੀਆਂ ਦੀ ਯਾਦ, ਪੇਕੇ ਘਰ ਪਤੀ ਦੇ ਵਿਛੋੜੇ ਦੀ ਟੀਸ ਤੇ ਚਰਖੇ ਦੇ ਦੁੱਖੜੇ ਦੱਸਣ ਸਮੇਂ ਕਿੱਕਰ ਦੇ ਰੁੱਖ ਦਾ ਜ਼ਿਕਰ ਆਮ ਹੀ ਕੀਤਾ ਜਾਂਦਾ ਸੀ :-

‘ਕਿੱਕਰੇ ਨੀ ਕਿਉਂ ਸੁੱਕ ਗਈ,
ਲੰਮੇ-ਲੰਮੇ ਗੱਭਰੂ ਛੈਲ ਜਵਾਨ,
ਬਹਿ-ਬਹਿ ਦਾਤਣ ਕਰਦੇ,
ਨੀ ਕਿਉਂ ਸੁੱਕ ਗਈ,
ਕਿੱਕਰੇ ਨੀ ਕਿਉਂ ਸੁੱਕ ਗਈ,
ਨੀਂ ਕਿਉਂ ਸੁੱਕ ਗਈ,
ਕਿੱਕਰੇ ਨੀ ਕਿਉਂ ਸੁੱਕ ਗਈ ?’




# ਸਾਡੇ ਰਿਸ਼ਤੇ ਕਿਉਂ ਤਿੜਕ ਰਹੇ ਨੇ ?

**ਸਤਿਨਾਮ ਸਿੰਘ**

ਮਨੁੱਖ ਜਾਤੀ ਨੇ ਧਰਤੀ, ਅਕਾਸ਼, ਪਤਾਲ ਆਦਿ ਹਰ ਖੇਤਰ ਵਿਚ ਆਪਣੀਆਂ ਬੁਲੰਦੀਆਂ ਦਾ ਲੋਹਾ ਮੰਨਵਾ ਰੱਖਿਆ ਹੈ। ਪਰ ਅਫ਼ਸੋਸ! ਕਿ ਮਨੁੱਖ ਆਪਣੇ ਨਿੱਜੀ ਰਿਸ਼ਤਿਆਂ ਪ੍ਰਤੀ ਬਹੁਤ ਕੰਗਾਲ ਹੋ ਰਿਹਾ ਹੈ। ਮਨੁੱਖੀ ਰਿਸ਼ਤੇ ਨਿਘਾਰ ਵੱਲ ਨੂੰ ਜਾ ਰਹੇ ਹਨ। ਰਿਸ਼ਤਿਆਂ ਦੀ ਡੋਰ ਦੀਆਂ ਜੋ ਗੰਢਾਂ ਕੱਸ ਕੇ ਬੱਝੀਆਂ ਹੋਈਆਂ ਸਨ, ਉਹ ਦਿਨ ਪ੍ਰਤੀ ਦਿਨ ਢਿੱਲੀਆਂ ਹੋ ਰਹੀਆਂ ਹਨ। ਡਰ ਹੈ ਕਿ ਢਿੱਲੀਆਂ ਹੁੰਦੀਆਂ-ਹੁੰਦੀਆਂ ਇਹ ਖੁੱਲ ਹੀ ਨਾ ਜਾਣ? ਜਿਸ ਨਾਲ ਬਹੁਤ ਸਾਰੇ ਰਿਸ਼ਤੇ ਖ਼ਤਮ ਹੋ ਜਾਣਗੇ।

ਪਹਿਲਾਂ ਸਾਡੇ ਰਹਿਣ-ਸਹਿਣ, ਮਿਲਣ-ਵਰਤਣ ਦੀ ਸਮਾਜਿਕ ਜੀਵਨ ਸ਼ੈਲੀ ਸਾਂਝੇ ਪਰਿਵਾਰਾਂ ਦੀ ਹੁੰਦੀ ਸੀ। ਪਰਿਵਾਰ ਦੇ ਕਿਸੇ ਵੱਡੇ ਜੀਅ ਜਾਂ ਸਿਆਣੇ ਨੂੰ ਪਰਿਵਾਰਕ ਮੁਖੀ ਮੰਨਿਆ ਜਾਂਦਾ ਸੀ। ਹਰੇਕ ਨਿੱਕਾ-ਵੱਡਾ ਜੀਅ ਉਸ ਦੇ ਲਏ ਗਏ ਫ਼ੈਸਲਿਆਂ ਉੱਪਰ ਫੁੱਲ ਚੜਾਉਂਦਾ ਸੀ। ਬੱਚਿਆਂ ਨੂੰ ਉਨਾ ਡਰ ਆਪਣੇ ਮਾਂ-ਪਿਉ ਦਾ ਨਹੀਂ ਹੁੰਦਾ ਸੀ, ਜਿੰਨਾ ਆਪਣੇ ਚਾਚਿਆਂ ਜਾਂ ਤਾਇਆਂ ਕੋਲੋਂ ਹੁੰਦਾ ਸੀ। ਮਾਵਾਂ ਅਕਸਰ ਆਪਣੇ ਲਾਡਲਿਆਂ ਨੂੰ ਸਮਝਾਉਣ ਸਮੇਂ ਚਾਚੇ ਜਾਂ ਮਾਮੇ ਦਾ ਡਰ ਦਿਆ ਕਰਦੀਆਂ ਸਨ। ਦਰਾਣੀਆਂ-ਜਠਾਣੀਆਂ ਦਾ ਆਪਸੀ ਇਕੱਠ ਹੁੰਦਾ ਸੀ। ਹਰੇਕ ਕੰਮ ਰਲ-ਮਿਲ ਕੇ ਕਰ ਲਿਆ ਜਾਂਦਾ ਸੀ। ਨੂੰਹਾਂ ਦੁਆਰਾ ਆਪਣੀ ਸੱਸ ਦੇ ਰੋਅਬ ਨੂੰ ਪੂਰੀ ਤਰਾਂ ਮੰਨਿਆ ਅਤੇ ਝੱਲਿਆ ਜਾਂਦਾ ਸੀ। ਫਿਰ ਵੀ ਉਨਾਂ ਦੀ ਜ਼ੁਬਾਨ ਬੀਜੀ-ਬੀਜੀ ਕਰਦੀਆਂ ਦੀ ਨਹੀਂ ਸੀ ਥੱਕਦੀ ਹੁੰਦੀ। ਘਰ ਆਏ ਭੂਆ-ਫੁੱਫੜ ਦਾ ਪੂਰਾ ਇੱਜ਼ਤ-ਮਾਣ ਹੁੰਦਾ ਸੀ। ਕੋਈ ਵੀ ਪਰਿਵਾਰਕ ਝਗੜਾ ਜਾਂ ਤਕਰਾਰ ਹੁੰਦਾ ਸੀ ਤਾਂ ਸਭ ਤੋਂ ਪਹਿਲਾਂ ਫੁੱਫੜ ਨੂੰ ਹੀ ਸੱਦਿਆ ਜਾਂਦਾ ਸੀ। ਭੂਆ ਨੂੰ ਵੀ ਉਸ ਦੀਆਂ ਭਾਬੀਆਂ ਭੈਣ ਜੀ, ਭੈਣ ਜੀ ਕਰਦੀਆਂ ਥੱਕਦੀਆਂ ਨਹੀਂ ਹੁੰਦੀਆਂ ਸਨ। ਮਾਸੀ ਦਾ ਰਿਸ਼ਤਾ ਮਾਂ ਦਾ ਹੀ ਦੂਜਾ ਰੂਪ ਹੁੰਦਾ ਸੀ। ਮਾਸੀਆਂ ਦੇ ਆਉਣ ਤੇ ਭਨੇਵੇਂ-ਭਨੇਵੀਆਂ ਖੁਸ਼ੀ ਨਾਲ ਖੀਵੇ ਹੋਏ ਫਿਰਦੇ ਹੁੰਦੇ ਸਨ। ਇਹ ਆਪਣਾਪਨ ਇਥੇ ਹੀ ਖ਼ਤਮ ਨਹੀਂ ਸੀ ਹੋ ਜਾਂਦਾ, ਸਗੋਂ ਇਨਾਂ ਭਤੀਜੇ-ਭਤੀਜੀਆਂ, ਭਨੇਵੇਂ-ਭਨੇਵੀਆਂ ਦੇ ਰਿਸ਼ਤੇ ਅਤੇ ਵਿਆਹ ਵੀ ਇਨਾਂ ਮਾਮੇ, ਮਾਸੀਆਂ ਅਤੇ ਭੂਆ-ਫੁੱਫੜ ਦੀ ਸਲਾਹ ਨਾਲ ਕੀਤੇ ਜਾਂਦੇ ਸਨ। ਇਸ ਤਰਾਂ ਹਰੇਕ ਰਿਸ਼ਤੇ ਲਈ ਸਭ ਦੇ ਮਨਾਂ ਵਿਚ ਪਿਆਰ-ਸਤਿਕਾਰ ਹੁੰਦਾ ਸੀ। ਦੁੱਖ ਨਾਲ ਲਿਖਣਾ ਪੈ ਰਿਹਾ ਹੈ, ਅੱਜ ਇਹ ਸਭ ਕੁਝ ਖਤਮ ਹੋ ਰਿਹਾ ਹੈ। ਬਹੁਤ ਸਾਰੇ ਰਿਸ਼ਤਿਆਂ ਦੇ ਨਾਵਾਂ ਨੂੰ ਦੋ ਸ਼ਬਦਾਂ ਭਾਵ 'ਅੰਕਲ-ਆਂਟੀ' ਨੇ ਖਾ ਲਿਆ ਹੈ। ਅੱਜ ਪਰਿਵਾਰ ਵਿਚ ਵੀ ਜਿੰਨੇ ਜੀਅ ਹਨ, ਉਨੀਂ ਬੰਨੀ ਮੂੰਹ ਹੋ ਗਏ ਹਨ। ਬਹੁਤ ਸਾਰੇ ਆਪਸੀ ਰਿਸ਼ਤਿਆਂ ਦੀ ਮਾਣ-ਮਰਿਯਾਦਾ ਸ਼ਰਮਸਾਰ ਹੋਈ ਪਈ ਹੈ।

'ਮਾਂ' ਜਿਹੜੀ ਆਪ ਗਿੱਲੇ 'ਤੇ ਸੌਂ ਜਾਂਦੀ ਸੀ ਅਤੇ ਆਪਣੇ ਮੂੰਹ ਵੱਲ ਨੂੰ ਜਾਣ ਵਾਲਾ ਨਿਵਾਲਾ ਵੀ ਆਪਣੇ ਬੱਚਿਆਂ ਦੇ ਮੂੰਹ ਵਿਚ ਪਾ ਦਿੰਦੀ ਸੀ, ਅੱਜ ਉਸੇ ਮਾਂ ਨੂੰ ਬਹੁਤ ਜਲਦੀ ਬਿਨਾਂ ਉਸ ਦੀਆਂ ਕੁਰਬਾਨੀਆਂ ਨੂੰ ਚੇਤੇ ਕੀਤਿਆਂ ਬਾਂਹ ਤੋਂ ਫੜ ਕੇ ਅਨਾਥ ਆਸ਼ਰਮ ਦਾ ਦਰਵਾਜ਼ਾ ਵਿਖਾ ਦਿੱਤਾ ਜਾਂਦਾ ਹੈ। ਮਾਂ ਅੱਜ ਆਪਣੇ ਬੱਚਿਆਂ ਲਈ ਬੋਝ ਕਦੋਂ ਅਤੇ ਕਿਸ ਤਰਾਂ ਬਣ ਗਈ? ਸਮਝ ਨਹੀਂ ਆਉਂਦੀ। ਅੱਜ ਸਾਨੂੰ ਮਾਂ ਦੀਆਂ ਅਸੀਸਾਂ ਦੀ ਲੋੜ ਹੈ।

'ਪਿਤਾ' ਜਿਸਦੀ ਉਂਗਲੀ ਫੜ ਕੇ ਅਤੇ ਮੋਢਿਆਂ 'ਤੇ ਚੜ ਕੇ ਧੀਆਂ-ਪੁੱਤਰ ਕਦੋਂ ਜਵਾਨ ਹੋ ਗਏ ਅਤੇ ਬੱਚਿਆਂ ਦੀਆਂ ਸੁੱਖ-ਸਹੂਲਤਾਂ ਲਈ ਸਾਡੇ ਪਿਤਾ ਨੇ ਕੀ-ਕੀ ਵਕਤ ਕੱਟੇ? ਬੱਚਿਆਂ ਨੂੰ ਪਤਾ ਹੀ ਨਹੀਂ ਲੱਗਾ। ਉਨਾ ਦੀਆਂ ਮੰਗਾਂ ਪੂਰੀਆਂ ਕਰਦੇ-ਕਰਦੇ ਪਿਤਾ ਨੇ ਨਾ ਦਿਨ ਤੇ ਨਾ ਰਾਤ ਵੇਖੀ, ਬਸ! ਹਰ ਸਮੇਂ ਮਿੱਟੀ ਅਤੇ ਮਜਬੂਰੀਆਂ ਨਾਲ ਘੁਲਦਾ ਰਿਹਾ। ਇਸ ਦੁਨੀਆ ਵਿਚ ਕੋਈ ਵੀ ਅਜਿਹਾ ਬੰਦਾ ਨਹੀਂ ਹੈ। ਜਿਹੜਾ ਆਪਣੇ ਨਾਲੋਂ ਜ਼ਿਆਦਾ ਕਿਸੇ ਹੋਰ ਦੀ ਤਰੱਕੀ ਵੇਖ ਕੇ ਖੁਸ਼ ਹੁੰਦਾ ਹੋਵੇ ਪਰ 'ਪਿਤਾ' ਇਕ ਅਜਿਹਾ ਇਨਸਾਨ ਹੈ ਜਿਹੜਾ ਇਹ ਚਾਹੁੰਦਾ ਹੈ ਕਿ ਉਸ ਦੇ ਬੱਚੇ ਉਸ ਤੋਂ ਵੀ ਵੱਧ ਤਰੱਕੀ ਕਰਨ। ਅਫ਼ਸੋਸ! ਜਦੋਂ ਪੁੱਤ ਮੁੱਛਾਂ ਨੂੰ ਵੱਟ ਦੇਣ ਜੋਗਾ ਹੋ ਜਾਂਦਾ ਹੈ ਤਾਂ ਪਿਤਾ ਨੂੰ 'ਬੁੱਢਾ' ਬਣਾ ਦਿੱਤਾ ਜਾਂਦਾ ਹੈ।

'ਪਤੀ-ਪਤਨੀ' ਦੇ ਰਿਸ਼ਤੇ ਨੂੰ ਧੁਰ ਦਰਗਾਹ ਤੋਂ ਲਿਖੇ ਹੋਣਾ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਵੀ ਇਸ ਰਿਸ਼ਤੇ ਪ੍ਰਤੀ ਵਿਸ਼ੇਸ਼ ਜ਼ਿਕਰ ਇਸ ਤਰਾਂ ਆਉਂਦਾ ਹੈ:

'ਧਨ ਪਿਰੁ ਏਹਿ ਨ ਆਖੀਅਨਿਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀਧਨ ਪਿਰੁ ਕਹੀਐ ਸੋਇ ॥'

ਇਹ ਦੋ ਸਰੀਰਾਂ ਦਾ ਨਹੀਂ ਬਲਕਿ ਦੋ ਰੂਹਾਂ ਦਾ ਮੇਲ ਹੁੰਦਾ ਹੈ। ਪਤੀ-ਪਤਨੀ ਦਾ ਸਾਥ ਇਕ ਦੂਜੇ ਲਈ ਸਭ ਤੋਂ ਲੰਮਾਂ ਚੱਲਣ ਵਾਲਾ ਹੁੰਦਾ ਹੈ। ਇਸ ਰਿਸ਼ਤੇ ਦੀ ਸਭ ਤੋਂ ਪੱਕੀ ਬੁਨਿਆਦ 'ਵਿਸ਼ਵਾਸ਼' ਹੁੰਦਾ ਹੈ ਜੋ ਅੱਜ ਖਤਮ ਹੁੰਦਾ ਜਾ ਰਿਹਾ ਹੈ। ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਵਿਸ਼ਵਾਸ ਸਿਰਫ ਇਕ ਦੂਜੇ 'ਤੇ ਕਰਨ ਦੀ ਗੱਲ ਹੀ ਨਹੀਂ ਹੋਣੀ ਚਾਹੀਦੀ ਬਲਕਿ ਇਕ ਦੂਜੇ ਪ੍ਰਤੀ ਹਰ ਹਾਲਤ ਵਿਚ ਕਾਇਮ ਰੱਖਣ ਦੀ ਹੋਣੀ ਚਾਹੀਦੀ ਹੈ। ਅੱਜ ਅਦਾਲਤਾਂ ਵਿਚ ਬਹੁ ਗਿਣਤੀ ਤਲਾਕ ਦੇ ਕੇਸਾਂ ਦੀ ਹੈ। ਪਤੀ-ਪਤਨੀ ਦੁਆਰਾ ਬਿਨਾਂ ਇਕ ਦੂਜੇ ਨੂੰ ਸਮਝੇ ਛੋਟੀਆਂ-ਛੋਟੀਆਂ ਗੱਲਾਂ ਨੂੰ ਅਦਾਲਤਾ ਵਿਚ ਲਿਜਾ ਕੇ ਧੱਕੇ ਖਾਣ ਦੀ ਗ਼ਲਤੀ ਕੀਤੀ ਜਾ ਰਹੀ ਹੈ। ਪਰ ਇਕ ਗੱਲ ਆਪਣੇ ਮਨ ਵਿਚ ਪੱਕੀ ਕਰ ਲੈਣੀ ਚਾਹੀਦੀ ਹੈ ਕਿ ਇਕ ਤੋਂ ਤਲਾਕ ਲੈ ਕੇ ਦੁਬਾਰਾ ਫਿਰ ਵੀ ਕਿਸੇ ਔਰਤ ਜਾਂ ਆਦਮੀ ਨਾਲ ਹੀ ਵਿਆਹ ਹੋਣਾ ਹੁੰਦਾ ਹੈ, ਰੱਬ ਨਾਲ ਨਹੀਂ।

'ਪੁੱਤਰ' ਬਾਰੇ ਅਕਸਰ ਹੀ ਤੁਸੀਂ ਕਿਤੇ ਸੁਣਿਆਂ ਜਾਂ ਲਿਖਿਆ ਪੜਿਆ ਹੋਵੇਗਾ ਕਿ 'ਪੁੱਤਰ ਮਿਠੜੇ ਮੇਵੇ, ਰੱਬ ਸਭ ਨੂੰ ਦੇਵੇ'। ਪੁੱਤਰ ਪ੍ਰਾਪਤੀ ਦੀ ਚਾਹਤ ਬੰਦੇ ਦੀ ਆਖਰੀ ਸਾਹਾਂ ਤੱਕ ਵੀ ਖ਼ਤਮ ਨਹੀਂ ਹੁੰਦੀ। ਪੁੱਤਰ ਦੇ ਹੋਣ ਨੂੰ ਬੁਢੇਪੇ ਦੀ ਡੰਗੋਰੀ ਜਾਂ ਸਹਾਰਾ ਸਮਝਿਆ ਜਾਂਦਾ ਹੈ। ਪੁੱਤਰ ਨੂੰ ਹੀ ਜ਼ਮੀਨ ਜਾਇਦਾਦ ਦਾ ਅਸਲੀ ਵਾਰਸ ਮੰਨਿਆ ਜਾਂਦਾ ਹੈ। ਪਰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਜਿਸ ਪੁੱਤਰ ਦਾ ਜਨਮ ਹੀ ਇਸ ਉਮੀਦ ਨਾਲ ਹੋਇਆ ਹੁੰਦਾ ਹੈ ਕਿ ਇਹ ਪੁੱਤਰ ਸਾਡੀ ਜ਼ਮੀਨ-ਜਾਇਦਾਦ ਦਾ ਵਾਰਿਸ ਬਣੇਗਾ, ਉਸ ਪੁੱਤਰ ਨੂੰ ਜ਼ਮੀਨ-ਜਾਇਦਾਦ ਦੀ ਜਲਦ ਪ੍ਰਾਪਤੀ ਦੀ ਭੁੱਖ ਜਾਂ ਲਾਲਸਾ ਕਿਉਂ ਬਣ ਜਾਂਦੀ ਹੈ। ਪੁੱਤਰ ਉਸ ਦੌਲਤ ਨੂੰ ਆਪਣੇ ਬਾਪ ਕੋਲੋਂ ਹਰ ਤਰਕ, ਤਰੀਕੇ ਨਾਲ ਖੋਹਣ ਲਈ ਯਤਨਸ਼ੀਲ ਕਿਉਂ ਹੋ ਰਿਹਾ ਹੈ।

'ਧੀਆਂ' ਲਈ ਇਹ ਸ਼ਬਦ ਸੁਣਨ ਲਈ ਬਹੁਤ ਥਾਂ ਮਿਲ ਜਾਂਦੇ ਹਨ ਕਿ 'ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ'। ਧੀਆਂ ਸਭ ਦੀ ਇੱਜ਼ਤ ਹੁੰਦੀਆਂ ਹਨ ਅਤੇ ਮੈਂ 'ਧੀ' ਲਈ ਸਿਰਫ ਏਨਾਂ ਹੀ ਲਿਖਣਾ ਚਾਹੁੰਦਾ ਹਾਂ ਕਿ 'ਸੁਣ ਧੀਏ ਲਾਡਲੀਏ, ਤੂੰ ਇੱਜ਼ਤ ਹੈਂ ਘਰ ਦੀ'। ਧੀ ਦੀ ਕਿਸੇ ਗ਼ਲਤੀ ਕਾਰਨ ਪੱਥਰ ਬਣੇ ਹੋਏ ਮਾਂ-ਬਾਪ ਵੀ ਜਦੋਂ ਆਪਣੀ ਧੀ ਦੀ ਅੱਖ ਵਿਚ ਹੰਝੂ ਦੇਖ ਲੈਣ ਤਾਂ ਉਨਾਂ ਨੂੰ ਮੋਮ ਬਣਨ ਲੱਗਿਆਂ ਬਹੁਤੀ ਦੇਰ ਨਹੀਂ ਲਗਦੀ। ਧੀਆਂ ਨੂੰ



ਮਾਂ-ਪਿਉ ਦੀ ਇੱਜ਼ਤ ਦੇ ਖਿਲਾਫ਼ ਜਾਣ ਤੋਂ ਪਹਿਲਾਂ ਸੌ ਵਾਰ ਨਹੀਂ ਹਜ਼ਾਰ ਵਾਰ ਸੋਚਣਾ ਚਾਹੀਦਾ ਹੈ ਅਤੇ ਹਜ਼ਾਰ ਵਾਰ ਸੋਚਣ ਤੋਂ ਬਾਅਦ ਵੀ ਸਿਰਫ ਤੇ ਸਿਰਫ ਮਾਂ-ਬਾਪ ਦੇ ਹੱਕ ਵਿਚ ਭੁਗਤਣਾ ਚਾਹੀਦਾ ਹੈ।

'ਭਰਾ' ਦਾ ਰਿਸ਼ਤਾ ਬਚਪਨ ਤੋਂ ਹੀ ਭੈਣਾਂ ਅਤੇ ਭਰਾਵਾਂ ਲਈ ਬਹੁਤ ਨਜ਼ਦੀਕੀ ਰਿਸ਼ਤਾ ਹੁੰਦਾ ਹੈ। ਇਹ ਆਮ ਕਿਹਾ-ਸੁਣਿਆ ਜਾਂਦਾ ਹੈ ਕਿ ਭਰਾ ਸੱਜੀਆਂ ਬਾਹਵਾਂ ਹੁੰਦੇ ਹਨ। ਜਿਥੇ ਕਿਤੇ ਲੋੜ ਪੈਂਦੀ ਦਿਸੇ ਭੈਣਾਂ ਅਤੇ ਭਰਾ ਲੋਹੇ ਦੀ ਦੀਵਾਰ ਬਣ ਖਲੋ ਜਾਂਦੇ ਹਨ। ਜਦੋਂ ਬੇਸਮਝ ਬਚਪਨ ਸੀ ਤਾਂ ਇਹ ਭੈਣ-ਭਰਾ ਇਕ ਦੂਜੇ ਦੀਆਂ ਬਾਹਵਾਂ ਸਨ ਪਰ ਜਦੋਂ ਵੱਡੇ ਹੋ ਗਏ ਅਤੇ ਆਪਣੇ ਆਪ ਨੂੰ ਸਿਆਣੇ ਮੰਨ ਲਿਆ ਤਾਂ ਇਕ ਦੂਜੇ ਨੂੰ ਸ਼ਰੀਕ ਸਮਝਣ ਲੱਗ ਪਏ ਅਤੇ ਛੋਟੀਆਂ-ਛੋਟੀਆਂ ਗੱਲਾਂ, ਜ਼ਮੀਨ ਜਾਇਦਾਦ ਦੇ ਲੜਾਈ ਝਗੜਿਆਂ ਤੋਂ ਇਕ ਦੂਜੇ ਨੂੰ ਦੁਸ਼ਮਣ ਸਮਝਣ ਲੱਗ ਪਏ, ਗੱਲ ਕਤਲਾਂ ਤੱਕ ਪਹੁੰਚਾ ਦਿੱਤੀ। ਅਸੀਂ ਇਨਾਂ ਨੂੰ ਸ਼ਰੀਕ ਸਮਝਣ ਦੀ ਭਾਰੀ ਭੁੱਲ ਕਰ ਰਹੇ ਹਾਂ। ਅੱਜ ਕਈਆਂ ਘਰਾਂ ਦੇ ਚੁੱਲਿਆਂ ਵਿਚ ਉੱਗਿਆ ਹੋਇਆ ਘਾਹ ਸਾਡੀ ਸੋਚ ਅਤੇ ਅਕਲ ਨੂੰ ਕੋਸ ਰਿਹਾ ਹੈ।

'ਸੱਸ' ਇਕ ਉਹ ਸ਼ਬਦ ਹੈ ਜਿਸਨੂੰ ਬੋਲਣ-ਸੁਣਨ ਲੱਗਿਆਂ ਹੀ ਤਾਅਨੇ ਦੇ ਰੂਪ ਵਿਚ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ। ਪੁੱਤ ਵਿਆਹ ਕੇ ਨੂੰਹ ਨੂੰ ਜਦੋਂ ਘਰ ਲੈ ਆਉਂਦੇ ਹਾਂ ਤਾਂ ਸੱਸ ਬਣ ਬੈਠੀ ਮਾਂ ਅਕਸਰ ਇਹ ਭੁੱਲ ਬੈਠਦੀ ਹੈ ਕਿ ਇਹ ਨੂੰਹ ਨਹੀਂ ਘਰ ਦੀ ਅਸਲੀ ਧੀ ਆਈ ਹੈ ਜਿਸ ਨੂੰ ਧੀ ਨਾਲੋਂ ਵੀ ਵੱਧ ਪਿਆਰ ਦੀ ਲੋੜ ਹੁੰਦੀ ਹੈ। ਨੂੰਹ ਦਾ ਬਿਨਾਂ ਆਗਿਆ ਜਾਂ ਲੋੜ ਤੋਂ ਵੱਧ ਬੋਲਣਾ ਬਰਦਾਸ਼ਤ ਤੋਂ ਬਾਹਰ ਦੀ ਗੱਲ ਮੰਨਿਆਂ ਜਾਣ ਲੱਗ ਪੈਂਦਾ ਹੈ। ਅਜਿਹੇ ਮਾਹੌਲ ਦੇ ਵਿਗੜੇ ਰਿਸ਼ਤੇ ਬਹੁਤ ਦੂਰ ਤੱਕ ਦੀ ਲੰਮੀ ਕਹਾਣੀ ਬਣ ਜਾਂਦੇ ਹਨ। ਅਜਿਹੀਆਂ ਕਹਾਣੀਆਂ ਬਣਨ ਤੋਂ ਰੋਕੀਆਂ ਜਾ ਸਕਦੀਆਂ ਹਨ ਪਰ ਸਿਰਫ 'ਮਾਂ' ਬਣ ਕੇ ਅਤੇ 'ਧੀ' ਬਣਾ ਕੇ ਰੋਕੀਆਂ ਜਾ ਸਕਦੀਆਂ ਹਨ।

'ਨਨਾਣ' ਛੋਟੀ ਭੈਣ ਵਰਗੀ ਹੁੰਦੀ ਹੈ ਪਰ ਨਨਾਣ ਕਦੇ ਵੀ ਦੁੱਖ-ਦਰਦ ਸੁਣਨ ਲਈ ਆਪਣੀ ਭਰਜਾਈ ਦੀ ਛੋਟੀ ਭੈਣ ਬਣਨ ਲਈ ਤਿਆਰ ਨਹੀਂ ਹੁੰਦੀ। ਇਹ ਆਪਣੀ ਮਾਂ ਨੂੰ ਕਦੇ ਵੀਂ 'ਮਾਂ' ਨਾ ਬਣਨ ਦਿੰਦੀ ਬਲਕਿ 'ਸੱਸ' ਹੀ ਬਣੀ ਰਹਿਣ ਦੀ ਗੱਲ ਕਰਦੀ। ਇਸ ਨੂੰ ਹਰ ਵੇਲੇ ਸਿਰਫ ਮਾਂ ਹੀ ਸਾਰਾ ਕੁਝ ਸਹੀ ਕਰਦੀ ਲਗਦੀ ਹੈ। ਘਰ ਦੀ ਹਰੇਕ ਗੱਲ ਦਾ ਨਨਾਣ ਨੂੰ ਸਭ ਪਤਾ ਹੁੰਦਾ ਹੈ। ਕਿਸੇ ਘਰ ਵਿਚ ਇਹਦੀ ਤਾਂ ਹੱਦ ਤੋਂ ਵੀ ਵੱਧ ਦਖਲ ਅੰਦਾਜ਼ੀ ਹੁੰਦੀ ਹੈ। ਨਨਾਣ ਚਾਹਵੇ ਤਾਂ ਬਹੁਤ ਘਰਾਂ ਦਾ ਕਲੇਸ਼ ਖਤਮ ਹੋ ਸਕਦਾ ਹੈ।

'ਨੂੰਹ' ਜਿਸ ਤੋਂ ਬਿਨਾਂ ਪਰਿਵਾਰ ਦੇ ਵਾਧੇ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੁੰਦੀ ਹੈ। ਘਰ ਦੀ ਮਾਲਿਕ ਬਣੀ ਨੂੰਹ ਆਪਣੇ ਫ਼ਰਜ਼ਾਂ ਨੂੰ ਦੂਜਿਆਂ ਪ੍ਰਤੀ ਭੁਲਾ ਬੈਠਦੀ ਹੈ ਅਤੇ ਪਤੀ ਨੂੰ ਸਪੱਸ਼ਟ ਕਰ ਦਿੰਦੀ ਹੈ ਕਿ 'ਤੂੰ ਜਿੰਨੀਆਂ ਮਰਜ਼ੀ ਇਨਾਂ ਦੀਆਂ ਗੱਲਾਂ ਸੁਣੀ ਜਾਹ ਪਰ ਮੇਰੇ ਕੋਲੋਂ ਇਨਾਂ ਸ਼ਰੀਕਾਂ ਦੀਆਂ ਗੱਲਾਂ ਨਹੀਂ ਸੁਣੀਆਂ ਜਾਣੀਆਂ'। ਇਕ ਵਾਰ ਤਾਂ ਪਤੀ ਨੂੰ ਵੀ ਸਮਝ ਨਹੀਂ ਆਉਂਦੀ ਕਿ ਸਾਡੇ ਘਰ ਵਿਚ ਇਹ 'ਸ਼ਰੀਕ' ਕਿਹੜੇ ਆ ਗਏ। ਸਭ ਤੋਂ ਪਹਿਲਾਂ ਤਾਂ ਘਰ ਦਾ ਜੁੱਲੀ-ਬਿਸਤਰਾ ਵੰਡ ਕੇ ਇਨਾਂ ਸ਼ਰੀਕਾਂ ਤੋਂ ਹੀ ਪੱਲਾ ਛੁਡਵਾਇਆ ਜਾਂਦਾ ਹੈ। ਨੂੰਹ ਚਾਹਵੇ ਤਾਂ ਸਾਰੇ ਘਰ ਨੂੰ ਇਕ ਡੋਰ ਵਿਚ ਪਰੋ ਸਕਦੀ ਹੈ ਪਰ ਇਸਨੂੰ ਘਰ ਦੀ ਅਸਲੀ ਧੀ ਬਣਨਾ ਪੈਣਾ ਹੈ।

'ਟੁੱਟੀਆਂ ਬਾਹਵਾਂ ਆਖਰ ਗਲ ਨੂੰ ਆਉਂਦੀਆਂ ਨੇ' ਦੇ ਅਰਥ ਸਮਝਦਿਆਂ ਹੋਇਆਂ ਜੇ ਅਸੀਂ ਹਾਲੇ ਵੀ ਸੰਭਲ ਜਾਈਏ ਤਾਂ ਡੁੱਲੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ। ਸਾਡੇ ਸਾਰੇ ਰਿਸ਼ਤੇ ਬਹੁਤ ਨਿੱਘੇ ਅਤੇ ਪਿਆਰ ਦੇਣ ਵਾਲੇ ਹਨ। ਇਨਾ ਦੀ ਮਹੱਤਤਾ ਨੂੰ ਸਮਝਦੇ ਹੋਏ ਟੁੱਟਣੋ ਅਤੇ ਖਤਮ ਹੋਣੋ ਬਚਾ ਲਈਏ। ਆਪਣੇ ਰਿਸ਼ਤਿਆਂ ਪ੍ਰਤੀ ਸੱਚੇ ਦਿਲੋਂ ਜ਼ਿੰਮੇਵਾਰ ਬਣੀਏ। ਆਓ! ਪਹਿਲਾਂ ਦੀ ਤਰਾਂ ਇਕ ਸਿੱਧੇ-ਸਾਦੇ ਸਮਾਜ ਦੀ ਘਾੜਤ-ਘੜੀਏ ਹਰੇਕ ਰਿਸ਼ਤੇ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਪਛਾਣੀਏ ਅਤੇ ਇਨਾਂ ਸਾਰੇ ਰਿਸ਼ਤਿਆਂ ਦੀਆਂ ਢਿੱਲੀਆਂ ਹੋਈਆਂ ਗੰਢਾਂ ਨੂੰ ਏਨਾ ਕੁ ਕੱਸ ਲਈਏ ਜੋ ਇਨਾਂ ਦੇ ਖੁੱਲ ਜਾਣ ਦੀ ਕੋਈ ਗੁੰਜਾਇਸ਼ ਬਾਕੀ ਹੀ ਨਾ ਰਹਿ ਜਾਵੇ।

ਖ਼ੈਰ, ਅੱਜ ਵੀ ਉਹ ਲੋਕ ਹਨ ਜਿਨਾਂ ਨੇ ਆਪਣੀਆਂ ਮਾਣ-ਮਰਿਯਾਦਾਵਾਂ, ਆਪਣੇ ਵਿਰਸੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਜਿਨਾਂ ਦੀ ਅੱਖ ਵਿਚ ਅੱਜ ਵੀ ਆਪਣੇ ਮਾਂ-ਬਾਪ, ਭੈਣ-ਭਰਾਵਾਂ ਅਤੇ ਹੋਰ ਸਭ ਸਮਾਜਿਕ ਰਿਸ਼ਤਿਆਂ ਪ੍ਰਤੀ ਆਦਰ, ਪਿਆਰ, ਸਤਿਕਾਰ ਅਤੇ ਸ਼ਰਮ ਕਾਇਮ ਹੈ, ਸਲੂਟ ਹੈ ਇਨਾਂ ਰੱਬੀ ਰੂਹਾਂ ਨੂੰ।

# ਵਿਆਹ ਜਾਂ ਜਹਾਜ ਦੀ ਟਿਕਟ



**ਜਗਮੋਹਨ ਸਿੰਘ**

**94171 83797**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਹੋਣ ਵਾਲੀਆਂ ਗਤੀਵਿਧੀਆਂ ਅਤੇ ਉਹਨਾਂ ਗਤੀਵਿਧੀਆਂ ਦੇ ਪ੍ਰਭਾਵ ਮਨੁੱਖ ਦੇ ਸਿਰ ਹੀ ਪੈਂਦੇ ਹਨ। ਇਸ ਵਿਚਲੇ ਵਰਤਾਰਿਆਂ ਦਾ ਜਿੱਥੇ ਮਨੁੱਖ ਹੀ ਜਿੰਮੇਵਾਰ ਹੁੰਦਾ ਹੈ ਉੱਥੇ ਇਸ ਦੇ ਸਾਰਥਿਕ ਅਤੇ ਨਕਾਰਾਤਮਕ ਨਤੀਜਿਆਂ ਦਾ ਵੀ ਉਹ ਆਪ ਹੀ ਭਾਗੀਦਾਰ ਹੁੰਦਾ ਹੈ। ਸਮਾਜ ਗੁੰਝਲਦਾਰ ਸਮੱਸਿਆਵਾਂ ਦਾ ਸਮੂਹ ਹੈ। ਦੇਖਣਾ ਮਨੁੱਖ ਨੇ ਹੈ ਕਿ ਇਨਾਂ ਗੁੰਝਲਾਂ ਨੂੰ ਕਿਵੇਂ ਸੁਲਝਾਉਣਾ ਹੈ। ਅਸਲ ਵਿਚ ਮਨੁੱਖ ਮਾਨਸਿਕ ਤੌਰ 'ਤੇ ਇੰਨਾ ਕਮਜ਼ੋਰ ਹੋ ਗਿਆ ਹੈ ਕਿ ਉਸ ਵਿਚ ਆਪ ਫੈਸਲੇ ਲੈਣ ਦੀ ਯੋਗਤਾ ਘੱਟ ਗਈ ਹੈ। ਉਹ ਕੋਈ ਨਾ ਕੋਈ ਸਹਾਰਾ ਭਾਲਦਾ ਹੈ ਜਿਸ ਨਾਲ ਮਿਲ ਕੇ ਉਹ ਆਪਣੀ ਜ਼ਿੰਦਗੀ ਦੇ ਸਹੀ ਫੈਸਲੇ ਲੈ ਸਕੇ। ਪਰ ਕਈ ਵਾਰ ਇਹੀ ਕਰੀਬੀ ਉਹਨਾਂ ਲਈ ਸਮੱਸਿਆ ਦਾ ਕਾਰਨ ਬਣ ਜਾਂਦੇ ਹਨ।

ਅਜੋਕਾ ਸਮਾਜ ਸੱਭਿਆਚਾਰਕ, ਨੈਤਿਕ ਕੀਮਤਾਂ ਨੂੰ ਛੱਡਦਾ ਜਾ ਰਿਹਾ ਹੈ। ਉਸ ਲਈ ਭੌਤਿਕ ਲੋੜਾਂ ਅਤੇ ਪੂੰਜੀਵਾਦੀ ਇੱਛਾਵਾਂ ਜ਼ਿਆਦਾ ਜਰੂਰੀ ਹੋ ਗਈਆਂ ਹਨ। ਉਸਦੀ ਪ੍ਰਾਪਤੀ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਭਾਵੇਂ ਉਹਨਾਂ ਨੂੰ ਆਪਣੇ ਬੱਚਿਆਂ ਤੱਕ ਦਾ ਸੌਦਾ ਕਿਉਂ ਨਾ ਕਰਨਾ ਪਵੇ। ਅਜਿਹੀ ਇਕ ਘਟਨਾ ਸਾਹਮਣੇ ਆਉਂਦੀ ਹੈ ਜਦੋਂ 19 ਕੁ ਸਾਲਾਂ ਦਾ ਇਕ ਲੜਕਾ ਇਸ ਲਈ ਆਤਮਦਾਹ ਕਰ ਲੈਂਦਾ ਹੈ ਕਿਉਂਕਿ ਜਿਸ ਲੜਕੀ ਨਾਲ ਉਸਦਾ ਵਿਆਹ ਹੋਇਆ ਸੀ। ਉਸਨੇ ਉਸਨੂੰ ਵਿਦੇਸ਼ ਨਹੀਂ ਬੁਲਾਇਆ ਸੀ। ਲਗਭਗ 40 ਲੱਖ ਰੁਪਏ ਉਹਨਾਂ ਨੇ ਉਸ ਕੁੜੀ ਦੇ ਬਾਹਰ ਜਾਣ 'ਤੇ ਖਰਚ ਕੀਤਾ ਸੀ। ਇਸ ਘਟਨਾ ਨੂੰ ਸੁਣ ਕੇ ਝਟਕਾ ਜਿਹਾ ਲੱਗਾ ਕਿ ਅਜਿਹਾ ਵਰਤਾਰਾ ਕਿਵੇਂ ਵਾਪਰ ਰਿਹਾ ਹੈ। ਇਸ ਦੇ ਪਿੱਛੇ ਕੀ ਕਾਰਨ ਹੋਇਆ ਕਿ ਬੱਚੇ ਨੂੰ ਆਤਮਹੱਤਿਆ ਦਾ ਰਾਹ ਚੁਣਨਾ ਪਿਆ।

ਅਸਲ ਵਿਚ ਭਾਰਤੀ ਸਮਾਜ ਦੀ ਸਥਿਤੀ ਅਜਿਹੀ ਹੋ ਗਈ ਹੈ ਕਿ ਹਰ ਮਨੁੱਖ ਭਾਵੇਂ ਉਹ ਸਰਕਾਰੀ ਨੌਕਰੀ ਪੇਸ਼ਾ ਹੈ ਜਾਂ ਪ੍ਰਾਈਵੇਟ ਨੌਕਰੀਪੇਸ਼ਾ ਜਾਂ ਖੇਤੀਬਾੜੀ ਨਾਲ ਸਬੰਧਤ ਹੈ, ਉਹ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ ਸਮਝਦਾ। ਅਜਿਹਾ ਹੋਣ ਦਾ ਕਾਰਨ ਸਾਡੇ ਰਾਜਨੀਤਿਕ ਢਾਂਚੇ ਵਿਚ ਕਮੀਆਂ ਦੇ ਸਦਕਾ ਹੈ। ਇਹ ਸੰਵਾਦ ਦਾ ਅਲੱਗ ਵਿਸ਼ਾ ਹੈ। ਪਰ ਇਹ ਮੁਢਲਾ ਕਾਰਨ ਬਣਦਾ ਹੈ।



ਮਨੁੱਖ ਨੇ ਆਪਣਾ ਆਸ਼ਿਆਨਾ, ਜਿਸਨੂੰ ਬੜੀਆਂ ਸੱਧਰਾਂ ਅਤੇ ਪਿਆਰ ਨਾਲ ਬਣਾਇਆ ਹੈ ਨੂੰ ਛੱਡ ਕੇ ਪਲਾਇਣ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਪਰ ਉਹ ਆਪਣੇ ਬੱਚਿਆਂ ਦੇ ਭਵਿੱਖ ਲਈ ਸਭ ਕੁਝ ਤਿਆਗ ਸਕਦਾ ਹੈ।

ਅੱਜ-ਕੱਲ ਬੱਚਿਆਂ ਦਾ ਵਿਆਹ ਇਕ ਮਜਾਕ ਜਿਹਾ ਬਣ ਕੇ ਰਹਿ ਗਿਆ ਹੈ। ਬਾਹਰ ਜਾਣ ਲਈ ਜਲਦੀ ਤੋਂ ਜਲਦੀ ਕੋਰਟ ਮੈਰਿਜ ਅਤੇ ਕਹਿਣ ਉੱਪਰ ਲਾਵਾਂ ਜਾਂ ਫੇਰੇ, ਜਿਹੋ ਜਿਹੀਆਂ ਧਾਰਮਿਕ ਰਸਮਾਂ ਹਨ ਨਿਭਾਈਆਂ ਜਾਂਦੀਆਂ ਹਨ। ਪਰ ਅਸੀਂ ਆਪਣੇ ਧਰਮ ਦੀ ਸ਼ਰੀਅਤ ਨੂੰ ਮਜਾਕ ਸਮਝ ਲਇਆ ਹੈ। ਆਪਣੇ ਇਸ਼ਟ ਅਤੇ ਧਰਮ ਗ੍ਰੰਥਾਂ ਸਾਹਮਣੇ ਕੀਤੇ ਵਚਨ ਅਤੇ ਕੌਲ ਸਾਡੇ ਲਈ ਕੋਈ ਮਾਇਨੇ ਨਹੀਂ ਰੱਖਦੇ। ਬਸ ਮਤਲਬ ਹੱਲ ਹੋਣਾ ਚਾਹੀਦਾ ਹੈ। ਕਿਸੇ ਵੀ ਤਰਾਂ ਦੀ ਸੰਵੇਦਨਾਵਾਂ ਜਾਂ ਭਾਵਨਾਵਾਂ ਦਾ ਕੋਈ ਸਬੰਧ ਨਹੀਂ ਹੈ। ਪਰ ਇਹ ਮੰਨਣਾ ਪਵੇਗਾ ਕਿ ਅਸੀਂ ਆਪਣੇ ਧਾਰਮਿਕ ਗੁਰੂਆਂ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਅਕੀਦਿਆਂ ਤੋਂ ਕਿਨਾਰਾ ਕਰ ਰਹੇ ਹਾਂ। ਇਹ ਸਾਡੇ ਲਈ ਕੇਵਲ ਸੁੱਖਾਂ ਪੂਰੀਆਂ ਕਰਨ ਵਾਲਾ ਬਣ ਗਏ ਹਨ। ਇਸ ਲਈ ਅਸੀਂ ਗੁਰਦੁਆਰਿਆਂ, ਮੰਦਰਾਂ ਵਿਚ ਜਹਾਜ ਚੜ੍ਹਾਉਣ ਦੀ ਪਰੰਪਰਾ ਤੋਰ ਦਿੱਤੀ ਹੈ।

ਅਜੋਕੇ ਸਮੇਂ ਜਦੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਮਾਪੇ ਆਪਣੇ ਬੱਚਿਆਂ ਦਾ ਵਿਆਹ ਕਰ ਰਹੇ ਹਨ। ਬੱਚਿਆਂ ਨੂੰ ਉਸ ਉਮਰ ਵਿਚ ਵਿਆਹ ਦੇ ਸਹੀ ਅਰਥਾਂ ਦਾ ਵੀ ਨਹੀਂ ਪਤਾ ਹੁੰਦਾ ਕਿ ਇਸ ਦਾ ਮਤਲਬ ਕੀ ਹੈ ਅਤੇ ਕੀ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ। ਕੁਝ ਕੁ ਮਹੀਨੇ ਇਕੱਠੇ ਰਹਿਣ ਨਾਲ ਕਿਨਾ ਕੁ ਪਰਿਵਾਰ ਨਾਲ ਪਿਆਰ ਪੈਂਦਾ ਹੈ। ਕੇਵਲ ਪਰਿਵਾਰ ਅਤੇ ਪਰਿਵਾਰਕ ਰਿਸ਼ਤਿਆਂ ਬਾਰੇ ਜਾਣਕਾਰੀ ਹੋ ਜਾਂਦੀ ਹੈ। ਇਸ ਉਮਰ ਵਿਚ ਮਨ ਦੀ ਪਰਪੱਕਤਾ ਵੀ ਪੈਦਾ ਨਹੀਂ ਹੁੰਦੀ। ਭਾਵਨਾਵਾਂ ਅਤੇ ਸੰਵੇਦਨਾਵਾਂ ਦਾ ਪੈਦਾ ਹੋਣਾ ਇਹਨਾਂ ਸਰਲ ਨਹੀਂ ਹੁੰਦਾ। ਇਸ ਲਈ ਉਪਰੋਕਤ ਵਰਤਾਰੇ ਦਾ ਵਾਪਰਨਾ ਲਾਜ਼ਮੀ ਹੈ।

ਬਾਕੀ ਸਫ਼ਾ 31 'ਤੇ

# ਸੱਚ ਤੋਂ ਬੇਮੁੱਖ ਹੋਇਆ ਇਨਸਾਨ



**ਸਰਬਜੀਤ ਕੌਰ ਸਰਬ**

ਅਕਾਲ ਪੁਰਖ ਨਾਲ ਮਿਲਾਉਣ ਵਾਲੀ ਬਾਣੀ ਸਾਨੂੰ ਜ਼ਿੰਦਗੀ ਦੀ ਅਸਲ ਸੱਚਾਈ ਨਾਲ ਵੀ ਰੂਬਰੂ ਕਰਵਾ ਦਿੰਦੀ ਹੈ, ਪਰ ਅਡੰਬਰਾਂ ਵਿਚ ਪਿਆ ਹੋਇਆ ਮਨੁੱਖ ਇਸ ਚੀਜ਼ ਨਾਲ ਕਦੇ ਵੀ ਵਾਕਿਫ ਨਹੀਂ ਹੁੰਦਾ। ਜੇਕਰ ਇਨਸਾਨ ਆਪਣੇ ਆਪ ਨੂੰ ਗੁਰਬਾਣੀ ਦੇ ਹਰਫ਼ਾਂ ਰਾਹੀਂ ਢਾਲ ਲੈਂਦਾ ਹੈ ਤਦ ਉਸ ਦੇ ਜੀਵਨ ਦੀ ਸੁਨਹਿਰੀ ਸ਼ੁਰੂਆਤ ਹੋ ਜਾਂਦੀ ਹੈ। ਪਰ ਅਫ਼ਸੋਸ ਅਸੀਂ ਅੱਜ ਐਨੇ ਮੂਰਖ ਇਨਸਾਨ ਹੋ ਗਏ ਹਾਂ ਕਿ ਅਸੀਂ ਗੁਰੂ ਦੇ ਉਪਦੇਸ਼ ਨੂੰ ਸੁਣ ਤਾਂ ਲੈਂਦੇ ਹਾਂ ਪਰ ਮੰਨਣ ਦੀ ਧਾਰਨਾ ਨੂੰ ਭੁੱਲ ਜਾਂਦੇ ਹਾਂ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਮਨੁੱਖ ਦੁੱਖਾਂ ਤੇ ਸੰਸਾਰ ਵਿੱਚ ਆਪਣੇ ਆਪ ਨੂੰ ਕਦੇ ਵੀ ਨਹੀਂ ਕੱਢ ਸਕਦਾ। ਵਹਿਮਾਂ ਭਰਮਾਂ ਦਾ ਧਾਰਨੀ ਮਨੁੱਖ ਬੇਸ਼ੱਕ ਜਿੰਨਾ ਮਰਜ਼ੀ ਗੁਰਬਾਣੀ ਨੂੰ ਉਚਾਰਦਾ ਰਹੇ ਪਰ ਉਸ ਦੀ ਇਹ ਉਚਾਰਨ ਸ਼ਕਤੀ ਜਦੋਂ ਤਕ ਉਸ ਦੇ ਮਨ ਵਿੱਚ ਵਾਸ ਨਹੀਂ ਕਰਦੀ ਉਹ ਕਦੇ ਵੀ ਆਤਮਿਕ ਆਨੰਦ ਨੂੰ ਪ੍ਰਾਪਤ ਨਹੀਂ ਕਰ ਸਕਦਾ ਤੇ ਜਦੋਂ ਅਜਿਹਾ ਵਿਅਕਤੀ ਆਤਮਿਕ ਆਨੰਦ ਦੀ ਪ੍ਰਾਪਤੀ ਨਹੀਂ ਕਰ ਪਾਉਂਦਾ ਤਾਂ ਉਹ ਇਸ ਸੰਸਾਰੀ ਲੋਕ ਵਿਚ ਅਨੇਕਾਂ ਖੇਡਾਂ ਖੇਡਦਾ ਹੋਇਆ ਆਪਣੀ ਜੀਵਨ ਯਾਤਰਾ ਨੂੰ ਖ਼ਤਮ ਕਰ ਲੈਂਦਾ ਹੈ। ਸੋ ਅਜਿਹੇ ਅਡੰਬਰਾਂ ਅਤੇ ਪਖੰਡਾਂ ਨੂੰ ਵੇਖਦੇ ਹੋਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਿੱਤਰ ਨਾਟਕ ਵਿੱਚ ਉਚਾਰਨ ਕੀਤਾ 'ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨਿ ਆਯੋ ਜਗਤ ਤਮਾਸਾ।।' ਭਾਵ ਉਸ ਅਕਾਲ ਪੁਰਖ ਨਿਰੰਕਾਰ, ਸਿਰਜਣਹਾਰ ਦਾ ਨਿਮਾਣਾ ਜਿਹਾ ਦਾਸ ਹਾਂ, ਜੋ ਅਕਾਲ ਪੁਰਖ ਦੇ ਹੁਕਮ ਨਾਲ ਇਸ ਜਗਤ ਵਿਚ ਆਇਆ ਹਾਂ ਅਤੇ ਇਸ ਜਗਤ ਦੇ ਤਮਾਸ਼ਿਆਂ ਨੂੰ ਵੇਖ ਰਿਹਾਂ।

ਜੋ ਹਮ ਕੋ ਪਰਮੇਸੁਰ ਉਚਰਿਹੈ ॥
ਤੇ ਸਭ ਨਰਕਿ ਕੁੰਡ ਮਹਿ ਪਰਿਹੈ ॥

ਗੁਰੂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਇਨਾਂ ਪੰਕਤੀਆਂ ਵਿੱਚ ਉਨਾਂ ਲੋਕਾਂ ਦੀ ਗੱਲ ਕੀਤੀ ਹੈ ਜੋ ਆਪਣੇ ਆਪ ਨੂੰ ਪਰਮੇਸ਼ਰ ਕਹਿ ਰਹੇ ਹਨ ਤੇ ਆਮ ਲੋਕਾਈ ਨੂੰ ਆਪਣੇ ਪਿੱਛੇ ਲਾ ਕੇ ਉਸ ਅਕਾਲ ਪੁਰਖ ਤੋਂ ਦੂਰ ਕਰ ਰਹੇ ਹਨ। ਅਜਿਹੇ ਲੋਕ ਹੀ ਨਰਕ ਕੁੰਡ ਦੇ ਭਾਗੀਦਾਰ ਬਣਦੇ ਹਨ।

ਮੋ ਕੋ ਦਾਸੁ ਤਵਨ ਕਾ ਜਾਨੋ ॥
ਯਾ ਮੈ ਭੇਦੁ ਨ ਰੰਚ ਪਛਾਨੋ ॥ ੩੨॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫਰਮਾਉਂਦੇ ਹਨ ਕਿ ਮੈਂ ਖੁਦ ਉਸ ਅਕਾਲ ਪੁਰਖ ਦਾ ਦਾਸ ਹਾਂ, ਮੇਰੇ ਤੇ ਉਸ ਵਿਚ ਕੋਈ ਭੇਦ ਨਹੀਂ ਹੈ। ਅਕਾਲ ਪੁਰਖ ਉਹ ਸੱਚ ਦਾ ਵਾਸੀ ਹਰ ਇੱਕ ਜਗਾ ਮੌਜੂਦ ਹੈ, ਬੇਸ਼ੱਕ ਉਹ ਜੰਗਲ ਵਿਚਲੇ ਛੋਟੇ ਛੋਟੇ ਕੱਖ ਹੀ ਕਿਉਂ ਨਾ ਹੋਣ, ਉਸ ਨਿਰੰਕਾਰ ਦਾ ਵਾਸਾ ਹਰ ਇੱਕ ਵਸਤੂ ਵਿੱਚ ਹੈ।

ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ।
(ਸ੍ਰੀ ਦਸਮ ਗ੍ਰੰਥ ਸਾਹਿਬ, ਬਚਿਤ੍ਰ ਨਾਟਕ, ਅੰਗ - ੧੨੩)

'ਤਮਾਸਾ' ਜਿਸ ਦੇ ਸ਼ਬਦੀ ਅਰਥ ਹਨ ਮਨ ਪਰਚਾਵੇ ਲਈ ਕੀਤਾ ਜਾ ਰਿਹਾ ਕਰਤੱਵ। ਜੇਕਰ ਅਸੀਂ ਇਸ ਸੰਸਾਰ ਦੀ ਗੱਲ ਕਰੀਏ ਤਾਂ ਇਸ ਸੰਸਾਰ ਵਿਚ ਵੀ ਲੋਕ ਜੋ ਕੁਝ ਵੀ ਕਰ ਰਹੇ ਹਨ ਉਨਾਂ ਦਾ ਸਿਰਫ ਇਕ ਮਕਸਦ ਹੁੰਦਾ ਹੈ ਮਨ ਦੀ ਸੰਤੁਸ਼ਟੀ ਪਰ ਉਨਾਂ ਨੂੰ ਇਸ ਮਨ ਦੀ ਸੰਤੁਸ਼ਟੀ ਲਈ ਅਨੇਕਾਂ ਦੁਨਿਆਵੀ ਖੇਡਾਂ ਖੇਡਣੀਆਂ ਪੈਂਦੀਆਂ ਹਨ। ਇਸ ਦੁਨਿਆਵੀ ਖੇਡਾਂ ਨੂੰ ਖੇਡਦੇ ਹੋਏ ਜੋ ਮਨੁੱਖ ਨੂੰ ਮਨ ਦੀ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਉਸ ਦਾ ਟਿਕਾਅ ਕੇਵਲ ਤੇ ਕੇਵਲ ਕੁਝ ਸਮੇਂ ਦੇ ਲਈ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਨਾਂ ਦੁਨੀਆ ਨੂੰ ਵੀ ਖੇਡ ਤਮਾਸ਼ੇ ਵਜੋਂ ਵੇਖਿਆ ਹੈ ਜਿਸ ਨੂੰ ਖੇਡ ਕੇ ਮਨੁੱਖ ਵਾਰ ਵਾਰ ਜਨਮ ਮਰਨ ਦੇ ਚੱਕਰਾਂ ਵਿੱਚ ਪੈ ਜਾਂਦਾ ਹੈ। ਪਰ ਜੇਕਰ ਸਦੈਵ ਲਈ ਇਨਸਾਨ ਨੂੰ ਮਨ ਦੀ ਸੰਤੁਸ਼ਟੀ ਚਾਹੀਦੀ ਹੈ ਤਾਂ ਉਸ ਨੂੰ ਕੇਵਲ ਤੇ ਕੇਵਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਜਾਣ ਕੇ ਉਨਾਂ ਨੂੰ ਸਮਝ ਕੇ ਅਤੇ ਉਸ ਸਮਝ ਨੂੰ ਆਪਣੇ ਅੰਦਰ ਢਾਲ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਰਤਮਾਨ ਸਮੇਂ ਵਿਚ ਜੇਕਰ ਅਸੀਂ ਆਪਣੇ ਆਲੇ ਦੁਆਲੇ ਝਾਤ ਮਾਰੀਏ ਤਾਂ ਸਾਨੂੰ ਸਾਰੀ




ਹੀ ਲੋਕਾਈ ਦੁੱਖਾਂ ਵਿੱਚ ਪਈ ਹੋਈ ਨਜ਼ਰ ਆਉਂਦੀ ਹੈ। ਅਸੀਂ ਜੇਕਰ ਕਿਸੇ ਨਾਲ ਆਮ ਸ਼ਬਦਾਂ ਵਿੱਚ ਵੀ ਗੱਲ ਕਰੀਏ ਤਾਂ ਉਸ ਦਾ ਦੁੱਖ ਸਭ ਤੋਂ ਪਹਿਲਾਂ ਉਭਰ ਕੇ ਸਾਹਮਣੇ ਆਉਂਦਾ ਹੈ, ਪਰ ਉਹ ਇਨਸਾਨ ਕਦੇ ਇਹ ਨਹੀਂ ਸੋਚਦਾ ਕਿ ਜਿਸ ਕੋਲ ਉਹ ਗੱਲ ਕਰ ਰਿਹਾ ਹੈ ਉਹ ਵੀ ਇਨਾਂ ਦੁੱਖਾਂ ਵਿੱਚ ਹੀ ਜੀਵਨ ਬਤੀਤ ਕਰ ਰਿਹਾ ਹੈ। ਇਸ ਤਰਾਂ ਮਨੁੱਖ ਦਾ ਮਨੁੱਖ ਨਾਲ ਸਾਂਝਾ ਕੀਤਾ ਹੋਇਆ ਦੁੱਖ ਕੁਝ ਸਮੇਂ ਲਈ ਭੁੱਲ ਸਕਦਾ ਹੈ ਪਰ ਕਦੇ ਵੀ ਸਦੈਵ ਸਮੇਂ ਲਈ ਮਨੁੱਖ ਆਪਣਾ ਦੁੱਖ ਲੁਕਾ ਕੇ ਨਹੀਂ ਰੱਖ ਸਕਦਾ। ਅਜਿਹੀਆਂ ਵਿਚਾਰਧਾਰਾਵਾਂ ਮਨੁੱਖ ਨੂੰ ਅਕਾਲ ਪੁਰਖ ਤੋਂ ਦੂਰ ਲੈ ਕੇ ਜਾਂਦੀਆਂ ਹਨ। ਜੇਕਰ ਗੱਲ ਧਾਰਮਿਕ ਗ੍ਰੰਥਾਂ ਦੀ ਕੀਤੀ ਜਾਵੇ ਤਾਂ ਸਾਰੇ ਧਰਮ ਗ੍ਰੰਥ ਪੂਜਣਯੋਗ ਹਨ। ਕਿਸੇ ਵੀ ਧਰਮ ਗ੍ਰੰਥ ਵਿੱਚ ਦੂਜੇ ਧਰਮ ਗ੍ਰੰਥ ਦੀ ਨਿੰਦਿਆ ਨਹੀਂ ਕੀਤੀ ਗਈ ਅਤੇ ਨਾ ਹੀ ਕਿਤੇ ਇਹ ਲਿਖਿਆ ਗਿਆ ਹੈ ਕਿ ਲੋਕਾਂ ਨੂੰ ਧਰਮ ਦੇ ਨਾਮ ਤੇ ਭੜਕਾਇਆ ਜਾਵੇ। ਜੋ ਵੀ ਅਜੋਕੇ ਦੌਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਕਰਵਾ ਕੇ ਰਾਜਨੀਤਿਕ ਖੇਡਾਂ ਖੇਡੀਆਂ ਜਾ ਰਹੀਆਂ ਹਨ, ਇਨਾਂ ਖੇਡਾਂ ਨੂੰ ਖੇਡਣ ਦੇ ਲਈ ਕਿਸੇ ਵੀ ਧਰਮ ਗ੍ਰੰਥ ਵਿੱਚ ਨਹੀਂ ਕਿਹਾ ਗਿਆ ਹੈ। ਸਗੋਂ ਸਾਰੇ ਹੀ ਧਰਮ ਗ੍ਰੰਥ ਮਨੁੱਖ ਨੂੰ ਉਸ ਅਕਾਲ ਪੁਰਖ ਨਾਲ ਜੁੜਨ ਦੀ ਸੇਧ ਬਖ਼ਸ਼ਦੇ ਹਨ। ਦੁਨੀਆਂ ਦੇ ਸਾਰੇ ਧਾਰਮਿਕ ਗ੍ਰੰਥ ਇਕ ਰਸਤਾ ਹਨ ਜੋ ਕੇਵਲ ਇਕ ਤੇ ਜਾ ਕੇ ਖ਼ਤਮ ਹੁੰਦਾ ਹੈ, ਪਰ ਅਫ਼ਸੋਸ ਧਰਮ ਦੇ ਨਾਂ ਤੇ ਵੰਡੀਆਂ ਪਵਾ ਕੇ, ਧਰਮ ਦੇ ਠੇਕੇਦਾਰਾਂ ਨੇ ਆਪਣੇ ਹੁਕਮਾਂ ਨੂੰ ਲਾਗੂ ਕਰ ਦਿੱਤਾ ਹੈ। ਪੁਰਾਤਨ ਸਮਿਆਂ ਤੋਂ ਚੱਲੀਆਂ ਆ ਰਹੀਆਂ ਅਨੇਕਾਂ ਰਵਾਇਤਾਂ ਨੂੰ ਧਰਮ ਦੇ ਠੇਕੇਦਾਰਾਂ ਨੇ ਖ਼ਤਮ ਕਰ ਕੇ ਨਵੀਆਂ ਰਵਾਇਤਾਂ ਨੂੰ ਚਲਾ ਦਿੱਤਾ ਹੈ। ਜਿੱਥੇ ਕਿਤੇ ਇਨਾਂ ਨੂੰ ਲੱਗਦਾ ਹੈ ਕਿ ਇਹ ਸਾਡੀ ਸ਼ਾਨ ਦੇ ਖ਼ਿਲਾਫ ਸ਼ਬਦ ਹਨ, ਉਨਾਂ ਸ਼ਬਦਾਂ ਨੂੰ ਦਰਕਿਨਾਰ ਕਰਕੇ ਪਵਿੱਤਰ ਬਾਣੀਆਂ ਦਾ ਅਪਮਾਨ ਕੀਤਾ ਹੈ। ਜੇਕਰ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਬਾਰੇ ਕੀਤੀ ਜਾਵੇ ਤਾਂ ਇਨਾਂ ਧਰਮ ਦੇ ਠੇਕੇਦਾਰਾਂ ਨੂੰ ਅਤੇ ਸਿਆਸਤੀ ਲੋਕਾਂ ਨੂੰ ਇਸ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ, ਕਿਉਂਕਿ ਇਹ ਲੋਕ ਗੁਰੂ ਤੋਂ ਬੇਮੁਖ ਹੋ ਕੇ ਮਨਮੁਖ ਜੀਵਨ ਬਤੀਤ ਕਰ ਰਹੇ ਹਨ। ਪਰ ਸੱਚ ਜਾਣਿਓ ਜਿਸ ਦਿਨ ਵੀ ਇਨਾਂ ਲੋਕਾਂ ਦਾ ਸੱਚ ਨਾਲ ਵਾਹ ਪੈ ਗਿਆ ਉਸ ਦਿਨ ਬੇਅਦਬੀਆਂ ਕਰਨ ਵਾਲੇ ਅਤੇ ਕਰਾਉਣ ਵਾਲੇ ਸਿਆਸਤੀ ਦਿਮਾਗ ਦਾ ਨਸ਼ਰ ਹੋਣਾ ਤੈਅ ਹੈ ਕਿਉਂਕਿ ਆਖ਼ਰਕਾਰ ਜਿੱਤ ਹਮੇਸ਼ਾ ਸੱਚ ਦੀ ਹੀ ਹੁੰਦੀ ਹੈ।

ਸਿੱਖੀ ਵਿੱਚ ਸੰਤ ਅਤੇ ਸਿਪਾਹੀ ਦਾ ਸੰਕਲਪ ਮੌਜੂਦ ਹੈ ਜੋ ਹਮੇਸ਼ਾ ਇਹ ਹੀ ਯਾਦ ਦਿਵਾਉਂਦਾ ਹੈ ਕਿ ਜੇਕਰ ਅਸੀਂ ਉਸ ਅਕਾਲ ਪੁਰਖ ਨੂੰ ਪਾਉਣ ਦੇ ਲਈ ਸੰਤ ਵਾਲੀ ਬਿਰਤੀ ਅਪਣਾਉਂਦੇ ਹਾਂ ਤਾਂ ਮਜ਼ਲੂਮਾਂ ਦੀ ਰੱਖਿਆ ਦੇ ਲਈ ਕਿਰਪਾਨ ਨੂੰ ਵੀ ਚੁੱਕ ਸਕਦੇ ਹਾਂ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਇਕ ਆਮ ਇਨਸਾਨ ਵਿੱਚ ਸੰਤ ਤੇ ਸਿਪਾਹੀ ਦੇ ਗੁਣ ਮੌਜੂਦ ਕਰ ਦਿੱਤੇ ਜੋ ਸਮੇਂ ਸਮੇਂ ਤੇ ਜਿਵੇਂ ਦੇ ਹਾਲਾਤ ਹੁੰਦੇ ਗਏ ਉਵੇਂ ਦਾ ਰੂਪ ਧਾਰਨ ਕਰਕੇ ਲੋਕਾਈ ਨੂੰ ਅਕਾਲ ਪੁਰਖ ਵਾਹਿਗੁਰੂ ਨਾਲ ਵੀ ਜੋੜਿਆ ਅਤੇ ਉਸ ਦੀ ਰੱਖਿਆ ਲਈ ਤਲਵਾਰ ਦੇ ਮੁੱਠੇ ਨੂੰ ਵੀ ਹੱਥ ਪਾਇਆ। ਪਰ ਅਜੋਕੇ ਸਮੇਂ ਵਿੱਚ ਜੋ ਸਿੱਖ ਕੌਮ ਨਾਲ ਵਾਪਰ ਰਿਹਾ ਹੈ। ਉਸ ਦੀ ਵਜਾ ਕਿਤੇ ਨਾ ਕਿਤੇ ਸਾਡੇ ਵਿੱਚ ਸੰਤ ਦੀ ਬਿਰਤੀ ਤਾਂ ਹੋਣਾ ਪਰ ਸਾਡੇ ਅੰਦਰ ਸਿਪਾਹੀ ਵਾਲੀ ਬਿਰਤੀ ਖ਼ਤਮ ਹੋ ਰਹੀ ਹੈ। ਪੰਜਾਬ ਵਿਚ ਸੰਤਾਂ ਦੇ ਡੇਰਿਆਂ ਦੀ ਭਰਮਾਰ ਦਿਨ ਪ੍ਰਤੀ ਦਿਨ ਵਧ ਰਹੀ ਹੈ ਪਰ ਫੇਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ। ਪੰਜਾਬ ਦੀ ਦਸ਼ਾ ਇਸ ਸਮੇਂ ਮਾੜੇ ਹਾਲਾਤਾਂ ਵਿੱਚ ਹੈ, ਜੇਕਰ ਥੋੜੀ ਵਿਚਾਰ ਕਰ ਕੇ ਦੇਖੀ ਜਾਵੇ ਤਾਂ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋ ਰਹੀਆਂ ਹਨ, ਦੂਜੇ ਪਾਸੇ ਰਾਜਨੀਤਿਕ ਸਿਆਸਤ ਚੱਲ ਰਹੀ ਹੈ, ਤੇ ਤੀਜੇ ਪਾਸੇ ਸਿੱਖ ਇਤਿਹਾਸ ਨਾਲ ਛੇੜਖਾਨੀਆਂ ਕਰ ਕੇ ਇਤਿਹਾਸ ਵਿੱਚ ਰਲਗੱਡ ਕੀਤਾ ਜਾ ਰਿਹਾ ਹੈ। ਸਿੱਖੀ ਨੂੰ ਸਮਰਪਿਤ ਸਾਰੇ ਲੋਕਾਂ ਨੂੰ ਇਕ ਜਗਾ ਇਕੱਤਰ ਹੋ ਕੇ ਅੱਜ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ ਤਾਂ ਜੋ ਕੱਲ ਨੂੰ ਇਹ ਨਾ ਹੋਵੇ ਕਿ ਸਾਨੂੰ ਆਪਣੀ ਸਿੱਖੀ ਬਚਾਉਣ ਦੇ ਲਈ ਵੀ ਧਰਨੇ ਦੇਣੇ ਪੈਣ। ਕਿਉਂਕਿ ਜਿਸ ਦੇਸ਼ ਵਿੱਚ ਅਸੀਂ ਰਹਿ ਰਹੇ ਹਨ ਉਥੇ ਧਰਮ ਦੇ ਨਾਂ ਉਤੇ ਸਿਆਸਤ ਕੀਤੀ ਜਾ ਰਹੀ ਹੈ।

# ਕੋਰੋਨਾ ਦੌਰ ਦੀ ਸਿੱਖਿਆ



**ਸੰਜੀਵ ਸਿੰਘ ਸੈਣੀ, ਮੋਹਾਲੀ**

2020 ਵਿਚ ਪੂਰੇ ਵਿਸ਼ਵ ਵਿੱਚ ਕਰੋਨਾ ਮਹਾਂਮਾਰੀ ਕਾਰਨ ਹਾਹਾਕਾਰ ਮੱਚੀ ਹੋਈ ਸੀ। ਤਕਰੀਬਨ ਭਾਰਤ ਵਿੱਚ 22 ਮਾਰਚ ਤੋਂ ਤਾਲਾਬੰਦੀ ਕੀਤੀ ਗਈ। ਜਿੱਥੇ ਕਰੋਨਾ ਮਹਾਂਮਾਰੀ ਕਾਰਨ ਆਰਥਿਕ ਪੱਖੋਂ ਕਾਫ਼ੀ ਨੁਕਸਾਨ ਹੋਇਆ ਹੈ, ਉੱਥੇ ਇਸ ਦਾ ਕੁਝ ਕੁ ਫਾਇਦਾ ਵੀ ਹੋਇਆ ਸੀ। ਤਾਲਾਬੰਦੀ ਤਿੰਨ ਤੇ ਚਾਰ ਦੌਰਾਨ ਕੁਝ ਚੀਜ਼ਾਂ ਤੇ ਛੋਟ ਦਿੱਤੀ ਗਈ। ਜਦੋਂ ਸਾਰੇ ਪਾਸੇ ਤਾਲਾਬੰਦੀ ਸੀ ਤਾਂ ਦੇਖਿਆ ਗਿਆ ਕਿ ਵਾਤਾਵਰਨ ਸਾਫ਼ ਸੁਥਰਾ ਹੋ ਚੁੱਕਿਆ ਸੀ ਤੇ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਸੀ। ਕੁਦਰਤ ਨਵ-ਵਿਆਹੀ ਵਹੁਟੀ ਦੀ ਤਰਾਂ ਸਜ ਗਈ। ਦਰਿਆ ਸਾਫ ਹੋ ਚੁੱਕੇ ਸਨ। ਜੋ ਸਮੇਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ, ਉਹ ਕੋਰੋਨਾ ਵਾਇਰਸ ਨੇ ਕਰ ਦਿਖਾਇਆ ਸੀ। ਜਿਵੇਂ ਜਿਵੇਂ ਤਾਲਾਬੰਦੀ ਦੌਰਾਨ ਛੋਟ ਦਿੱਤੀ ਗਈ, ਸਨਅੱਤ ਦਾ ਪਹੀਆ ਘੁੰਮਣਾ ਸ਼ੁਰੂ ਹੋਇਆ। ਫਿਰ ਦਰਿਆ ਪ੍ਰਦੂਸ਼ਿਤ ਹੋਣ ਲੱਗੇ। ਹਵਾ ਪ੍ਰਦੂਸ਼ਿਤ ਹੋਣ ਕਰਕੇ ਦਮਾ ਤੇ ਫੇਫੜਿਆਂ ਦੇ ਮਰੀਜ਼ ਲਗਾਤਾਰ ਵਧਣਾ ਸ਼ੁਰੂ ਹੋ ਚੁੱਕੇ ਹਨ। ਬੁੱਢਾ ਨਾਲਾ ਫਿਰ ਪ੍ਰਦੂਸ਼ਿਤ ਹੋਣ ਲੱਗਾ। ਸਰਸਾ ਦਰਿਆ ਵਿੱਚ ਮੱਛੀਆਂ ਮਰੀਆਂ ਹੋਈਆਂ ਪਾਈਆਂ ਗਈਆਂ। ਦੇਖਣ ਵਿੱਚ ਆਇਆ ਹੈ ਕਿ ਸਾਰੇ ਕਾਰੋਬਾਰ ਕੰਮਕਾਜ ਠੱਪ ਹੋ ਚੁੱਕੇ ਹਨ। ਫਿਰ ਵੀ ਇਨਸਾਨ ਨਹੀਂ ਸੁਧਰਿਆ ਹੈ, ਉਹ ਆਪਣੀ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ। ਪ੍ਰਦੂਸ਼ਣ ਫਿਰ ਵੱਧ ਗਿਆ ਹੈ। ਵਿਚਾਰਨ ਵਾਲੀ ਗੱਲ ਹੈ ਕਿ ਕੁਦਰਤ ਨੇ ਸਾਨੂੰ ਮੌਕਾ ਤਾਂ ਦਿੱਤਾ ਹੈ ਕਿ ਤੁਸੀਂ ਸੰਭਲ ਜਾਓ। ਪਰ ਫਿਰ ਵੀ ਕਿਉਂ ਨਹੀਂ ਅਸੀਂ ਕੁਦਰਤ ਦੇ ਮੁਤਾਬਿਕ ਜ਼ਿੰਦਗੀ ਨੂੰ ਬਸਰ ਕਰ ਰਹੇ ਹਨ। ਕੁਦਰਤ ਨੇ ਸਾਨੂੰ ਇਸ਼ਾਰੇ ਕੀਤੇ ਹਨ, ਪਰ ਫਿਰ ਵੀ ਇਨਸਾਨ ਨਹੀਂ ਸਮਝ ਰਿਹਾ ਹੈ। ਫਜ਼ੂਲ ਖਰਚੀ ਨੂੰ ਬਹੁਤ ਜਿਆਦਾ ਠੱਲ ਪਈ ਸੀ। ਜਿਨਾਂ ਪਰਿਵਾਰਾਂ ਵਿੱਚ ਕਿਸੇ ਬਿਮਾਰੀ ਕਾਰਨ ਮੌਤਾਂ ਹੋਈਆਂ ਸਨ, ਉੱਥੇ ਸਿਰਫ਼ ਪੰਜ ਜਾਂ ਸੱਤ ਮੈਂਬਰਾਂ ਦੀ ਮੌਜੂਦਗੀ ਵਿੱਚ ਹੀ ਸਾਦੇ ਭੋਗ ਪਾਏ ਗਏ ਸਨ। ਆਮ ਦੇਖਣ ਵਿੱਚ ਆ ਰਿਹਾ ਹੈ ਕਿ ਜੇ ਕਿਸੇ ਬਜ਼ੁਰਗ ਦੀ ਮੌਤ ਹੁੰਦੀ, ਖ਼ਾਣੇ ਤੇ ਪਤਾ ਨਹੀਂ ਕਿੰਨੇ ਪੈਸੇ ਖਰਚ ਕਰ ਦਿੱਤੇ ਜਾ ਰਹੇ ਹਨ। ਟਰਾਲੀਆਂ ਦੀਆਂ ਟਰਾਲੀਆਂ, ਗੱਡੀਆਂ ਭਰ ਕੇ ਜਲੇਬੀਆਂ ਖਾਣ ਜਾ ਰਹੇ ਹਨ। ਲਾਕਡਾਊਨ ਦੌਰਾਨ ਸਭ ਨੇ ਸਾਦੇ ਖਾਣੇ ਨੂੰ ਤਰਜੀਹ ਦਿੱਤੀ ਸੀ। ਚਾਹੇ ਸੂਬਾ ਸਰਕਾਰਾਂ ਨੇ ਹੋਟਲ ਰੈਸਟੋਰੈਂਟ ਖੋਲ ਦਿੱਤੇ ਹਨ, ਪਰ ਸਾਨੂੰ ਬਾਹਰ ਦੇ ਖਾਣੇ ਨੂੰ ਤਰਜ਼ੀਹ ਨਹੀਂ ਦੇਣੀ ਚਾਹੀਦੀ।

ਪੰਜਾਬੀ ਵਿਆਹਾਂ ਤੇ ਲੱਖਾਂ ਲੱਖਾਂ ਰੁਪਏ ਰੋੜ ਦਿੰਦੇ ਹਨ। ਵਿਆਹ ਤੋਂ ਪਹਿਲਾਂ ਪ੍ਰੀ ਵੈਡਿੰਗ ਸ਼ੂਟ ਕੀਤਾ ਜਾਂਦਾ ਹੈ, ਜਿਸ ਉੱਤੇ ਪੰਜ ਪੰਜ ਲੱਖ ਰੁਪਏ ਖਰਚਾ ਤੱਕ ਆ ਜਾਂਦਾ ਹੈ। ਸਭ ਨੇ ਵੇਖਿਆ ਸੀ ਕਰੋਨਾ ਮਹਾਂਮਾਰੀ ਕਰਕੇ ਸਿਰਫ ਸੀਮਿਤ ਸਾਧਨਾਂ ਵਿੱਚ ਹੀ ਸ਼ੁੱਭ ਕਾਰਜ ਨੇਪਰੇ ਚੜਾਏ। ਪਰਿਵਾਰਾਂ ਦੇ ਪੰਜ ਪੰਜ ਮੈਂਬਰਾਂ ਨੇ ਹੀ ਇਸ ਸ਼ੁੱਭ ਕਾਰਜ ਨੂੰ ਨੇਪਰੇ ਚੜਾ ਕੇ ਆਪਣੇ ਫਰਜ਼ ਨਿਭਾਏ। ਹੋਟਲ, ਬੈਂਡ ਬਾਜੇ, ਡੀਜੇ ਆਰਕੈਸਟਰਾ ਸਾਰੇ ਹੀ ਆਪਣੇ ਵਿਆਹ ਵਿੱਚ ਇਨਾਂ ਨੂੰ ਬੁੱਕ ਕਰਦੇ ਸਨ। ਲੱਖਾਂ ਲੱਖਾਂ ਰੁਪਿਆ ਇਨਾਂ ਉੱਤੇ ਖਰਚ ਆ ਜਾਂਦਾ ਸੀ। ਆਮ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਕੁੜੀ ਦਾ ਵਿਆਹ ਰੱਖਿਆ ਜਾਂਦਾ ਹੈ ਤਾਂ ਪਰਿਵਾਰ ਛੇ ਛੇ ਮਹੀਨੇ ਪਹਿਲਾਂ ਹੀ ਖਰੀਦਦਾਰੀ ਸ਼ੁਰੂ ਕਰ ਦਿੰਦਾ ਹੈ। ਆਪਣੀ ਕੁੜੀ ਦਾ ਵਧੀਆ ਕਾਰਜ ਨੇਪੜੇ ਚਾੜਨ ਲਈ ਬੈਂਕਾਂ, ਆੜਤੀਆਂ ਤੋਂ ਕਰਜ਼ਾ ਚੁੱਕਦਾ ਹੈ। ਸਮੇਂ ਸਿਰ ਕਰਜ਼ਾ ਨਾ ਚੁੱਕਣ ਕਰਕੇ ਉਸਨੂੰ ਖੁਦਕੁਸ਼ੀ ਵੀ ਕਰਨੀ ਪੈਂਦੀ ਹੈ। ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਵੀ ਵੱਡਾ ਕਾਰਨ ਇਹ ਹੈ ਕਿ ਗਰੀਬੀ ਕਾਰਨ ਉਹ ਪਿਓ ਆਪਣੀ ਕੁੜੀ ਦਾ ਵਧੀਆ ਕਾਰਜ ਨਹੀਂ ਕਰ ਸਕਦਾ, ਜਿਸ ਕਾਰਨ ਕੁੜੀ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ। ਇਹ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਸਾਦਗੀ ਬਰਕਰਾਰ ਰਹਿ ਪਾਏਗੀ ਜਾਂ ਫਿਰ ਆਪਣੀ ਧੀ ਦਾ ਕਾਰਜ ਨੇਪੜੇ ਚੜਾਉਣ ਲਈ ਪਿਓ ਨੂੰ ਲੱਖਾਂ ਰੁਪਏ ਦਾ ਕਰਜ਼ਾ ਚੁੱਕਣਾ ਪਵੇਗਾ। ਕੋਰੋਨਾ ਹਾਲੇ ਗਿਆ ਨਹੀਂ ਹੈ। ਆਮ ਦੇਖਣ ਵਿਚ ਆ ਰਿਹਾ ਹੈ ਕਿ ਵਿਆਹ, ਭੋਗਾਂ ਤੇ ਫਿਰ ਫ਼ਜ਼ੂਲਖਰਚੀ ਦਾ ਸਿਲਸਿਲਾ ਜਾਰੀ ਹੈ। ਲਾਕਡਾਊਨ ਦੌਰਾਨ ਸਭ ਨੇ ਹੀ ਸਾਦੇ ਵਿਆਹ, ਸਾਦੇ ਭੋਗ ਦੇਖੇ। ਸਾਨੂੰ ਸਾਰਿਆਂ ਨੂੰ ਹੀ ਲਾਕਡਾਊਨ ਵਿੱਚ ਹੋਏ ਵਿਆਹਾਂ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਫਜ਼ੂਲਖਰਚੀ ਨੂੰ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ।

## ਮਨੁੱਖਤਾ ਤੂੰ ਕਿੱਥੇ ਰਹਿੰਦੀ ਹੈਂ ?

ਕਿੱਥੇ ਰਹਿੰਦੀ ਹੈਂ ਤੂੰ ਮਨੁੱਖਤਾ ?
ਮੰਦਰ ਵਿੱਚ, ਮਸਜਿਦ ਵਿੱਚ, ਅਦਾਲਤ ਵਿੱਚ
ਕਿਸੇ ਦੇ ਦਿਲ ਵਿੱਚ ਜਾਂ ਖ਼ੂਨ ਵਿੱਚ ?
ਜਦ ਇਕ ਨਵ ਜੰਮਿਆ ਬੱਚਾ ਗਲਾ ਫ਼ਾੜ ਕੇ ਰੋਂਦਾ ਹੈ ਕੂੜੇ ਜਾਂ ਡਸਟਬਿਨ ਵਿੱਚ
ਜਦ ਨਵਜੰਮੇ ਬੱਚੇ ਦਾ ਮਾਸ ਕੁੱਤਾ ਜਾਂ ਸੂਰ ਖਾਂਦਾ ਹੈ ਉਦੋਂ ਤੂੰ ਕਿੱਥੇ ਹੁੰਦੀ ਹੈਂ ਮਨੁੱਖਤਾ ?
ਡੈਣ ਦੇ ਸ਼ੱਕ ਵਿੱਚ ਮਾਰ ਦਿੱਤਾ ਜਾਂਦਾ ਹੈ ਕਿਸੇ ਬੱਚੇ ਦੀ ਮਾਂ ਨੂੰ
ਨਿੱਕੇ ਨਿੱਕੇ ਬੱਚੇ ਉਡੀਕ ਵਿੱਚ ਬੈਠੇ ਰਹਿੰਦੇ ਹਨ ਆਪਣੇ ਮਾਂ ਬਾਪ ਦੀ
ਕਿਸੇ ਯਤੀਮਖਾਨੇ ਵਿੱਚ ਉਦੋਂ ਤੂੰ ਕਿੱਥੇ ਹੁੰਦੀ ਹੈਂ ਤੂੰ ਮਨੁੱਖਤਾ ?
ਜਦ ਲੋਕਾਂ ਦੇ ਖ਼ੂਨ ਨਾਲ ਲਹੂ ਵਿੱਚ ਭਿੱਜ ਜਾਂਦੇ ਹਨ ਰਸਤੇ- ਕਿਨਾਰੇ ਜਿਊਂਦਿਆਂ ਹੀ ਹੋ ਜਾਂਦੇ ਹਨ ਭਸਮ ਉਦੋਂ ਤੂੰ ਕਿੱਥੇ ਰਹਿੰਦੀ ਹੈਂ ਮਨੁੱਖਤਾ ?
ਰਾਹਚੌਰਸਤਿਆਂਵਿੱਚਦਿਨਕਟੀਕੱਟਣਵਾਲੀ
ਇਕ ਪਾਗਲ, ਬਲਾਤਕਾਰ ਤੋਂ ਮਗਰੋਂ ਜਦੋਂ ਗਰਭਵਤੀ ਹੋ ਜਾਂਦੀ ਹੈ
ਉਦੋਂ ਕਿੱਥੇ ਹੁੰਦੀ ਹੈ ਤੂੰ ਮਨੁੱਖਤਾ ?
ਜਦ ਕੋਈ ਡਾਕਟਰ ਵੇਚ ਦਿੰਦਾ ਹੈ ਇਮਾਨ
ਜਦ ਕੋਈ ਵਕੀਲ ਸੁੱਟ ਦਿੰਦਾ ਹੈ ਨਿਆਂ ਨੂੰ
ਜਦ ਕੋਈ ਅਫਸਰ ਇਕ ਮੁੱਠੀ ਚੌਲ ਦੇ ਨਾਂ 'ਤੇ
ਚਿਮਟੇਨਾਲਨੱਪਕੇਪਾਲਣਹਾਰਾਬਣਾਦਿੰਦਾਹੈ
ਕਿਸੇ ਗਰੀਬ ਨੂੰ ਉਦੋਂ ਤੂੰ ਕਿੱਥੇ ਰਹਿੰਦੀ ਹੈ ਮਨੁੱਖਤਾ ?
ਓ ਮਨੁੱਖਤਾ !
ਇੰਨਾ ਕੁੱਝ ਤੱਕ ਕੇ ਵੀ ਤੂੰ ਚੁੱਪ ਕਿਉਂ ਹੈਂ ?
ਕਿਵੇਂ ਜਗਾਵਾਂ ਮੈਂ ਤੈਨੂੰ
ਫੁੱਲਾਂ ਨਾਲ, ਦੀਵਾ ਬਾਲ ਕੇ ਜਾਂ ਖ਼ੂਨ ਨਾਲ
ਜਾਂ ਤੁਰਹੀ, ਸੀਂਗੇ ਅਤੇ ਮਾਂਦਲ ਦੇ ਕੋਮਲ ਸੁਰਾਂ ਨਾਲ
ਓ ਮਨੁੱਖਤਾ! ਜਾਗ, ਤੂੰ ਜਾਗ ਜਾ!!
ਲੋਕਾਈ ਦੇ ਦਿਲਾਂ ਵਿੱਚ, ਮੰਦਿਰਾਂ ਵਿੱਚ, ਮਸਜਿਦਾਂ ਵਿੱਚ, ਸੰਸਾਰ ਦੇ ਕੋਨੇ- ਕੋਨੇ ਵਿੱਚ,
ਅਸਮਾਨ ਵਿੱਚ, ਹਵਾ ਵਿੱਚ
ਤੂੰ ਜਾਗ ਲੋਕਾਂ ਵਿੱਚ ਮਨੁੱਖਤਾ !

**ਭੁਪਿੰਦਰ ਕੌਰ ਪ੍ਰੀਤ**
98141-77954

## ਬੋਲੀਆਂ

ਵਿੱਥਾਂ ਦਿਲਾਂ ਵਿਚ ਪਾਈਆਂ ਵੇ,
ਐਥੇ ਕੀ ਜ਼ਮੀਨ ਵੰਡਣੀ,
ਕਾਹਨੂੰ ਕਰਦਾ ਲੜਾਈਆਂ ਵੇ।

ਪਾਣੀ ਵਗਦਾ ਪੀ ਲਈਏ,
ਚਾਰ ਦਿਨ ਜਿੰਦਗੀ ਦੇ,
ਹਸ ਖੇਡ ਕੇ ਜੀ ਲਈਏ।

ਹੁੰਦੇ ਦਿਲਾਂ ਨੂੰ ਵੀ ਰਾਹ ਸੱਜਣਾ,
ਜੋ ਇਨਾਂ ਵਿੱਚ ਪਾਉਣ ਵੰਡੀਆਂ,
ਜਾਂਦੇ ਨਰਕਾਂ ਦੇ ਰਾਹ ਸੱਜਣਾ।

ਘਰ ਦਿਲਾਂ 'ਚ ਬਣਾ ਜਾਈਏ,
ਪਿਆਰ ਵਾਲੇ ਬੋਲ ਬੋਲ ਕੇ,
ਠੰਡ ਸੀਨਿਆਂ 'ਚ ਪਾ ਜਾਈਏ।

ਖਾਲੀ ਕਲਮ ਦਾ ਵਾਰ ਨਾ ਜਾਵੇ,
ਦਰਦ ਵੰਡਾਵੇ ਲੋਕਾਂ ਦੇ
ਨਾਲੇ ਬਣ ਹਥਿਆਰ ਜਾਵੇ।

**ਰਾਜਨਦੀਪ ਕੌਰ ਮਾਨ**
6239326166

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਤੁਸੀਂ ਇਹ ਕੰਮ ਕਿਸੇ ਹੋਰ ਨੂੰ ਦੇ ਦਿਓ।'

ਨਵਾਬ ਕਪੂਰ ਸਿੰਘ ਮੁਸਕਰਾਏ ਤੇ ਉਸਦੀ ਪਿੱਠ ਉਤੇ ਹੱਥ ਫੇਰਦੇ ਹੋਏ ਬੋਲੇ, 'ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਵਿਚ ਸੇਵਾ ਨਾਲ ਈ ਮੇਵਾ ਮਿਲਦਾ ਏ। ਇਹ ਬੜੇ ਭਲੇ ਲੋਕ ਨੇ। ਇਹਨਾਂ ਮੈਨੂੰ ਪੱਖਾਂ ਝੱਲਣ ਵਾਲੇ ਸੇਵਾਦਾਰ ਨੂੰ ਚੁੱਕ ਕੇ ਨਵਾਬ ਬਣਾ ਦਿੱਤਾ ਏ-ਤੈਨੂੰ ਸ਼ਾਇਦ ਬਾਦਸ਼ਾਹ ਬਣਾ ਦੇਣ।'

ਜੱਸਾ ਸਿੰਘ ਸ਼ਾਂਤ ਹੋ ਗਿਆ। ਉਹ ਤਨ-ਮਨ ਨਾਲ ਪੰਥ ਦੀ ਸੇਵਾ ਕਰਦਾ ਰਿਹਾ। ਸਿੱਟਾ ਇਹ ਕਿ ਉਸਨੇ ਏਨਾ ਸਨੇਹ ਤੇ ਸਨਮਾਨ ਪ੍ਰਾਪਤ ਕੀਤਾ ਕਿ ਸਾਰੇ ਉਸਨੂੰ 'ਬਾਦਸ਼ਾਹ' ਕਹਿਣ ਲੱਗ ਪਏ ਤੇ ਮੰਨੇ-ਪ੍ਰਮੰਨੇ ਸਰਦਾਰਾਂ ਵਿਚ ਉਸਦਾ ਦਰਜਾ ਏਨਾ ਉਚਾ ਹੋ ਗਿਆ ਕਿ ਨਵਾਬ ਕਪੂਰ ਸਿੰਘ ਪਿੱਛੋਂ ਦੂਜਾ ਪਦ ਉਸੇ ਦਾ ਗਿਣਿਆਂ ਜਾਣ ਲੱਗਿਆ।

ਜੱਸਾ ਸਿੰਘ ਦਾ ਜਨਮ ਲਾਹੌਰ ਦੇ ਨੇੜੇ ਆਹਲੂਵਾਲ ਪਿੰਡ ਵਿਚ ਹੋਇਆ ਸੀ। ਉਸਦੇ ਪਿਤਾ ਸ਼ਰਾਬ ਦਾ ਧੰਦਾ ਕਰਦੇ ਸਨ। ਪੰਜਾਬ ਵਿਚ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਨੂੰ 'ਕਲਾਲ' ਕਹਿੰਦੇ ਸਨ। ਇੰਜ ਉਹਨਾਂ ਦੀ ਇਕ ਵੱਖਰੀ ਕਲਾਲ ਜਾਤੀ ਬਣ ਗਈ ਸੀ। ਪਿੰਡ ਦੇ ਨਾਤੇ ਜੱਸਾ ਸਿੰਘ ਨੂੰ 'ਜੱਸਾ ਸਿੰਘ ਆਹਲੂਵਾਲੀਆ' ਤੇ ਪਿਓ ਦੇ ਪੇਸ਼ੇ ਦੇ ਨਾਤੇ 'ਜੱਸਾ ਸਿੰਘ ਕਲਾਲ' ਕਹਿੰਦੇ ਹਨ। ਪਿੱਛੋਂ ਉਹ ਜਿਸ ਮਿਸਲ ਦਾ ਆਗੂ ਬਣਿਆ, ਉਸਦਾ ਨਾਂ ਵੀ 'ਆਹਲੂਵਾਲੀਆ ਮਿਸਲ' ਪਿਆ। ਇਹੀ ਨਾਂ ਮਸ਼ਹੂਰ ਹੋ ਜਾਣ ਕਾਰਨ ਹੁਣ ਜਿੰਨੇ ਕਲਾਲ ਹਨ, ਉਹ ਆਪਣੇ ਆਪ ਨੂੰ ਆਹਲੂਵਾਲੀਆ ਲਿਖਦੇ ਹਨ।

ਦੋ ਢਾਈ ਸਾਲ ਅਮਨ ਰਿਹਾ। ਇਸ ਦੌਰਾਨ ਖ਼ਾਲਸਾ ਦਲਾਂ ਨੇ ਆਪਣੀ ਸ਼ਕਤੀ ਦਾ ਵਿਸਥਾਰ ਕੀਤਾ। ਉਹ ਪੂਰੇ ਪੰਜਾਬ ਵਿਚ ਫੈਲ ਗਏ। ਤਰੁਣਾ-ਦਲ ਦੇ ਘੋੜਿਆਂ ਦੇ ਖੁਰਾਂ ਦੀ ਟਾਪ ਜਮਨਾ ਪਾਰ ਦਿੱਲੀ ਦੇ ਲਾਲ ਕਿਲੇ ਵਿਚ ਸੁਣੀ ਜਾਣ ਲੱਗੀ। ਇਸ ਨਾਲ ਮੁਗਲ ਹੁਕਮਰਾਨ ਦੀ ਨੀਂਦ ਹਰਾਮ ਹੋ ਗਈ।

ਖਾਨ ਬਹਾਦਰ ਜ਼ਕਰੀਆ ਖਾਂ ਨੇ ਨਵਾਬ ਕਪੂਰ ਸਿੰਘ ਨੂੰ ਸੁਨੇਹਾ ਘੱਲਿਆ ਕਿ ਤੁਹਾਡੇ ਇਹ ਨੌਜਵਾਨ ਜੇ ਆਪਣਾ ਰਵੱਈਆ ਬਦਲ ਲੈਣ ਤਾਂ ਮੈਂ ਉਹਨਾਂ ਨੂੰ ਸ਼ਾਹੀ ਫੌਜ ਵਿਚ ਭਰਤੀ ਕਰਨ ਲਈ ਤਿਆਰ ਹਾਂ। ਉਸਦਾ ਇਹ ਸੁਝਾਅ ਰੱਦ ਕਰ ਦਿੱਤਾ ਗਿਆ। ਫੇਰ ਜ਼ਕਰੀਆ ਖਾਂ ਨੇ ਦੂਜਾ ਸੁਝਾਅ ਰੱਖਿਆ ਕਿ ਜੇ ਇਹ ਨੌਜਵਾਨ ਅਮਲ ਪਸੰਦ ਵਾਹੀਵਾਨ ਬਣ ਕੇ ਪਿੰਡਾਂ ਵਿਚ ਵੱਸਣਾ ਚਾਹੁੰਦੇ ਹਨ ਤਾਂ ਸਰਕਾਰ ਇਹਨਾਂ ਤੋਂ ਲਗਾਨ ਨਹੀਂ ਲਏਗੀ। ਇਹ ਸੁਝਾਅ ਵੀ ਰੱਦ ਕਰ ਦਿੱਤਾ ਗਿਆ। ਉਨਾਂ ਸਾਹਮਣੇ ਇਕੋ ਟੀਚਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਅਜ਼ਾਦ ਪੰਜਾਬ ਦਾ ਜੋ ਸੁਪਨਾ ਦੇਖਿਆ ਸੀ, ਉਸਨੂੰ ਸਾਕਾਰ ਕੀਤਾ ਜਾਏ। ਅੱਜ ਤੱਕ ਜਿੰਨੀਆਂ ਸ਼ਹੀਦੀਆਂ ਦਿੱਤੀਆਂ ਗਈਆਂ ਸਨ, ਉਹ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਹੀ ਦਿੱਤੀਆਂ ਗਈਆਂ ਸਨ-ਸੋ ਉਹ ਇਸ ਟੀਚੇ ਨੂੰ ਕਿੰਜ ਛੱਡ ਦਿੰਦੇ ?



ਖਾਨ ਬਹਾਦਰ ਜ਼ਕਰੀਆ ਖਾਂ ਨੇ ਸੋਚਿਆ ਸੀ ਕਿ ਉਹ ਲਾਲਚ ਤੇ ਐਸ਼-ਆਰਾਮ ਵਿਚ ਪੈ ਕੇ ਸੰਘਰਸ਼ ਤੇ ਵਿਦਰੋਹ ਦਾ ਰਸਤਾ ਛੱਡ ਦੇਣਗੇ। ਉਸਦਾ ਇਹ ਭਰਮ ਟੁੱਟ ਗਿਆ। ਉਸਨੇ ਜਾਗੀਰ ਵਾਪਸ ਲੈ ਲਈ ਤੇ ਨਵਾਬ ਦਾ ਖਿਤਾਬ ਵੀ, ਪਰ ਇਸ ਨਾਲ ਕੀ ਹੋਣਾ ਸੀ, ਨਵਾਬ ਕਪੂਰ ਸਿੰਘ ਤਾਂ ਫੇਰ ਵੀ ਨਵਾਬ ਬਣੇ ਰਹੇ। ਸਿੱਖਾਂ ਦੇ ਦਿਲਾਂ ਦੇ ਨਵਾਬ, ਪੂਰੇ ਪੰਥ ਦੇ ਨਵਾਬ।

ਜ਼ਕਰੀਆ ਖਾਂ ਨੇ ਫੇਰ ਆਪਣੀਆਂ ਤੋਪਾਂ ਊਠਾਂ ਉੱਤੇ ਲਦਵਾ ਦਿੱਤੀਆਂ। ਗਸ਼ਤੀ-ਫੌਜ ਪਿੰਡ-ਪਿੰਡ ਘੁੰਮਣ ਲੱਗੀ। ਸਿੱਖਾਂ ਨੇ ਵੀ ਆਪਣੀਆਂ ਕਿਰਪਾਨਾ 'ਸਾਣ' 'ਤੇ ਲਾ ਲਈਆਂ ਤੇ ਵਾਤਾਵਰਣ 'ਵਾਹਿਗੁਰੂ ਜੀ ਦਾ ਖ਼ਾਲਸਾ, ਵਾਹਿਗੁਰੂ ਜੀ ਦੀ ਫ਼ਤਿਹ' ਦੇ ਨਾਅਰਿਆਂ, ਜੈਕਾਰਿਆਂ ਨਾਲ ਗੂੰਜ ਉਠਿਆ। ਉਹ ਫੇਰ ਪਹਾੜਾਂ ਤੇ ਜੰਗਲਾਂ ਵੱਲ ਨਿਕਲ ਗਏ। ਰਾਹ ਵਿਚ ਪੈਂਦੇ ਸ਼ਹਿਰਾਂ ਤੇ ਕਸਬਿਆਂ ਵਿਚ ਛਾਪੇ ਮਾਰਦੇ ਰਹੇ। ਧਨ, ਹਥਿਆਰ ਤੇ ਘੋੜੇ ਲੁੱਟ ਕੇ ਲੈ ਗਏ। ਉਹ ਬਿਲਾਸਪੁਰ, ਨਾਲਾਗੜ ਤੇ ਸਰਮੂਰ ਦੀਆਂ ਪਹਾੜੀਆਂ ਤੇ ਲੱਖੀ ਜੰਗਲ ਵਿਚ ਜਾ ਛੁਪੇ। ਕੁਝ ਬਠਿੰਡੇ ਤੇ ਮੁਕਤਸਰ ਦੇ ਰੇਤਲੇ ਟਿੱਬਿਆਂ ਵਿਚਕਾਰ ਚਕਰਾਉਣ ਲੱਗੇ। ਬੁੱਢਾ-ਦਲ ਮਾਝੇ ਵੱਲੋਂ ਨੱਸ ਕੇ ਮਾਲਵੇ ਵਿਚ ਚਲਾ ਗਿਆ। ਇੱਥੇ ਦੇ ਕਾਫੀ ਖਿੱਤੇ ਉਪਰ ਆਲਾ ਦਾ ਰਾਜ ਸੀ। ਉਸਦੀ ਰਾਜਧਾਨੀ ਵਿਚ ਬੁੱਢਾ-ਦਲ ਦਾ ਨਿੱਘਾ ਸਵਾਗਤ ਕੀਤਾ ਗਿਆ। ਇੰਜ ਉਸਦੀ ਆਪਣੀ ਸ਼ਕਤੀ ਵੀ ਵਧੀ ਤੇ ਉਸਨੇ ਸੁਨਾਮ ਤੱਕ ਆਪਣੇ ਰਾਜ ਦਾ ਵਿਸਥਾਰ ਕੀਤਾ। ਅੰਮ੍ਰਿਤਸਰ ਪਹੁੰਚ ਕੇ ਦਿਵਾਲੀ ਮਨਾਉਣ ਲਈ ਬੁੱਢਾ-ਦਲ ਫੇਰ ਮਾਝੇ ਵੱਲ ਤੁਰ ਪਿਆ। ਸਫਰ ਖਰਚ ਲਈ ਉਨਾਂ ਕੋਲ ਖਾਸੀ ਰਕਮ ਸੀ। ਜਦੋਂ ਉਹ ਗੋਬਿੰਦਵਾਲ ਤੇ ਤਰਨ ਤਾਰਨ ਲੰਘ ਕੇ ਅੰਮ੍ਰਿਤਸਰ ਤੋਂ ਥੋੜਾ ਕੁ ਦੂਰ ਬਾਸਰਕੇ ਵਿਖੇ ਰੁਕੇ ਹੋਏ ਸਨ, ਦੀਵਾਨ ਲਖਪਤ ਰਾਏ ਨੇ 7,000 ਸੈਨਿਕਾਂ ਨਾਲ ਉਨਾਂ ਉਪਰ ਹਮਲਾ ਕਰ ਦਿੱਤਾ ਤੇ ਉਹਨਾਂ ਨੂੰ ਚੂਨੀਆਂ ਵੱਲ ਭਜਾ ਦਿੱਤਾ। ਤਰੁਣਾ-ਦਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਬੁੱਢਾ ਦਲ ਦੀ ਸਹਾਇਤਾ ਲਈ ਆ ਪਹੁੰਚਿਆ। ਇਨਾਂ ਦੋਹਾਂ ਦਲਾਂ ਨੇ ਸਾਂਝਾ ਹੱਲਾ ਬੋਲ ਕੇ ਮੁਗਲ ਸੈਨਾ ਦੇ ਛੱਕੇ ਛੁਡਾ ਦਿੱਤੇ। ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਤੇ ਜਮਾਲ ਖਾਂ ਤੇ ਤਤਾਰ ਖਾਂ ਨਾਂ ਦੇ ਦੋ ਫੌਜਦਾਰ ਵੀ ਖੇਤ ਰਹਿ ਗਏ। ਇਸ ਜਿੱਤ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਤੇ ਉਨਾਂ ਅੰਮ੍ਰਿਤਸਰ ਤਕ ਦੇ ਪੂਰੇ ਇਲਾਕੇ ਨੂੰ ਲੁੱਟ ਲਿਆ।

ਇਸ ਹਾਰ ਤੋਂ ਪਿੱਛੋਂ ਸਰਕਾਰ ਆਪਣੀ ਪੂਰੀ ਤਾਕਤ ਨਾਲ ਹਰਕਤ ਵਿਚ ਆ ਗਈ। ਮੁਗਲ ਸੈਨਾ ਨੇ ਹਰਿਮੰਦਰ ਸਾਹਬ ਉਪਰ ਕਬਜਾ ਕਰ ਲਿਆ ਤੇ ਅੰਮ੍ਰਿਤਸਰ ਪਹੁੰਚਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਗਸ਼ਤੀ ਫੌਜ ਦੇ ਨਾਲ ਮੁੱਕਦਮਾਂ ਤੇ ਨੰਬਰਦਾਰਾਂ ਨੂੰ ਵੀ ਹਦਾਇਤਾਂ ਕਰ ਦਿੱਤੀਆਂ ਗਈਆਂ ਕਿ ਸਿੱਖਾਂ ਨੂੰ ਫੜ-ਫੜ ਕੇ ਲਾਹੌਰ ਭੇਜਣ। ਸਿੱਖਾਂ ਨੂੰ ਪਨਾਹ ਦੇਣੀ ਜਾਂ ਕਿਸੇ ਕਿਸਮ ਦੀ ਮਦਦ ਦੇਣੀ ਅਪਰਾਧ ਐਲਾਨਿਆ ਗਿਆ ਤੇ ਸਿੱਖਾਂ ਦੇ ਸਿਰਾਂ ਲਈ ਇਨਾਮ ਦਿੱਤੇ ਜਾਣ ਲੱਗ ਪਏ। ਹਜ਼ਾਰਾਂ ਸਿੱਖ ਲਾਹੌਰ ਲਿਜਾ ਕੇ ਸ਼ਹੀਦ ਕੀਤੇ ਜਾਣ ਲੱਗੇ।

ਹਜ਼ਾਰਾਂ ਸਿੱਖ ਸ਼ਹੀਦ ਹੋ ਗਏ ਪਰ ਕਿਸੇ ਨੇ ਵੀ ਧਰਮ ਬਦਲਣਾ ਸਵੀਕਾਰ ਨਹੀਂ ਕੀਤਾ। ਕੋਈ ਵੀ ਰੋਇਆ ਜਾਂ ਗਿੜਗਿੜਾਇਆ ਨਹੀਂ, ਬਲਕਿ ਸਾਰਿਆਂ ਨੇ, 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ' ਦੇ ਜੈਕਾਰੇ ਛੱਡਦਿਆਂ ਹੱਸ-ਹੱਸ ਕੇ ਮੌਤ ਨੂੰ ਗਲ਼ੇ ਲਾ ਲਿਆ। ਧਰਮ ਪਰਿਵਰਤਨ ਦਾ ਮਤਲਬ ਸੀ ਮਨੋਬਲ ਤੋੜਨਾ। ਸਿੰਘਾਂ ਨੇ ਸ਼ਹੀਦੀਆਂ ਦੇ ਕੇ ਕੌਮ ਦਾ ਮਨੋਬਲ ਕਾਇਮ ਰੱਖਿਆ।

ਜ਼ਕਰੀਆ ਖਾਂ ਦਾ ਜੁਲਮ ਉਨਾਂ ਦੇ ਇਸ ਵਿਸ਼ਵਾਸ ਨੂੰ ਡੋਲਾਉਣ ਤੋਂ ਅਸਮਰਥ ਰਿਹਾ ਕਿ ਉਨਾਂ ਦੀ ਸੰਸਾਰਕ ਸੰਪਤੀ, ਨਾਸ਼ਵਰ ਸਰੀਰ ਤੇ ਆਤਮਾ ਤਕ ਉਨਾਂ ਦੀ ਆਪਣੀ ਨਹੀਂ ਗੁਰੂ ਦੀ ਇਮਾਨਤ ਹੈ ਜਿਨਾਂ ਆਪਣਾ ਸਰਬੰਸ ਪੰਥ ਉਪਰੋਂ ਵਾਰ ਦਿੱਤਾ ਹੈ। ਇਸ ਲਈ ਪੰਥ ਖਾਤਰ ਕੀਤੀ ਹਰ ਕੁਰਬਾਨੀ ਸਦਕਾ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ ਅਤੇ ਮੋਕਸ਼ ਦਾ ਦਰ ਖੁੱਲਦਾ ਹੈ।

'ਜੋ ਲੜੇ ਦੀਨ ਕੇ ਹੇਤ' ਯੁੱਧ-ਗੀਤ ਵਿਚ ਇਹੀ ਭਾਵਨਾ ਭਰੀ ਹੋਈ ਹੈ, ਜਿਸ ਨਾਲ ਆਤਕ-ਬਲ ਪ੍ਰਾਪਤ ਹੁੰਦਾ ਹੈ।

ਭਾਈ ਮਨੀ ਸਿੰਘ ਸਹਿਜ-ਸੁਭਾਅ ਦੇ ਹਰਮਨ-ਪਿਆਰੇ ਤੇ ਵਿਦਵਾਨ ਆਦਮੀ ਸਨ। ਉਨਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਸਜਨ ਦਾ ਮਾਣ ਪ੍ਰਾਪਤ ਸੀ। ਉਹ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਨ। ਉਨਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਲਾਹੌਰ ਪਹੁੰਚਾ ਦਿੱਤਾ ਗਿਆ ਸੀ। ਜਦੋਂ ਉਨਾਂ ਧਰਮ ਬਦਲਣ ਤੋਂ ਇਨਕਾਰ ਕੀਤਾ ਸੀ ਤਾਂ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਨਾਲ ਸਿੱਖਾਂ ਵਿਚ ਜਬਰਦਸਤ ਰੋਸ ਫੈਲ ਗਿਆ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਬੰਦਾ ਬਹਾਦਰ ਦੇ ਨਾਲ ਭਾਈ ਮਨੀ ਸਿੰਘ ਦਾ ਨਾਂ ਵੀ ਅਰਦਾਸ ਵਿਚ ਸ਼ਾਮਲ ਹੋ ਗਿਆ। ਤੇ ਉਨਾਂ ਦੀ ਸ਼ਹਾਦਤ ਦੇ ਜ਼ਿੰਮੇਵਾਰ ਜ਼ਕਰੀਆ ਖਾਂ ਤੇ ਉਸਦੇ ਸਹਾਇਕ ਸੱਯਦ ਖਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕਰ ਲਿਆ ਗਿਆ।

ਜ਼ਕਰੀਆ ਖਾਂ ਨੇ ਹਰਿਮੰਦਰ ਸਾਹਿਬ ਉੱਤੇ ਕਬਜਾ ਕਰਕੇ ਫੌਜਦਾਰ ਰਹਿਮਾਨ ਖਾਂ ਨੂੰ ਤਾਇਨਾਤ ਕਰ ਦਿੱਤਾ ਤਾਂ ਕਿ ਕੋਈ ਸਿੱਖ ਉੱਥੇ ਨਾ ਆ ਸਕੇ। ਉਸਦਾ ਖਿਆਲ ਸੀ ਕਿ ਹਰਿਮੰਦਰ ਦੇ ਦਰਸ਼ਨਾਂ ਤੇ ਸਰੋਵਰ ਵਿਚ ਇਸ਼ਨਾਨ ਸਦਕਾ ਹੀ ਸਿੱਖਾਂ ਦਾ ਬਲ, ਉਤਸ਼ਾਹ ਤੇ ਹੌਂਸਲਾ ਪ੍ਰਬਲ ਹੁੰਦਾ ਹੈ। ਪਰ ਭਾਈ ਕਪੂਰ ਸਿੰਘ ਦੀ ਅਗਵਾਨੀ ਵਿਚ ਸਿੱਖ ਸੂਰਮਿਆਂ ਨੇ ਅੰਮ੍ਰਿਤਸਰ ਸਰੋਵਰ ਵਿਚ ਟੁੱਭੀ ਲਾਉਣ ਦੇ ਆਪਣੇ ਅਧਿਕਾਰ ਨੂੰ ਬਰਕਰਾਰ ਰੱਖਿਆ। ਸਾਹਸੀ ਗੁਰੀਲੇ ਕਦੀ ਭੇਸ ਬਦਲ ਕੇ ਤੇ ਕਦੀ ਖੁੱਲੇ-ਆਮ ਆਉਂਦੇ ਤੇ ਸਰੋਵਰ ਵਿਚ ਟੁੱਭੀ ਲਾ ਕੇ ਚਲੇ ਜਾਂਦੇ। ਇਕ ਵਾਰੀ ਮਾੜੀ ਕੰਬੋ ਦਾ ਭਰਾ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਦਾ ਭਤੀਜਾ ਬਾਜ ਸਿੰਘ ਯਕਦਮ ਆਏ, ਸਰੋਵਰ ਵਿਚ ਟੁੱਭੀ ਲਾਈ ਤੇ ਆਪਣੇ ਘੋੜਿਆਂ ਉਪਰ ਸਵਾਰ ਹੋ ਕੇ ਭੱਜ ਨਿਕਲੇ। ਅਬਦੁੱਲ ਰਹਿਮਾਨ ਨੇ ਇਹ ਸੋਚਿਆ ਕਿ ਸਿਰਫ ਦੋ ਹੀ ਆਦਮੀ ਹਨ, ਆਪਣੇ ਕੁਝ ਸਿਪਾਹੀਆਂ ਨਾਲ ਉਨਾਂ ਦਾ ਪਿੱਛਾ ਕੀਤਾ ਪਰ ਹਰਿਮੰਦਰ ਸਾਹਿਬ ਦੇ ਬਾਹਰ ਚਾਰ-ਪੰਜ ਸੌ ਸਿੱਖ ਸਵਾਰ ਉਨਾਂ ਦੀ ਉਡੀਕ ਕਰ ਰਹੇ ਸਨ। ਸੁੱਖਾ ਸਿੰਘ ਤੇ ਬਾਜ ਸਿੰਘ ਆਪਣੇ ਇਨਾਂ ਸਾਥੀਆਂ ਨਾਲ ਆ ਮਿਲੇ। ਅਬਦੁੱਲ ਰਹਿਮਾਨ ਨੂੰ ਪਿੱਛੇ ਨੱਸ ਜਾਣ ਦਾ ਮੌਕਾ ਵੀ ਨਹੀਂ ਮਿਲਿਆ। ਉਹ ਤੇ ਉਸਦੇ ਸੈਨਕ ਸਿੱਖਾਂ ਨਾਲ ਹੋਏ ਮੁੱਠ-ਭੇੜ ਵਿਚ ਮਾਰੇ ਗਏ।

ਜਦੋਂ ਜ਼ਕਰੀਆ ਖਾਂ ਨੂੰ ਇਸ ਘਟਨਾ ਦੀ ਖ਼ਬਰ ਮਿਲੀ ਤਾਂ ਉਸਨੇ ਸੱਯਦ ਖਾਂ ਦੀ ਕਮਾਂਡ ਵਿਚ ਇਕ ਵੱਡੀ ਸੈਨਾ ਨਵਾਬ ਕਪੂਰ ਸਿੰਘ ਦੀ ਭਾਲ ਵਿਚ ਭੇਜ ਦਿੱਤੀ। ਸੱਯਦ ਖਾਂ ਦੀ ਇਹ ਆਦਤ ਸੀ ਕਿ ਉਹ ਆਪ ਪਿੱਛੇ ਰਹਿੰਦਾ ਸੀ ਤੇ ਆਪਣੇ ਅਧੀਨ ਅਫਸਰਾਂ ਨੂੰ ਅੱਗੇ ਰੱਖਦਾ ਸੀ। ਭਾਈ ਕਪੂਰ ਸਿੰਘ ਨੇ ਅਜਿਹੀ ਚਾਲ ਚੱਲੀ, ਜਿਸ ਨਾਲ ਖ਼ੁਦ ਸੱਯਦ ਖਾਂ ਸਾਹਮਣੇ ਆ ਗਿਆ। ਭਾਈ ਕਪੂਰ ਸਿੰਘ ਨੇ ਆਪਣੇ ਗੁਰੀਲੇ ਸਾਥੀਆਂ ਨੂੰ ਦੋ ਟੁਕੜੀਆਂ ਵਿਚ ਵੰਡਿਆ। ਇਕ ਟੁਕੜੀ ਨੂੰ ਦੁਸ਼ਮਨ ਨਾਲ ਲੜਨ ਲਈ ਭੇਜ ਦਿੱਤਾ ਤੇ ਦੂਜੀ ਟੁਕੜੀ, ਜਿਸ ਦੀ ਕਮਾਨ ਉਹ ਆਪ ਕਰ ਰਹੇ ਸਨ, ਝੜੀਆਂ ਵਿਚ ਘਾਤ ਲਾ ਕੇ ਬੈਠ ਗਈ। ਕੁਝ ਚਿਰ ਲੜਨ ਤੋਂ ਬਾਅਦ ਪਹਿਲੀ ਟੁਕੜੀ ਨੇ ਸੋਚੀ-ਸਮਝੀ ਯੋਜਨਾ ਅਨੁਸਾਰ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਸੱਯਦ ਖਾਂ ਨੂੰ ਲੱਗਿਆ ਕਿ ਸਿੱਖ ਭੱਜ ਰਹੇ ਨੇ ਤੇ ਉਹ ਜੋਸ਼ ਵਿਚ ਆ ਕੇ ਉਨਾਂ ਦਾ ਪਿੱਛਾ ਕਰਨ ਲਈ ਅੱਗੇ ਵਧ ਆਇਆ। ਇਹੀ ਭਾਈ ਕਪੂਰ ਸਿੰਘ ਚਾਹੁੰਦੇ ਸਨ। ਉਨਾਂ ਦੀ ਕਮਾਨ ਵਿਚ ਘਾਤ ਲਾ ਕੇ ਬੈਠੀ ਟੁਕੜੀ ਨੇ ਸੱਯਦ ਖਾਂ ਨੂੰ ਆਣ ਦਬੋਚਿਆ। ਉਸਨੂੰ ਫੜ ਕੇ ਚਾਰ ਘੋੜਿਆਂ ਪਿੱਛੇ ਬੰਨ ਲਿਆ ਗਿਆ। ਘੋੜੇ ਦੌੜਾਏ ਤਾਂ ਸੱਯਦ ਖਾਂ ਉਨਾਂ ਦੇ ਪਿੱਛੇ ਘਸੀਟੇ ਖਾਂਦਿਆਂ ਹੋਇਆਂ ਦਮ ਤੋੜ ਗਿਆ।

ਇਹ ਭਾਈ ਮਨੀ ਸਿੰਘ ਦੀ ਸ਼ਹਾਦਤ ਦਾ ਬਦਲਾ ਸੀ, ਪਰ ਮੁੱਖ ਅਪਰਾਧੀ ਜ਼ਕਰੀਆਂ ਖਾਂ ਅਜੇ ਵੀ ਜਿਉਂਦਾ ਸੀ। ਉਹ ਸਿੱਖਾਂ ਦੇ ਭੈ ਕਾਰਨ ਕਿਲੇ ਵਿਚ ਲੁਕਿਆ ਰਹਿੰਦਾ ਸੀ ਤੇ ਬਾਹਰ ਨਿਕਲਣ ਦਾ ਸਾਹਸ ਨਹੀਂ ਸੀ ਕਰਦਾ। ਨਵਾਬ ਕਪੂਰ ਸਿੰਘ ਨੇ ਸੂਹੀਏ ਛੱਡੇ ਹੋਏ ਸਨ, ਜਿਹੜੇ ਉਸਦੀਆਂ ਗਤੀਵਿਧੀਆਂ ਦੀ ਖਬਰ ਦਿੰਦੇ ਰਹਿੰਦੇ ਸਨ। ਇਕ ਵਾਰੀ ਇਹ ਖਬਰ ਆਈ ਜ਼ਕਰੀਆ ਖਾਂ ਜੁਮੇਂ (ਸ਼ੁਕਰਵਾਰ) ਦੀ ਨਮਾਜ ਪੜਨ ਲਾਹੌਰ ਦੀ ਸ਼ਾਹੀ ਮਸਜਦ ਵਿਚ ਜਾਏਗਾ। ਨਵਾਬ ਕਪੂਰ ਸਿੰਘ ਨੇ ਦੋ ਹਜ਼ਾਰ ਮੰਨੇ ਹੋਏ ਗੁਰੀਲੇ ਨਾਲ ਲਏ। ਉਹ ਸਾਰੇ ਉਚ ਵਰਗ ਦੇ ਮੁਸਲਿਮ ਮੁਰੀਦਾਂ ਦੇ ਭੇਸ ਵਿਚ ਸਨ। ਹਰੇ ਰੰਗ ਦੇ ਬਸਤਰ, ਲੰਮੇ-ਲੰਮੇ ਵਾਲ ਪਿੱਛੇ ਵੱਲ ਲਹਿਰਾਉਂਦੇ ਹੋਏ ਤੇ ਅੱਗੇ-ਅੱਗੇ ਹੈਦਰੀ-ਝੰਡਾ। ਉਹਨਾਂ ਨੇ 'ਅੱਲਾ ਹੂ ਅਕਬਰ' ਦੇ ਨਾਅਰੇ ਲਾਉਂਦਿਆਂ ਹੋਇਆਂ ਸ਼ਹਿਰ ਵਿਚ ਪ੍ਰਵੇਸ਼ ਕੀਤਾ। ਸਬੱਬ ਨਾਲ ਜ਼ਕਰੀਆ ਖਾਂ ਬਿਮਾਰ ਹੋ ਗਿਆ ਤੇ ਮਸਜਦ ਵਿਚ ਨਹੀਂ ਆਇਆ। ਇਸ ਨਾਲ ਸਿੱਖਾਂ ਨੂੰ ਨਿਰਾਸ਼ਾ ਤਾਂ ਜ਼ਰੂਰ ਹੋਈ, ਪਰ ਉਹਨਾਂ ਆਪਣਾ ਅਸਲੀ ਰੂਪ ਵੀ ਜਾਹਰ ਕਰ ਦਿੱਤਾ- ਉਹ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਸ਼ਹਿਰ ਵਿਚੋਂ ਨਿਕਲੇ ਤੇ ਜੰਗਲਾਂ ਵੱਲ ਹੋ ਲਏ।

ਇਸ ਪਿੱਛੋਂ ਨਵਾਬ ਕਪੂਰ ਸਿੰਘ ਨੇ ਮਾਲਵੇ ਵੱਲ ਕੂਚ ਕੀਤਾ। ਸਤਲੁਜ ਪਾਰ ਕਰਕੇ ਉਹ ਦਿੱਲੀ ਵੱਲ ਵਧੇ। ਰਸਤੇ ਵਿਚ ਝੱਜਰ, ਦਾਦਰੀ ਤੇ ਪਟੌਦੀ ਦੇ ਮੁਗਲ ਫੌਜਦਾਰਾਂ ਤੋਂ ਖਿਰਾਜ (ਟੈਕਸ) ਵਸੂਲਿਆ। ਫਰੀਦਾਬਾਦ, ਬਲੱਭਗੜ ਤੇ ਗੁੜਗਾਂਵ ਦੇ ਪੂਰੇ ਇਲਾਕੇ ਨੂੰ ਲੁੱਟਿਆ ਤੇ ਫੇਰ ਜੰਗਲ ਵਿਚ ਪਰਤ ਆਏ।

ਇਨਾਂ ਸਾਰੀਆਂ ਮੁਹਿੰਮਾਂ ਵਿਚ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਦੀ ਸੱਜੀ ਬਾਂਹ ਸੀ। ਉਸਦੀ ਉਮਰ ਹੁਣ ਅਠਾਰਾਂ-ਉੱਨੀਂ ਵਰਿਆਂ ਦੀ ਸੀ। ਕੱਦ ਛੇ ਫੁੱਟ ਤਿੰਨ ਇੰਚ, ਦਾੜੀ-ਮੁੱਛਾਂ ਵੀ ਆ ਗਈਆਂ ਸਨ, ਜਿਸ ਕਰਕੇ ਚਿਹਰਾ ਭਰਿਆ-ਭਰਿਆ ਲੱਗਣ ਲੱਗ ਪਿਆ ਸੀ ਤੇ ਵਿਅਕਤੀਤੱਵ ਵਿਚ ਵੀ ਨਿਖਾਰ ਆ ਗਿਆ ਸੀ। (ਚਲਦਾ...)

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਕਿਸਾਨੀ ਸੰਘਰਸ਼ ਨਾਲ ਜੁੜੀ ਪਰਿਵਾਰਕ ਫ਼ਿਲਮ 'ਤੀਜਾ ਪੰਜਾਬ'

**ਸੁਰਜੀਤ ਜੱਸਲ**
**੯੮੧੪੬੦੭੭੩੭**




'ਗੋਰਿਆਂ ਨੂੰ ਦਫਾ ਕਰੋ, ਅੰਗਰੇਜ਼, ਲਵ ਪੰਜਾਬ' ਫ਼ਿਲਮਾਂ ਦੇ ਕਹਾਣੀਕਾਰ ਅਤੇ 'ਲਾਹੌਰੀਏ',ਭੱਜੋ ਵੀਰੋ ਵੇ, ਲੌਂਗ ਲਾਚੀ, ਜੋੜੀ ਫ਼ਿਲਮਾਂ ਦਾ ਲੇਖਕ-ਨਿਰਦੇਸ਼ਕ ਅੰਬਰਦੀਪ ਸਿੰਘ ਇੰਨੀਂ ਦਿਨੀਂ ਆਪਣੀ ਨਵੀਂ ਪੰਜਾਬੀ ਫ਼ਿਲਮ 'ਤੀਜਾ ਪੰਜਾਬ' ਲੈ ਕੇ ਆ ਰਿਹਾ ਹੈ। ਜਿਸਨੂੰ ਉਸਨੇ ਬੜੀ ਗੰਭੀਰਤਾ ਨਾਲ ਆਮ ਵਿਸ਼ਿਆਂ ਤੋਂ ਹੱਟ ਕੇ ਲਿਖਿਆ ਹੈ। ਅੰਬਰਦੀਪ ਪ੍ਰੋਡਕਸ਼ਨ ਅਤੇ ਓਮ ਜੀ ਸਟਾਰ ਸਟੂਡੀਓ ਦੀ ਪੇਸ਼ਕਸ ਇਸ ਫਿਲਮ ਚ ਅੰਬਰਦੀਪ ਬਤੌਰ ਨਾਇਕ ਅਦਾਕਾਰਾ 'ਨਿਮਰਤ ਖਹਿਰਾ' ਨਾਲ ਨਜ਼ਰ ਆਵੇਗਾ। ਫ਼ਿਲਮ ਵਿਚ ਇੰਨਾਂ ਤੋਂ ਇਲਾਵਾ 'ਅਦਿਤੀ ਸ਼ਰਮਾ', 'ਕਰਮਜੀਤ ਅਨਮੋਲ', 'ਹਰਦੀਪ ਗਿੱਲ', 'ਨਿਰਮਲ ਰਿਸ਼ੀ', 'ਗੁਰਪ੍ਰੀਤ ਕੌਰ ਭੰਗੂ', 'ਬੀ. ਐਨ. ਸ਼ਰਮਾ', 'ਬਲਵਿੰਦਰ ਬੁਲਟ', 'ਸੁਖਵਿੰਦਰ ਰਾਜ', 'ਗੁਰਤੇਜ ਸਿੰਘ' ਅਤੇ 'ਇੰਦਰਜੋਤ' ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ ਹੈ। ਫ਼ਿਲਮ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਹ ਕਿਸਾਨੀ ਸੰਘਰਸ਼ ਨਾਲ ਜੁੜੀ ਇੱਕ ਵੱਖਰੀ ਕਿਸਮ ਦੀ ਪਰਿਵਾਰਕ ਕਹਾਣੀ ਹੈ। ਇਸ ਫ਼ਿਲਮ ਰਾਹੀਂ ਸੰਘਰਸ਼ ਦੇ ਹਰੇਕ ਪਹਿਲੂ ਨੂੰ ਵਿਖਾਇਆ ਗਿਆ ਹੈ। ਅੰਬਰਦੀਪ ਨੇ ਕਿਹਾ ਕਿ ਇਹ ਫ਼ਿਲਮ ਸਮਾਜ ਨਾਲ ਜੁੜੇ ਮੁੱਦਿਆਂ ਅਧਾਰਤ ਹੈ ਜੋ ਕਿਸੇ ਨਾ ਕਿਸੇ ਤਰੀਕੇ ਕਿਸਾਨੀ ਸੰਘਰਸ਼ ਦੀ ਆੜ ਚ ਸਿਆਸੀ ਸਾਜਿਸ਼ਾਂ ਰਚਣ ਵਾਲਿਆਂ ਦਾ ਸੱਚ ਵੀ ਸਾਹਮਣੇ ਲਿਆਵੇਗੀ। ਫ਼ਿਲਮ ਦੀ ਕਹਾਣੀ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਮੁੱਦਿਆਂ ਪ੍ਰਤੀ ਵੀ ਗੰਭੀਰ ਹੋਵੇਗੀ। ਫਿਲਮ ਦਾ ਗੀਤ-ਸੰਗੀਤ ਕਹਾਣੀ ਅਨੁਸਾਰ ਢੁੱਕਵਾਂ ਹੈ। ਵਿਸ਼ੇ ਬਾਰੇ ਗੱਲ ਕਰਦਿਆਂ ਅੰਬਰਦੀਪ ਨੇ ਕਿਹਾ ਕਿ ਉਹ ਵੀ ਇੱਕ ਕਿਸਾਨ ਦਾ ਪੁੱਤ ਹੈ। ਧਰਤੀ ਸਾਡੀ ਮਾਂ ਹੈ ਜੋ ਅੰਨ ਪੈਦਾ ਕਰਕੇ ਆਪਣੇ ਪੁੱਤਰਾਂ ਦਾ ਢਿੱਡ ਭਰਦੀ ਹੈ। ਕਿਸਾਨੀ ਮੁੱਦਾ ਅੱਜ ਦੇਸ਼ ਦਾ ਅਹਿਮ ਮੁੱਦਾ ਹੈ। ਹਰੇਕ ਕਲਾਕਾਰ ਆਪਣੇ ਆਪਣੇ ਮਾਧਿਅਮ ਜ਼ਰੀਏ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਇਸ ਮੁੱਦੇ ਬਾਰੇ ਗੱਲ ਕਰਨ ਲਈ ਸਿਨਮਾ ਵੀ ਇਕ ਅਹਿਮ ਪਲੇਟਫਾਰਮ ਹੈ। ਸੋ ਇਹ ਫਿਲਮ ਬਣਾਉਣਾ ਮੇਰਾ ਕਿਸਾਨੀ ਸੰਘਰਸ਼ ਵਿਚ ਯੋਗਦਾਨ ਪਾਉਣਾ ਹੀ ਹੈ। ਅੰਬਰਦੀਪ ਦੀ ਸੋਚ ਅਤੇ ਜਜ਼ਬੇ ਨੂੰ ਸਲਾਮ ਕਰਨਾ ਬਣਦਾ ਹੈ ਕਿ ਵਪਾਰਕ ਸਿਨੇਮੇ ਦੀ ਭੀੜ ਵਿਚ ਉਸਨੇ ਸਮਾਜਿਕ ਮੁੱਦੇ ਦੀ ਗੱਲ ਕਰਦਿਆਂ ਕਿਸਾਨੀ ਸੰਘਰਸ਼ ਦੇ ਅਨੋਖੇ ਸੱਚ ਨੂੰ ਪਰਦੇ 'ਤੇ ਉਤਾਰਨ ਜਾ ਰਿਹਾ ਹੈ। 3 ਦਸੰਬਰ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ ਹੋਇਆ ਹੈ। ਜਿਸਨੂੰ ਦਰਸ਼ਕਾਂ ਨੇ ਪਸੰਦ ਕੀਤਾ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕਲਮਾਂ ਦੇ ਜਜ਼ਬਾਤ



ਦੋ ਦਿਨ ਬਿਨਾਂ ਲਾਈਟ, ਬਿਨਾਂ ਪਾਣੀ ਤੋਂ ਰੁਦਰਪੁਰ ਉਤਰਾਖੰਡ 'ਚ ਗੁਜਾਰੇ। 18 ਤੇ 19 ਅਕਤੂਬਰ ਨੂੰ ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਸੀ ਕਿ ਮੀਂਹ ਬਹੁਤ ਪਏਗਾ। ਲਗਾਤਾਰ 14 ਤੋਂ 16 ਘੰਟੇ ਮੀਂਹ ਪਿਆ ਜਿਸ ਕਰਕੇ ਹਰ ਪਾਸੇ ਪਾਣੀ ਹੀ ਪਾਣੀ ਹੋ ਗਿਆ। ਡੈਮਾਂ ਵਿੱਚੋਂ ਸ਼ਟਰ ਖੋਲ ਦਿੱਤੇ ਹੈ। ਝੋਨਾ, ਮਟਰ ਸਾਰੀਆਂ ਫ਼ਸਲਾਂ ਪਾਣੀ ਦੀ ਭੇਟ ਚੜ ਗਈਆਂ। ਲੋਕਾਂ ਦੀਆਂ ਮੱਝਾਂ ਗਾਵਾਂ ਪਾਣੀ ਬਹਿ ਗਈਆਂ। ਰੁਦਰਪੁਰ, ਬਾਜਪੁਰ, ਦਿਨੇਸ਼ਪੁਰ, ਖਟੀਮਾ ਹਰ ਥਾਂ ਪਾਣੀ ਹੀ ਪਾਣੀ ਸੀ। ਨੈਨੀਤਾਲ ਝੀਲ ਦਾ ਪਾਣੀ ਸੜਕ 'ਤੇ ਆ ਗਿਆ ਸੀ ।

ਉੱਤਰਾਖੰਡ ਵੈਸੇ ਵੀ ਹਿਮਾਲਿਆ ਦੀ ਤਲਹੱਟੀ 'ਤੇ ਹੈ। 18 ਤਰੀਕ ਦੀ ਰਾਤ ਨੂੰ ਇਕ ਵਜੇ ਸ਼ਹਿਰ ਵਿਚ ਪਾਣੀ ਭਰਨਾ ਸ਼ੁਰੂ ਹੋ ਗਈ। ਕਲਿਆਣੀ ਨਦੀ ਵਿੱਚ ਪਾਣੀ ਭਰ ਗਿਆ ਜੋ ਕਿ ਸੱਠ ਫੁੱਟ ਚੌੜੀ ਸੀ ਅੱਗੇ ਅੱਗੇ ਵੀਹ ਫੁੱਟ ਚੌੜੀ ਰਹਿ ਗਈ ਸੀ ਜਿਸ ਕਾਰਨ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਗਿਆ। ਸਵੇਰੇ ਉੱਠ ਕੇ ਮੈਂ ਸਬਜੀ ਖਰੀਦਣ ਗਿਆ। ਕੁਝ ਲੋਕ ਗੱਲਾਂ ਕਰ ਰਹੇ ਸੀ।

ਪਹਿਲਾ : ਹੁਣ ਇਹ ਲੋਕ ਸਰਕਾਰ ਤੋਂ ਮੁਆਵਜ਼ਾ ਮੰਗਣਗੇ।

ਦੂਜਾ : ਕੌਣ ਲੋਕ ?

ਪਹਿਲਾ : ਵਿਰੋਧੀ ਦਲ ਦੇ ।

ਪਹਿਲਾ : ਜਿਨਾਂ ਦਾ ਨੁਕਸਾਨ ਹੋਇਆ ਹੈ ਉਨਾਂ ਦਾ।

ਗੱਲਬਾਤ ਤੋਂ ਸਾਫ ਪਤਾ ਲੱਗ ਰਿਹਾ ਸੀ ਇਨਾਂ ਦੇ ਘਰ ਪਾਣੀ ਨਹੀਂ ਆਇਆ ਤੇ ਇਨਾਂ ਨੂੰ ਨੁਕਸਾਨ ਦਾ ਦੁੱਖ ਨਹੀਂ ਹੈ। ਇਸੇ ਤਰਾਂ ਲੱਗ ਰਿਹਾ ਸੀ ਜਿਸ ਤਰਾਂ ਇੱਕ ਟੀਵੀ ਐਂਕਰ ਦੋ ਅਲੱਗ ਅਲੱਗ ਪਾਰਟੀਆਂ ਨੂੰ ਬਹਿਸ ਕਰਾਉਣ ਤੋਂ ਮਜ਼ਾ ਲੈ ਰਿਹਾ ਹੋਵੇ।

ਫਿਰ ਲਾਗੇ ਹੀ ਮੁੰਡੇ ਗੱਲਾਂ ਕਰ ਰਹੇ ਸੀ।

ਇੱਕ ਕਹਿਣ ਲੱਗਾ, ਸਾਡੇ ਕਮਰੇ ਦੇ ਨਾਲ ਰਹਿੰਦੀਆਂ ਦੋ ਕੁੜੀਆਂ ਕੱਲ ਦਾ ਪਾਸਤਾ ਬਣਾ ਕੇ ਖਿਲਾ ਰਹੀਆਂ ਨੇ ਉਨਾਂ ਨੂੰ ਰੋਟੀ ਬਣਾਉਣੀ ਨਹੀਂ ਆਉਂਦੀ।

ਮੈਂ ਸੋਚਣ ਲੱਗਾ ਕਿ ਸਾਨੂੰ ਆਪਣੇ ਮੁੰਡੇ ਤੇ ਕੁੜੀਆਂ ਦੋਵਾਂ ਨੂੰ ਆਟਾ ਗੁੰਨਣ ਅਤੇ ਰੋਟੀ ਨੂੰ ਸਿਖਾਉਣੀ ਚਾਹੀਦੀ ਹੈ ਤਾਂ ਜੋ ਉਹ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਉ ਸਕਣ। ਪੜਾ ਲਿਖਾ ਕੇ ਉਨਾਂ ਨੂੰ ਸ਼ਹਿਰ ਭੇਜ ਰਹੇ ਹਾਂ, ਪਰ ਜਾਂਚ ਸਿਖਾਉਣੀ ਵੀ ਜਰੂਰੀ ਹੈ।

ਫਿਰ ਪਤਾ ਲੱਗਾ ਕਿ **NDRF( National Disater Reserve Force)** ਨੇ ਲਾਗੇ ਦੇ ਇਲਾਕੇ ਜਿੱਥੇ 12 ਫੁੱਟ ਦੇ ਲਗਭਗ ਪਾਣੀ ਸੀ ਉੱਥੋਂ ਲੋਕਾਂ ਨੂੰ ਕਿਸ਼ਤੀ ਲੈ ਕੇ ਬਚਾਇਆ। ਇਹ ਬਹੁਤ ਵਧੀਆ ਕੰਮ ਹੋਇਆ ਨਹੀਂ ਤਾਂ ਜਾਨੀ ਨੁਕਸਾਨ ਬਹੁਤ ਹੋਣਾ ਸੀ।

ਫਿਰ ਪਤਾ ਲੱਗਾ ਇਹ ਗਦਰਪੁਰ ਲਾਗੇ ਇੱਕ ਬਟਾਲੀਅਨ ਪਹਿਲਾਂ ਹੀ ਆ ਚੁੱਕੀ ਸੀ। ਉਹ ਆਪਣੀ ਰੱਸੇ ਨਾਲ ਪ੍ਰੈਕਟਿਸ ਕਰ ਰਹੇ ਸੀ। ਮੇਰੇ ਮਿੱਤਰ ਦੇ ਘਰ ਪਾਣੀ ਆਇਆ, ਬਾਕੀਆਂ ਦੇ ਨਹੀਂ। ਗੁਰਦੁਆਰੇ ਤੋਂ ਲੰਗਰ ਬਣਾ ਕੇ ਹੜ 'ਚ ਡੁੱਬੇ ਲੋਕਾਂ ਨੂੰ ਪਹੁੰਚਾਇਆ ਜਾ ਰਿਹਾ ਸੀ, ਉਹ ਵੀ ਟ੍ਰੈਕਟਰ ਦੀ ਟਿਊਬ ਵਿਚ ਬੈਠਕੇ। ਬਾਬਾ ਨਾਨਕ ਦਾ 20 ਰੁਪਏ ਦਾ ਲੰਗਰ ਰਹਿੰਦੀ ਦੁਨੀਆ ਤੱਕ ਵਰਤਾਇਆ ਜਾਵੇਗਾ।

ਪਤਾ ਲੱਗਾ ਸਾਡੇ ਘਰ ਮੂਹਰੇ ਪਾਰਕ ਵਿਚ 3 ਪਰਿਵਾਰ ਆ ਗਏ ਸੀ। ਉਹ ਮੀਂਹ ਵਿਚ ਭਿੱਜਣ ਕਰਕੇ ਉਹ ਠਰ ਗਏ ਸੀ। ਫਿਰ ਸਾਡੇ ਨਾਲ ਰਹਿੰਦੇ ਡਾਕਟਰ ਸਾਬ ਨੇ ਉਨਾਂ ਨੂੰ ਕੰਬਲ ਦਿੱਤੇ, ਚਾਹ ਬਣਾ ਕੇ ਦਿੱਤੀ।

ਸਾਡੇ ਘਰ ਮੂਹਰੇ ਪਾਣੀ ਨਹੀਂ ਸੀ ਪਰ 10 ਕੁ ਘਰ ਛੱਡਕੇ 3 ਫੁੱਟ ਪਾਣੀ ਸੀ। ਮੈਂ ਵਾਹਿਗੁਰੂ ਕੋਲ ਅਰਦਾਸ ਕੀਤੀ ਤੇ ਲੋਕਾਂ ਦਾ ਭਲਾ ਮੰਗਿਆ।

ਆਪਣੇ ਘਰ ਆਇਆਂ ਤੋਂ ਪਤਾ ਲੱਗਾ ਪਾਣੀ ਮੁੱਕ ਗਿਆ। ਅਸੀਂ ਸ਼ਹਿਰਾਂ ਵਿਚ ਰਹਿ ਰਹੇ ਹਾਂ ਜਿੱਥੇ ਕਿ ਸਬਮਰਸੀਬਲ ਮੋਟਰਾਂ ਬਿਜਲੀ ਨਾਲ ਚਲਾਓ। ਹੁਣ ਨਲਕੇ ਹੈ ਨਹੀਂ। ਕਿਰਾਏ ਦੇ ਮਕਾਨਾਂ ਨੇ।

ਮੈਨੂੰ ਇੱਕ ਤੁਕ ਯਾਦ ਆ ਗਈ :

'ਰਹੀਏ ਸ਼ਹਿਰ ਭਾਵੇਂ ਹੋਵੇ ਕਹਿਰ
ਖਾਈਏ ਕਣਕ ਭਾਵੇਂ ਹੋਵੇ ਜ਼ਹਿਰ'

ਸਾਡੇ ਘਰ ਤੇ ਤਿੰਨ ਘਰ ਛੱਡ ਕੇ ਇੱਕ ਜਨਰੇਟਰ ਚੱਲ ਰਿਹਾ ਸੀ, ਮੈਂ ਸੈਰ ਕਰਨ ਜਾਣ ਵੇਲੇ ਵੇਖਿਆ ਸੀ। ਉੱਥੇ ਸਮਰਸੀਬਲ ਵੀ ਸੀ। ਉਨਾਂ ਦੇ ਘਰ ਬਾਲਟੀ ਲੈ ਕੇ ਗਿਆ ਤਾਂ ਉਥੋਂ ਪਾਣੀ ਭਰ ਕੇ ਲੈ ਕੇ ਆਇਆ। ਰਾਤ ਲਈ ਮੋਮਬੱਤੀਆਂ ਲੈਣ ਗਿਆ ਤਾਂ ਉੱਥੇ ਇਕ ਬੰਦਾ ਮਿਲ ਗਿਆ। ਉਸ ਨੇ ਕਿਹਾ, ਦੀਵੇ ਵਿੱਚ ਸਰੋਂ ਦਾ ਤੇਲ ਪਾ ਕੇ ਬੱਤੀ ਬਣਾ ਕੇ ਗੁਜ਼ਾਰਾ ਕਰੋ।

ਮੈਨੂੰ ਇਹ ਗੱਲ ਵਧੀਆ ਲੱਗੀ। ਸਾਹਮਣੇ ਬਹੁਤ ਪਾਣੀ ਸੀ, ਇੱਕ ਮੁੰਡਾ ਟ੍ਰੈਕਟਰ 'ਤੇ ਆ ਰਿਹਾ ਸੀ ਉਹ ਅੱਧੇ ਤੋਂ ਜ਼ਿਆਦਾ ਪਾਣੀ 'ਚ ਡੁੱਬਿਆ ਹੋਇਆ ਸੀ ।

ਇਕ ਮੁੰਡਾ ਟ੍ਰੈਕਟਰ ਦਾ ਪਿਛਲਾ ਟਾਇਰ ਲੈ ਕੇ ਪਾਣੀ ਵਿਚ ਜਾ ਰਿਹਾ ਸੀ, ਸ਼ਾਇਦ ਕਿਸੇ ਦੀ ਮਦਦ ਕਰਨ ਜਾ ਰਿਹਾ ਸੀ।

ਘਰ ਆਇਆ ਥੋੜਾ ਹਨੇਰਾ ਹੋ ਗਿਆ ਸੀ। ਪਿਛਲੇ ਸਾਲ ਦੀ ਦੀਵਾਲੀ ਦੇ ਦੀਵੇ ਪਏ ਸੀ, ਉਹ ਨੂੰ ਛੱਤ ਤੋਂ ਲੈ ਕੇ ਆਇਆ। ਮੀਂਹ ਵਿਚ ਭਿੱਜੇ ਹੋਣ ਕਰਕੇ ਉਨਾਂ ਨੂੰ ਗਿੱਲੇ ਕਰਨ ਦੀ ਲੋੜ ਨਹੀਂ ਪਈ।

ਮੈਨੂੰ ਯਾਦ ਆਇਆ ਸਾਡੀ ਬੇਬੇ ਨੇ ਮਿੱਟੀ ਦੇ ਦੀਵੇ ਪਾਣੀ ਵਿਚ ਭਿਓਂ ਕੇ ਮੂਧੇ ਮਾਰ ਦੇਣੇ, ਫਿਰ ਇਹੀ ਕੰਮ ਮੇਰੀ ਘਰਵਾਲੀ ਕਰ ਰਹੀ ਹੈ।

ਸਰੋਂ ਦਾ ਤੇਲ ਪਾਇਆ ਬੱਤੀਆਂ ਬਣਾਈਆਂ ਤੇ ਘਰ ਵਿਚ ਅਲੱਗ ਅਲੱਗ ਥਾਂ ਦੀਵੇ ਬਾਲੇ। ਘਰਵਾਲੀ ਨੇ ਹਨੇਰੇ ਵਿਚ ਹੀ ਰੋਟੀ ਬਣਾਈ । ਬੱਚੇ ਵੀ ਪ੍ਰੇਸ਼ਾਨ ਹੋ ਗਏ। ਛੋਟੇ ਬੇਟੇ ਨੇ ਮਾਚਿਸ ਦੀਆਂ ਤੀਲੀਆਂ ਨਾਲ ਘਰ ਬਣਾਇਆ।

ਮੈਂ ਆਪਣੀ ਫੈਕਟਰੀ ਦੇ ਜਾਣਕਾਰਾਂ ਨੂੰ ਫੋਨ ਕਰਕੇ ਉਨਾਂ ਦਾ ਹਾਲ ਚਾਲ ਪੁੱਛਿਆ , ਕਿ ਜੇ ਕਿਸੇ ਨੂੰ ਮਦਦ ਦੀ ਲੋੜ ਹੋਵੇ ਤਾਂ ਮੈਨੂੰ ਦੱਸਣ। ਫਿਰ ਅਸੀਂ ਰਾਤ ਨੂੰ ਸੌਂ ਗਏ।

ਸਵੇਰੇ ਕੁਝ ਸਾਮਾਨ ਲੈਣ ਗਿਆ ਤਾਂ ਦੇਖਿਆ ਕਿ ਸਾਹਮਣੇ ਮੀਂਹ ਦੀਆਂ ਬੂੰਦਾਂ ਫੁੱਲਾਂ ਤੇ ਹੀਰਿਆਂ ਵਾਂਗ ਚਮਕ ਰਹੀਆਂ ਸਨ। ਉਨਾਂ ਦੀਆਂ ਤਸਵੀਰਾਂ ਖਿੱਚੀਆਂ।

ਜਦ ਰਾਤ ਨੂੰ ਬਿਜਲੀ ਨਹੀਂ ਹੁੰਦੀ ਹੀ ਸਾਢੇ ਛੇ ਵਜੇ ਹੀ ਰੋਟੀ ਤਿਆਰ ਹੋ ਜਾਂਦੀ ਤੇ ਦੀ ਅੱਠ ਬਜੇ ਤੱਕ ਖਾਣਾ ਖਾ ਕੇ ਵਿਹਲੇ ਹੋ ਜਾਂਦੇ। ਕੋਈ ਹੋਰ ਕੰਮ ਨਹੀਂ ਸੀ। ਬਿਜਲੀ ਨਾ ਹੋਣ ਕਰਕੇ ਨਾ ਫੇਸਬੁੱਕ, ਨਾ ਵਟਸਅੱਪ, ਕੋਈ ਫਾਲਤੂ ਦੌੜ ਨਹੀਂ। ਆਪਣੇ ਹੀ ਘਰ ਤੱਕ ਸੀਮਤ ਹੋਏ।

# ਵਾਤਾਵਰਨ ਦੇ ਨੁਕਸਾਨ...

ਚੀਨ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਹਵਾ ਵਿੱਚ ਮੌਜੂਦ 70 ਫੀਸਦੀ ਗੰਧਕ (ਸਲਫਰ) ਦਾ ਕਾਰਨ ਗੱਡੀਆਂ ਵਿਚੋਂ ਨਿਕਲਣ ਵਾਲਾ ਧੂੰਆ ਹੈ। ਹਵਾ ਦੇ ਇਸ ਤਰਾਂ ਦੇ ਪ੍ਰਦੂਸ਼ਨ ਦੀ ਚੀਨ ਦੇ ਲੋਕਾਂ ਨੂੰ ਸਿਹਤ ਪੱਖੋਂ ਇਕ ਵੱਡੀ ਕੀਮਤ ਤਾਰਨੀ ਪੈਂਦੀ ਹੈ। ਚੀਨ ਵਿੱਚ ਹਰ ਸਾਲ ਤਿੰਨ ਲੱਖ ਮੌਤਾਂ ਅਤੇ 2 ਕ੍ਰੋੜ ਲੋਕਾਂ ਨੂੰ ਲੱਗਣ ਵਾਲੀਆਂ ਸਾਹ ਦੀਆਂ ਬੀਮਾਰੀਆਂ ਦਾ ਸੰਬੰਧ ਹਵਾ ਦੇ ਪ੍ਰਦੂਸ਼ਣ ਨਾਲ ਜੋੜਿਆ ਜਾਂਦਾ ਹੈ। ਸੰਨ 1990 ਤੋਂ 2000 ਵਿਚਕਾਰ ਚੀਨ ਦੇ ਸ਼ਹਿਰੀ ਬੱਚਿਆਂ ਵਿੱਚ ਦਮੇ ਦੀ ਬਿਮਾਰੀ ਲੱਗਣ ਵਿੱਚ 64 ਫੀਸਦੀ ਦਾ ਵਾਧਾ ਹੋਇਆ ਹੈ। ਕੁੱਲ ਬੱਚਿਆਂ ਵਿੱਚੋਂ 2 ਫੀਸਦੀ ਬੱਚੇ ਇਸ ਬੀਮਾਰੀ ਦੀ ਮਾਰ ਹੇਠ ਹਨ। ਕਈ ਸ਼ਹਿਰਾਂ ਵਿੱਚ ਇਹ ਦਰ 5 ਫੀਸਦੀ ਤੱਕ ਹੈ। (22) ਫਰਵਰੀ 2012 ਵਿਚ ਨਿਊਯੌਰਕ ਟਾਈਮਜ਼ ਵਿੱਚ ਛਪੇ ਇਕ ਆਰਟੀਕਲ ਵਿੱਚ ਕਿਹਾ ਗਿਆ ਹੈ ਕਿ ਹਵਾ ਦੀ ਕੁਆਲਟੀ ਦੇ ਹਿਸਾਬ ਨਾਲ ਹਿੰਦੁਸਤਾਨ ਦੀ ਹਵਾ ਸਿਹਤ ਲਈ ਸਭ ਤੋਂ ਨਿਕੰਮੀ ਹੈ। ਇਹ ਆਰਟੀਕਲ ਯੇਲ ਅਤੇ ਕੋਲੰਬੀਆ ਯੂਨੀਵਰਸਿਟੀਆਂ ਦੇ ਵਾਤਾਵਰਨ ਦੀ ਖੋਜ ਨਾਲ ਸਬੰਧਤ ਸੈਂਟਰਾਂ ਵਲੋਂ ਛਾਪੀ ਗਈ ਇਕ ਰਿਪੋਰਟ 'ਤੇ ਆਧਾਰਤ ਹੈ। ਇਸ ਰਿਪੋਰਟ ਵਿੱਚ 132 ਦੇਸ਼ਾਂ ਦੀ ਹਵਾ ਦੀ ਕੁਆਲਟੀ ਨੂੰ ਮਾਪਿਆ ਗਿਆ ਸੀ ਅਤੇ ਹਵਾ ਦੀ ਕੁਆਲਟੀ ਦੇ ਹਿਸਾਬ ਨਾਲ ਹਿੰਦੁਸਤਾਨ ਸਭ ਤੋਂ ਹੇਠਾਂ, 132ਵੇਂ ਨੰਬਰ ਆਇਆ ਸੀ। ਰਿਪੋਰਟ ਅਨੁਸਾਰ ਹਿੰਦੁਸਤਾਨ ਦੀ ਹਵਾ ਵਿੱਚ ਛੋਟੇ ਛੋਟੇ ਕਣਾਂ (ਫਾਈਨ ਪਾਰਟੀਕਲ ਮੇਟਰ) ਦੀ ਮਿਕਦਾਰ ਉਸ ਹੱਦ ਤੋਂ 5 ਗੁਣਾਂ ਜ਼ਿਆਦਾ ਸੀ, ਜਿਸ ਹੱਦ 'ਤੇ ਜਾ ਕੇ ਹਵਾ ਵਿੱਚ ਇਨਾਂ ਕਣਾਂ ਦੀ ਮਿਕਦਾਰ ਇਨਸਾਨਾਂ ਲਈ ਅਣਸੁਰੱਖਿਅਤ ਬਣ ਜਾਂਦੀ ਹੈ। ਹਵਾ ਵਿੱਚ ਇਹਨਾਂ ਛੋਟੇ ਛੋਟੇ ਕਣਾਂ ਦੀ ਹੋਂਦ ਨੂੰ ਸਾਹ ਨਾਲੀਆਂ ਦੇ ਹੇਠਲੇ ਹਿੱਸੇ ਦੀ ਇਨਫੈਕਸ਼ਨ, ਕੈਂਸਰ ਅਤੇ ਦਿਲ ਦੀਆਂ ਬੀਮਾਰੀਆਂ ਦਾ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ। ਆਰਟੀਕਲ ਵਿੱਚ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸਾਹ ਨਾਲੀਆਂ ਦੀ ਇਨਫੈਕਸ਼ਨ ਹਿੰਦੁਸਤਾਨ ਵਿੱਚ 5 ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤ ਦੇ ਸਭ ਤੋਂ ਆਮ ਕਾਰਨਾਂ ਵਿੱਚੋਂ ਇਕ ਹੈ ਅਤੇ ਇਹ ਹਿੰਦੁਸਤਾਨ ਦੇ ਹਸਪਤਾਲਾਂ ਵਿੱਚ ਬੱਚਿਆਂ ਦੇ ਵਾਰਡਾਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚੋਂ 13 ਫੀਸਦੀ ਮੌਤਾਂ ਵਿੱਚ ਆਪਣਾ ਹਿੱਸਾ ਪਾਉਂਦੀ ਹੈ।

(23) ਹਵਾ ਦੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਗੰਭੀਰ ਅਸਰ ਸਿਰਫ ਵਿਕਾਸਸ਼ੀਲ ਦੇਸ਼ਾਂ ਤੱਕ ਹੀ ਸੀਮਤ ਨਹੀਂ ਹਨ। ਸਨਅਤੀ ਦੇਸ਼ਾਂ ਵਿੱਚ ਵੀ ਹਰ ਸਾਲ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਲੱਖਾਂ ਮੌਤਾਂ ਹਵਾ ਦੇ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਉਦਾਹਰਨ ਲਈ, ਯੂ ਕੇ ਵਿੱਚ 20 ਤੋਂ ਵੱਧ ਅਜਿਹੇ ਸ਼ਹਿਰ ਅਤੇ ਕਸਬੇ ਹਨ ਜਿੱਥੇ ਹਵਾ ਦੇ ਪ੍ਰਦੂਸ਼ਣ ਦੀ ਮਿਕਦਾਰ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵਲੋਂ ਮਿੱਥੇ ਮਿਆਰਾਂ ਤੋਂ ਦੁੱਗਣੀ ਹੈ। ਇਕ ਸਰਕਾਰੀ ਸਲਾਹਕਾਰ ਕਮੇਟੀ ਮੁਤਾਬਕ ਯੂ ਕੇ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2 ਲੱਖ ਦੇ ਕਰੀਬ ਹੈ।

(24) ਸਰਕਾਰੀ ਅੰਕੜਿਆਂ ਅਨੁਸਾਰ ਫਰਾਂਸ ਵਿੱਚ ਹਵਾ ਦੇ ਪ੍ਰਦੂਸ਼ਣ ਨਾਲ ਪੈਦਾ ਹੋਈਆਂ ਬੀਮਾਰੀਆਂ ਕਾਰਨ ਹਰ ਸਾਲ 40,000 ਲੋਕਾਂ ਦੀਆਂ ਮੌਤਾਂ ਹੁੰਦੀਆਂ ਹਨ।

(25) ਯੂਰਪੀਅਨ ਟੌਪਿਕ ਸੈਂਟਰ ਆਨ ਏਅਰ ਅਤੇ ਕਲਾਈਮੇਟ ਚੇਂਜ ਵਲੋਂ ਕੀਤੇ ਇਕ ਅਧਿਐਨ ਅਨੁਸਾਰ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ ਵਿੱਚ ਹਵਾ ਵਿਚਲੇ ਫਾਈਨ ਪਾਰਟੀਕਲਜ਼ ਦੇ ਪ੍ਰਦੂਸ਼ਣ ਕਾਰਨ ਹਰ ਸਾਲ 4 ਲੱਖ 55 ਹਜ਼ਾਰ ਤੋਂ ਵੱਧ ਮੌਤਾਂ ਹੁੰਦੀਆਂ ਹਨ।

(26) ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿੱਚ ਫਾਈਨ ਪਾਰਟੀਕਲ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 9000 ਦੇ ਕਰੀਬ ਹੈ।

(27) ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਵਲੋਂ 2008 ਵਿੱਚ ਕੀਤੇ ਇਕ ਅਧਿਐਨ ਵਿੱਚ ਅੰਦਾਜ਼ਾ ਲਾਇਆ ਗਿਆ ਸੀ ਕਿ ਉਸ ਸਾਲ ਕੈਨੇਡਾ ਵਿੱਚ 21,000 ਲੋਕਾਂ ਦੀ ਮੌਤ ਹਵਾ ਦੇ ਪ੍ਰਦੂਸ਼ਣ ਕਾਰਨ ਹੋਵੇਗੀ।

(28) ਮਨੁੱਖ ਦੇ ਜ਼ਿੰਦਾ ਰਹਿਣ ਲਈ ਪਾਣੀ ਦੀ ਮਹੱਤਤਾ ਤੋਂ ਅਸੀਂ ਸਾਰੇ ਜਾਣੂ ਹਾਂ। ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਦੁਨੀਆ ਭਰ ਵਿੱਚ 1.1 ਅਰਬ (ਬਿਲੀਅਨ) ਲੋਕਾਂ ਨੂੰ, ਚੀਨ ਵਿੱਚ 30 ਕ੍ਰੋੜ ਤੋਂ ਵੱਧ ਲੋਕਾਂ ਨੂੰ ਅਤੇ ਹਿੰਦੁਸਤਾਨ ਵਿੱਚ 12.8 ਕ੍ਰੋੜ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਪ੍ਰਾਪਤ ਨਹੀਂ ਹੈ।

(29) ਸੰਨ 2009 ਵਿੱਚ ਨਿਊਯੌਰਕ ਟਾਈਮਜ਼ ਵਿੱਚ ਛਪੀ ਇਕ ਰਿਪੋਰਟ ਅਨੁਸਾਰ ਅਮਰੀਕਾ ਦੀ ਦਸਵਾਂ ਹਿੱਸਾ ਅਬਾਦੀ ਨੂੰ ਕਿਸੇ ਨਾ ਕਿਸੇ ਸਮੇਂ ਪੀਣ ਵਾਲਾ ਅਜਿਹਾ ਪਾਣੀ ਵਰਤਣਾ ਪਿਆ ਹੈ ਜਿਸ ਵਿੱਚ ਖਤਰਨਾਕ ਰਸਾਇਣ (ਕੈਮੀਕਲ) ਘੁਲੇ ਹੋਏ ਸਨ ਜਾਂ ਜਿਹੜਾ ਪਾਣੀ ਫੈਡਰਲ ਸਰਕਾਰ ਵਲੋਂ ਨਿਸ਼ਚਿਤ ਮਿਆਰਾਂ ਉੱਤੇ ਪੂਰਾ ਨਹੀਂ ਉਤਰਦਾ ਸੀ।

(30) ਪੀਣ ਵਾਲੇ ਸਾਫ ਪਾਣੀ ਦੀ ਅਣਹੋਂਦ ਕਾਰਨ ਲੋਕਾਂ ਨੂੰ ਆਪਣੀਆਂ ਲੋੜਾਂ ਲਈ ਪ੍ਰਦੂਸ਼ਤ ਪਾਣੀ ਉੱਤੇ ਨਿਰਭਰ ਹੋਣਾ ਪੈਂਦਾ ਹੈ। ਨਤੀਜੇ ਵਜੋਂ ਉਹਨਾਂ ਨੂੰ ਕਈ ਤਰਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ। ਪ੍ਰਦੂਸ਼ਤ ਪਾਣੀ ਕਾਰਨ ਲੱਗਣ ਵਾਲੀਆਂ ਬੀਮਾਰੀਆਂ ਅਤੇ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਹੋਰ ਅਸਰਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਸਮਝਣਾ ਸਹਾਈ ਹੋ ਸਕਦਾ ਹੈ ਕਿ ਸਾਡੇ ਆਲੇ ਦੁਆਲੇ ਵਿੱਚ ਪਾਣੀ ਦੇ ਪ੍ਰਦੂਸ਼ਤ ਹੋਣ ਦੇ ਕੀ ਢੰਗ ਹਨ।

ਮੁੱਖ ਤੌਰ 'ਤੇ ਸੀਵਰੇਜ ਦਾ ਗੰਦਾ ਪਾਣੀ, ਕਾਰਖਾਨਿਆਂ ਅਤੇ ਖਾਣਾਂ ਵਿੱਚੋਂ ਛੱਡਿਆ ਜਾਂਦਾ ਗੰਦਾ ਪਾਣੀ, ਖੇਤੀਬਾੜੀ ਵਿੱਚ ਵਰਤੇ ਜਾਂਦੇ ਰਸਾਇਣਕ ਪਦਾਰਥ (ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ), ਪ੍ਰਮਾਣੂ ਬਿਜਲੀ ਪੈਦਾ ਕਰਨ ਵਾਲੇ ਪਲਾਂਟਾਂ ਦੁਆਰਾ ਪੈਦਾ ਕੀਤੀ ਜਾਂਦੀ ਰੇਡੀਓ ਐਕਟਿਵ ਰਹਿੰਦ-ਖੂਹੰਦ, ਹਵਾ ਵਿੱਚਲੇ ਪ੍ਰਦੂਸ਼ਣ ਵਾਲੇ ਮੀਂਹ ਦਾ ਪਾਣੀ, ਧਰਤੀ ਹੇਠ ਰਸਾਇਣਕ ਪਦਾਰਥਾਂ ਨੂੰ ਸਟੋਰ ਕਰਨ ਲਈ ਬਣੇ ਟੈਂਕਾਂ 'ਚੋਂ ਲੀਕ ਹੋਣ ਵਾਲੇ ਰਸਾਇਣਕ ਪਦਾਰਥ ਆਦਿ ਸਾਫ ਪਾਣੀ ਦੇ ਸ੍ਰੋਤਾਂ ਵਿੱਚ ਮਿਲ ਕੇ ਉਸ ਨੂੰ ਪ੍ਰਦੂਸ਼ਤ ਕਰਨ ਦਾ ਕਾਰਨ ਬਣਦੇ ਹਨ।

(31) ਇਸ ਤਰਾਂ ਪ੍ਰਦੂਸ਼ਤ ਹੋਏ ਪਾਣੀ ਵਿੱਚ ਕਈ ਤਰਾਂ ਦੇ ਬੈਕਟੀਰੀਆ, ਰਸਾਇਣਕ ਪਦਾਰਥ, ਧਾਤਾਂ ਦੇ ਕਣ, ਅਤੇ ਹੋਰ ਜ਼ਹਿਰੀਲੇ ਪਦਾਰਥ ਮਿਲ ਜਾਂਦੇ ਹਨ ਜੋ ਇਨਸਾਨਾਂ ਅਤੇ ਹੋਰ ਜੀਵਾਂ ਦੀ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਕਈ ਕੇਸਾਂ ਵਿੱਚ ਪ੍ਰਦੂਸ਼ਤ ਪਾਣੀ ਪੀਣ ਵਾਲਾ ਵਿਅਕਤੀ ਉਸ ਹੀ ਸਮੇਂ ਬੀਮਾਰ ਹੋ ਜਾਂਦਾ ਹੈ ਪਰ ਬਹੁਤ ਵਾਰੀ ਪ੍ਰਦੂਸ਼ਤ ਪਾਣੀ ਵਿੱਚ ਘੁਲੇ ਹੋਏ ਪਦਾਰਥ ਵਿਅਕਤੀ ਅੰਦਰ ਜਮਾਂ ਹੁੰਦੇ ਰਹਿੰਦੇ ਹਨ ਅਤੇ ਸਮਾਂ ਪਾ ਕੇ ਵਿਅਕਤੀ ਨੂੰ ਬੀਮਾਰੀਆਂ ਲਾਉਣ ਦਾ ਕਾਰਨ ਬਣਦੇ ਹਨ। ਪ੍ਰਦੂਸ਼ਤ ਪਾਣੀ ਦੀ ਵਰਤੋਂ ਕਾਰਨ ਲੱਗਣ ਵਾਲੀਆਂ ਬੀਮਾਰੀਆਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

ਸੀਵਰੇਜ ਨਾਲ ਪ੍ਰਦੂਸ਼ਤ ਪਾਣੀ ਵਿਚ ਹੋਣ ਵਾਲੇ ਬੈਕਟੀਰੀਆ ਅਤੇ ਜਰਾਸੀਮ ਹੈਜ਼ਾ, ਪੇਚਸ, ਟਾਈਫਾਈਡ ਆਦਿ ਬੀਮਾਰੀਆਂ ਦਾ ਕਾਰਨ ਬਣ ਸਕਦੇ ਹਨ।

ਕਾਰਖਾਨਿਆਂ ਅਤੇ ਫੈਕਟਰੀਆਂ ਵਿੱਚੋਂ ਛੱਡੇ ਗਏ ਗੰਦੇ ਪਾਣੀ ਨਾਲ ਪ੍ਰਦੂਸ਼ਤ ਪਾਣੀ ਵਿੱਚ ਕਈ ਤਰਾਂ ਦੀਆਂ ਭਾਰੀ ਧਾਤਾਂ ਦੇ ਤੱਤ ਹੁੰਦੇ ਹਨ, ਜੋ ਧੀਮੇ ਵਿਕਾਸ, ਜਮਾਂਦਰੂ ਵਿਗਾੜਾਂ ਅਤੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਕਾਰਖਾਨਿਆਂ ਅਤੇ ਫੈਕਟਰੀਆਂ ਵਿੱਚੋਂ ਛੱਡੇ ਗੰਦੇ ਪਾਣੀ ਵਿੱਚ ਕਈ ਇਸ ਤਰਾਂ ਦੇ ਜ਼ਹਿਰੀਲੇ ਪਦਾਰਥ ਹੁੰਦੇ ਹਨ ਜੋ ਮਨੁੱਖੀ ਸਰੀਰ ਦੇ ਬੀਮਾਰੀਆਂ ਨਾਲ ਲੜਨ ਵਾਲੇ ਪ੍ਰਬੰਧ (ਇਮੀਊਨ ਸਿਸਟਮ) ਨੂੰ ਕਮਜ਼ੋਰ ਕਰ ਸਕਦੇ ਹਨ, ਜਣਨ ਸ਼ਕਤੀ ਨੂੰ ਢਾਹ ਲਾ ਸਕਦੇ ਹਨ, ਗੁਰਦਿਆਂ ਅਤੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਸਰੀਰ ਵਿੱਚ ਕਈ ਹੋਰ ਤਰਾਂ ਦੀ ਜ਼ਹਿਰ ਫੈਲਾ ਸਕਦੇ ਹਨ।

(32) ਕੀਟਨਾਸ਼ਕ ਦਵਾਈਆਂ, ਪੈਟਰੋਲ ਵਿੱਚ ਮੌਜੂਦ ਬੈਨਜ਼ੀਨ ਵਰਗੇ ਕੈਮੀਕਲ, ਸਿੱਕੇ, ਨਾਈਟ੍ਰੇਟ ਵਰਗੇ ਕੈਮੀਕਲਾਂ ਨਾਲ ਪ੍ਰਦੂਸ਼ਤ ਪਾਣੀ ਕੈਂਸਰ ਦਾ ਕਾਰਨ ਬਣ ਸਕਦਾ ਹੈ ਅਤੇ ਜਣਨਸ਼ਕਤੀ ਨਾਲ ਸਬੰਧਤ ਰੋਗ ਲਾ ਸਕਦਾ ਹੈ।

(33) 2011 ਦੀ ਹਿਊਮਨ ਡਿਵੈਲਪਮੈਂਟ ਰਿਪੋਰਟ ਅਨੁਸਾਰ ਪ੍ਰਦੂਸ਼ਤ ਪਾਣੀ ਕਾਰਨ ਹਰ ਸਾਲ ਦੁਨੀਆ ਵਿੱਚ 5 ਸਾਲ ਤੋਂ ਘੱਟ ਉਮਰ ਦੇ 20 ਲੱਖ ਬੱਚਿਆਂ ਦੀ ਪੇਚਿਸ ਦੀ ਬੀਮਾਰੀ ਨਾਲ ਮੌਤ ਹੋ ਜਾਂਦੀ ਹੈ।

(34) ਪੇਚਿਸ ਨਾਲ ਮਰਨ ਵਾਲੇ ਇਹਨਾਂ ਬੱਚਿਆਂ ਵਿੱਚੋਂ ਕਾਫੀ ਵੱਡੀ ਗਿਣਤੀ ਹਿੰਦੁਸਤਾਨੀ ਬੱਚਿਆਂ ਦੀ ਹੈ। ਇਕ ਰਿਪੋਰਟ ਅਨੁਸਾਰ ਹਿੰਦੁਸਤਾਨ ਵਿੱਚ ਹਰ ਰੋਜ਼ ਪੇਚਿਸ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ 1000 ਦੇ ਨੇੜੇ ਹੈ।

(35) ਅਮਰੀਕਾ ਵਿੱਚ ਪਰਜੀਵਾਂ (ਪੈਰਾਸਾਈਟਸ), ਬੈਕਟੀਰੀਆ ਜਾਂ ਵਾਇਰਸਾਂ ਨਾਲ ਪ੍ਰਦੂਸ਼ਤ ਪਾਣੀ ਪੀਣ ਕਾਰਨ ਹਰ ਸਾਲ 1 ਕ੍ਰੋੜ 95 ਲੱਖ (19.5 ਮਿਲੀਅਨ) ਲੋਕ ਬੀਮਾਰ ਹੁੰਦੇ ਹਨ।

(36) ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਨ ਅਤੇ ਉਸ ਕਾਰਨ ਲੋਕਾਂ ਦੀ ਸਿਹਤ ਉੱਤੇ ਪੈਣ ਵਾਲੇ ਅਸਰਾਂ ਤੋਂ ਅਸੀਂ ਭਲੀਭਾਂਤ ਜਾਣੂ ਹੀ ਹਾਂ। ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਸਾਰੀਆਂ ਖੋਜਾਂ ਅਤੇ ਅਧਿਅਨ ਸਾਹਮਣੇ ਆਏ ਹਨ, ਜੋ ਸਾਨੂੰ ਇਹ ਦਸਦੇ ਹਨ ਕਿ ਕਾਰਖਾਨਿਆਂ, ਥਰਮਲ ਪਲਾਂਟਾਂ ਅਤੇ ਖੇਤਾਂ ਵਿੱਚ ਵਰਤੀਆਂ ਜਾਂਦੀਆਂ ਖਾਦਾਂ ਅਤੇ ਕੀੜੇਮਾਰ ਦਵਾਈਆਂ ਕਾਰਨ ਪੰਜਾਬ ਦਾ ਪਾਣੀ ਬੁਰੀ ਤਰਾਂ ਪ੍ਰਦੂਸ਼ਤ ਹੋ ਚੁੱਕਾ ਹੈ ਅਤੇ ਇਸ ਪਾਣੀ ਨੂੰ ਪੀਣ/ਵਰਤਣ ਕਾਰਨ ਪੰਜਾਬ ਦੇ ਲੋਕਾਂ ਵਿੱਚ ਕੈਂਸਰ ਅਤੇ ਹੋਰ ਕਈ ਤਰਾਂ ਦੀਆਂ ਨਾਮੁਰਾਦ ਬੀਮਾਰੀਆਂ ਦਾ ਭਿਆਨਕ ਹੱਦ ਤੱਕ ਵਾਧਾ ਹੋਇਆ ਹੈ। ਉਦਾਹਰਨ ਲਈ, ਸੰਨ 2009 ਵਿੱਚ ਗਰੀਨਪੀਸ ਨੇ ਪੰਜਾਬ ਦੇ ਤਿੰਨ ਜ਼ਿਲਿਆਂ-ਲੁਧਿਆਣਾ, ਮੁਕਤਸਰ ਅਤੇ ਬਠਿੰਡਾ-ਵਿੱਚ ਪੀਣ ਵਾਲੇ ਪਾਣੀ ਦੇ ਟੈੱਸਟ ਕੀਤੇ ਸਨ। ਗਰੀਨਪੀਸ ਅਨੁਸਾਰ ਟੈੱਸਟ ਕੀਤੇ 20 ਫੀਸਦੀ ਨਲਕਿਆਂ ਦੇ ਪਾਣੀ ਵਿੱਚ ਅਤੇ ਸਰਵੇ ਕੀਤੇ ਗਏ 44 ਫੀਸਦੀ ਪਿੰਡਾਂ ਦੇ ਪਾਣੀ ਵਿੱਚ ਨਾਈਟਰੇਟ ਦੀ ਮਿਕਦਾਰ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵਲੋਂ ਨਿਸ਼ਚਿਤ ਕੀਤੀ ਗਈ ਸੁਰੱਖਿਅਤ ਦਰ ਨਾਲੋਂ ਵੱਧ ਸੀ। ਨਾਈਟਰੇਟ ਨਾਲ ਪ੍ਰਦੂਸ਼ਤ ਪਾਣੀ ਪੀਣ ਨਾਲ ਲੋਕਾਂ ਦੀ ਸਿਹਤ 'ਤੇ ਪੈਣ ਵਾਲੇ ਮੁੱਖ ਅਸਰ ਹਨ ਬਲੂ ਬੇਬੀ ਸਿੰਡਰੋਮ ਅਤੇ ਕੈਂਸਰ। ਬਲੂ ਬੇਬੀ ਸਿੰਡਰੋਮ ਤੋਂ ਭਾਵ ਹੈ ਕਿ ਨਾਈਟ੍ਰੇਟ ਦੀ ਸੁਰੱਖਿਅਤ ਹੱਦ ਤੋਂ ਵੱਧ ਮਿਕਦਾਰ ਵਾਲਾ ਪਾਣੀ ਪੀਣ ਨਾਲ ਬੱਚਿਆਂ ਦਾ ਖੂਨ ਆਕਸੀਜਨ ਢੋਣ ਦੀ ਆਪਣੀ ਸਮਰੱਥਾ ਗਵਾ ਬਹਿੰਦਾ ਹੈ। ਨਤੀਜੇ ਵਜੋਂ ਬੱਚਿਆਂ ਦੇ ਟਿਸ਼ੂਆਂ ਅਤੇ ਅੰਗਾਂ ਨੂੰ ਲੋੜੀਂਦੀ ਆਕਸੀਜਨ ਨਹੀਂ ਪਹੁੰਚਦੀ ਅਤੇ ਅੰਤ ਬੱਚਿਆਂ ਦੀ ਮੌਤ ਵਿੱਚ ਹੁੰਦਾ ਹੈ।

(37) ਸੰਨ 2009 ਵਿੱਚ ਹੀ ਲੰਡਨ ਤੋਂ ਛੱਪਦੇ ਅਖਬਾਰ ਓਬਜ਼ਰਬਰ ਵਿੱਚ ਬਾਬਾ ਫਰੀਦ ਮੈਡੀਕਲ ਸੈਂਟਰ ਫਰੀਦਕੋਟ ਵਿੱਚ ਇਲਾਜ ਅਧੀਨ ਕਈ ਅਪੰਗ ਬੱਚਿਆਂ 'ਤੇ ਆਧਾਰਿਤ ਇਕ ਰਿਪੋਰਟ ਛਪੀ ਸੀ। ਰਿਪੋਰਟ ਅਨੁਸਾਰ ਇਨਾਂ ਬੱਚਿਆਂ ਵਿੱਚੋਂ ਕਈਆਂ ਦੇ ਸਿਰ ਬਹੁਤ ਵੱਡੇ ਸਨ ਅਤੇ ਕਈਆਂ ਦੇ ਸਿਰ ਬਹੁਤ ਛੋਟੇ। ਕਈਆਂ ਦੇ ਦਿਮਾਗਾਂ ਦਾ ਬਿਲਕੁਲ ਵਿਕਾਸ ਨਹੀਂ ਹੋਇਆ ਸੀ ਅਤੇ ਕਈ ਬੋਲਣ ਤੋਂ ਅਸਮਰੱਥ ਸਨ। ਰਿਪੋਰਟ ਵਿੱਚ ਇਨਾਂ ਬੱਚਿਆਂ ਦੀ ਅਪੰਗਤਾ ਦਾ ਸੰਬੰਧ ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਤੋਂ ਪੈਦਾ ਹੁੰਦੇ ਪ੍ਰਦੂਸ਼ਣ ਨਾਲ ਜੋੜਿਆ ਗਿਆ ਸੀ। ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੋਇਲੇ ਨਾਲ ਚੱਲਣ ਵਾਲੇ ਇਹਨਾਂ ਥਰਮਲ ਪਲਾਂਟਾਂ ਦੇ ਨੇੜਲੇ ਇਲਾਕਿਆਂ ਵਿੱਚ ਰਹਿੰਦੇ ਬੱਚਿਆਂ ਦੇ ਖੂਨ ਵਿੱਚ ਯੂਰੇਨੀਅਮ ਦੀ ਮਾਤਰਾ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਮਿੱਥੀ ਗਈ ਸੁਰੱਖਿਅਤ ਮਾਤਰਾ ਨਾਲੋਂ ਕਈ ਗੁਣਾਂ ਵੱਧ ਸੀ, ਕਈ ਕੇਸਾਂ ਵਿੱਚ 60 ਗੁਣਾਂ ਵੱਧ। ਇਨਾਂ ਇਲਾਕਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਰਲਡ ਹੈਲਥ ਆਰਗੇਨਾਈਜੇਸ਼ਨ ਵਲੋਂ ਸੁਰੱਖਿਅਤ ਮਿੱਥੀ ਮਾਤਰਾ ਨਾਲੋਂ 15 ਗੁਣਾਂ ਵੱਧ ਸੀ। ਇਨਾਂ ਬੱਚਿਆਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਰਿਪੋਰਟ ਵਿੱਚ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ ਕਿ ਪਾਣੀ ਦਾ ਇਸ ਤਰਾਂ ਦਾ ਪ੍ਰਦੂਸ਼ਣ ਪੰਜਾਬ ਦੇ ਲੱਖਾਂ ਲੋਕਾਂ ਲਈ ਖਤਰੇ ਦਾ ਸ੍ਰੋਤ ਬਣ ਸਕਦਾ ਹੈ। ਜਰਮਨੀ ਵਿੱਚ ਇਨਾਂ ਬੱਚਿਆਂ ਦੇ ਖੂਨ ਦੇ ਟੈੱਸਟ ਕਰਾਉਣ ਵਾਲੀ ਦੱਖਣੀ ਅਫਰੀਕਾ ਦੀ ਡਾਕਟਰ ਕੈਰਿਨ ਸਮਿੱਟ ਦੇ ਸ਼ਬਦਾਂ ਵਿੱਚ, 'ਜੇ ਪ੍ਰਦੂਸ਼ਣ ਦਾ ਘੇਰਾ ਉਨਾ ਵੱਡਾ ਹੈ ਜਿੰਨਾ ਕਿ ਇਹ ਦਿਸਦਾ ਹੈ - ਪੱਛਮ ਵਿੱਚ ਪਾਕਿਸਤਾਨ ਦੇ ਬਾਰਡਰ ਨੇੜਲੇ ਸ਼ਹਿਰ ਮੁਕਤਸਰ ਤੋਂ ਲੈ ਕੇ ਪੂਰਬ ਵਿੱਚ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਤੱਕ-ਤਾਂ ਲੱਖਾਂ ਲੋਕਾਂ ਨੂੰ (ਇਸ ਤੋਂ) ਖਤਰਾ ਹੈ ਅਤੇ ਇਸ ਨਾਲ ਪ੍ਰਦੂਸ਼ਤ ਹੋਈ ਹਰ ਮਾਂ ਤੋਂ ਜੰਮਣ ਵਾਲੇ ਹਰ ਬੱਚੇ ਨੂੰ ਇਸ ਤੋਂ ਖਤਰਾ ਹੈ।'

(38) ਚੀਨ ਦੇ ਪੇਂਡੂ ਖੇਤਰਾਂ ਵਿੱਚੋਂ ਵੀ ਪ੍ਰਦੂਸ਼ਤ ਪਾਣੀ ਕਾਰਨ ਲੋਕਾਂ ਵਿੱਚ ਕੈਂਸਰ ਦੀ ਬੀਮਾਰੀ ਵਧਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਅਰਥ ਪਾਲਸੀ ਇਨਸਟੀਚਿਊਟ ਦੇ ਸਾਈਟ 'ਤੇ 25 ਮਈ 2011 ਨੂੰ ਛਪੀ ਇਕ ਰਿਪੋਰਟ ਵਿੱਚ ਪੂਰੇ ਚੀਨ ਵਿੱਚ 450 ਅਜਿਹੇ ਪਿੰਡਾਂ ਬਾਰੇ ਗੱਲ ਕੀਤੀ ਗਈ ਹੈ ਜਿੱਥੇ ਦੇ ਲੋਕਾਂ ਨੂੰ ਵੱਡੀ ਪੱਧਰ ਉੱਤੇ ਕੈਂਸਰ ਦੀ ਮਾਰ ਸਹਿਣੀ ਪੈ ਰਹੀ ਹੈ। ਰਿਪੋਰਟ ਅਨੁਸਾਰ ਇਨਾਂ ਪੇਂਡੂ ਇਲਾਕਿਆਂ ਵਿੱਚ ਜਿਗਰ, ਫੇਫੜਿਆਂ ਅਤੇ ਪੇਟ ਦੀਆਂ ਕੈਂਸਰਾਂ ਇਕੱਲੀਆਂ ਇਕੱਲੀਆਂ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿੱਚੋਂ 20-20 ਫੀਸਦੀ ਮੌਤਾਂ ਲਈ ਜ਼ਿੰਮੇਵਾਰ ਹਨ। ਚੀਨ ਦੇ ਕਿਸਾਨਾਂ ਵਿੱਚ ਦੁਨੀਆਂ ਦੇ ਆਮ ਨਾਗਰਿਕਾਂ ਦੇ ਮੁਕਾਬਲੇ ਜਿਗਰ ਦੀ ਕੈਂਸਰ ਹੋਣ ਦੇ ਤਿੰਨ ਗੁਣਾਂ ਵੱਧ ਮੌਕੇ ਹਨ ਅਤੇ ਉਨਾਂ ਵਿੱਚ ਪੇਟ ਦੀ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਦੁਨੀਆਂ ਦੀ ਦਰ ਨਾਲੋਂ ਦੁੱਗਣੀ ਹੈ। ਰਿਪੋਰਟ ਵਿੱਚ ਇਨਾਂ ਕੈਂਸਰਾਂ ਦਾ ਸੰਬੰਧ ਰਸਾਇਣਕ ਪਦਾਰਥਾਂ ਅਤੇ ਸੀਵਰੇਜ ਨਾਲ ਪ੍ਰਦੂਸ਼ਤ ਪਾਣੀ ਨਾਲ ਜੋੜਿਆ ਗਿਆ ਹੈ। ਰਿਪੋਰਟ ਅਨੁਸਾਰ ਕਾਰਖਾਨਿਆਂ, ਪਲਾਂਟਾਂ ਅਤੇ ਖਾਣਾ ਵਿੱਚੋਂ ਛੱਡੇ ਜਾਣ ਵਾਲੇ ਪ੍ਰਦੂਸ਼ਤ ਪਦਾਰਥਾਂ ਕਾਰਨ ਚੀਨ ਦੇ ਦਰਿਆ, ਝੀਲਾਂ ਅਤੇ ਧਰਤੀ ਹੇਠਲਾ ਪਾਣੀ ਬੁਰੀ ਤਰਾਂ ਪ੍ਰਦੂਸ਼ਤ ਹੋ ਰਿਹਾ ਹੈ। ਚੀਨ ਦੀ ਸਰਕਾਰ ਦੇ ਆਪਣੇ ਤੱਥ ਦਸਦੇ ਹਨ ਕਿ ਚੀਨ ਦੇ ਅੱਧੇ ਦਰਿਆਵਾਂ, ਤਿੰਨ/ਚੁਥਾਈ ਤੋਂ ਵੱਧ ਝੀਲਾਂ ਅਤੇ ਹੋਰ ਪਾਣੀ ਦੇ ਭੰਡਾਰਾਂ ਦਾ ਪਾਣੀ ਪੀਣ ਦੇ ਯੋਗ ਨਹੀਂ ਹੈ ਪਰ ਫਿਰ ਵੀ ਬਹੁਤ ਸਾਰੇ ਲੋਕ ਇਸ ਪ੍ਰਦੂਸ਼ਤ ਪਾਣੀ 'ਤੇ ਨਿਰਭਰ ਹਨ। ਚੀਨ ਦੇ ਇਹਨਾਂ ਪਿੰਡਾਂ ਵਿੱਚ ਕੁਝ ਪਿੰਡ ਅਜਿਹੇ ਹਨ ਜਿੱਥੇ ਜੰਮਣ ਵਾਲਿਆਂ ਦੇ ਮੁਕਾਬਲੇ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ। ਹੀਨਾਨ ਸੂਬੇ ਦੇ ਇਕ ਪਿੰਡ ਦੇ 80 ਫੀਸਦੀ ਨੌਜਵਾਨ ਗੰਭੀਰ ਤੌਰ 'ਤੇ ਬੀਮਾਰ ਹਨ। ਇਕ ਇਕ ਸਾਲ ਦੀ ਉਮਰ ਦੇ ਬੱਚਿਆਂ ਵਿੱਚ ਕੈਂਸਰ ਦੀ ਬੀਮਾਰੀ ਦੀ ਪਛਾਣ ਹੋ ਰਹੀ ਹੈ। ਇਸ ਪਿੰਡ ਵਿੱਚ ਸੰਨ 1994-2004 ਦੌਰਾਨ ਹੋਣ ਵਾਲੀਆਂ ਮੌਤਾਂ ਵਿੱਚੋਂ ਅੱਧੀਆਂ ਮੌਤਾਂ ਜਿਗਰ, ਆਂਤੜੀਆਂ ਅਤੇ ਪੇਟ ਦੀ ਕੈਂਸਰ ਨਾਲ ਹੋਈਆਂ ਸਨ।

(39) ਮੌਸਮਾਂ ਵਿੱਚ ਤਬਦੀਲੀ (ਕਲਾਈਮੇਟ ਚੇਂਜ) ਕਾਰਨ ਧਰਤੀ 'ਤੇ ਤਾਪਮਾਨ ਵਿੱਚ ਹੋਣ ਵਾਲੇ ਵਾਧੇ ਅਤੇ ਮੌਸਮਾਂ ਵਿੱਚ ਹੋਣ ਵਾਲੀਆਂ ਨਾਟਕੀ ਤਬਦੀਲੀਆਂ ਨਾਲ ਲੋਕਾਂ ਦੀ ਸਿਹਤ 'ਤੇ ਕਈ ਤਰਾਂ ਦੇ ਹਾਨੀਕਾਰਕ ਅਸਰ ਪੈ ਰਹੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਦੁਨੀਆ ਦੀਆਂ ਵੱਖ ਵੱਖ ਥਾਂਵਾਂ 'ਤੇ ਗਰਮੀ ਦੀਆਂ ਲਹਿਰਾਂ (ਹੀਟ ਵੇਵਜ਼) ਆਉਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੇ 10 ਸਾਲਾਂ ਦੌਰਾਨ ਦੁਨੀਆ ਦੇ ਬਹੁਗਿਣਤੀ ਖੇਤਰਾਂ ਨੂੰ ਇਕ ਜਾਂ ਵੱਧ ਵਾਰ ਗਰਮੀ ਦੀਆਂ ਲਹਿਰਾਂ ਦਾ ਸਾਹਮਣਾ ਕਰਨਾ ਪਿਆ ਹੈ। (40) ਮੌਸਮਾਂ ਵਿੱਚ ਤਬਦੀਲੀ ਦੇ ਖੇਤਰ ਵਿੱਚ ਕੰਮ ਕਰਦੇ ਬਹੁਤ ਸਾਰੇ ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਗਰਮੀ ਦੀਆਂ ਇਹਨਾਂ ਲਹਿਰਾਂ ਦਾ ਕਾਰਨ ਗਲੋਬਲ ਵਾਰਮਿੰਗ (ਵਾਤਾਵਰਨ ਦੇ ਤਾਪਮਾਨ ਵਿੱਚ ਵਾਧਾ) ਹੈ। 5 ਅਗਸਤ 2012 ਨੂੰ ਗਲੋਬਲ ਵਾਰਮਿੰਗ ਦੀ ਖੋਜ ਦੇ ਖੇਤਰ ਵਿੱਚ ਗੌਡ ਫਾਦਰ ਮੰਨੇ ਜਾਂਦੇ ਨਾਸਾ ਦੇ ਵਿਗਿਆਨੀ, ਜੇਮਜ਼ ਹੈਨਸਨ ਨੇ ਇਕ ਅਧਿਐਨ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਸੰਨ 2011 ਵਿੱਚ ਅਮਰੀਕਾ ਦੇ ਟੈਕਸਜ਼ ਅਤੇ ਓਕਲਾਹਮਾ ਵਿੱਚ ਪਏ ਸੋਕੇ, ਸੰਨ 2010 ਵਿੱਚ ਰੂਸ ਅਤੇ ਮੱਧ ਪੂਰਬ (ਮਿਡਲ ਈਸਟ) ਦੇ ਦੇਸ਼ਾਂ ਵਿੱਚ ਆਈ ਗਰਮੀ ਦੀ ਲਹਿਰ (ਹੀਟ ਵੇਵ) ਅਤੇ ਸੰਨ 2003 ਵਿੱਚ ਯੂਰਪ ਦੇ ਦੇਸ਼ਾਂ ਵਿੱਚ ਆਈ ਗਰਮੀ ਦੀ ਲਹਿਰ ਦਾ ਕਾਰਨ ਗਲੋਬਲ ਵਾਰਮਿੰਗ ਸੀ।

(41) ਹੱਦੋਂ ਵੱਧ ਗਰਮੀ ਦੀਆਂ ਇਹ ਲਹਿਰਾਂ ਕਈ ਕੇਸਾਂ ਵਿੱਚ ਵੱਡੀ ਪੱਧਰ 'ਤੇ ਲੋਕਾਂ ਦੀ ਮੌਤ ਦਾ ਕਾਰਨ ਬਣੀਆਂ ਹਨ। ਉਦਾਹਰਨ ਲਈ ਅਗਸਤ 2003 ਵਿੱਚ ਯੂਰਪ ਵਿੱਚ ਆਈ ਗਰਮੀ ਦੀ ਲਹਿਰ ਬਾਰੇ ਮੁਢਲੀਆਂ ਰਿਪੋਰਟਾਂ ਵਿੱਚ ਇਸ ਲਹਿਰ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 35000 ਦੱਸੀ ਗਈ ਸੀ।

(42) ਪਰ ਕੁਝ ਸਾਲਾਂ ਬਾਅਦ ਹੋਰ ਜਾਣਕਾਰੀ ਪ੍ਰਾਪਤ ਹੋਣ 'ਤੇ ਇਸ ਗਿਣਤੀ ਵਿੱਚ ਸੋਧ ਕਰਕੇ ਇਹ ਗਿਣਤੀ 52,000 ਦੱਸੀ ਗਈ ਸੀ। (43) ਇਸ ਹੀ ਤਰਾਂ ਸੰਨ 2010 ਵਿੱਚ ਰੂਸ ਵਿੱਚ ਆਈ ਗਰਮੀ ਦੀ ਲਹਿਰ ਕਾਰਨ 15,000 ਦੇ ਕਰੀਬ ਮੌਤਾਂ ਹੋਈਆਂ ਸਨ।

(44) ਧਰਤੀ ਦਾ ਤਾਪਮਾਨ ਵਧਣ ਨਾਲ ਸਿਹਤ ਦੇ ਸੰਬੰਧ ਵਿੱਚ ਇਕ ਹੋਰ ਅਸਰ ਇਹ ਪਏਗਾ ਕਿ ਇਸ ਨਾਲ ਮੱਛਰਾਂ, ਚੂਹਿਆਂ ਅਤੇ ਰੋਗਾਣੂਆਂ ਨੂੰ ਲਿਜਾਣ ਵਾਲੇ ਇਸ ਤਰਾਂ ਦੇ ਹੋਰ ਜੀਵਾਂ ਨਾਲ ਲੱਗਣ ਵਾਲੀਆਂ ਬੀਮਾਰੀਆਂ ਦੇ ਫੈਲਣ ਵਿੱਚ ਵਾਧਾ ਹੋਵੇਗਾ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ 1960 ਤੋਂ ਲੈ ਕੇ ਹੁਣ ਤੱਕ ਗਲੋਬਲ ਵਾਰਮਿੰਗ ਨਾਲ ਸੰਬੰਧਤ 39 ਨਵੀਆਂ ਜਾਂ ਦੁਬਾਰਾ ਸਿਰ ਚੁੱਕਣ ਵਾਲੀਆਂ ਬੀਮਾਰੀਆਂ ਦੀ ਸੂਚੀ ਤਿਆਰ ਕੀਤੀ ਹੈ।

(45) ਇਕ ਹੋਰ ਰਿਪੋਰਟ ਅਨੁਸਾਰ ਆਉਣ ਵਾਲੇ ਸਮੇਂ ਦੌਰਾਨ ਮਲੇਰੀਆ, ਡੇਂਗੂ ਬੁਖਾਰ ਅਤੇ ਇਸ ਤਰਾਂ ਦੀਆਂ ਹੋਰ ਬੀਮਾਰੀਆਂ ਦੀ ਮਾਰ ਹੇਠ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਕ੍ਰੋੜਾਂ ਦਾ ਵਾਧਾ ਹੋਵੇਗਾ। ਸੰਨ 2080 ਤੱਕ 26-32 ਕ੍ਰੋੜ ਹੋਰ ਲੋਕ ਮਲੇਰੀਏ ਦਾ ਸ਼ਿਕਾਰ ਬਣਨਗੇ।

(46) ਮਲੇਰੀਏ ਅਤੇ ਡੇਂਗੂ ਬੁਖਾਰ ਦੀਆਂ ਬੀਮਾਰੀਆਂ ਦੀ ਸਮੱਸਿਆ ਵਿਕਾਸਸ਼ੀਲ ਦੇਸ਼ਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਬੀਮਾਰੀਆਂ ਦੇ ਕੇਸ ਅਮਰੀਕਾ ਵਿੱਚ ਪਾਏ ਜਾ ਰਹੇ ਹਨ।

ਧਰਤੀ ਦਾ ਤਾਪਮਾਨ ਵਧਣ ਕਾਰਨ ਪੈਣ ਵਾਲੇ ਸੋਕੇ, ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋਣ ਅਤੇ ਮੌਸਮਾਂ ਵਿੱਚ ਨਾਟਕੀ ਤਬਦੀਲੀ ਕਾਰਨ ਥੋੜੇ ਸਮੇਂ ਵਿੱਚ ਹੀ ਹੋਣ ਵਾਲੀ ਜ਼ਿਆਦਾ ਬਾਰਸ਼ ਕਾਰਨ ਆਉਣ ਵਾਲੇ ਹੜਾਂ, ਜੰਗਲਾਂ ਅਤੇ ਫਸਲਾਂ ਨੂੰ ਅੱਗਾਂ ਲੱਗਣ ਦੀਆਂ ਘਟਨਾਵਾਂ ਵਿੱਚ ਵਾਧਾ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਅਨਾਜ ਦੀ ਪੈਦਾਵਾਰ ਘਟਾਉਣ ਦਾ ਕਾਰਨ ਵੀ ਬਣਦਾ ਹੈ। ਉਦਾਹਰਨ ਲਈ ਸੰਨ 2010 ਵਿੱਚ ਗਰਮੀ ਦੀ ਲਹਿਰ ਅਤੇ ਸੋਕੇ ਕਾਰਨ ਰੂਸ ਵਿੱਚ ਅਨਾਜ ਉਤਪਾਦਨ ਵਿੱਚ ਇਕ ਤਿਹਾਈ ਕਮੀ ਆਈ ਸੀ।

(ਚਲਦਾ...)

# ਭਾਗਾਂ ਅਤੇ ਜਾਨੀ

**ਗੈਰੀ ਢਿੱਲੋਂ**

ਮੱਧਮ ਜਿਹੀ ਦਿਖਦੀ ਦਿਖਦੀ ਭਾਗਾਂ ਆਖਿਰ ਅੱਖੋਂ ਓਹਲੇ ਹੋ ਗਈ, ਉਹ ਬੁੱਤ ਬਣਿਆ ਕਿੰਨਾ ਹੀ ਚਿਰ ਓਧਰ ਨੂੰ ਨਜ਼ਰਾਂ ਗੱਡ ਕੇ ਖੜਾ ਰਿਹਾ। ਇਕਦਮ ਸੁਰਤ ਸੰਭਲੀ ਤਾਂ ਆਪਣੇ ਆਪ ਵੱਲ ਦੇਖਿਆ, ਤ੍ਰੇਲੀਓਂ ਤ੍ਰੇਲੀ ਹੋਇਆ ਪਿਆ ਸੀ।

ਬੂਹਾ ਲੰਘ ਉਹ ਦਰਵਾਜੇ ਵਿਚ ਮੰਜੀ 'ਤੇ ਜਾ ਡਿੱਗਿਆ, ਓਹਦੇ ਸਾਹ ਲੰਮੇ ਲੰਮੇ ਚੱਲ ਰਹੇ ਸੀ। ਅੰਦਰੋਂ ਸਾਰਾ ਕੁਝ ਮੂੰਹ ਥਾਣੀਂ ਬਾਹਰ ਆਉਣ ਨੂੰ ਕਰੇ। ਓਹਦਾ ਦਿਲ ਕੀਤਾ ਕਿ ਕਿਸੇ ਦੇ ਗਲ਼ ਲੱਗ ਕੇ ਉੱਚੀ ਉੱਚੀ ਵੈਣ ਪਾਵੇ। ਕਿੰਨਾ ਹੀ ਚਿਰ ਉਹ ਮੰਜੀ ਤੇ ਜਖਮੀਂ ਸੱਪ ਵਾਂਗ ਪਸਲੇਟੇ ਮਾਰਦਾ ਰਿਹਾ, ਆਪ ਮੁਹਾਰੇ ਨਿਕਲਦੀਆਂ ਭੁੱਬਾਂ ਨੂੰ ਰੋਕਣ ਦਾ ਯਤਨ ਕਰਦੇ ਕਰਦੇ ਦਾ ਧਿਆਨ ਗਿਆ, ਪਾਠੀ ਬੋਲ ਪਿਆ ਸੀ। ਇੱਕ ਲੰਮੇ ਸਾਰੇ ਹੌਂਕੇ ਨਾਲ ਓਹਦੇ ਮੂੰਹੋਂ ਨਿੱਕਲਿਆ..'ਵਾਖਰੂ ਊ ਊ ਊ'

ਕਿੰਨਾ ਚਿਰ ਸਿਰ ਸਿੱਟ ਕੇ ਭਾਗਾਂ ਨਾਲ ਬਿਤਾਏ ਵੇਲੇ ਨੂੰ ਯਾਦ ਕਰਦਾ ਰਿਹਾ, ਵਿੱਚੇ ਡੁਸਕਣ ਲੱਗ ਪੈਂਦਾ ਤੇ ਗਿੱਲੀਆਂ ਅੱਖਾਂ ਪੂੰਝ ਲੈਂਦਾ ਫੇਰ ਓਥੇ ਹੀ ਜਾ ਸੁਰਤ ਲਗਦੀ।

ਦਿਨ ਚੜੇ ਉਹ ਮੰਜੀ ਤੋਂ ਉੱਠਿਆ, ਸਿਰ ਤੇ ਪਰਨਾ ਵਲੇਟ ਕੇ ਵਿਹੜੇ ਚ ਆਇਆ..ਮੱਝ ਨੀਰੇ ਅੱਲੋਂ ਅੜਾਟ ਪਾ ਰਹੀ ਸੀ। ਅਣਮੰਨੇ ਜਹੇ ਮਨ ਨਾਲ ਓਹਨੇ ਟੋਕਰੀ ਚੱਕੀ, ਤੂੜੀ ਪਾ ਕੇ ਦਾਣਾ ਸਿੱਟ ਦਿੱਤਾ। ਹੱਥ ਝਾੜ ਕੇ ਸਬਾਤ ਵਿਚ ਵੜ ਗਿਆ...ਕਿੰਨਾ ਹੀ ਚਿਰ ਛੱਤ ਦੇ ਬਾਲਿਆਂ ਵੱਲ ਵੇਖਦਾ ਰਿਹਾ।

ਸੰਦੂਕ ਖੋਲਿਆ, ਅੰਦਰ ਬੇਬੇ ਦੀਆਂ ਗਠੜੀਆਂ ਦੇਖ ਕੇ ਇੱਕ ਵਾਰ ਫੇਰ ਭੁੱਬਾਂ ਮਾਰ ਮਾਰ ਕੇ ਰੋ ਪਿਆ...ਜਾਰੋ ਜਾਰ ਹੋਇਆ ਵੈਣ ਪਾਉਣ ਲੱਗ ਪਿਆ

'ਨੀਂ ਬੇਬੇ ਮੇਰੀਏ...ਛੇਕੜ ਤੂੰ ਈ ਆ ਜਾ ਕਿਧਰੋਂ ਮੁੜਕੇ.. ਹਾਏ ਨੀ ਬੇਬੇ ਮੈਂ ਜੰਮ ਕੇ ਵੀ ਤੈਨੂੰ ਸੁਖ ਨਾਂ ਦਖਾਇਆ ਨੀ ਮਾਏ ਮੇਰੀਏ...ਹਾਏ ਨੀ ਭਾਗਾਂ.......ਛੇਕੜ ਮੇਰੀ ਮਰੀ ਵਈ ਬੇਬੇ ਦਾ ਈ ਮੂੰਹ ਮੱਥਾ ਰੱਖ ਲੈਂਦੀ ਨੀ ਡੁੱਬੜੀਏ ਏ ਏ ਏ'

ਪਰ ਓਹਦੇ ਵੈਣ ਸੁਣਕੇ ਓਹਨੂੰ ਚੁੱਪ ਕਰਾਉਣ ਵਾਲੀ ਨਾਂ ਤਾਂ ਉਥੇ ਕੋਈ ਉਹਦੀ ਬੇਬੇ ਸੀ ਤੇ ਨਾਂ ਹੀ ਉਹਦੀ ਕਮਲੀ ਭਾਗਾਂ। ਰੋ ਰੋ ਕੇ ਥੱਕ ਗਿਆ ਤੇ ਆ ਕੇ ਮੁੜ ਦਰਵਾਜੇ ਚ ਮੰਜੀ ਤੇ ਲਿਟ ਗਿਆ। ਘੰਟੇ ਬਾਅਦ ਉੱਠ ਕੇ ਧਾਰ ਚੋਈ, ਦੁੱਧ ਝਲਾਨੀ ਚ ਰੱਖ ਦਿੱਤਾ। ਚਾਹ ਬਣਾਉਣ ਨੂੰ ਉੱਕਾ ਹੀ ਦਿਲ ਨਾ ਕਰੇ ਉਸ ਦਾ। ਕੋਈ ਆਪਣਾ ਹੁੰਦਾ ਤਾਂ ਚਾਹ ਬਣਾ ਕੇ ਓਹਦੇ ਹੱਥ ਚ ਫੜਾ ਕੇ ਕਹਿੰਦਾ- 'ਲੈ ਜਾਨੀਆਂ! ਤੁਰਨ ਵਾਲੇ ਤਾਂ ਤੁਰ ਗਏ, ਚਾਹ ਤੋਂ ਕੀ ਬੁਰਾ ਹੋਇਐ ? ਲੈ ਫੜ ਪੀ ਲੈ ਘੁੱਟ ਕ ਮੇਰੇ ਆਖੇ'

ਇਹ ਖਿਆਲ ਆਉਂਦਿਆਂ ਹੀ ਉਹ ਮੁੜ ਕੰਧੋਲੀ ਨਾਲ ਬਹਿ ਕੇ ਵਿਲਕਣ ਲੱਗ ਗਿਆ। ਫੇਰ ਆਪੇ ਹੀ ਉੱਠ ਕੇ ਮੰਜੀ ਤੇ ਜਾ ਢੇਰੀ ਹੋਇਆ।

ਸਾਰਾ ਦੁਪਹਿਰਾ ਜਵਾਕਾਂ ਵਾਂਗ ਡੁਸਕਦਾ ਰਿਹਾ ਤੇ ਅਖੀਰ ਮੰਜੀ ਤੇ ਪਏ ਨੂੰ ਨੀਂਦਰ ਨੇ ਆ ਘੇਰਿਆ।

ਆਥਣ ਵੇਲੇ ਮੱਝ ਨੇ ਅੜਾਟ ਪਾਇਆ ਤਾਂ ਓਹਦੀ ਅੱਖ ਖੁੱਲੀ। ਕਿੰਨਾ ਚਿਰ ਹੱਥਾਂ ਚ ਸਿਰ ਫੜ ਕੇ ਸੋਚੀਂ ਡੁੱਬਿਆ ਬੈਠਾ ਰਿਹਾ, ਮੱਝ ਮੁੜ ਗੇੜੇ ਲੈਣ ਲੱਗ ਪਈ।

'ਬੰਦਾ ਮਰਨ ਨੂੰ ਹੋਇਆ ਪਿਆ ਤੇ ਇਹਨੂੰ ਪੱਠਿਆਂ ਦੀ ਪਈ ਆ...... ਖਰ..ਚੱਲ ਮਨਾ.. ਇਹਦਾ ਜਨੌਰ ਦਾ ਕੀ ਕਸੂਰ'

ਓਹਨੇ ਬੇਜਾਨ ਜਹੇ ਹੱਥਾਂ ਨਾਲ ਟੋਕਰੀ ਚੱਕੀ, ਤੂੜੀ ਪਾ ਕੇ ਦਾਣਾ ਰਲਾ ਦਿੱਤਾ। ਮੱਝ ਵੀ ਤੂੜੀ ਚ ਬੂਥ ਮਾਰ ਮਾਰ ਕੇ ਨਖਰੇ ਦਿਖਾਉਣ ਲੱਗ ਗਈ, ਕਦੇ ਕੰਨ ਚੱਕ ਚੱਕ ਕੇ ਬਾਹਰ ਵੀਹੀ ਵੱਲ ਨੂੰ ਦੇਖੇ।

ਸ਼ਾਇਦ ਓਹਨੂੰ ਵੀ ਹੁਣ ਭਾਗਾਂ ਦਾ ਰਲਾਇਆ ਹੀ ਚੰਗਾ ਲੱਗਣ ਲੱਗ ਗਿਆ ਸੀ।

'ਦੇਖ ਖਾਂ ਮੇਰੇ ਸਾਲੇ ਦੀ ਕਿਵੇਂ ਕਰਦੀ ਐ...ਹੁਣ ਕਿੱਥੋਂ ਲਿਆ ਦਿਆਂ ਤੇਰੀ ਗੱਡੀਆਂ ਆਲੀ... ਏਨਾ ਕਹਿ ਕੇ ਉਹਨੂੰ ਪਤਾ ਹੀ ਨਾ ਲੱਗਾ ਕਦੋਂ ਮੱਝ ਦੀ ਧੌਣ ਨੂੰ ਕਲਾਵੇਂ ਚ ਲੈ ਕੇ ਰੋਣ ਲੱਗ ਪਿਆ। ਰੋਂਦੇ ਰੋਂਦੇ ਓਹਨੇ ਬਾਕੀ ਰਹਿੰਦਾ ਗੁੱਭ-ਘਲਾਟ ਵੀ ਬਾਹਰ ਕੱਢ ਮਾਰਿਆ।

ਹੁਣ ਓਹਨੂੰ ਆਪਣਾ ਆਪ ਪਹਿਲਾਂ ਨਾਲੋਂ ਹੌਲਾ ਹੋਇਆ ਜਾਪਿਆ। ਢਿੱਡ ਚ ਘਰੋਲੇ ਪੈਣ ਲੱਗ ਪਏ, ਸ਼ਾਇਦ ਭੁੱਖ ਲੱਗ ਆਈ ਸੀ। ਉਹਨੇ ਝਲਾਨੀ ਚੋਂ ਪਤੀਲੀ ਚੱਕ ਕੇ ਚਾਹ ਧਰ ਲਈ।

'ਲੈ ਨੀ ਕਮਲੀਏ...ਆਖਰ ਜਾਨੀ ਨੂੰ ਮੁੜ ਘੁੜ ਆਪੇ ਚਾਹ ਕਰਨ ਜੋਗਾ ਈ ਛੱਡ ਗਈ'।

ਏਦਾਂ ਹੀ ਸਾਰੀ ਰਾਤ ਵੀ ਓਹਨੇ ਪਾਸੇ ਮਾਰਦਿਆਂ ਕੱਢ ਲਈ। ਤੜਕੇ ਪਾਠੀ ਦੀ ਅਵਾਜ ਸੁਣ ਕੇ ਉੱਠ ਖੜਾ ਹੋਇਆ। ਮਨ ਮਾਰ ਕੇ ਤੂੜੀ ਰਲਾ ਦਿੱਤੀ ਤੇ ਕੁਝ ਸੋਚ ਕੇ ਨਲਕੇ ਤੇ ਨਹਾਉਣ ਲੱਗ ਗਿਆ।

ਸਬਾਤ 'ਚੋਂ ਧੋਤੇ ਲੀੜੇ ਕੱਢ ਕੇ ਪਾ ਲਏ, ਭਾਗਾਂ ਨੇ ਕਿਵੇਂ ਤਹਿ ਲਾ ਕੇ ਚਿਣੇ ਪਏ ਸੀ। ਦੇਖ ਕੇ ਇੱਕ ਵਾਰ ਫੇਰ ਓਹਦੇ ਅੰਦਰੋਂ ਆਪ ਮੁਹਾਰੇ ਹੌਂਕੇ ਉੱਠਣ ਲੱਗ ਪਏ, ਪਰ ਓਹਨੇ ਮਨ ਕਰੜਾ ਕਰ ਕੇ ਆਵਦੇ ਆਪ ਨੂੰ ਰੋਕੀ ਰੱਖਿਆ।

ਸ਼ਾਇਦ ਉਹ ਸਾਰੀ ਰਾਤ ਖੁਦ ਨੂੰ ਖੁਦ ਹੀ ਹੌਂਸਲਾ ਦਿੰਦਾ ਰਿਹਾ ਸੀ।

ਲੀੜੇ ਪਾ ਕੇ ਸਿਰ ਤੇ ਪਰਨਾ ਲਪੇਟਿਆ ਤੇ ਗੁਰੂਘਰ ਵੱਲ ਨੂੰ ਤੁਰ ਪਿਆ। ਜਾ ਕੇ ਮੱਥਾ ਟੇਕਿਆ, ਮਨ ਹੀ ਮਨ ਅਰਦਾਸ ਕੀਤੀ, 'ਹੇ ਸੱਚੇ ਪਾਸ਼ਾਹ, ਜੇ ਦੁਖੜੇ ਦੇਣੇ ਈ ਦੇਣੇ ਆਂ ਤਾਂ ਜੀਅ ਸਦਕੇ ਦੇ ਲੈ, ਤੇਰੇ ਮੂਹਰੇ ਕਾਹਦਾ ਜੋਰ, ਪਰ ਏਸ ਗਰੀਬੜੇ ਨੂੰ ਦੁਖੜੇ ਝੱਲਣ ਦਾ ਹੌਂਸਲਾ ਵੀ ਦੇ ਦੇਈਂ ਹੁਣ, ਮੈਂ ਤੇਰੇ ਘਰੇ ਆਹੀ ਖੈਰ ਮੰਗਣ ਆਇਆਂ।'

ਸਿਰ ਚੁੱਕ ਕੇ ਓਹਨੇ ਹੱਥ ਜੋੜੇ ਅਤੇ ਗੁਰੂ ਘਰ ਤੋਂ ਵਾਪਸ ਘਰ ਨੂੰ ਆ ਗਿਆ। ਉਹ ਭਾਗਾਂ ਨੂੰ ਭੁੱਲ ਤਾਂ ਨਹੀਂ ਸਕਦਾ ਸੀ ਤੇ ਨਾਂ ਹੀ ਉਸਦੀ ਉਡੀਕ ਕਰਨੀ ਛੱਡ ਸਕਦਾ ਸੀ ਪਰ ਸਭ ਕੁਝ ਰੱਬ ਆਸਰੇ ਛੱਡ ਕੇ ਓਹ ਇਕਦਮ ਸਹਿਜ ਹੋ ਗਿਆ। ਭਾਗਾਂ ਦੀ ਝਾਂਜਰ ਓਹਨੇ ਇੱਕ ਲੀਰ ਚ ਬੰਨ ਕੇ ਓਸੇ ਪਿੱਤਲ ਦੀ ਗੜਵੀ ਵਿੱਚ ਰੱਖ ਦਿੱਤੀ, ਜਿਸ ਵਿੱਚ ਬੇਬੇ ਨੇਂ ਕਦੇ ਤੁੰਗਲ ਰੱਖੇ ਸਨ।

'ਲੈ ਨੀ ਬੇਬੇ....ਸ਼ੈਦ ਆਹੀ ਮੁੱਲ ਸੀ ਤੇਰੇ ਤੁੰਗਲਾਂ ਦਾ...'

ਆਪ ਮੁਹਾਰੇ ਓਧਰ ਨੂੰ ਮੁੜਦੇ ਮਨ ਦੇ ਘੋੜਿਆਂ ਦੀਆਂ ਲਗਾਮਾਂ ਖਿੱਚਣ ਦਾ ਪੂਰਾ ਯਤਨ ਕਰਦਾ ਰਹਿੰਦਾ। ਬਾਹਰ ਨਿਕਲਣਾ ਓਹਨੇ ਬਿਲਕੁਲ ਹੀ ਬੰਦ ਕਰ ਦਿੱਤਾ। ਚਿੱਤ ਕਾਹਲਾ ਪੈਂਦਾ, ਸਿਰ ਪੀੜ ਹੁੰਦੀ ਤਾਂ ਗਵਾਂਢ ਰਹਿੰਦੇ 'ਸਿੰਗਾਰੇ ਵੈਦ' ਤੋਂ ਦਵਾ-ਦਾਰੂ ਲੈ ਛੱਡਦਾ। ਦਰਵਾਜੇ ਬੈਠਾ ਅੱਖਾਂ ਬੰਦ ਕਰ ਕੇ 'ਵਾਖਰੂ-ਵਾਖਰੂ' ਕਰਦਾ ਰਹਿੰਦਾ।

ਓਹਦੇ ਵੇਹੜੇ ਚ ਮੁੜ ਤੋਂ ਘਾਹ ਦੇ ਟਾਵੇਂ-ਟਾਵੇਂ ਡੱਕੇ ਉੱਗਣ ਲੱਗੇ। ਭਾਗਾਂ ਦੇ ਹੱਥੀਂ ਲਾਈ ਬੂਟੀ ਪਾਣੀ ਖੁਣੋਂ ਸੁੱਕ ਕੇ ਮਰੁੰਡਾ ਬਣ ਗਈ। ਪੂਰੇ ਘਰ ਚ ਮੌਤ ਵਰਗੀ ਚੁੱਪ ਪਸਰ ਗਈ। ਦਿਨ ਲੰਘੇ, ਮਹੀਨੇ ਲੰਘੇ, ਅਖੀਰ ਪੂਰਾ ਇੱਕ ਵਰਾ ਵੀ ਗੁਜ਼ਰ ਗਿਆ, ਪਰ ਉਜਾਗਰ ਦੇ ਬੂਹੇ ਕਿਸੇ ਵਣਜਾਰਣ ਨੇਂ ਹਾਕ ਨਾਂ ਮਾਰੀ ਜਿਸ ਦੀ ਓਹਨੂੰ ਅੰਦਰੇ-ਅੰਦਰ ਉਡੀਕ ਸੀ।

ਇੱਕ ਦਿਨ ਵੀਹੀ ਵਿਚ ਤੁਰੇ ਜਾਂਦੇ 2 ਚੋਬਰਾਂ ਦੀ ਆਪਸੀ ਗੱਲਬਾਤ ਨੇ ਓਹਦਾ ਦਰਵਾਜੇ ਬੈਠੇ ਦਾ ਧਿਆਨ ਖਿੱਚਿਆ।

'ਜਰ ਤੂੰ ਮੰਨ ਤਾਂ ਸਹੀ...ਬਾਹਲਾ ਭਾਰਾ ਮੇਲਾ ਲੱਗਣਾਂ...ਗੱਡੀਆਂ ਆਲੇ ਵੀ ਆਉਂਦੇ ਹੁੰਦੇ ਐ ਬਲਦ ਲੈਕੇ ਮੇਲਿਆਂ ਚ...ਸੋਹਣੇ ਸੋਹਣੇ ਵਹਿੜਕੇ ਹੁੰਦੇ ਐ...ਮੇਰੀ ਮੰਨ ਆਪਾਂ ਚੱਲਦੇ ਆਂ ਦੋਹੇਂ..ਖੌਰੇ ਕੋਈ ਚੱਜ ਦਾ ਵਹਿੜਕਾ ਈ ਲੱਭ ਜੇ'।

ਉਨਾਂ ਦੀ ਗੱਲ ਸੁਣਕੇ ਉਜਾਗਰ ਦੇ ਕੰਨ ਖੜੇ ਹੋ ਗਏ.. ਅੱਖਾਂ ਮੂਹਰੇ ਮੁੜ ਤੋਂ ਓਹੀ ਵਣਜਾਰੇ..ਗੱਡੀਆਂ ਵਾਲੀਆਂ ਵੰਜਾਰਣਾ.. ਕਾਲੇ ਘੱਗਰੇ ਘੁੰਮਣ ਲੱਗ ਪਏ। ਓਹਨੇ ਹੌਂਸਲਾ ਜੇਹਾ 'ਕੱਠਾ ਕਰ ਕੇ ਅਵਾਜ ਮਾਰੀ

'ਓ ਗੱਲ ਸੁਣਕੇ ਜਾਇਓ ਵੀ ਮੁੰਡਿਓ'

ਦੋਹੇਂ ਜਵਾਨ ਪੁੱਠੇ ਮੁੜ ਪਏ ਤੇ ਆ ਕੇ ਉਜਾਗਰ ਦੀ ਮੰਜੀ ਤੇ ਬਹਿ ਗਏ।

'ਹਾਂ ਦੱਸ ਤਾਇਆ.. ਅੱਜ ਕੀ ਲੋੜ ਪੈਗੀ..?'

'ਕੁਸ਼ ਨੀ ਸ਼ੇਰਾ..! ਅਹਾ ਕਿੱਥੇ ਲੱਗਣਾਂ ਭਲਾਂ ਮੇਲਾ..?'

'ਐਥੇ ਈ ਲੱਗਣਾਂ ਤਾਇਆ..! ਆਹ 2 ਪਿੰਡ ਲੰਘ ਕੇ.... ਭਾਈਰੂਪੇ ਪਿੰਡ..'

'ਅੱਛਾ..!..ਕਦੋਂ ਲੱਗਣਾਂ ਭਲਾਂ..?

'ਬੱਸ..ਅੱਜਈਚੱਲਪੂਤਾਇਆਮੇਲਾਤਾਂ...3ਦਿਨਾਂਦਾਹੋਊ..'

'ਚੰਗਾ...ਜਿਉਂਦੇ ਰਹੋ ਮੇਰਾ ਸ਼ੇਰ...'

ਦੋਹੇਂ ਮੁੰਡੇ ਉੱਠ ਕੇ ਵੀਹੀ ਨੂੰ ਤੁਰ ਪਏ ਤੇ ਉਜਾਗਰ ਦੇ ਮਨ ਚ ਵਰੋਲੇ ਉੱਠਣ ਲੱਗ ਪਏ...ਇੱਕ ਵਰੇ ਤੋਂ ਬਿਲਕੁਲ ਸ਼ਾਂਤ,ਸਹਿਜ ਰਹਿਣ ਵਾਲਾ ਮਨ ਦਾ ਘੋੜਾ ਇੱਕ ਵਾਰ ਫੇਰ ਓਹਦੇ ਹੱਥੋਂ ਲਗਾਮ ਛੁਡਾ ਕੇ ਆਪ ਮੁਹਾਰੇ ਭੱਜ ਉੱਠਿਆ। ਓਹਦਾ ਆਪਣੇ ਸਬਰ ਸੰਤੋਖ ਦੇ ਬੰਨ ਉੱਤੇ ਕੋਈ ਜੋਰ ਨਾਂ ਰਿਹਾ। ਉਹ ਉੱਠਕੇ ਸਬਾਤ ਚ ਗਿਆ..ਧੋਤੇ ਲੀੜੇ ਕੱਢ ਕੇ ਪਾ ਲਏ, ਤੇ ਦਰਵਾਜੇ ਨੂੰ ਜਿੰਦਰਾ ਮਾਰ ਸ਼ਿੰਗਾਰੇ ਵੈਦ ਕੇ ਘਰ ਚਾਬੀ ਫੜਾ ਆਇਆ, ਨਾਲ ਹੀ ਸੁਨੇਹਾ ਲਾ ਆਇਆ ਕਿ ਤੀਜੇ ਦਿਨ ਪੁੱਠਾ ਮੁੜ ਆਊਂਗਾ, ਮੱਝ ਨੂੰ ਤੂੜੀ ਤੰਦ ਪਾ ਕੇ ਧਾਰ ਚੋਅ ਲਿਆ ਕਰਨ ਤੇ ਆਪ ਮੁਹਾਰੇ ਮਨ ਦਾ ਅੱਥਰਾ ਘੋੜਾ ਓਹਨੂੰ ਭਾਈਰੂਪੇ ਪਿੰਡ ਵੱਲ ਧੂਹ ਕੇ ਲੈ ਗਿਆ।

ਓਹਨੇ ਆਪਣੀ ਡੇਢ ਲੱਤ ਦੀ ਪਰਵਾਹ ਨਾਂ ਕੀਤੀ ਤੇ ਅਖੀਰ ਡਿੱਗਦਾ ਢਹਿੰਦਾ ਉਜਾਗਰ ਮੇਲੇ ਚ ਪਹੁੰਚ ਗਿਆ। ਹੌਲ਼ੀ ਹੌਲੀ ਮੇਲਾ ਭਰਨ ਲੱਗ ਗਿਆ..ਲੋਕ ਦੂਰੋਂ ਦੂਰੋਂ ਬਲਦ ਗੱਡੀਆਂ ਤੇ ਆ ਬਹੁੜੇ...ਕੋਈ ਘੋੜੇ ਘੋੜੀਆਂ ਲੈ ਕੇ ਆਇਆ, ਕੋਈ ਝੋਟੀਆਂ ਲੈ ਕੇ ਆਇਆ...ਪਰ ਉਜਾਗਰ ਦੀਆਂ ਨਜ਼ਰਾਂ ਕੁਝ ਹੋਰ ਹੀ ਲੱਭ ਰਹੀਆਂ ਸਨ।

ਆਖਿਰ ਲੱਭਦੇ ਲੱਭਦੇ ਨੂੰ ਵਣਜਾਰਿਆਂ ਦੇ ਟਿਕਾਣੇ ਲੱਭ ਗਏ। ਬਾਕੀ ਲੋਕਾਂ ਵਾਂਗ ਉਹ ਵੀ ਬਲਦ ਦੇਖਣ ਬਹਾਨੇ ਉਹਨਾਂ ਦੇ ਪਿੜ ਵਿਚ ਵੜ ਗਿਆ। ਪੂਰੀ ਰੌਣਕ ਲੱਗੀ ਹੋਈ ਸੀ, ਲੋਕ ਬਲਦ ਤੋਰ ਤੋਰ ਕੇ ਪਸੰਦ ਨਾਪਸੰਦ ਕਰ ਰਹੇ ਸਨ। ਪਰ ਓਹਦੀਆਂ ਨਜ਼ਰਾਂ ਤੰਬੂਆਂ ਵਿੱਚੋਂ ਕੁਝ ਹੋਰ ਹੀ ਲੱਭ ਰਹੀਆਂ ਸਨ। ਲੰਮ ਸਲੰਮੀਆਂ ਵੰਜਾਰਣਾ ਤੁਰੀਆਂ ਫਿਰਦੀਆਂ ਸਨ ਪਰ ਉਨਾਂ ਵਿੱਚੋਂ ਕੋਈ ਵੀ ਐਹੋ ਜਿਹੀ ਨਹੀਂ ਸੀ ਜਿਸ ਉੱਤੇ ਆ ਕੇ ਉਜਾਗਰ ਦੀ ਅੱਖ ਇੱਕ ਪਲ ਭਰ ਲਈ ਵੀ ਠਹਿਰ ਜਾਂਦੀ।

ਕਿਉਂਕਿ ਜਿਸ ਨੂੰ ਉਹ ਲੱਭ ਰਿਹਾ ਸੀ ਓਹਨੂੰ ਗੌਰ ਕਰਕੇ ਪਛਾਨਣ ਦੀ ਲੋੜ ਨਹੀਂ ਸੀ, ਉਜਾਗਰ ਓਹਨੂੰ ਹਜਾਰਾਂ ਵਿੱਚੋਂ ਫਿਰਦੀ ਨੂੰ ਵੀ ਪਛਾਣ ਸਕਦਾ ਸੀ। ਵੱਡਾ ਦਿਨ ਓਹਨੇ ਇਹ ਸੋਚ ਕੇ ਓਥੇ ਹੀ ਕੱਢ ਦਿੱਤਾ ਕਿ ਖੌਰੇ ਕਿਸੇ ਤੰਬੂ ਚ ਬੈਠੀ ਹੋਵੇ, ਕਦੋਂ ਤਾਂ ਬਾਹਰ ਆਵੇਗੀ ਹੀ।

ਪਰ ਅਖੀਰ ਜਦ ਉਸ ਨੂੰ ਤਸੱਲੀ ਹੋ ਗਈ ਕਿ ਉਹ ਇੱਥੇ ਹੈ ਨਹੀਂ ਤਾਂ ਥੱਕ ਕੇ ਉਹ ਇੱਕ ਪਾਸੇ ਜਾ ਬੈਠਾ।

ਪਰ ਉਸਨੇ ਉਮੀਦ ਨਹੀਂ ਛੱਡੀ, ਹਰ ਨਵੇਂ ਆਉਂਦੇ ਵਣਜਾਰਿਆਂ ਦੇ ਝੁੰਡ ਨੂੰ ਬਰੀਕੀ ਨਾਲ ਦੇਖਿਆ। ਭੁੱਖ ਤ੍ਰੇਹ ਦੀ ਓਹਨੂੰ ਕੋਈ ਪਰਵਾਹ ਨਹੀਂ ਸੀ।

੩ ਦਿਨ ਮੇਲਾ ਚੱਲਿਆ ਤੇ ਆਖਿਰ ਵਣਜਾਰਿਆਂ ਨੇਂ ਆਪਣੇ ਤੰਬੂ ਪੱਟ ਲਏ। ਉਜਾਗਰ ਨੇ ਇੱਕ ਪਾਸੇ ਖੜ ਕੇ ਹਰ ਤੁਰੀ



ਜਾਂਦੀ ਗੱਡੀ ਦੇ ਅੰਦਰ ਤੱਕ ਗਹੁ ਨਾਲ ਦੇਖਿਆ, ਪਰ ਓਹਦੇ ਪੱਲੇ ਕੱਖ ਨਾਂ ਪਿਆ। ਇਨਾਂ 3 ਦਿਨਾਂ ਵਿੱਚ ਮੇਲੇ ਨੂੰ ਅੰਦਰ ਤੱਕ ਛਾਣ ਦਿੱਤਾ ਉਨੇ ਪਰ ਸਭ ਬੇਅਰਥ।

ਮੇਲਾ ਮੁੱਕ ਗਿਆ, ਪਿੱਛੇ ਰਹਿ ਗਏ ਸੁੰਨੇ ਪਿੜ ਤੇ ਪਿੜਾਂ ਵਿਚ ਖੜਾ ਉਜਾਗਰ। ਆਖਿਰ ਜਦ ਓਹਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਉਹ ਏਥੇ ਆਈ ਹੀ ਨਹੀਂ ਤਾਂ ਸਬਰ ਦਾ ਘੁੱਟ ਭਰ ਕੇ 'ਵਾਅਖਰੂ ਵਾਅਖਰੂ' ਕਰਦਾ ਉਜਾਗਰ ਵਾਪਸ ਘਰ ਨੂੰ ਤੁਰ ਪਿਆ।

ਡਿਗਦਾ ਢਹਿੰਦਾ ਘਰ ਆ ਕੇ ਮੰਜੀ ਤੇ ਡਿੱਗ ਪਿਆ। ਰੋਣ ਦਾ ਜੀਅ ਕੀਤਾ ਪਰ ਅੱਖਾਂ ਨੇਂ ਸਾਥ ਨਾਂ ਦਿੱਤਾ। ਮੱਝ ਨੇ ਓਹਨੂੰ ਦੇਖ ਕੇ ਅੜਾਟ ਪਾਇਆ ਪਰ ਉਹਨੇ ਅਣਗੌਲਿਆ ਕਰ ਦਿੱਤਾ। ਸਾਰੀ ਰਾਤ ਜਾਗਦੇ ਨੇ ਲੰਘਾ ਲਈ ਅਤੇ ਦਿਨ ਚੜਦੇ ਹੀ ਆਪਣੇ ਮਨ ਨੂੰ ਮੁੜ ਟਿਕਾਣੇ ਕਰਨ ਵਿਚ ਜੁਟ ਗਿਆ। ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਇੱਕ ਦਿਨ ਸਿੰਗਾਰੇ ਵੈਦ ਕੋਲ ਦਵਾਈ ਦੀ ਪੁੜੀ ਲੈਣ ਗਿਆ ਤਾਂ ਓਹਨੇ ਅੱਗੋਂ ਪੁੱਛ ਹੀ ਲਿਆ।

'ਕੀ ਗੱਲ ਹੋ ਗਈ ਜਾਨੀਆਂ..?..ਪਤੰਦਰਾ ਦਿਨੋ-ਦਿਨ ਮੰਜੀ ਨਾਲ ਹੀ ਜੁੜਦਾ ਜਾਨੈਂ...ਹਲੇ ਤਾਂ ਸੁੱਖ ਨਾਲ ਕਾਲੇ ਝਾਕਦੇ ਆ ਦਾਹੜੀ ਚੋਂ..ਏਨੀ ਛੇਤੀ ਢੇਰੀ ਢਾਅ ਗਿਐਂ..'

ਜਿਵੇਂ ਕਹਿੰਦੇ ਹੁੰਦੇ ਨੇ ਕਿ ਚੋਰ, ਅਮਲੀ ਤੇ ਆਸ਼ਿਕ ਦਾ ਕੋਈ ਨਾਂ ਕੋਈ ਇੱਕ ਅੱਧਾ ਭੇਤੀ ਤਾਂ ਜਰੂਰ ਹੁੰਦਾ ਐ, ਉਜਾਗਰ ਨੇਂ ਵੀ ਆਪਣਾ ਸਾਰਾ ਦਰਦ ਫਰੋਲ ਕੇ ਉਹਨੂੰ ਆਪਣਾਂ ਭੇਤ ਦੱਸ ਦਿੱਤਾ ਕਿ ਕੀਹਦੀ ਉਡੀਕ ਨੇ ਓਹਨੂੰ ਮੰਜੀ ਨਾਲ ਜੋੜ ਦਿੱਤਾ ਐ।

ਕੋਈ ਹੋਰ ਹੁੰਦਾ ਤਾਂ ਜਰੂਰ ਉਜਾਗਰ ਦਾ ਮਖੌਲ ਉਡਾਉਂਦਾ ਪਰ ਸ਼ਿੰਗਾਰਾ ਸੁਲਝਿਆ ਹੋਇਆ ਬੰਦਾ ਸੀ। ਪੂਰੀ ਵਿੱਥਿਆ ਸੁਣਨ ਤੋਂ ਬਾਅਦ ਉਹ ਉਜਾਗਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲਿਆ

'ਅੱਛਾ..!..ਤਾਂ ਇਹ ਗੱਲ ਆ ਬਈ.. ਬੱਲੇ..ਬੱਲੇ..ਇਸ਼ਕ ਲੱਗ ਗਿਆ ਫਿਰ ਸਾਡੇ ਬਾਈ ਨੂੰ...ਹੈਂਅ..?'

'ਕੁਸ਼ ਮਰਜੀ ਸਮਝ ਲੈ ਸ਼ਿੰਗਾਰਿਆ..ਹੁਣ ਤਾਂ ਰੱਬ ਤੇ ਈ ਡੋਰਾਂ ਰੱਖੀਆਂ ਮੈਂ ਤਾਂ.. ਵਰੇ ਤੋਂ ਉੱਤੇ ਹੋ ਗਿਆ... ਭੈੜੀ ਨੇ ਆ ਕੇ ਮੂੰਹ ਵੀ ਨੀ ਦਖਾਇਆ....ਕਮਲੀ ਇੱਕ ਵੇਰ ਆ ਕੇ ਦੇਖ ਹੀ ਲਵੇ..ਭਾਵੇਂ 2 ਘੜੀਆਂ ਈ ਕੋਲ ਬਹਿਜੇ..'

'ਤੇ ਬਾਈ ਫੇਰ ਮੇਰੀਆਂ ਪੁੜੀਆਂ ਨਾਲ ਕਿੰਨਾ ਕੁ ਚਿਰ ਡੰਗ ਟਪਾਏਂਗਾ..?..ਵੈਦ ਤਾਂ ਤੇਰਾ ਕਿਤੇ ਦੂਰ ਈ ਫਿਰਦੈ..ਲੱਭ ਲੈ ਜੇ ਲੱਭ ਸਕਦੈਂ..'

'ਕਿੱਥੇ ਲੱਭਣ ਜਾਵਾਂ ਸ਼ਿੰਗਾਰਿਆ..? ਕਿੱਧਰ ਨੂੰ ਮੂੰਹ ਕਰਾਂ... ਉਹਦਾ ਕੇਹੜਾ ਕੋਈ ਪੱਕਾ ਥਹੁ ਟਿਕਾਣਾ ਆ..'

ਸਿੰਗਾਰਾ ਸੋਚੀਂ ਪੈ ਗਿਆ.. ਕੁਝ ਸੋਚ ਕੇ ਉਹ ਬੋਲਿਆ

'ਬਾਈ ਮੈਂ ਸੁਣਿਆ ਰਾਸਤਾਨ ਵਿਚ ਇਨਾਂ ਗੱਡੀਆਂ ਵਾਲਿਆਂ ਦਾ ਕੋਈ ਥਾਂ ਬਣਿਆ ਵੇਆ..ਓਥੇ ਹਰ ਸਾਲ 'ਕੱਠੇ ਹੁੰਦੇ ਆ ਇਹ ਸਾਰੇ ਮੁਲਖ 'ਚੋਂ.. ਮੱਥਾ ਟੇਕਣ ਔਂਦੇ ਹੁੰਦੇ ਆ ਓਥੇ..ਮੈਂ ਨਾਂਓਂ ਪਤਾ ਕਰ ਲਵਾਂ ਉਹ ਜਗਾ ਦਾ.. ਓਥੋਂ ਜਰੂਰ ਲੱਭ ਜਾਊ ਤੈਨੂੰ ਉਹ..'

ਉਜਾਗਰ ਨੂੰ ਇੱਕ ਉਮੀਦ ਜਿਹੀ ਜਾਗੀ...ਓਹਦੀਆਂ ਖੁਸ਼ਕ ਗੱਲਾਂ ਤੇ ਲਾਲੀ ਪਰਤ ਆਈ।

'ਸੱਚੀ ਕੇ ਸ਼ਿਗਾਰਿਆ..? ਜੇ ਇਹ ਗੱਲ ਆ ਤਾਂ ਉਸ ਥਾਂ ਦਾ ਨਾਓਂ ਲਾਜ਼ਮੀ ਪਤਾ ਕਰ..ਮੈਂ ਉਹਨੂੰ ਲੱਭਣ ਖਾਤਰ ਪਤਾਲ ਚ ਵੀ ਉੱਤਰਣ ਨੂੰ ਤਿਆਰ ਆਂ'

'ਮੈਂ ਛੇਤੀਓ ਪਤਾ ਕਰਕੇ ਦੱਸ ਦੂੰ ਜਾਨੀਆਂ...ਤੂੰ ਹੌਂਸਲਾ ਰੱਖ ਮਾੜਾ ਜੇਆ'..

ਸ਼ਿੰਗਾਰੇ ਕੋਲੋ ਉੱਠ ਕੇ ਉਜਾਗਰ ਘਰ ਆ ਗਿਆ, ਹੁਣ ਉਹ ਉਡੀਕ ਚ ਸੀ ਕਿ ਕਦ ਸ਼ਿੰਗਾਰਾ ਆ ਕੇ ਉਸ ਜਗਾ ਦਾ ਨਾਉਂ ਦੱਸੇ..ਨਾਲੇ ਮੇਲੇ ਦੇ ਦਿਨ ਦੱਸ ਦਵੇ ਕਦ ਲੱਗਦਾ ਆ। ਇਸੇ ਉਡੀਕ ਵਿੱਚ ਕਈ ਦਿਨ ਲੰਘ ਗਏ। ਅਖੀਰ ਇੱਕ ਟਰੱਕ ਵਾਲੇ ਮਿੱਤਰ ਤੋਂ ਸ਼ਿੰਗਾਰੇ ਨੂੰ ਉਸ ਜਗਾਹ ਦਾ ਪਤਾ ਲੱਗ ਗਿਆ। ਓਹਨੇ ਉਜਾਗਰ ਨੂੰ ਪੂਰਾ ਪਤਾ ਦੱਸ ਦਿੱਤਾ ਤੇ ਨਾਲ ਹੀ ਦੱਸ ਦਿੱਤਾ ਕਿ 3 ਮਹੀਨਿਆਂ ਬਾਅਦ ਮੇਲਾ ਲੱਗਣਾਂ। ਪੂਰੇ 7 ਦਿਨ ਮੇਲਾ ਲੱਗਦਾ ਪਰ ਲੋਕ ਦਸਵੇਂ ਦਿਨ ਤੱਕ ਵੀ ਔਂਦੇ ਰਹਿੰਦੇ ਆ ਓਥੇ।

ਉਜਾਗਰ ਨੇ ਉਹ 3 ਮਹੀਨੇ ਕਿਵੇਂ ਘੜੀਆਂ ਗਿਣ-ਗਿਣ ਕੇ ਲੰਘਾਏ, ਇਹ ਤਾਂ ਉਹ ਖੁਦ ਜਾਣੇ ਜਾਂ ਰੱਬ ਜਾਣੇ। ਤੇ ਅਖੀਰ ਮੇਲੇ ਤੋਂ 2 ਦਿਨ ਪਹਿਲਾਂ ਸ਼ਿੰਗਾਰੇ ਵੈਦ ਨੇ ਆ ਕੇ ਹਾਕ ਮਾਰੀ

'ਓ ਬਾਈ ਜਾਨੀਆਂ'

'ਆਜਾ ਸ਼ਿੰਗਾਰਿਆ..ਲੰਘ ਆ..'

'ਬਾਈ 2 ਦਿਨਾਂ ਨੂੰ ਮੇਲਾ ਚੱਲ ਪੂ ਤੇਰੀ ਭਾਗਾਂ ਹੁਰਾਂ ਦਾ'

'ਅੱਛਾ..ਚੱਲ ਦੱਸ ਮੈਂ ਕਦੋਂ ਤੁਰਾਂ ਫੇਰ ਏਥੋਂ..?'

'ਕੱਲ ਨੂੰ ਤੜਕੇ ਪੰਜ ਵਜੇ ਲੀੜਾ-ਲੱਤਾ ਝੋਲੇ 'ਚ ਪਾ ਕੇ ਨੰਬਰਦਾਰਾਂ ਦੇ ਬਾਰ ਵਿਚ ਪਹੁੰਚ ਜੀਂ...ਉਹਨਾਂ ਦਾ ਟਰੱਕ ਜਾਊ ਬੀਕਾਨੇਰ ਨੂੰ..ਡਰੈਵਰ ਨੂੰ ਕਹਿਤਾ ਸੀ ਮੈਂ ਆਪੇ...ਰਾਹ 'ਚ ਤੈਨੂੰ ਲਾਹ ਦੇਣਗੇ..ਗਹਾਂ ਤੈਨੂੰ ਟਾਂਗੇ ਮਿਲ ਈ ਜਾਣਗੇ ਵਾਧੂ'

ਉਜਾਗਰ ਨੂੰ ਲੋਹੜੇ ਦਾ ਚਾਅ ਚੜ ਗਿਆ..ਓਹਨੇ ਖੁਸ਼ੀ ਵਿਚ ਖੀਵੇ ਹੋਏ ਨੇ ਸ਼ਿੰਗਾਰੇ ਨੂੰ ਘੁੱਟ ਕੇ ਜੱਫੀ ਪਾ ਲਈ।

'ਓ ਜਿਉਂਦਾ ਰਹਿ ਓਏ ਸ਼ਿੰਗਾਰਿਆ..ਮਹਾਰਾਜ ਤੈਨੂੰ ਤੰਦਰੁਸਤੀਆਂ ਦੇਵੇ..ਮੈਂ ਤੇਰਾ ਦੇਣ ਕਦੇ ਨੀ ਦੇ ਸਕਦਾ ਸ਼ਿੰਗਾਰਿਆ..'

'ਨਾਂ ਨਾਂ ਆਏਂ ਨਾਂ ਕਹਿ ਯਰ ਜਾਨੀਆਂ..ਭਰਾਂ ਤੂੰ ਸਾਡਾ ਫੇਰ ਵੀ..ਤੇਰੇ ਉੱਤੋਂ ਜਾਨ ਵੀ ਵਾਰ ਦੇਈਏ..ਬੱਸ ਖ਼ਿਆਲ ਰੱਖੀਂ ਨੰਬਰਦਾਰਾਂ ਦੇ ਡਰੈਵਰ ਜਾਂ ਨਾਲਦੇ ਬੰਦੇ ਨੂੰ ਕੁਸ਼ ਨਾਂ ਦੱਸੀਂ ਵੀ ਓਥੇ ਕਿਉਂ ਜਾਨਾ.. ਐਮੇ ਸੌ ਗੱਲਾਂ ਬਣਦੀਆਂ ਮੁੜਕੇ.. ਮੈਂ ਆਏਂ ਕਿਹਾ ਵੀ ਮੇਲਾ ਦੇਖਣ ਈ ਜਾਣਾ ਆਂ ਜਾਨੀ ਨੇ'

'ਚੰਗਾ ਸ਼ਿੰਗਾਰਿਆ..ਕੁਸ ਨੀ ਦਸਦਾ ਮੈਂ...'

ਓਹਨੂੰ ਸਮਝਾ ਕੇ ਸ਼ਿੰਗਾਰਾ ਆਪਣੇ ਘਰ ਨੂੰ ਤੁਰ ਗਿਆ। ਏਧਰ ਜਾਨੀ ਦੇ ਪੈਰ ਭੁੰਝੇ ਨਾਂ ਲੱਗਣ, ਬੂਟੀਆਂ ਵਾਲਾ ਝੋਲਾ ਕੱਢ ਕੇ ਓਹਦੇ ਚ ਲੀੜੇ ਪਾ ਲਏ..ਥੋੜਾ ਹੋਰ ਜਰੂਰੀ ਨਿੱਕ ਸੁੱਕ ਪਾ ਕੇ ਓਹਨੇ ਪੂਰੀ ਤਿਆਰੀ ਬੰਨ ਲਈ। ਆਥਣੇ ਮੱਝ ਖੋਹਲ ਕੇ ਸ਼ਿੰਗਾਰੇ ਕੇ ਘਰੇ ਬੰਨ ਆਇਆ।

'ਲੈ ਤਾਈ ਮੈਂ ਜਾਨੈਂ ਆਬਦੀ ਕਿਹੇ ਰਿਸਤੇਦਾਰੀ ਵਿਚ..ਮੱਝ ਸਾਂਭ ਲਿਓ ਓਨੇ ਦਿਨ'

'ਬੇ ਫਿਕਰ ਹੋਜਾ ਭਾਈ......'ਰਾਮ ਨਾਲ ਜਾਈਂ ਤੇ 'ਰਾਮ ਨਾਲ ਆਈਂ.. ਅਸੀਂ ਹੈਗੇ ਆਂ ਏਥੇ..'

ਅਗਲੇ ਦਿਨ ਤੜਕੇ ਹੀ ਉਹ ਦੱਸੇ ਵੇਲੇ ਤੇ ਟਰੱਕ ਵਾਲਿਆਂ ਨਾਲ ਚੜ ਗਿਆ..ਸਾਰੇ ਸਫ਼ਰ ਉਹ ਉਧੇੜ ਬੁਣ ਕਰਦਾ ਆਪਣੇ ਆਪ ਨਾਲ ਗੱਲਾਂ ਕਰਦਾ ਰਿਹਾ

'ਜੇ ਟੱਕਰ ਗਈ ਤਾਂ ਕੇਹੜੇ ਪੱਜ ਬਲਾਊਂ..?..ਓਹਦੇ ਮਾਪੇ ਵੀ ਨਾਲ ਹੋਣਗੇ.... ਜੇ ਉਹ ਤੈਨੂੰ ਭੁੱਲ ਭੁਲਾ ਈ ਗਈ ਹੋਈ ਤੇ ਤੇਰੀ ਢੂਹੀ ਨਾਂ ਮਾਰੀ..ਫੇਰ..?'

'ਨਈਂ ਨਈਂ...ਭਾਗਾਂ ਏਨੀ ਵੀ ਚੰਦਰੀ ਹੈਣੀ.. ਓਹਨੂੰ ਤਾਂ ਗੋਡੇ ਗੋਡੇ ਚਾਅ ਚੜ ਜੂ ਦੇਖ ਕੇ...'

ਅਖੀਰ ਟਰੱਕ ਵਾਲਿਆਂ ਨੇ ਓਹਨੂੰ ਦਿਨ ਛਿਪਦੇ ਹੀ ਓਹਦੇ ਟਿਕਾਣੇ ਤੇ ਲਾਹ ਦਿੱਤਾ। 'ਜਿਉਂਦੇ ਵਸਦੇ ਰਹੋ ਭਰਾਥੋ.. ਸੱਚਾ ਪਾਸ਼ਾਹ ਥੋਨੂੰ ਚੜਦੀ ਕਲਾ ਵਿਚ ਰੱਖੇ' ਕਹਿ ਕੇ ਓਹਨੇ ਆਪਣਾ ਬੂਟੀਆਂ ਵਾਲਾ ਝੋਲਾ ਚੁੱਕਿਆ ਤੇ ਉੱਤਰ ਗਿਆ। ਅੱਗੋਂ ਟਾਂਗਾ ਲੈ ਕੇ ਓਹ ਮੇਲੇ ਵਾਲੀ ਥਾਂ ਤੇ ਪਹੁੰਚ ਗਿਆ।

ਏਧਰ 4 ਕੁ ਦਿਨਾਂ ਮਗਰੋਂ ਉਜਾਗਰ ਦੇ ਸ਼ਰੀਕੇ ਵਿਚ ਗੱਲਾਂ ਹੋਣ ਲੱਗ ਪਈਆਂ,

'ਖਬਰੇ ਕਿੱਥੇ ਉੱਜੜ ਗਿਆ ਲੰਗੜਾ..ਅੱਗੇ ਤਾਂ ਕਦੇ ਅੰਦਰੋਂ ਬਾਹਰ ਵੀ ਨੀ ਨਿੱਕਲਦਾ ਹੁੰਦਾ..'

'ਲੈ..ਕੁੜੇ ਕਿਤੇ ਵੇਚ ਵੱਟ ਕੇ ਨਾਂ ਤੁਰ ਗਿਆ ਹੋਬੇ ਸਾਰਾ ਕੁਛ..ਏਥੇ ਹੋਰ ਕਿਧਰੇ ਕੋਈ ਚਗਲ ਆ ਰੋਡਾ ਲੱਗੇ..'

ਓਹਦੀ ਤਾਈ ਤੇ ਚਾਚੀ ਸਿਰ ਜੋੜ ਜੋੜ ਬਹਿੰਦੀਆਂ।

ਸ਼ਿੰਗਾਰੇ ਨੂੰ ਵੀ ਬੇਸਬਰੀ ਨਾਲ ਉਡੀਕ ਸੀ।

ਤੇ ਆਖਿਰ 11 ਦਿਨ ਲੰਘ ਗਏ ਪਰ ਉਜਾਗਰ ਵਾਪਸ ਨਾਂ ਮੁੜਿਆ। ਸ਼ਿੰਗਾਰੇ ਨੂੰ ਫਿਕਰ ਹੋਇਆ। 'ਕਿਤੇ ਊਂ ਨਾਂ ਕੋਈ ਜਾਹ-ਜਾਂਦੀ ਹੋਜੇ...ਸਾਰੀ ਉਮਰ ਦਾ ਉਲਾਂਭਾ ਆ ਜੂ ਮਨਾਂ.....'

......(ਬਾਕੀ ਚੌਥੀ ਅਤੇ ਆਖਰੀ ਕਿਸ਼ਤ 'ਚ)

## ਕਰਤਾਰਪੁਰ ਸਾਹਿਬ ਦੇ...

ਦੂਜੀ ਸੂਚੀ ਵਿਚ ਉਨ੍ਹਾਂ ਦਾ ਨਾਮ ਭੇਜਿਆ ਗਿਆ। ਇਸੇ ਕਾਰਨ 18 ਨਵੰਬਰ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿਚ ਪਹਿਲੇ ਜੱਥੇ 'ਚ ਥਾਂ ਨਹੀਂ ਮਿਲ ਸਕੀ।

ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ 20 ਨਵੰਬਰ ਨੂੰ ਜਾਣਗੇ ।ਸਿੱਧੂ ਪਹਿਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ 20 19 ਵਿਚ ਕਰਤਾਰਪੁਰ ਕਾਰੀਡੋਰ ਖੋਲ੍ਹਣ ਨੂੰ ਲੈ ਕੇ ਸੂਚਨਾ ਦਿੱਤੀ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ 'ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕਰਤਾਰਪੁਰ ਮਨਾਉਣ ਜਾਣ ਵਾਲੇ ਜਥੇ ਨੂੰ ਜਾਣ ਲਈ ਆਗਿਆ ਦੀ ਸੂਚਨਾ ਨਹੀਂ ਮਿਲੀ। ਸ਼੍ਰੋਮਣੀ ਕਮੇਟੀ ਵੱਲੋਂ 101 ਜਥੇ ਦੇ ਮੈਂਬਰਾਂ ਦੀ ਸੂਚੀ ਸਰਕਾਰ ਨੂੰ ਭੇਜੀ ਸੀ, ਜਦ ਕਿ ਸਰਕਾਰ ਵੱਲੋਂ 70 ਦੇ ਕਰੀਬ ਆਗਿਆ ਦੇਣ ਦੀ ਗੱਲ ਕਹੀ ਗਈ ਸੀ।ਦੱਸਣਯੋਗ ਹੈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਮੁੜ ਲਾਂਘਾ ਖੁੱਲ੍ਹਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕਰਤਾਰਪੁਰ ਮਨਾਉਣ ਦਾ ਐਲਾਨ ਕੀਤਾ ਸੀ। ਬੀਬੀ ਜਗੀਰ ਕੌਰ ਨੇ ਕਿਹਾ ਸੀ ਕਿ ਇਸ ਜਥੇ ਵਿਚ ਰਾਗੀ ਜਥੇ ਅਤੇ ਸਿੱਖ ਸੰਗਤਾਂ, ਸ਼੍ਰੋਮਣੀ ਕਮੇਟੀ ਮੈਂਬਰ ਆਦਿ ਨੂੰ ਸ਼ਾਮਲ ਕਰਕੇ 101 ਜਥੇ ਦੀ ਸੂਚੀ ਸਰਕਾਰ ਨੂੰ ਪਰਮਿਟ ਲਈ ਭੇਜੀ ਸੀ, ਜਿਸ ਵਿਚੋਂ ਕਿਸੇ ਨੂੰ ਵੀ 18 ਦੀ ਰਾਤ ਤੱਕ ਪਰਮਿਟ ਜਾਰੀ ਨਹੀਂ ਕੀਤਾ ਗਿਆ, ਜਦ ਕਿ ਜਥੇ ਨਾਲ ਜਾਣ ਵਾਲਿਆਂ ਨੇ ਆਪਣੀਆਂ ਤਿਆਰੀਆਂ ਮੁਕੰਮਲ ਕੀਤੀਆਂ ਹੋਈਆਂ ਸਨ। ਇਸ ਜਥੇ ਲਈ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਵੀ ਮੁਕੰਮਲ ਸੀ। ਜਥੇ ਵਿਚ ਜਾਣ ਵਾਲਿਆਂ ਦੀ ਦਰਸ਼ਨਾਂ ਦੀ ਤਾਂਘ ਦਿਲ ਵਿਚ ਹੀ ਰਹਿ ਗਈ।

## ਦਿੱਲੀ ਦੇ ਬਾਰਡਰ ਖਾਲੀ...

ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਟਵੀਟ ਕਰਕੇ ਕਿਹਾ ਕਿ ਦੇਸ਼ ਵਿਚ ਰਾਜਸ਼ਾਹੀ ਨਹੀਂ ਹੈ, ਟੀਵੀ 'ਤੇ ਸਿਰਫ਼ ਐਲਾਨ ਕਰਨ ਨਾਲ ਕਿਸਾਨ ਘਰ ਵਾਪਸ ਨਹੀਂ ਜਾਵੇਗਾ, ਸਰਕਾਰ ਨੂੰ ਕਿਸਾਨਾਂ ਨਾਲ ਗੱਲ ਕਰਨੀ ਪਵੇਗੀ।'

ਇੱਥੇ ਸ਼ਨੀਵਾਰ ਸਵੇਰੇ ਯੂਪੀ ਗੇਟ ਪਹੁੰਚੇ ਰਾਕੇਸ਼ ਟਿਕੈਤ ਨੇ ਦੱਸਿਆ ਕਿ ਅਗਲੀ ਰਣਨੀਤੀ ਲਈ ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਦੁਪਹਿਰ ਨੂੰ ਸਿੰਘੂ ਬਾਰਡਰ 'ਤੇ ਹੋਵੇਗੀ। ਕੀ ਉਨ੍ਹਾਂ ਨੇ ਇਸ ਮੀਟਿੰਗ ਵਿਚ ਜਾਣਾ ਹੈ ਜਾਂ ਨਹੀਂ? ਇਸ ਬਾਰੇ ਅਜੇ ਤੱਕ ਗੱਲ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਤਿੰਨੋਂ ਖੇਤੀ ਕਾਨੂੰਨ, ਸਗੋਂ ਘੱਟੋ-ਘੱਟ ਸਮਰਥਨ ਮੁੱਲ, ਪ੍ਰਦੂਸ਼ਣ ਅਤੇ ਬਿਜਲੀ ਦੇ ਬਿੱਲਾਂ ਵਰਗੇ ਮੁੱਦਿਆਂ 'ਤੇ ਵੀ ਸਰਕਾਰ ਨਾਲ ਚਰਚਾ ਕੀਤੀ ਜਾਣੀ ਹੈ। ਇਹ ਵੀ ਦੇਖਣਾ ਹੋਵੇਗਾ ਕਿ ਸਰਕਾਰ ਕਿਸਾਨਾਂ ਨਾਲ ਗੱਲ ਕਰਨ ਲਈ ਅੱਗੇ ਆਉਂਦੀ ਹੈ ਜਾਂ ਨਹੀਂ।ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨੂੰ ਕਿਸਾਨ ਜਥੇਬੰਦੀਆਂ (ਸੰਯੁਕਤ ਕਿਸਾਨ ਮੋਰਚਾ) ਨਾਲ ਗੱਲ ਕਰਨੀ ਚਾਹੀਦੀ ਹੈ।

ਕੇਂਦਰ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਬਣਾਉਣ ਲਈ ਸਹਿਮਤ ਹੋਣਾ ਚਾਹੀਦਾ ਹੈ।ਹਜ਼ਾਰਾਂ ਪ੍ਰਦਰਸ਼ਨਕਾਰੀ ਕਿਸਾਨਾਂ ਅਤੇ ਉਨ੍ਹਾਂ ਦੇ ਆਗੂਆਂ 'ਤੇ ਦਰਜ ਕੇਸ ਵਾਪਸ ਲਏ ਜਾਣ।

ਲੱਖੀਪੁਰਖੀਰੀ ਕਾਂਡ ਦੇ ਪੀੜਤਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

## ਪ੍ਰਧਾਨ ਮੰਤਰੀ ਮੋਦੀ ਨੇ...

ਉਨ੍ਹਾਂ ਛੋਟੇ ਕਿਸਾਨਾਂ ਦਾ ਵੀ ਵਾਰ-ਵਾਰ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੇ 100 ਵਿਚੋਂ 80% ਕਿਸਾਨ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ 2 ਏਕੜ ਤੋਂ ਵੀ ਘੱਟ ਜ਼ਮੀਨ ਹੈ ਙ ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਕਿਸਾਨਾਂ ਅਤੇ ਖ਼ਾਸ ਤੌਰ 'ਤੇ ਛੋਟੇ ਕਿਸਾਨਾਂ ਦੇ ਹਿੱਤ 'ਚ ਇਹ ਕਾਨੂੰਨ ਲਿਆਈ ਸੀ ਙ

ਕਮੇਟੀ ਦਾ ਗਠਨ ਕੀਤਾ ਜਾਵੇਗਾ

ਪ੍ਰਧਾਨ ਮੰਤਰੀ ਨੇ ਕਾਨੂੰਨ ਵਾਪਸੀ ਦਾ ਐਲਾਨ ਕਰਨ ਦੇ ਨਾਲ ਇਕ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ, ਜੋ ਘੱਟੋ-ਘੱਟ ਸਮਰਥਨ ਮੁੱਲ ਭਾਵ ਐਮ. ਐਸ. ਪੀ. ਨੂੰ ਹੋਰ ਪ੍ਰਭਾਵੀ ਅਤੇ ਪਾਰਦਰਸ਼ੀ ਬਣਾਉਣ ਲਈ ਅਤੇ ਅਜਿਹੇ ਹੋਰ ਸਾਰੇ ਵਿਸ਼ਿਆਂ 'ਤੇ ਫ਼ੈਸਲੇ ਲਵੇਗੀ ਙ ਜ਼ਿਕਰਯੋਗ ਹੈ ਕਿ ਕਿਸਾਨਾਂ ਵਲੋਂ ਤਿੰਨੋਂ ਖੇਤੀ ਕਾਨੂੰਨ ਰੱਦ ਕਰਵਾਉਣ ਤੋਂ ਇਲਾਵਾ ਇਕ ਅਹਿਮ ਮੰਗ ਐਮਐਸਪੀ. ਦੀ ਗਾਰੰਟੀ ਦੇਣ ਦੀ ਵੀ ਸੀ ਙ ਹਾਲਾਂਕਿ ਪ੍ਰਧਾਨ ਮੰਤਰੀ ਨੇ ਐਮ ਐਸ ਪੀ ਦੀ ਗਾਰੰਟੀ ਦੇਣ ਦਾ ਫੌਰੀ ਭਰੋਸਾ ਨਹੀਂ ਦਿਵਾਇਆ ਪਰ ਇਸ ਲਈ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਙ ਮੋਦੀ ਸਰਕਾਰ ਵਲੋਂ ਕੀਤੇ ਗਏ ਇਕ ਹੋਰ ਅਹਿਮ ਐਲਾਨ ਵਿਚ ਇਹ ਵੀ ਕਿਹਾ ਕਿ ਫ਼ਸਲਾਂ 'ਤੇ ਦਿੱਤੇ ਜਾਣ ਵਾਲੇ ਕਰਜ਼ੇ ਦੀ ਲਿਮਟ ਵਧਾ ਦਿੱਤੀ ਜਾਵੇਗੀ ਙ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੀ ਤਾਕਤ ਵਧਾਉਣ ਲਈ 10 ਹਜ਼ਾਰ ਐਫ ਪੀ ਓ (ਕਿਸਾਨ ਉਤਪਾਦਕ ਸੰਸਥਾਵਾਂ) ਬਣਾਈਆਂ ਜਾਣਗੀਆਂ, ਜਿਸ 'ਤੇ 7 ਹਜ਼ਾਰ ਕਰੋੜ ਰੁਪਏ ਦਾ ਫੰਡ ਖਰਚ ਕੀਤਾ ਜਾਵੇਗਾ

**ਬਾਣੀ ਦੀਆਂ ਤੁਕਾਂ**

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤੁਕਾਂ ਅਤੇ ਸਿੱਖਿਆਵਾਂ ਦਾ ਵੀ ਉਚੇਚਾ ਜ਼ਿਕਰ ਕੀਤਾ ਙ ਮੋਦੀ ਨੇ ਸੰਬੋਧਨ ਦੀ ਸ਼ੁਰੂਆਤ ਵਿਚ ਹੀ ਬਾਣੀ ਦੀ ਤੁੱਕ ਦੁਹਰਾਉਂਦਿਆਂ ਕਿਹਾ (ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ) ਇਸ ਦੇ ਨਾਲ ਹੀ ਆਪਣੀ ਸਰਕਾਰ ਦਾ ਮੰਤਵ ਸੇਵਾ ਭਾਵ ਦਸਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਸੰਸਾਰ ਵਿਚ ਸੇਵਾ ਦਾ ਰਸਤਾ ਅਪਣਾਉਣ ਨਾਲ ਹੀ ਜੀਵਨ ਸਫ਼ਲ ਹੁੰਦਾ ਹੈ ਙ ਉਨ੍ਹਾਂ ਅੱਗੇ ਕਿਹਾ ਕਿ ਸਾਡੀ ਸਰਕਾਰ ਇਸੇ ਸੇਵਾ ਭਾਵਨਾ ਦੇ ਨਾਲ ਦੇਸ਼ਵਾਸੀਆਂ ਦਾ ਜੀਵਨ ਸੁਖਾਲਾ ਬਣਾਉਣ 'ਚ ਜੁਟੀ ਹੈ ਙ ਸੰਬੋਧਨ ਦੀ ਸ਼ੁਰੂਆਤ ਤੋਂ ਬਾਅਦ ਉਨ੍ਹਾਂ ਸੰਬੋਧਨ ਖ਼ਤਮ ਕਰਨ ਸਮੇਂ ਵੀ ਗੁਰੂ ਗੋਬਿੰਦ ਸਿੰਘ ਵਲੋਂ ਰਚਿਤ ਸਵੈਯਾ ਦੁਹਰਾਉਂਦਿਆਂ ਕਿਹਾ:

'ਦੇਹ ਸਿਵਾ ਬਰੁ ਮੋਹਿ ਇਹੈ'
ਸੁਭ ਕਰਮਨ ਤੇ ਕਬਹੂੰ ਨਾ ਟਰੌਂ

**ਸਿੰਘੂ ਤੇ ਗਾਜ਼ੀਪੁਰ ਬਾਰਡਰਾਂ 'ਤੇ ਜਸ਼ਨ ਦਾ ਮਾਹੌਲ**

-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਦੇ ਸ਼ੁਕਰਾਨੇ ਵਜੋਂ ਸਿੰਘੂ ਬਾਰਡਰ 'ਤੇ ਸਿਰਫ਼ ਪ੍ਰਸ਼ਾਦਿ ਵਰਤਾਇਆ ਗਿਆ ਹੈ ਪਰ ਅਸੀਂ ਭੰਗੜੇ ਪਾਉਂਦੇ ਹੋਏ ਵਾਪਸੀ ਉਸ ਦਿਨ ਹੀ ਕਰਾਂਗੇ ਜਦੋਂ ਸੰਸਦ ਦੇ ਰਾਹੀਂ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਕਰਨ ਦਾ ਐਲਾਨ ਕੀਤਾ ਜਾਵੇਗਾ । ਇਹ ਕਹਿਣਾ ਸਿੰਘੂ ਬਾਰਡਰ 'ਤੇ ਪਿਛਲੇ ਤਕਰੀਬਨ ਇਕ ਸਾਲ ਤੋਂ ਡਟੇ ਬਾਬਾ ਰੁਪਿੰਦਰ ਸਿੰਘ ਦਾ ।82 ਸਾਲ ਦੇ ਰੁਪਿੰਦਰ ਸਿੰਘ ਨੇ ਮੋਦੀ ਸਰਕਾਰ ਵਲੋਂ ਕਾਨੂੰਨ ਵਾਪਸ ਲਏ ਜਾਣ 'ਤੇ ਪ੍ਰਤੀਕਰਮ ਕਰਦਿਆਂ ਉਕਤ ਬਿਆਨ ਦਿੱਤਾ ਙ ਉਨ੍ਹਾਂ ਐਲਾਨ 'ਤੇ ਖ਼ੁਸ਼ੀ ਪ੍ਰਗਟਾਉਣ ਦੇ ਨਾਲ-ਨਾਲ 'ਅਜੀਤ' ਨਾਲ ਆਪਣਾ ਖਦਸ਼ਾ ਵੀ ਸਾਂਝਾ ਕਰਦਿਆਂ ਕਿਹਾ ਕਿ ਇਸ ਐਲਾਨ 'ਤੇ ਭਰੋਸਾ ਉਸ ਦਿਨ ਹੀ ਕੀਤਾ ਜਾਵੇਗਾ ਜਦੋਂ ਅਸਲ 'ਚ ਖੇਤੀ ਕਾਨੂੰਨ ਵਾਪਸ ਹੋਣਗੇ । ਸਿੰਘੂ ਬਾਰਡਰ 'ਤੇ ਅਜਿਹਾ ਖਦਸ਼ਾ ਸਿਰਫ਼ ਰੁਪਿੰਦਰ ਸਿੰਘ ਨੇ ਹੀ ਨਹੀਂ ਸਗੋਂ ਕਈ ਕਿਸਾਨਾਂ ਨੇ ਪ੍ਰਗਟਾਇਆ । ਕੇਂਦਰ ਸਰਕਾਰ ਨੂੰ ਜੁਮਲਾ ਸਰਕਾਰ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਹਰ ਚੋਣਾਂ ਤੋਂ ਪਹਿਲਾਂ ਕੋਈ ਨਾ ਕੋਈ ਅਜਿਹਾ ਜੁਮਲਾ ਲੈ ਆਉਂਦੀ ਹੈ ।ਫਿਰ ਭਾਵੇਂ ਖਾਤਿਆਂ 'ਚ 15 ਲੱਖ ਆਉਣ ਦਾ ਹੋਵੇ ਜਾਂ ਫਿਰ 'ਅੱਛੇ ਦਿਨਾਂ ਦਾ' ।ਜਸ਼ਨ ਦਾ ਮਾਹੌਲ :ਖੇਤੀ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਦੇ ਨਾਲ ਹੀ ਗਾਜ਼ੀਪੁਰ ਅਤੇ ਸਿੰਘੂ ਬਾਰਡਰ 'ਤੇ ਜਸ਼ਨ ਦੇ ਮਾਹੌਲ ਦੌਰਾਨ ਲੋਕ ਭੰਗੜੇ ਪਾਉਂਦੇ ਅਤੇ ਮਠਿਆਈਆਂ ਵੰਡਦੇ ਨਜ਼ਰ ਆਏ । ਕਿਸਾਨਾਂ ਨੇ ਇਸ ਨੂੰ 'ਕਿਸਾਨ ਏਕੇ' ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਇਹ ਸਿਰਫ ਤੇ ਸਿਰਫ ਆਵਾਮ ਦੀ ਅਤੇ ਕਿਸਾਨ ਅੰਦੋਲਨ ਦੀ ਜਿੱਤ ਹੈ ।

## ਕਰਤਾਰਪੁਰ ਸਾਹਿਬ ਦੇ...

ਇਹ ਸਦੀਆਂ ਤੋਂ ਹੁੰਦਾ ਆਇਆ ਹੈ।

ਕਦੇ ਜਹਾਂਗੀਰ ਨੇ ਇਹ ਕਰਿਆ, ਕਦੇ ਔਰੰਗਜ਼ੇਬ ਨੇ, ਕਦੇ ਫਰਖਸ਼ੀਅਰ ਨੇ ਅਤੇ ਕਦੇ ਇੰਦਰਾ ਗਾਂਧੀ ਨੇ। ਸਮਝਣਯੋਗ ਗੱਲ ਇਹ ਹੈ ਕਿ ਉਪਰ ਵਰਨਣ ਕੀਤੇ ਗਏ ਜਾਲਮ ਹੁਕਮਰਾਨਾ ਨੇ ਕਦੇ ਵੀ ਆਪਣੀ ਗਲਤੀ ਨਾ ਤਾਂ ਸਵੀਕਾਰ ਕੀਤੀ ਅਤੇ ਨਾ ਹੀ ਪਛਤਾਵਾ ਕੀਤਾ। ਪਰ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਨ ਦਾ ਆਦੇਸ਼ ਦੇਣ ਵਾਲਿਆਂ ਨੇ ਆਪਣੀ ਗਲਤੀ ਨੂੰ ਮਨ ਹੀ ਮਨ ਸਵੀਕਾਰ ਕਰ ਲਿਆ ਲਗਦਾ ਹੈ। ਬੇਸ਼ੱਕ ਲਾਂਘੇ ਦੇ ਬੰਦ ਕਰਨ ਵੇਲੇ ਇੱਕ ਭਿਆਨਕ ਬੀਮਾਰੀ ਦਾ ਜੋਰ ਕਾਫੀ ਜਿਆਦਾ ਸੀ ਪਰ ਫਿਰ ਵੀ ਕਿਤੇ ਨਾ ਕਿਤੇ ਇਸ ਪਿੱਛੇ ਸੱਤਾ ਵਿੱਚ ਬੈਠੇ ਕੁਝ ਲੋਕਾਂ ਦੀ ਬੀਮਾਰ ਮਾਨਸਿਕਤਾ ਵੀ ਜਿੰਮੇਵਾਰ ਸੀ। ਸਿਆਸਤ ਨਾਲ ਜੁੜੀ ਹੋਈ ਇੱਕ ਜੁੰਡਲੀ ਪਹਿਲੇ ਦਿਨ ਤੋਂ ਹੀ ਇਸ ਇਤਿਹਾਸਕ ਲਾਂਘੇ ਨੂੰ ਖੋਲ੍ਹਣ ਦੇ ਵਿਰੁੱਧ ਸੀ। ਬੇਸ਼ੱਕ ਭਾਰਤ ਦੇ ਪਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪ ਫੈਸਲਾ ਲੈਕੇ ਇਹ ਲਾਂਘਾ ਖੁਲ੍ਹਵਾਇਆ ਸੀ ਪਰ ਉਨ੍ਹਾਂ ਦੇ ਨੇੜੇ ਮੰਡਰਾਉਂਦੀ ਅਫਸਰਸ਼ਾਹੀ ਇਸ ਲਾਂਘੇ ਕਾਰਨ ਕਦਾਚਿਤ ਵੀ ਖੁਸ਼ ਨਹੀ ਸੀ। ਇਸੇ ਲਈ ਕਰੋਨੇ ਦੇ ਬਹਾਨੇ ਉਨ੍ਹਾਂ ਦੇ ਮਨ ਦੀਆਂ ਰੀਝਾਂ ਪੂਰੀਆਂ ਹੋ ਗਈਆਂ ਸਨ।

ਖੈਰ ਦੇਸ਼ ਦੇ ਸੱਤਾਧਾਰੀਆਂ ਨੇ ਸਿੱਖਾਂ ਦੇ ਜਜ਼ਬਾਤਾਂ ਨੂੰ ਸਮਝਿਆ ਹੈ। ਸਿੱਖਾਂ ਦੀ ਉਸ ਮੁਕੱਦਸ ਅਸਥਾਨ ਨਾਲ ਗੂੜ੍ਹੀ ਸਾਂਝ ਦਾ ਉਨ੍ਹਾਂ ਨੂੰ ਅਹਿਸਾਸ ਹੋਇਆ ਹੈ ਅਤੇ ਉਨ੍ਹਾਂ ਨੇ ਅਫਸਰਸ਼ਾਹੀ ਵੱਲੋਂ ਪਾਏ ਜਾਂਦੇ ਅੜਿੱਕਿਆਂ ਨੂੰ ਦਰ ਕਿਨਾਰ ਕਰਦੇ ਹੋਏ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਮੁੜ ਤੋਂ ਸੰਗਤਾਂ ਲਈ ਖੋਲ੍ਹ ਦੇਣ ਦਾ ਐਲਾਨ ਕਰ ਦਿੱਤਾ ਹੈ।

ਜਿਵੇਂ ਅਸੀਂ ਆਖਿਆ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾ ਅਤੇ ਬਚਨਾ ਦੀ ਖੁਸ਼ਬੋਈ ਵਾਲੀ ਇਹ ਧਰਤੀ ਹੈ। ਗੁਰੂ ਸਾਹਿਬ ਦੀ ਬਖਸ਼ਿਸ਼ ਪਰਾਪਤ ਇਹ ਧਰਤੀ ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼, ਜੰਗ ਦੇ ਦਹਾਨੇ ਤੇ ਖੜ੍ਹੇ ਇਸ ਖਿੱਤੇ ਲਈ ਅਮਨ ਅਤੇ ਸ਼ਾਂਤੀ ਦਾ ਧੁਰਾ ਬਣ ਸਕਦਾ ਹੈ।

ਗੱਲ ਸਿਰਫ ਰਾਜਨੀਤੀ ਨੂੰ ਹਿਸਾਬੀ ਕਿਤਾਬੀ ਹੋਣ ਤੋਂ ਅੱਗੇ ਲੈ ਜਾਣ ਦੀ ਹੈ। ਜਿਹੜੀ ਅਫਸਰਸ਼ਾਹੀ ਦੇਸ਼ ਦੇ ਹਿੱਤਾਂ ਦਾ ਆਸਰਾ ਲੈਕੇ ਸਰਗਰਮੀ ਕਰ ਰਹੀ ਹੈ ਅਸਲ ਵਿੱਚ ਉਹ ਦੇਸ਼ ਦੇ ਓਹਲੇ ਆਪਣੇ ਨਿੱਜੀ ਹਿੱਤਾਂ ਦਾ ਵਿਸਥਾਰ ਕਰ ਰਹੀ ਹੈ। ਲੜਾਈ ਅਤੇ ਕਤਲੋਗਾਰਤ ਹੀ ਉਸਦੀ ਨਿੱਜੀ ਜਿੰਦਗੀ ਲਈ ਸਭ ਤੋਂ ਵਧੀਆ ਟਾਨਿਕ ਬਣਿਆ ਹੋਇਆ ਹੈ। ਹੁਣ ਇਨ੍ਹਾਂ ਸਾਰੇ ਦੇਸ਼ਾਂ ਦੇ ਸਿਆਣੇ ਸਿਆਸਤਦਾਨਾ ਨੇ ਦੇਖਣਾਂ ਹੈ ਕਿ ਉਨ੍ਹਾਂ ਮਾਰਾ-ਮਰਾਈ ਦੀ ਇਸ ਅਮੁੱਕ ਜੰਗ ਤੋਂ ਉਪਰ ਉੱਠਕੇ ਦੇਖਣਾ ਹੈ ਜਾਂ ਨਹੀ। ਜੇ ਇਸ ਖਿੱਤੇ ਦੇ ਸਿਆਸਤਦਾਨ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਨੂੰ ਉਸ ਦੀ ਅਸਲ ਭਾਵਨਾ ਵਿੱਚ ਸਮਝ ਅਤੇ ਅਪਣਾ ਲੈਣ ਤਾਂ ਦੱਖਣੀ ਏਸ਼ੀਆ ਯੂਰਪ ਬਣ ਸਕਦਾ ਹੈ। ਸਾਰੇ ਨਾਗਰਿਕ ਸ਼ਾਂਤ ਅਤੇ ਖੁਸ਼ਹਾਲ ਜਿੰਦਗੀ ਬਤੀਤ ਕਰ ਸਕਦੇ ਹਨ।

**ਅਵਤਾਰ ਸਿੰਘ**

## ਕੈਲੀਫੋਰਨੀਆ ਵਿਚ...

ਹਮਬੋਲਟ ਕਾਊਂਟੀ ਵਿਚ ਲੰਘੇ ਐਤਵਾਰ ਔਸਤ ਕੀਮਤ 4.968 ਡਾਲਰ ਸੀ। ਬੇ-ਏਰੀਆ ਵਿਚ ਕੀਮਤ 4.80 ਡਾਲਰ ਤੋਂ ਵਧ ਸੀ। ਸ਼ੂਪ ਨੇ ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਮੇਂ ਡਰਾਈਵਰਾਂ ਨੂੰ ਪ੍ਰਤੀ ਗੈਲਨ 1.50 ਡਾਲਰ ਵਧ ਦੇਣੇ ਪੈ ਰਹੇ ਹਨ। ਇਸ ਤਰਾਂ ਇਕ 14 ਗੈਲਨ ਦੀ ਸਮਰੱਥਾ ਵਾਲੀ ਟੈਂਕੀ ਨੂੰ ਭਰਵਾਉਣ ਵਾਸਤੇ ਪਿਛਲੇ ਸਾਲ ਦੀ ਤੁਲਨਾ ਵਿਚ 21 ਡਾਲਰ ਵੱਧ ਦੇਣੇ ਪੈ ਰਹੇ ਹਨ। ਸ਼ੂਪ ਅਨੁਸਾਰ ਗੈਸ ਕੀਮਤ ਵਧਣ ਦਾ ਬੁਨਿਆਦੀ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਹੈ। ਉਨਾਂ ਕਿਹਾ ਕਿ ਇਸ ਸਰਦ ਰੁੱਤ ਦੌਰਾਨ ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਕਮਰਿਆਂ ਨੂੰ ਗਰਮ ਰਖਣ ਵਾਸਤੇ ਵੱਧ ਕੀਮਤ ਤਾਰਨੀ ਪਵੇਗੀ।

## ਸਿੱਧੂ-ਚੰਨੀ ਵਿਵਾਦ...

ਦੇ ਕੇ ਸਿਆਸੀ ਬੁਲੰਦੀਆਂ 'ਤੇ ਪਹੁੰਚਾਇਆ ਗਿਆ ਸੀ, ਉਸੇ ਤਰਜ 'ਤੇ ਹੁਣ ਚੰਨੀ ਨੂੰ ਪ੍ਰਾਜੈਕਟ ਕੀਤਾ ਜਾ ਰਿਹਾ ਹੈ। ਸਿੱਧੂ ਖੇਮੇ ਦਾ ਕਹਿਣਾ ਸੀ ਕਿ ਇਹ ਗਲਤ ਹੈ ਕਿ ਕੰਮ ਤਾਂ ਸਰਕਾਰ ਕਰ ਰਹੀ ਹੈ ਨਾ ਕਿ ਚੰਨੀ, ਪਰ ਸਲੋਗਨ ਚੰਨੀ ਨੂੰ ਲੈ ਕੇ ਲਿਖਿਆ ਜਾ ਰਿਹਾ ਹੈ, ਇਸ ਲਈ ਲੋਕਾਂ 'ਚ ਕਾਂਗਰਸ ਸਰਕਾਰ ਦਾ ਸੰਦੇਸ਼ ਜਾਣਾ ਚਾਹੀਦਾ ਹੈ। ਚੰਨੀ ਇਸ ਤੋਂ ਬਾਅਦ ਸਿੱਧੂ ਦੀ ਕੂਟਨੀਤੀ ਵਿਚ ਫਸ ਗਏ ਅਤੇ ਹੁਣ ਉਨਾਂ ਦਾ ਨਾਂ ਹਟਾਇਆ ਜਾ ਰਿਹਾ ਹੈ। ਸਿੱਧੂ ਦੀ ਕੂਟਨੀਤੀ ਤੋਂ ਬਾਅਦ ਇਕ ਵਾਰ ਫਿਰ ਚੰਨੀ ਤੇ ਸਿੱਧੂ ਦਾ ਵਿਵਾਦ ਸੜਕਾਂ ਤਕ ਪਹੁੰਚ ਗਿਆ ਹੈ। ਹੁਣ ਸਰਕਾਰ ਨੇ ਹੋਰਡਿੰਗ ਤੋਂ 'ਘਰ-ਘਰ ਵਿੱਚ ਚੱਲੀ ਗੱਲ, ਮੁੱਖ ਮੰਤਰੀ ਚੰਨੀ ਕਰਦਾ ਮਸਲੇ ਹੱਲ' ਸਲੋਗਨ 'ਚ ਸੋਧ ਕਰਵਾ ਕੇ ਚੰਨੀ ਦੇ ਨਾਂ 'ਤੇ ਸਰਕਾਰ ਲਿਖਵਾ ਦਿੱਤਾ ਹੈ।

ਸੱਤਾ ਦੇ ਗਲਿਆਰਿਆਂ 'ਚ ਸਰਕਾਰ ਦੇ ਇਸ ਫ਼ੈਸਲੇ ਨੇ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਕੀ ਸਿੱਧੂ ਦੀ ਕੂਟਨੀਤੀ ਚੰਨੀ 'ਤੇ ਭਾਰੀ ਪੈਣ ਲੱਗੀ ਹੈ ਜਾਂ ਫਿਰ ਚੰਨੀ ਸਰਕਾਰ ਖ਼ੁਦ ਨੂੰ ਚੋਣਾਵੀ ਮਾਹੌਲ ਵਿਚ ਪਾਰਟੀ ਦੇ ਰੂਪ ਵਿਚ ਪੇਸ਼ ਕਰ ਰਹੀ ਹੈ। ਫਿਲਹਾਲ ਖੁੱਲੇਆਮ ਹੋਰਡਿੰਗ ਤੇ ਚੰਨੀ ਦਾ ਨਾਂ ਹਟਾਉਣ ਨੂੰ ਲੈ ਕੇ ਵਿਰੋਧੀਆਂ ਨੇ ਵੀ ਹਮਲਾ ਤੇਜ਼ ਕਰ ਦਿੱਤਾ ਹੈ ਅਤੇ ਆਉਣ ਵਾਲੇ ਦਿਨਾਂ ਇਕ ਵਾਰ ਫਿਰ ਸਿੱਧੂ ਤੇ ਚੰਨੀ ਵਿਵਾਦ ਵਧਣ ਦੇ ਆਸਾਰ ਬਣਦੇ ਜਾ ਰਹੇ ਹਨ। ਹਾਲ ਦੀ ਘੜੀ ਪੰਜਾਬ ਮਸਲੇ ਉਠਾਕੇ ਸਿੱਧੂ ਚੰਨੀ ਉਪਰ ਭਾਰੂ ਪਏ ਹਨ।

## ਕਲਮਾਂ ਦੇ ਜਜ਼ਬਾਤ

ਕੋਈ ਪੱਖਾ ਨਹੀਂ ਸੀ ਚੱਲ ਰਿਹਾ ਸੀ। ਰਾਤ ਨੂੰ ਬੱਚੇ ਪੁੱਛ ਰਹੇ ਸੀ ਬਾਹਰ ਐਨੀ ਰੌਸ਼ਨੀ ਕਿਵੇਂ? ਮੈਂ ਕਿਹਾ, ਜਦੋਂ ਸੀ ਛੱਤ ਤੇ ਸੌਂਦੇ ਸੀ ਤਾਂ ਅਸਮਾਨ ਸਿਤਾਰੇ ਵੇਖਦੇ ਸੀ, ਬੁੱਢੀ ਮਾਈ, ਸਪਤਰਿਸ਼ੀ ਲੱਭਣੇ।

ਸਾਡੇ ਘਰ ਕੰਮ ਕਰਨ ਵਾਲੀ ਆਂਟੀ ਦੇ ਪਰਿਵਾਰ ਨੇ ਪੂਰੀ ਰਾਤ ਛੱਤ 'ਤੇ ਕੱਟੀ ਕਿਉਂਕਿ ਇੱਕ ਮੰਜਿਲ ਤਾਂ ਪੂਰੀ ਡੁੱਬ ਗਈ ਸੀ।

ਸੁਣਿਆ ਕਈ ਥਾਵਾਂ 'ਤੇ ਪਸ਼ੂ ਬੱਝੇ ਰਹਿ ਗਏ ਤੇ ਪਾਣੀ ਵਿਚ ਡੁੱਬ ਗਏ। ਲਗਭਗ ਅਜੇ ਤੱਕ 2500 ਗਾਵਾਂ, ਮੱਝਾਂ ਇਸ ਹੜ ਦੀ ਭੇਂਟ ਚੜ ਗਈਆਂ।

20 ਤਾਰੀਖ ਦੀ ਸ਼ਾਮ ਬਿਜਲੀ ਆ ਗਈ। ਮੋਟਰ ਚਲਾਈ, ਪਾਣੀ ਭਰਿਆ। ਮੋਬਾਇਲ ਚਾਰਜ ਕੀਤੇ।

ਸਵੇਰੇ ਬੱਚਿਆਂ ਦੇ ਪਾਰਕ ਵਿਚ ਖੇਡਣ ਦੀ ਆਵਾਜ਼ ਸੁਣ ਕੇ ਲੱਗਿਆ ਕਿ ਹੁਣ ਜ਼ਿੰਦਗੀ ਆਪਣੀ ਪੁਰਾਣੀ ਚਾਲ 'ਤੇ ਆ ਗਈ ਹੈ।

## ਮੋਦੀ ਨੇ ਮੰਨਿਆ...

ਖ਼ਾਲਸਾ ਤਰਜ਼-ਏ-ਜ਼ਿੰਦਗੀ ਨਾਲ ਜੁੜੀਆਂ ਅੱਧੀ ਦਰਜਨ ਪੁਸਤਕਾਂ ਦੇ ਲੇਖਕ ਭਾਈ ਹਰਸਿਮਰਨ ਸਿੰਘ ਇਸ ਐਲਾਨ ਨੂੰ ਰਾਜਨੀਤਕ ਉੱਚਿਤਤਾ ਅਤੇ ਰਾਜਨੀਤਕ ਮਜਬੂਰੀ ਨਾਲ ਤੁਲਨਾ ਦਿੰਦੇ ਹਨ,ਪਰ ਉਨ੍ਹਾਂ ਨੇ ਨਾਲ ਹੀ ਇਹ ਸਾਵਧਾਨ ਵੀ ਕੀਤਾ ਕਿ ਜਦੋਂ ਤਕ ਖੇਤੀ ਜਿਣਸਾਂ ਲਈ ਘੱਟੋ ਘੱਟ ਮੁੱਲ ਨੂੰ ਲਾਗੂ ਕਰਾਉਣ ਲਈ ਕਾਨੂੰਨੀ ਸ਼ਕਲ ਨਹੀਂ ਦਿੱਤੀ ਜਾਂਦੀ, ਉਦੋਂ ਤਕ ਤਿੰਨ ਕਾਨੂੰਨਾਂ ਦੀ ਵਾਪਸੀ ਅਧੂਰੀ ਜਿੱਤ ਹੀ ਸਮਝੀ ਜਾਵੇਗੀ।ਉਨ੍ਹਾਂ ਕਿਹਾ ਕਿ ਜਦੋਂ ਤੱਕ ਪਾਰਲੀਮੈਂਟ ਵਿਚ ਤਿੰਨਾਂ ਕਾਨੂੰਨਾਂ ਨੂੰ ਵਾਪਸ ਕਰਨ ਬਾਰੇ ਐਲਾਨ ਨਹੀਂ ਹੁੰਦਾ,ਉਦੋਂ ਤੱਕ ਕਿਸਾਨਾਂ ਨੂੰ ਵਾਪਸ ਨਹੀਂ ਨਹੀਂ ਆਉਣਾ ਚਾਹੀਦਾ।ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਮੋਦੀ ਕੋਈ ਵਖਰੀ ਖੇਡ ਵੀ ਖੇਡ ਰਿਹਾ ਹੋਵੇ ਜਿਸ ਦਾ ਅਜੇ ਕਿਸੇ ਨੂੰ ਵੀ ਨਹੀਂ ਪਤਾ। ਅੰਗਰੇਜ਼ੀ ਵਿਸ਼ੇ ਦੇ ਪ੍ਰੋਫ਼ੈਸਰ ਰਹੇ ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਸਰਦਾਰ ਬਾਵਾ ਸਿੰਘ ਦੀਆਂ ਕੁਝ ਟਿੱਪਣੀਆਂ ਤਾਂ ਬਹੁਤ ਹੀ ਦਿਲਚਸਪ ਲਗੀਆਂ। ਉਨ੍ਹਾਂ ਮੁਤਾਬਕ "ਵੋਟ ਦੀ ਚੋਟ ਬੜਾ ਕਾਰਗਰ ਹਥਿਆਰ ਹੁੰਦਾ ਹੈ। ਮੋਦੀ ਨੂੰ ਕਿਸਾਨਾਂ ਨਾਲ ਘੱਟ ਅਤੇ ਖੁੱਸ ਰਹੀ ਸਿਆਸਤ ਦੀ ਵੱਡੀ ਚਿੰਤਾ ਸੀ। ਜੇ ਸਿਆਸਤਦਾਨ ਦੀ ਸਿਆਸਤ ਨਾ ਹਿਲੇ ਤਾਂ ਸਿਆਸਤਦਾਨ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ।ਪਰ ਹੁਣ ਹਿੱਲ ਰਹੀ ਸੀ। ਉਹ ਹੁਣ ਫਸਿਆ ਪਿਆ ਸੀ ਅਤੇ ਕੋਈ ਰਾਹ ਲੱਭ ਰਿਹਾ ਸੀ।ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਉਸ ਨੂੰ ਲੱਭ ਗਿਆ ਜਿੱਥੇ ਉਹ ਕਈ ਸੰਦੇਸ਼ ਦੇ ਸਕਦਾ ਸੀ। ਜਦੋਂ ਸਰਦਾਰ ਬਾਵਾ ਸਿੰਘ ਨੂੰ ਇਹ ਪੁੱਛਿਆ ਗਿਆ ਕਿ ਕੀ ਪੰਜਾਬ ਵਿਚ ਹੁਣ ਨਵੀਂ ਰਾਜਨੀਤਕ ਹਿਲਜੁਲ ਹੋ ਸਕਦੀ ਹੈ ,ਉਨ੍ਹਾਂ ਦਾ ਜਵਾਬ ਸੀ "ਸ਼ਤ ਪ੍ਰਤੀਸ਼ਤ"।ਉਨ੍ਹਾਂ ਕਿਹਾ ਕਿ ਹੁਣ ਸ਼ਹਿਰੀ ਵੋਟ ਦਾ ਕੋਈ ਭਰੋਸਾ ਨਹੀਂ ਕਿੱਧਰ ਜਾਵੇਗੀ।ਹੋ ਸਕਦੈ ਕਿਸੇ "ਹੋਰ ਪਾਸੇ" ਚਲੇ ਜਾਵੇ ਸ਼ਹਿਰੀ ਵੋਟਾਂ ਦਾ ਮਤਲਬ ਹਿੰਦੂ ਵੋਟਾਂ ਹੀ ਸਨ ਭਾਵੇਂ ਉਹ ਖੁੱਲ ਕੇ ਇਹ ਨਹੀਂ ਸਨ ਕਹਿ ਰਹੇ। ਕਿਸਾਨ ਜਥੇਬੰਦੀਆਂ ਵਿਚ ਮਤਭੇਦ ਤਿੱਖੇ ਹੋ ਸਕਦੇ ਹਨ ਪਰ ਇਹ ਵੀ ਪਤਾ ਨਹੀਂ ਕਿ ਕਿਸਾਨ ਰਾਜਨੀਤੀ ਵਿੱਚ ਸਿੱਧੇ ਤੌਰ ਤੇ ਆਉਣਗੇ ਜਾਂ ਅਸਿੱਧੇ ਰੂਪ ਵਿੱਚ। ਉਹ ਉਦਾਸ ਹੋ ਕੇ ਕਹਿ ਰਹੇ ਸਨ ਕਿ ਹੁਣ ਉਦਾਰਵਾਦ ਦਾ ਦੌਰ ਖ਼ਤਮ ਹੋ ਚੁੱਕਾ ਹੈ ਸੰਵਿਧਾਨ ਮੁਤਾਬਕ ਸਰਕਾਰ ਨਹੀਂ ਚਲਿਆ ਕਰੇਗੀ। ਡੋਵਾਲ ਦਾ ਤਾਜ਼ਾ ਬਿਆਨ ਪੜ੍ਹੋ ਜਦੋਂ ਉਹ ਇਹ ਕਹਿੰਦਾ ਹੈ ਕਿ ਸਿਵਲ ਸੁਸਾਇਟੀ ਫ਼ੈਸਲੇ ਨਹੀਂ ਕਰੇਗੀ ਫ਼ੈਸਲੇ ਤਾਂ ਕਿਸੇ ਹੋਰ ਥਾਂ ਤੇ ਹੋਣਗੇ।

## ਭਾਰਤ ਵਿਚ ਬੱਚਿਆਂ...

ਉਨ੍ਹਾਂ ਦਾ ਬਾਲ ਸਾਹਿਤ ਅੰਧਵਿਸ਼ਵਾਸੀ, ਕਿਸਮਤਵਾਦੀ, ਰੂੜੀਵਾਦੀ ਅਤੇ ਦਕੀਆਨੂਸੀ ਸੋਚ ਤੋਂ ਪਰੇ ਹੈ, ਜਿਸ ਕਾਰਨ ਉਥੇ ਬੱਚੇ ਜੀਵਨ ਮੁੱਲਾਂ ਪ੍ਰਤੀ ਵਧੇਰੇ ਚੇਤੰਨ ਹਨ।

ਸੋ, ਵਰਤਮਾਨ ਸਮੇਂ ਦੀ ਇਹ ਬੁਨਿਆਦੀ ਮੰਗ ਹੈ ਕਿ ਬਚਪਨ ਦੀ ਫੁਲਵਾੜੀ ਨੂੰ ਮਹਿਕਦਾ ਰੱਖਣ ਲਈ ਬੱਚਿਆਂ ਨੂੰ ਜਾਤ, ਧਰਮ, ਲਿੰਗ ਆਦਿ ਦੇ ਵਖਰੇਵਿਆਂ ਤੋਂ ਦੂਰ ਰੱਖ ਕੇ ਉਨ੍ਹਾਂ ਲਈ ਸਿੱਖਿਆ ਅਤੇ ਸਿਹਤ ਦੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਔਖੇ, ਭਾਰੇ ਅਤੇ ਗੁੰਝਲਦਾਰ ਸਿਲੇਬਸਾਂ ਅਤੇ ਟਿਊਸ਼ਨਾਂ ਦੇ ਬੋਝ ਤੋਂ ਮੁਕਤ ਕਰਕੇ ਉਸਾਰੂ ਵਾਤਾਵਰਨ ਵਿਚ ਵਧਣ-ਫੁੱਲਣ ਦੇ ਮੌਕੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਜੇਕਰ ਬੱਚੇ ਦੇ ਚਿਹਰੇ 'ਤੇ ਮੁਸਕਾਨ ਕਾਇਮ ਰਹੇਗੀ ਤਾਂ ਯਕੀਨਨ ਸਾਡਾ ਸਮਾਜ ਬਹੁਪੱਖੀ ਵਿਕਾਸ ਦੀਆਂ ਮੰਜ਼ਿਲਾਂ ਤੈਅ ਕਰਦਾ ਜਾਵੇਗਾ, ਜਿਸ ਉੱਪਰ ਆਉਣ ਵਾਲੀਆਂ ਪੀੜੀਆਂ ਮਾਣ ਮਹਿਸੂਸ ਕਰਨਗੀਆਂ।

## ਕਿਸਾਨ ਮੋਰਚੇ ਕਾਰਨ...

ਨਿਹੰਗ ਸਿੰਘਾਂ ਨੇ ਅੰਦੋਲਨ ਵਿਚ ਬੈਠੇ ਰਹਿਣ ਜਾਂ ਵਾਪਸ ਜਾਣ ਦੇ ਮਾਮਲੇ 'ਤੇ 27 ਅਕਤੂਬਰ ਨੂੰ ਇਕੱਠ ਸੱਦਣ ਦਾ ਐਲਾਨ ਕੀਤਾ ਹੈ। ਇਸ ਬਾਰੇ ਕਈ ਤਰਾਂ ਦੇ ਸਵਾਲ ਪੁੱਛੇ ਜਾ ਰਹੇ ਹਨ। ਕੀ ਇਹ ਸੰਯੁਕਤ ਕਿਸਾਨ ਮੋਰਚੇ ਦੇ ਮੁਕਾਬਲੇ ਸ਼ਕਤੀ ਪ੍ਰਦਰਸ਼ਨ ਹੋਵੇਗਾ? ਕਿਸਾਨ ਮੋਰਚੇ ਨੇ ਹਮੇਸ਼ਾ ਕਿਹਾ ਹੈ ਕਿ ਜਿਸ ਵੀ ਕਿਸੇ ਨੂੰ ਅੰਦੋਲਨ ਦੇ ਤੌਰ ਤਰੀਕਿਆਂ ਜਾਂ ਫ਼ੈਸਲੇ ਲੈਣ ਦੀ ਪ੍ਰਕਿਰਿਆ ਬਾਰੇ ਸਹਿਮਤੀ ਨਾ ਹੋਵੇ, ਉਹ ਆਪਣਾ ਅਲੱਗ ਮੰਚ ਲਗਾ ਕੇ ਆਪਣੇ ਤਰੀਕੇ ਦਾ ਅੰਦੋਲਨ ਚਲਾ ਸਕਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਅੰਦੋਲਨ ਬੈਠਾ ਹੀ ਤਾਂ ਹੈ ਕਿਉਂਕਿ ਉੱਥੇ ਨਿਹੰਗ ਸਿੰਘ ਹਨ। ਇਸ ਤੋਂ ਪਹਿਲਾਂ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅੰਦੋਲਨ ਤਾਂ ਹੈ ਕਿਉਂਕਿ ਉੱਥੇ ਕੁਝ ਨੌਜਵਾਨ ਆਗੂ ਤੇ ਕਲਾਕਾਰ ਹਨ। ਇਹ ਠੀਕ ਹੈ ਕਿ ਮੋਰਚੇ ਵਿਚ ਕਲਾਕਾਰਾਂ, ਨੌਜਵਾਨਾਂ ਅਤੇ ਹੋਰ ਸਭ ਲੋਕਾਂ ਦਾ ਯੋਗਦਾਨ ਹੈ ਪਰ ਸਚਾਈ ਇਹ ਹੈ ਕਿ ਇਹ ਅੰਦੋਲਨ ਕਿਸੇ ਜਾਤ, ਧਰਮ ਜਾਂ ਖਿੱਤੇ ਦਾ ਨਹੀਂ ਬਲਕਿ ਕਿਸਾਨਾਂ-ਮਜ਼ਦੂਰਾਂ ਦਾ ਅੰਦੋਲਨ ਹੈ। ਜਿੰਦਾ ਰਹਿਣ ਲਈ ਖ਼ੁਰਾਕ ਜ਼ਰੂਰੀ ਹੈ। ਖ਼ੁਰਾਕ ਮੁਹੱਈਆ ਕਰਵਾਉਣ ਅਤੇ ਖੇਤੀ ਖੇਤਰ ਉੱਤੇ ਕਾਰਪੋਰੇਟ ਦੇ ਕਬਜ਼ੇ ਵਿਰੁੱਧ ਅੰਦੋਲਨ ਸਮੁੱਚੇ ਸਮਾਜ ਦਾ ਅੰਦੋਲਨ ਬਣਨਾ ਚਾਹੀਦਾ ਹੈ। ਇਹ ਉਮੀਦ ਕਿਸਾਨ ਜਥੇਬੰਦੀਆਂ ਤੇ ਆਗੂਆਂ ਦੀ ਅਗਵਾਈ ਅਤੇ ਸਭ ਵਰਗਾਂ ਦੇ ਲੋਕਾਂ ਦੇ ਅੰਦੋਲਨ ਨਾਲ ਜੁੜੇ ਹੋਣ ਕਾਰਨ ਕਾਇਮ ਹੈ। ਗਿਆਰਾਂ ਮਹੀਨਿਆਂ ਤੋਂ ਬੈਠੇ ਜੁਝਾਰੂ ਬਜ਼ੁਰਗਾਂ, ਮਾਈਆਂ, ਨੌਜਵਾਨਾਂ ਅਤੇ ਕਾਰਕੁਨਾਂ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ। ਦਿੱਲੀ ਤੋਂ ਇਲਾਵਾ ਸੰਯੁਕਤ ਮੋਰਚੇ ਵੱਲੋਂ ਦਿੱਤੇ ਜਾਂਦੇ ਸੱਦੇ ਉੱਤੇ ਫੁੱਲ ਚੜ੍ਹਾਉਂਦੇ ਲੱਖਾਂ ਲੋਕ ਇਸ ਅੰਦੋਲਨ ਦੀ ਤਾਕਤ ਦਾ ਸਬੂਤ ਹਨ। ਅੰਦੋਲਨ ਵਿਚ ਕਿਸੇ ਵੀ ਤਰੀਕੇ ਦੀ ਫੁੱਟ ਪਾਉਣ ਦਾ ਬਿਰਤਾਂਤ ਸਥਾਪਤੀ ਦੇ ਪੱਖ ਵਿੱਚ ਭੁਗਤਣ ਦਾ ਆਧਾਰ ਬਣਦਾ ਹੈ। ਮੁਲਕ ਵਿਚ ਕਿਸੇ ਨੂੰ ਵੀ ਖੱਬੇ-ਪੱਖੀ, ਪੰਥਕ ਜਾਂ ਹੋਰ ਕਿਸੇ ਤਰਾਂ ਦੀ ਸਿਆਸਤ ਕਰਨ ਦੀ ਖੁੱਲ ਹੈ। ਉਹ ਆਪੋ-ਆਪਣੇ ਪਲੇਟਫਾਰਮਾਂ ਤੋਂ ਕੀਤੀ ਜਾ ਸਕਦੀ ਹੈ।

## ਖ਼ਬਰਦਾਰ...ਕਿਸਾਨ ...

ਸੋਨੀਆ ਮਾਨ ਇਸੇ ਤਰਾਂ ਦਾ ਇਕ ਹੋਰ ਨਾਂ ਹੈ। ਸੋਨੀਆ ਮਾਨ ਦਾ ਪਿਤਾ ਖੱਬੇਪੱਖੀ ਧਿਰਾਂ ਦਾ ਸਰਗਰਮ ਆਗੂ ਰਿਹਾ ਹੈ। ਭਾਵੇਂ ਬਹੁਤ ਸਾਰੇ ਲੋਕ ਇਸ ਤੇ ਵੀ ਕਿੰਤੂ ਪਰੰਤੂ ਕਰਦੇ ਰਹੇ ਹਨ, ਪਰ ਇਸ ਪਿਛੋਕੜ ਕਾਰਨ ਉਸ ਨੂੰ ਮੋਰਚੇ ਦੇ ਮੰਚਾਂ ਤੇ ਵੱਡੀ ਸਪੇਸ ਮਿਲਦੀ ਰਹੀ ਹੈ। ਫਿਲਮੀ ਦੁਨੀਆ ਨਾਲ ਸਬੰਧਤ ਹੋਣ ਕਾਰਨ ਉਸ ਨੂੰ ਮੋਰਚੇ ਨੇ ਸਪੇਸ ਵੀ ਦਿੱਤੀ ਅਤੇ ਉਸ ਨੂੰ 'ਟੀ ਆਰ ਪੀ' ਵੀ ਮਿਲੀ ਅਤੇ ਹੁਣ ਉਹ ਇਸ ਟੀਆਰਪੀ ਦੀ ਬੁਲੇਟ ਟਰੇਨ ਤੇ ਚੜ ਕੇ ਸਿਆਸਤ ਦੀ ਲੰਕਾ ਵਿਚ ਪ੍ਰਵੇਸ਼ ਕਰਨਾ ਚਾਹੁੰਦੀ ਹੈ। ਜਦ ਬਾਂਦਰ ਦੀ ਪੂਛ ਨੂੰ ਅੱਗ ਲਗਦੀ ਹੈ ਤਾਂ ਕੋਈ ਹੋਰ ਮੱਚੇ ਨਾ ਮੱਚੇ, ਪੂਛ ਜ਼ਰੂਰ, ਮੱਚ ਜਾਂਦੀ ਹੈ। ਸੋਨੀਆ ਮਾਨ ਦੇ ਬਹਾਨੇ ਨਾਲ ਇਹੋ ਜਿਹੇ ਹੋਰ ਲੋਕਾਂ ਨੂੰ ਏਨਾ ਹੀ ਕਹਿਣਾ ਹੈ ਕਿ ਮੋਰਚੇ ਵਿਚ ਆਏ ਹੋ ਤਾਂ ਮੋਰਚੇ ਦੇ ਬਣ ਕੇ ਰਹੋ..ਇਸ ਨੂੰ ਪੌੜੀ ਵਾਂਗ ਵਰਤ ਕੇ ਟੀਸੀ ਤੇ ਪਹੁੰਚਣ ਦੀ ਕੋਸ਼ਿਸ਼ ਕਰੋਗੇ ਤਾਂ ਲੋਕਾਂ ਨੇ ਪੌੜੀ ਖਿੱਚਣ ਲੱਗੇ ਵੀ ਮਿੰਟ ਲਾਉਣਾ ਹੈ, ਫਿਰ ਧਰਤੀ ਤੇ ਆਉਣ ਲਈ ਵੀ ਤਰਸੋਗੇ। ਇਸ ਮਾਮਲੇ ਵਿਚ ਆਖਰੀ ਧਿਰ ਉਹ ਸੁਹਿਰਦ ਤੇ ਜਾਂਬਾਜ਼ ਵਰਕਰ ਹੈ, ਜੋ ਪਹਿਲੇ ਦਿਨ ਤੋਂ ਤਨੋਂ-ਮਨੋਂ-ਧਨੋਂ ਮੋਰਚੇ ਦੇ ਵਿਚ ਅਤੇ ਮੋਰਚੇ ਦੇ ਨਾਲ ਹੈ। ਪੰਜਾਬ ਦੇ ਮਲੋਟ ਤੋਂ ਲੈ ਕੇ ਹਰਿਆਣਾ ਤੇ ਕਰਨਾਲ ਤੱਕ ਅਤੇ ਹਰਿਆਣਾ ਦੇ ਕਰਨਾਲ ਤੋਂ ਲੈ ਕੇ ਲਖੀਮਪੁਰ ਖੀਰੀ ਤੱਕ ਇਹ ਲੜਦਾ ਹੈ, ਜੂਝਦਾ ਹੈ, ਮਰਦਾ ਹੈ..ਪਰ ਨਾ ਵਿਕਦਾ ਹੈ ਅਤੇ ਨਾ ਪਿੱਠ ਦਿਖਾਉਂਦਾ ਹੈ। ਇਕ ਸਾਲ ਤੋਂ ਦਿੱਲੀ ਦੀਆਂ ਬਰੂਹਾਂ ਤੇ ਬੈਠਾ ਹੈ..ਲਗਾਤਾਰ ਸਿਆਸੀ ਲੀਡਰਾਂ ਦਾ ਬਾਈਕਾਟ ਕਰਦਾ ਹੈ, ਚੌਂਕਾਂ ਵਿਚ ਖੜਦਾ ਹੈ, ਉਹਨਾਂ ਦੇ ਕਾਫ਼ਲਿਆਂ ਨੂੰ ਰੋਕਦਾ ਹੈ, ਹੈਲੀਪੈਡ ਢਾਹੁੰਦਾ ਹੈ, ਪਿੰਡਾਂ ਵਿਚ ਵੜਨ ਤੇ ਸਵਾਲਾਂ ਦੀ ਵਾਛੜ ਕਰਦਾ ਹੈ ਅਤੇ ਬਹੁਤੀ ਵਾਰ ਇਹਨਾਂ ਦੰਭੀ ਨੇਤਾਵਾਂ ਨੂੰ ਉਹਨੀ ਪੈਰੀਂ ਵਾਪਿਸ ਮੁੜਨ ਤੇ ਮਜ਼ਬੂਰ ਕਰਦਾ ਹੈ। ਜਦ ਹੁਣ ਵੋਟਾਂ ਆ ਹੀ ਰਹੀਆਂ ਹਨ ਤਾਂ ਉਹ ਕਿਹੜੀ ਪੌੜੀ ਚੜੇ?

ਜਿਨਾਂ ਨੂੰ ਘੇਰਦਾ ਹੈ, ਸੁਆਲ ਕਰਦਾ ਹੈ, ਕਟਹਿਰੇ ਵਿਚ ਖੜਾ ਕਰਦਾ ਹੈ, ਇਨਾਂ ਨੂੰ ਹੀ ਵੋਟ ਪਾਵੇ?

ਕਿਸੇ ਨੂੰ ਨਾ ਵੋਟ ਪਾਵੇ?

ਕਿਸਾਨਾਂ ਵਿਚੋਂ ਭੱਜ ਕੇ ਜਾਂ ਬਾਗੀ ਹੋ ਕੇ ਆਏ ਕਿਸਾਨ ਨੇਤਾ ਨੂੰ ਲੀਡਰ ਮੰਨ ਕੇ ਉਸ ਦੇ ਨਾਲ ਤੁਰੇ?

ਜਾਂ ਬਿੱਲੀ ਤੇ ਕਬੂਤਰ ਦੀ ਕਹਾਣੀ ਵਾਂਗ ਅੱਖਾਂ ਮੀਟ ਲਵੇ?

ਇਸ ਮਰਜੀਵੜੇ ਲਈ ਇਹ ਚੋਣਾਂ ਅਗਨਪ੍ਰੀਖਿਆ ਹਨ। ਉਸ ਦਾ ਸਰਮਾਇਆ, ਜ਼ਮੀਨ, ਰਿਸ਼ਤੇ, ਪਰਿਵਾਰ, ਦੇਹ, ਜ਼ਮੀਰ ਸਭ ਕੁਝ ਦਾਅ ਤੇ ਲੱਗਿਆ ਹੋਇਆ ਹੈ..ਕਰੋ ਜਾਂ ਮਰੋ ਦੀ ਸਥਿਤੀ ਹੈ ਉਸ ਦੀ? ਖਰੀਦਦਾਰ ਸੌਦਾ ਕਰਨ ਦਾ ਦਾਅ ਤਲਾਸ਼ ਰਹੇ ਹਨ.. ਸਿਆਸੀ ਡਰਾਈਵਰ ਹਰ ਪ੍ਰਕਾਰ ਦਾ ਲਾਲਚ ਦਿੰਦੇ ਗੇੜੇ ਕਢਦੇ ਫਿਰਦੇ ਹਨ : ਆਜਾ ਮੇਰੀ ਗਾਡੀ ਮੇਂ ਬੈਠ ਜਾ...

ਇਹ ਕਰੇ ਤਾਂ ਕੀ ਕਰੇ?

ਕਿਸਾਨ ਮੋਰਚੇ ਨੂੰ ਇਹਨਾਂ ਦੇ ਸੁਆਲਾਂ ਅਤੇ ਕਸ਼ਮਕਸ਼ ਨੂੰ ਜ਼ਰੂਰ ਸੰਬੋਧਤ ਹੋਣਾ ਚਾਹੀਦਾ ਹੈ। ਇਸ ਤੇ ਨਿੱਠ ਕੇ ਚਿੰਤਨ ਕਰਨਾ ਚਾਹੀਦਾ ਹੈ। ਉਹਨਾਂ ਨੂੰ ਖਲਾਅ ਵਿਚ ਨਹੀਂ ਛੱਡਿਆ ਜਾਣਾ ਚਾਹੀਦਾ। ਯਾਦ ਰੱਖੋ ਸਿਆਸਤ ਬਹੁਤ ਸਾਜ਼ਿਸ਼ੀ ਖੇਡ ਹੈ। ਇਕ ਵਾਰ ਕਿਸੇ ਵੀ ਤਰੀਕੇ ਨਾਲ ਕਿਸੇ ਵੀ ਸੰਘਰਸ਼ੀ ਵਰਕਰ ਜਾਂ ਸੱਤਾ ਦੇ ਲਾਲੀਪਾਪ ਨੂੰ ਦੇਖ ਕੇ ਮੂੰਹ ਵਿਚ ਪਾਣੀ ਲਿਆਉਣ ਵਾਲੇ ਨਿੱਕੇ ਵੱਡੇ ਨੇਤਾ ਨੂੰ ਇਹਨਾਂ ਨੇ ਆਪਣੀ ਗੱਡੀ ਵਿਚ ਚੜਾ ਲਿਆ ਤਾਂ ਉਸ ਨੇ ਮੋਰਚੇ ਦਾ ਘੱਟ ਜਾਂ ਵੱਧ ਨੁਕਸਾਨ ਕਰਨਾ ਹੈ। ਧਿਰਬੰਦੀਆਂ ਹੋਣੀਆਂ ਹਨ। ਇਸ ਦੀ ਇਕ ਉਦਾਹਰਨ ਸਾਹਮਣੇ ਹੈ। ਪਿੰਡਾਂ ਵਿਚ ਇਸ ਤਰਾਂ ਦੇ ਕੇਸ ਸਾਹਮਣੇ ਆ ਰਹੇ ਹਨ :

ਪਿੰਡਾਂ ਵਿਚ ਕਿਸਾਨ ਧਿਰਾਂ ਲੀਡਰਾਂ ਦਾ ਪਿੰਡ ਵਿਚ ਵੜਨ ਤੋਂ ਬਾਈਕਾਟ ਕਰ ਰਹੀਆਂ ਹਨ, ਪਰ ਇਹਨਾਂ ਨੇ ਦਲਿਤ ਭਰਾਵਾਂ ਨੂੰ ਘਰਾਂ ਲਈ ਥਾਂ ਦੇ ਦੇਣ ਦੇ ਬਹਾਨੇ ਸਾਡੀ ਇਸ ਸਾਥੀ ਧਿਰ ਤੇ ਡੋਰੇ ਪਾਉਣ ਲਈ ਪਿੰਡਾਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਹਨ ਤੇ ਕਈ ਥਾਵਾਂ ਤੇ ਪਿੰਡਾਂ ਵਿਚ ਕਿਸਾਨ ਅਤੇ ਦਲਿਤਾਂ ਵਿਚਕਾਰ ਤਣਾਅ ਪੈਦਾ ਹੋਣੇ ਸ਼ੁਰੂ ਹੋ ਵੀ ਗਏ ਹਨ। ਕਿਸੇ ਨੂੰ ਵੀ ਇਹਨਾਂ ਨੂੰ ਘਰਾਂ ਲਈ ਥਾਵਾਂ ਦੇਣ ਤੇ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ, ਪਰ ਸਿਆਸਤਦਾਨਾਂ ਨੂੰ ਇਸ ਗੱਲ ਲਈ ਮਜ਼ਬੂਰ ਕਰਨਾ ਚਾਹੀਦਾ ਹੈ ਕਿ ਇਹ ਦਿੱਤੀ ਜਾਣ ਵਾਲੀ ਥਾਂ ਭੀਖ ਨਹੀਂ ਹੈ, ਸਦੀਆਂ ਤੋਂ ਇਸ ਧਰਤੀ ਲਈ ਦੇਹਾਂ ਗਾਲਦੇ ਲੋਕਾਂ ਦਾ ਹੱਕ ਹੈ। ਸੋ ਅਧਿਕਾਰੀਆਂ ਦੀ ਡਿਊਟੀ ਲਗਾਓ ਤੇ ਬਿਨਾ ਤਾਮ-ਝਾਮ ਤੋਂ ਇਨਾਂ ਦੇ ਨਾਂ ਤੇ ਪਲਾਟ ਕਰੋ। ਜੇਕਰ ਕੱਲ ਨੂੰ ਇਸ ਆਧਾਰ ਤੇ ਦਲਿਤ ਬਨਾਮ ਕਿਸਾਨ ਇਸ਼ੂ ਬਣਦਾ ਹੈ ਤਾਂ ਇਹ ਸੱਤਾ ਲਈ ਵੀ ਅਤੇ ਕਿਸਾਨ ਧਿਰ ਲਏ ਵੀ ਬਹੁਤ ਖ਼ਤਰਨਾਕ ਪੌੜੀ ਸਾਬਤ ਹੋ ਸਕਦਾ ਹੈ।

ਸੋ ਸਾਰੀਆਂ ਧਿਰਾਂ ਖ਼ਬਰਦਾਰ.. ਮੋਰਚੇ ਨੂੰ ਕਮਜ਼ੋਰ ਕਰਨ ਦੀ ਕੋਈ ਵੀ ਕੋਸ਼ਿਸ਼ ਆਤਮਘਾਤੀ ਹੋ ਸਕਦੀ ਹੈ...

ਕਿਸਾਨ ਮੋਰਚਾ ਸਿਆਸੀ ਪੌੜੀ ਨਹੀਂ ਹੈ... ਇਸ ਨੂੰ ਪੌੜੀ ਸਮਝਣ ਦੀ ਭੁੱਲ ਕਿਸੇ ਨੂੰ ਵੀ ਨਹੀਂ ਕਰਨੀ ਚਾਹੀਦੀ ਅਤੇ ਜੇਕਰ ਕਈ ਕਰਦਾ ਹੈ ਤਾਂ ਉਸ ਧਿਰ ਪ੍ਰਤੀ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਲਮਹਿਆਂ ਦੀ ਖ਼ਤਾ ਸਦੀਆਂ ਨੂੰ ਚੁਕਾਉਣੀ ਪੈਂਦੀ ਹੈ... ਸੱਤ ਸੌ ਕਿਸਾਨ ਸ਼ਹੀਦਾਂ ਦੀਆਂ ਆਤਮਾਵਾਂ ਦਾ ਧਿਆਨ ਧਰ ਕੇ ਸਾਰਿਆਂ ਨੂੰ ਫੂਕ ਫੂਕ ਕੇ ਕਦਮ ਧਰਨ ਦੀ ਜ਼ਰੂਰਤ ਹੈ ਤੇ ਮੋਰਚੇ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਮੂਰਤੀ ਜਲ ਪ੍ਰਵਾਹ...

ਵਾਪਸ ਆਉਂਦੇ ਵਕਤ ਮੈਂ ਸੋਚ ਰਿਹਾ ਸੀ ਕਿ ਇੱਕ ਪਾਸੇ ਹਜ਼ਾਰਾਂ ਮਿਹਨਤਕਸ਼ ਲੋਕ ਵਿਗਿਆਨਿਕ ਸੋਚ ਅਤੇ ਜਥੇਬੰਦਕ ਸੰਘਰਸ਼ਾਂ ਰਾਹੀਂ ਮੌਜੂਦਾ ਲੋਕ ਵਿਰੋਧੀ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਦਾ ਅਹਿਦ ਲੈ ਰਹੇ ਸਨ ਜਦ ਕਿ ਇਸਦੇ ਬਿਲਕੁਲ ਉਲਟ ਹਜ਼ਾਰਾਂ ਲਾਈਲੱਗ ਲੋਕ ਮੂਰਤੀ ਵਿਸਰਜਨ ਵਰਗੀਆਂ ਅੰਧ ਵਿਸ਼ਵਾਸੀ ਤੇ ਰੂੜੀਵਾਦੀ ਰਵਾਇਤਾਂ ਦੇ ਪਿੱਛਲਗੂ ਬਣ ਕੇ ਟ੍ਰੈਫਿਕ ਜਾਮ ਰਾਹੀਂ ਹਜ਼ਾਰਾਂ ਲੀਟਰ ਪੈਟਰੋਲ ਜਾਇਆ ਕਰਨ ਅਤੇ ਪ੍ਰਦੂਸ਼ਣ ਅਤੇ ਬਿਮਾਰੀਆਂ ਫੈਲਾਉਣ ਦੇ ਨਾਲ ਨਾਲ ਕੀਮਤੀ ਸਮਾਂ, ਸਿਹਤ ਅਤੇ ਪੈਸਾ ਬਰਬਾਦ ਕਰ ਰਹੇ ਸਨ। ਦਰਅਸਲ ਹਕੀਕਤ ਇਹ ਵੀ ਹੈ ਕਿ ਸਾਡੀਆਂ ਸਮਾਰਾਜ ਪੱਖੀ ਅਤੇ ਫਿਰਕੂ ਜਮਾਤਾਂ ਵੀ ਇਹੀ ਚਾਹੁੰਦੀਆਂ ਹਨ ਕਿ ਲੋਕ ਧਾਰਮਿ ਕਰਮਕਾਡਾਂ ਦੇ ਨਸ਼ੇ ਵਿੱਚ ਲਾਈਲੱਗ ਬਣਕੇ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਰੂੜੀਵਾਦੀ ਰਵਾਇਤਾਂ ਦੇ ਫ਼ਾਂਸੇ ਵਿੱਚ ਫਸੇ ਰਹਿਣ ਅਤੇ ਸਰਕਾਰਾਂ ਅਤੇ ਕਾਰਪੋਰੇਟ ਜਗਤ ਦੀਆਂ ਲੋਟੂ ਅਤੇ ਭ੍ਰਿਸ਼ਟ ਨੀਤੀਆਂ ਦੇ ਖ਼ਿਲਾਫ਼ ਜਥੇਬੰਦਕ ਸੰਘਰਸ਼ ਕਰਨ ਵੱਲ ਉਨਾਂ ਦਾ ਧਿਆਨ ਨਾ ਜਾਵੇ।

ਇਸ ਸਬੰਧੀ ਜ਼ਿਕਰ ਕਰਨਾ ਬਣਦਾ ਹੈ ਕਿ ਮਹਾਰਾਸ਼ਟਰ ਦੀ ਤਰਕਸ਼ੀਲ ਸੰਸਥਾ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਸੰਸਥਾਪਕ ਮਰਹੂਮ ਡਾਕਟਰ ਨਰਿੰਦਰ ਦਭੋਲਕਰ ਨੇ ਪਾਣੀਆਂ ਵਿੱਚ ਰਸਾਇਣਕ ਜ਼ਹਿਰ ਘੋਲਣ ਵਾਲੀ ਮੂਰਤੀ ਵਿਸਰਜਨ ਦੀ ਰੂੜੀਵਾਦੀ ਰਵਾਇਤ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਸਬੰਧਤ ਸਰਕਾਰਾਂ ਨੂੰ ਇਸ ਉੱਤੇ ਰੋਕ ਲਾਉਣ ਲਈ ਕਈ ਸਾਲ ਲਗਾਤਾਰ ਯਤਨ ਕੀਤੇ ਪਰ ਸਿਆਸੀ ਵੋਟ ਬੈਂਕ ਖੁਰਣ ਦੇ ਡਰ ਕਾਰਨ ਸਰਕਾਰਾਂ ਅਤੇ ਮੌਕਾਪ੍ਰਸਤ ਸਿਆਸੀ ਪਾਰਟੀਆਂ ਨੇ ਇਸ ਘਾਤਕ ਰਸਮ ਨੂੰ ਬੰਦ ਕਰਵਾਉਣ ਦੀ ਕਦੇ ਵੀ ਨੇਕ ਨੀਅਤੀ ਨਹੀਂ ਵਿਖਾਈ।

ਇਸ ਲਈ ਦੇਸ਼ ਦੇ ਅਗਾਂਹਵਧੂ ਸਿੱਖਿਆ ਤੇ ਸਮਾਜ ਸ਼ਾਸਤਰੀਆਂ, ਬੁੱਧੀਜੀਵੀਆਂ, ਪ੍ਰਗਤੀਸ਼ੀਲ ਸੰਗਠਨਾਂ ਅਤੇ ਲੋਕ ਪੱਖੀ ਮੀਡੀਏ ਨੂੰ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਲਈ ਲੋਕਾਂ ਵਿੱਚ ਅੰਧ ਵਿਸ਼ਵਾਸ ਅਤੇ ਰੂੜੀਵਾਦ ਫੈਲਾਉਣ ਵਾਲੀ ਮੂਰਤੀ ਵਿਸਰਜਨ ਦੀ ਇਸ ਰਵਾਇਤ ਦੇ ਖ਼ਿਲਾਫ਼ ਜਾਗਰੂਕਤਾ ਮੁਹਿੰਮ ਚਲਾਉਣ ਲਈ ਮੁੱਖ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਪ੍ਰਤੀ ਵਾਕਈ ਸੁਹਿਰਦ ਹਨ ਤਾਂ ਉਨਾਂ ਨੂੰ ਵੱਖ ਵੱਖ ਤਿਉਹਾਰਾਂ ਨਾਲ ਜੁੜੀਆਂ ਰੂੜੀਵਾਦੀ ਅਤੇ ਫਜ਼ੂਲ ਖ਼ਰਚੀ ਦੀਆਂ ਲੋਕ ਵਿਰੋਧੀ ਅਤੇ ਵਿਕਾਸ ਵਿਰੋਧੀ ਰਵਾਇਤਾਂ ਉੱਤੇ ਕਾਨੂੰਨੀ ਪਾਬੰਦੀ ਲਾਉਣ ਦੀ ਰਾਜਸੀ ਇੱਛਾ ਸ਼ਕਤੀ ਵੀ ਵਿਖਾਉਣੀ ਚਾਹੀਦੀ ਹੈ।

## ਵਿਆਹ ਜਾਂ ਜਹਾਜ ਦੀ ...

ਇਸ ਦੀਆਂ ਜ਼ਿੰਮੇਵਾਰ ਦੋਵਾਂ ਧਿਰਾਂ ਦੇ ਪਰਿਵਾਰ ਅਤੇ ਉਹ ਵਿਚੋਲੇ ਹਨ ਜੋ ਆਪਣੇ ਲਾਲਚ ਲਈ ਲੋਕਾਂ ਨੂੰ ਫਸਾਉਂਦੇ ਹਨ ਅਤੇ ਸਬਜਬਾਗ ਦਿਖਾਉਂਦੇ ਹਨ। ਇਕ ਕੰਨਸਲਟੈਂਟ ਦੀ ਵਾਰਤਾ ਸੁਣੀ ਤੇ ਉਸਨੇ ਵੱਡੇ ਖੁਲਾਸੇ ਕਰਦੇ ਕਿਹਾ ਕਿ ਮੇਰੇ ਕੋਲ ਲੋਕ ਅਲੱਗ-ਅਲੱਗ ਕੁੜੀਆਂ ਦੀਆਂ ਪ੍ਰੋਫਾਈਲ਼ ਲੈ ਕੇ ਆਉਂਦੇ ਹਨ ਕਿ ਕਿਹੜੀ ਕੁੜੀ ਦਾ ਰਿਸ਼ਤਾ ਸਾਡੇ ਲੜਕੇ ਲਈ ਵਧੀਆ ਰਹੇਗਾ ਅਤੇ ਸਾਨੂੰ ਛੇਤੀ ਵੀਜਾ ਮਿਲ ਜਾਵੇਗਾ। ਸਮਾਜ ਨੇ ਇਹ ਕਿਹੋ ਜਿਹਾ ਰੁੱਖ ਅਖਤਿਆਰ ਕਰ ਲਿਆ ਹੈ। ਜਿੱਥੇ ਰਿਸ਼ਤੇ ਲਈ ਮਨੁੱਖ ਦੀ ਇਨੀ ਪੁੱਛ ਪੜਤਾਲ ਹੁੰਦੀ ਸੀ ਕਿ ਸਾਡੀ ਧੀ ਜਾਂ ਮੁੰਡੇ ਦੀ ਜ਼ਿੰਦਗੀ ਦਾ ਸਫਰ ਖੂਬਸੂਰਤ ਹੋਵੇ। ਮੰਨਿਆ ਜਾਂਦਾ ਸੀ ਕਿ ਜੇਕਰ ਜਾਣ-ਪਹਿਚਾਣ ਜਾਂ ਰਿਸ਼ਤੇਦਾਰੀ ਵਿਚੋਂ ਹੀ ਰਿਸ਼ਤਾ ਹੋ ਜਾਵੇ ਤਾਂ ਵਧੇਰੇ ਚੰਗਾ ਹੈ। ਪਰ ਪਿਆਰ ਦੀ ਬੁਨਿਆਦ ਨਾਲ ਬਣਨ ਵਾਲੇ ਰਿਸ਼ਤੇ ਜਹਾਜ ਦੀ ਟਿਕਟ ਬਣ ਕੇ ਰਹਿ ਗਏ ਹਨ।

ਬਹੁਤਾਤ ਲੋਕਾਂ ਦਾ ਇਹ ਰੁਝਾਨ ਜਿੱਥੇ ਬੱਚਿਆਂ ਦੀ ਜ਼ਿੰਦਗੀ ਖਰਾਬ ਕਰ ਰਿਹਾ ਹੈ ਉੱਥੇ ਪਰਿਵਾਰ ਵੀ ਇਸ ਦੀ ਵਲਗਣਾ ਤੋਂ ਅਛੂਤਾ ਨਹੀਂ ਰਹਿੰਦਾ। ਕੀ ਕੇਵਲ ਲੜਕੀਆਂ ਹੀ ਪੜ ਸਕਦੀਆਂ ਹਨ? ਕੀ ਮੁੰਡੇ ਮਿਹਨਤ ਕਰਕੇ ਚੰਗੇ ਨੰਬਰ ਨਹੀਂ ਲੈ ਸਕਦੇ? ਉਨਾਂ ਦਾ ਕੰਮ ਕੇਵਲ ਆਸ਼ਕੀਆਂ, ਗੇੜੀਆਂ, ਬੁਲਟ ਮੋਟਰਸਾਈਕਲ, ਗੱਡੀਆਂ ਆਦਿ ਨਾਲ ਮਨੋਰੰਜਨ ਕਰਨਾ ਹੀ ਹੈ। ਲੋੜ ਹੈ ਆਪਣੇ ਇਸ਼ਟ ਵਿਚ ਵਿਸ਼ਵਾਸ਼ ਰੱਖਣ ਅਤੇ ਧਾਰਮਿਕ ਗ੍ਰੰਥਾਂ ਨੂੰ ਪੜਣ ਦੀ ਤਾਂ ਜੋ ਮਨ ਨੂੰ ਮਜ਼ਬੂਤ ਬਣਾਇਆ ਜਾ ਸਕੇ। ਮਨੁੱਖ ਨੂੰ ਆਪਣੇ ਅੰਦਰ ਦੀ ਸਮਰੱਥਾ ਨੂੰ ਜਗਾਉਣ ਅਤੇ ਉਸ ਤੋਂ ਪ੍ਰੇਰਿਤ ਆਤਮਵਿਸ਼ਵਾਸ਼ ਨਾਲ ਅੱਗੇ ਵਧਣਾ ਚਾਹੀਦਾ ਹੈ। ਨਹੀਂ ਅਜਿਹੇ ਵਰਤਾਰਿਆਂ ਦੀ ਲੜੀ ਨੂੰ ਤੋੜਨਾ ਮੁਸ਼ਕਲ ਹੋ ਜਾਵੇਗਾ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email:asrtimes@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com